ਸ. ਕੁਲਵੰਤ ਸਿੰਘ ਦਿਓਲ

Charan Electric Enterprises

*IT Consulting Services
*LAN/WAN Design and Impementation
*Data Center Design and Build Out
*Data/Telephony Cabling
*Security Solutions
*Application Development and Optimization

Job Opportunities Available

Charan Electric Enterprises

25 Years of Experience

*ਆਈ ਟੀ ਕੰਸਲਟਿੰਗ ਸਰਵਿਸਜ਼
*ਲੈਨ/ਵੈਨ ਡਿਜ਼ਾਇਨ ਅਤੇ ਇੰਪਲੀਮੈਂਟੇਸ਼ਨ
*ਡਾਟਾ ਸੈਂਟਰ ਡਿਜ਼ਾਇਨ ਅਤੇ ਬਿਲਡ ਆਊਟ
*ਡਾਟਾ/ਟੈਲੀਫੋਨੀ ਕੇਬਲਿੰਗ, ਸਕਿਉਰਿਟੀ ਸਲਿਊਸ਼ਨਜ਼
*ਐਪਲੀਕੇਸ਼ਨ ਡਿਵੈਲਪਮੈਂਟ ਅਤੇ ਓਪਟੀਮਾਈਜ਼ੇਸ਼ਨ

Our depth of expertise ranges from New Construction Design and Build, to HVAC, Fire Alarm Systems, Power Generation Systems,

Tel: 718 706 9612, Fax: 718 706 9614
Email: electricdeol@msn.com, website: www.charanelectric.com

Twenty-Sixth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 27, Issue 06; February 7, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤਾ

ਅਮਰੀਕਾ ਨੇ ਭਾਰਤ 'ਤੇ ਟੈਰਿਫ਼ 25% ਤੋਂ ਘਟਾ ਕੇ 18% ਕੀਤਾ

ਨਵੀਂ ਦਿੱਲੀ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਸੋਮਵਾਰ ਨੂੰ ਫੋਨ 'ਤੇ ਗੱਲਬਾਤ ਹੋਈ। ਇਸ ਗੱਲਬਾਤ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਵਿਚਕਾਰ ਵਪਾਰਕ ਸੰਬੰਧਾਂ ਵਿਚ ਵੱਡਾ ਸਕਾਰਾਤਮਕ ਬਦਲਾਅ ਆਇਆ ਹੈ। ਪਹਿਲਾਂ, ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਅਤੇ ਭਾਰਤ ਤੁਰੰਤ ਪ੍ਰਭਾਵ ਨਾਲ ਇਕ ਟ੍ਰੇਡ ਡੀਲ 'ਤੇ ਸਹਿਮਤ ਹੋ ਗਏ ਹਨ ਅਤੇ ਅਮਰੀਕਾ ਭਾਰਤੀ ਉਤਪਾਦਾਂ 'ਤੇ ਲਗਾਏ ਗਏ ਆਪਸੀ ਟੈਰਿਫ ਨੂੰ ਤੁਰੰਤ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵੀ ਐਕਸ 'ਤੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਭਾਰਤ ਵਿਚ ਬਣੇ ਉਤਪਾਦਾਂ 'ਤੇ ਟੈਰਿਫ ਘਟਾ ਕੇ 18 ਫ਼ੀਸਦੀਕਰ ਦਿੱਤਾ ਗਿਆ ਹੈ। ਪਰ ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਵਿਚ ਕਿਸੇ ਟ੍ਰੇਡ ਡੀਲ ਦਾ ਜ਼ਿਕਰ ਨਹੀਂ ਹੈ। ਉਨ੍ਹਾਂ ਨੇ ਟਰੰਪ ਦਾ 140 ਕਰੋੜ ਭਾਰਤੀਆਂ ਵੱਲੋਂ ਧੰਨਵਾਦ ਕੀਤਾ। ਜਦਕਿ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਵੀ ਆਪਣੀ ਇਕ ਪੋਸਟ ਵਿਚ ਲਿਖਿਆ, 'ਇਸ ਸ਼ਾਮ ਹੋਏ ਵਪਾਰਕ ਸਮਝੌਤੇ ਨਾਲ ਮੈਂ ਉਤਸ਼ਾਹਤ ਹਾਂ।''

ਅਮਰੀਕਾ ਵੱਲੋਂ ਭਾਰਤੀ ਉਤਪਾਦਾਂ 'ਤੇ ਰੂਸ ਤੋਂ ਤੇਲ ਖ਼ਰੀਦਣ ਦੇ ਕਾਰਨ ਲਗਾਏ ਗਏ 25 ਫ਼ੀਸਦੀ ਵਾਧੂ ਟੈਰਿਫ ਦੀ ਸਥਿਤੀ ਬਾਰੇ ਵ੍ਹਾਈਟ ਹਾਊਸ ਦੇ ਇਕ ਅਧਿਕਾਰੀ ਨੇ ਕਿਹਾ ਕਿ ਰੂਸ ਤੋਂ ਤੇਲ ਖ਼ਰੀਦ ਬੰਦ ਕਰਨ ਦੀ ਭਾਰਤ ਦੀ ਸਹਿਮਤੀ ਨੂੰ ਦੇਖਦੇ ਹੋਏ ਅਮਰੀਕਾ ਇਸ ਟੈਰਿਫ ਨੂੰ ਵੀ ਹਟਾ ਰਿਹਾ ਹੈ। ਟਰੰਪ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨੇ ਅਮਰੀਕੀ ਉਤਪਾਦ ਖ਼ਰੀਦਣ ਲਈ ਵਚਨਬੱਧਤਾ ਦਿਖਾਈ ਅਤੇ ਅਮਰੀਕਾ ਤੋਂ ਭਾਰਤ 500 ਅਰਬ ਡਾਲਰ ਮੁੱਲ ਦੇ ਊਰਜਾ, ਤਕਨਾਲੋਜੀ, ਖੇਤੀ, ਕੋਲਾ ਅਤੇ ਹੋਰ ਅਮਰੀਕੀ ਉਤਪਾਦਾਂ ਦੀ ਖ਼ਰੀਦ ਕਰੇਗਾ। ਨਵੇਂ ਸਾਲ ਵਿਚ ਟਰੰਪ ਅਤੇ ਮੋਦੀ ਦੇ ਵਿਚਕਾਰ ਪਹਿਲੀ ਵਾਰ ਟੈਲੀਫੋਨ 'ਤੇ ਗੱਲਬਾਤ ਹੋਈ ਹੈ। ਦੋਹਾਂ ਨੇ ਵਪਾਰ, ਰੂਸ-ਯੂਕਰੇਨ ਜੰਗ, ਊਰਜਾ ਸਹਿਯੋਗ ਵਰਗੇ ਕਈ ਮਹੱਤਵਪੂਰਨ ਮਸਲਿਆਂ 'ਤੇ ਵੀ ਗੱਲ ਕੀਤੀ ਹੈ। ਟਰੰਪ ਨੇ ਪੋਸਟ ਵਿਚ ਲਿਖਿਆ ਕਿ ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਦੇ 'ਸਭ ਤੋਂ ਚੰਗੇ ਦੋਸਤਾਂ' ਵਿੱਚੋਂ ਇਕ ਹਨ ਅਤੇ ਦੋਹਾਂ ਨੇ ਦੋਸਤੀ ਅਤੇ ਆਦਰ ਦੇ ਆਧਾਰ 'ਤੇ ਇਹ ਸਮਝੌਤਾ ਕੀਤਾ ਹੈ।

ਮੋਦੀ ਅਤੇ ਟਰੰਪ ਦੇ ਵਿਚਕਾਰ ਹੋਈ ਗੱਲਬਾਤ ਦੀ ਪਹਿਲੀ ਜਾਣਕਾਰੀ ਭਾਰਤ ਵਿਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਦਿੱਤੀ। ਉਸ ਤੋਂ ਕੁਝ ਹੀ ਦੇਰ ਬਾਅਦ ਟਰੰਪ ਨੇ ਆਪਣੀ ਪੋਸਟ ਵਿਚ ਲਿਖਿਆ, 'ਇਹ ਮੇਰੇ ਲਈ ਸਨਮਾਨ ਦੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ। ਉਹ ਮੇਰੇ ਸਭ ਤੋਂ ਚੰਗੇ ਦੋਸਤਾਂ ਵਿੱਚੋਂ ਇਕ ਹਨ ਅਤੇ ਆਪਣੇ ਦੇਸ਼ ਦੇ ਇਕ ਸ਼ਕਤੀਸ਼ਾਲੀ ਅਤੇ ਆਦਰਸ਼ ਆਗੂ ਹਨ। ਅਸੀਂ ਕਈ ਮਸਲਿਆਂ 'ਤੇ ਗੱਲ ਕੀਤੀ, ਜਿਸ ਵਿਚ ਵਪਾਰ ਅਤੇ ਰੂਸ-ਯੂਕਰੇਨ ਜੰਗ ਨੂੰ ਖ਼ਤਮ ਕਰਨ ਦੀ ਗੱਲ ਸ਼ਾਮਲ ਸੀ। ਉਨ੍ਹਾਂ ਨੇ ਰੂਸੀ ਤੇਲ ਖ਼ਰੀਦਣਾ ਬੰਦ ਕਰਨ

(ਬਾਕੀ ਸ.ਫ਼ਾ 6 'ਤੇ)

ਮੋਦੀ-ਟਰੰਪ ਗੱਲਬਾਤ 'ਤੇ ਕਾਂਗਰਸ ਨੇ ਕੱਸਿਆ ਤਨਜ਼

ਨਵੀਂ ਦਿੱਲੀ: ਭਾਰਤ 'ਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਵੱਲੋਂ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਗੱਲਬਾਤ ਦੀ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਕਾਂਗਰਸ ਨੇ ਸਰਕਾਰ 'ਤੇ ਹਮਲਾ ਕੀਤਾ ਹੈ। ਵਿਰੋਧੀ ਪਾਰਟੀ ਨੇ ਕਿਹਾ ਹੈ ਕਿ ਇੰਝ ਲੱਗਦਾ ਹੈ ਕਿ ਭਾਰਤ ਨੂੰ ਆਪਣੀ ਸਰਕਾਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਿਰਫ਼ ਟਰੰਪ ਜਾਂ ਉਨ੍ਹਾਂ ਵੱਲੋਂ ਨਿਯੁਕਤ ਅਧਿਕਾਰੀਆਂ ਤੋਂ ਹੀ ਮਿਲਦੀ ਹੈ। ਐਕਸ 'ਤੇ ਇਕ ਪੋਸਟ 'ਚ ਗੋਰ ਨੇ ਕਿਹਾ ਸੀ ਕਿ ਰਾਸ਼ਟਰਪਤੀ ਟਰੰਪ

(ਬਾਕੀ ਸ.ਫ਼ਾ 6 'ਤੇ)

ਬਿਕਰਮ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਮਿਲੀ ਜ਼ਮਾਨਤ-ਨਾਭਾ ਜੇਲ੍ਹ ਤੋਂ ਰਿਹਾਅ



ਨਾਭਾ: ਬਿਕਰਮਜੀਤ ਸਿੰਘ ਮਜੀਠੀਆ ਆਖ਼ਰਕਾਰ ਨਾਭਾ ਜੇਲ੍ਹ ਤੋਂ ਬਾਹਰ ਆ ਗਏ ਹਨ। ਸੁਪਰੀਮ ਕੋਰਟ ਵੱਲੋਂ ਜ਼ਮਾਨਤ ਮਿਲਣ ਤੋਂ ਬਾਅਦ ਮਜੀਠੀਆ ਦੀ ਰਿਹਾਈ ਹੋਈ, ਜਿਸ ਨਾਲ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਚਰਚਾ ਤੇਜ਼ ਹੋ ਗਈ ਹੈ। ਜੇਲ੍ਹ ਤੋਂ ਬਾਹਰ ਆਉਂਦੇ ਸਮੇਂ ਦੇ ਦ੍ਰਿਸ਼ ਸਿਆਸੀ ਹਲਕਿਆਂ ਅਤੇ ਸੋਸ਼ਲ ਮੀਡੀਆ 'ਤੇ ਖਾਸ ਧਿਆਨ ਖਿੱਚ ਰਹੇ ਸਨ।ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲੀ ਹੈ। ਉਹ ਜੂਨ 2025 ਤੋਂ ਨਾਭਾ ਜੇਲ੍ਹ ਵਿੱਚ ਬੰਦ ਸਨ। ਵਿਜੀਲੈਂਸ ਬਿਊਰੋ ਨੇ ਉਨ੍ਹਾਂ ਨੂੰ 25 ਜੂਨ 2025 ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਸ ਤੋਂ ਬਾਅਦ ਇਹ ਮਾਮਲਾ ਲਗਾਤਾਰ ਕਾਨੂੰਨੀ ਅਤੇ ਸਿਆਸੀ ਚਰਚਾ ਦਾ ਕੇਂਦਰ ਬਣਿਆ ਰਿਹਾ।

ਵਿਜੀਲੈਂਸ ਵੱਲੋਂ ਮਜੀਠੀਆ ਖ਼ਿਲਾਫ਼ ਕਰੀਬ 40 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਅਦਾਲਤ ਵਿੱਚ ਦਾਖਲ ਕੀਤੀ ਗਈ ਸੀ। ਇਸ ਦੌਰਾਨ ਦਸੰਬਰ 2025 ਵਿੱਚ ਹਾਈ ਕੋਰਟ ਵੱਲੋਂ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਖ਼ਾਰਿਜ਼ ਕਰ ਦਿੱਤੀ ਗਈ ਸੀ, ਜਿਸ ਨਾਲ ਮਜੀਠੀਆ ਨੂੰ ਜੇਲ੍ਹ ਵਿੱਚ ਹੀ ਰਹਿਣਾ ਪਿਆ। ਪਰ ਹੁਣ ਸੁਪਰੀਮ ਕੋਰਟ ਤੋਂ ਰਾਹਤ ਮਿਲਣ ਨਾਲ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ।

ਜੇਲ੍ਹ ਤੋਂ ਰਿਹਾਈ ਤੋਂ ਬਾਅਦ ਮਜੀਠੀਆ ਦੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਵੇਖੀ ਗਈ, ਜਦਕਿ ਸਿਆਸੀ ਵਿਰੋਧੀਆਂ ਵੱਲੋਂ ਇਸ ਫੈਸਲੇ ਨੂੰ ਲੈ ਕੇ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਰਿਹਾਈ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਸਿਆਸਤ 'ਤੇ ਗਹਿਰਾ ਅਸਰ ਛੱਡ ਸਕਦੀ ਹੈ।ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੈ ਕਿ ਜ਼ਮਾਨਤ ਤੋਂ ਬਾਅਦ ਮਜੀਠੀਆ ਦੀ ਅਗਲੀ

(ਬਾਕੀ ਸ.ਫ਼ਾ 6 'ਤੇ)

ਸਵਰਗੀ ਸ. ਬਲਕਾਰ ਸਿੰਘ ਢਿੱਲੋਂ ਦੀ ਪਤਨੀ ਬੀਬੀ ਸੁਰਿੰਦਰ ਕੌਰ ਦਾ ਦੇਹਾਂਤ

'ਪੰਜਾਬ ਟਾਈਮਜ਼' ਦੇ ਬਾਨੀਆਂ ਵਿਚੋਂ ਇਕ ਅਤੇ ਭਾਈਚਾਰੇ ਦੇ ਉਘੇ ਮੈਂਬਰ ਸਵਰਗੀ ਸ. ਬਲਕਾਰ ਸਿੰਘ ਢਿੱਲੋਂ ਦੀ ਪਤਨੀ ਅਤੇ ਸਰਦਾਰਨੀ ਗੁਰਬਚਨ ਕੌਰ ਅਤੇ ਸ. ਕਾਬੁਲ ਸਿੰਘ ਦੀ ਧੀ ਸਰਦਾਰਨੀ ਸੁਰਿੰਦਰ ਕੌਰ ਲੰਘੀ 30 ਜਨਵਰੀ ਨੂੰ ਗੁਰੂ ਵਲੋਂ ਬਖ਼ਸ਼ੀ ਸੁਆਸਾਂ ਦੀ ਪੂੰਜੀ ਪੂਰੀ ਕਰਦਿਆਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 78 ਸਾਲਾਂ ਦੇ ਸਨ ਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਸਰਜਰੀ ਕਰਾਉਣ ਦੌਰਾਨ ਹੀ ਉਨ੍ਹਾਂ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਹੋ ਜਾਣ ਦਾ ਵੀ ਪਤਾ ਲੱਗਾ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਈ। ਬੀਬੀ ਸੁਰਿੰਦਰ ਕੌਰ ਮੂਲ ਰੂਪ ਵਿਚ ਅੰਮ੍ਰਿਤਸਰ, ਪੰਜਾਬ ਦੇ ਰਹਿਣ ਵਾਲੇ ਸਨ। ਉਹ ਆਪਣੇ ਪਿੱਛੇ ਬੱਚੇ ਅਮਨ ਢਿੱਲੋਂ, ਟੀਨਾ ਕੌਰ ਅਤੇ ਕੇਵਿਨ ਸਿੰਘ, ਪੋਤੇ-ਪੋਤੀਆਂ ਅਤੇ ਪੜਦੋਤੇ, ਭਰਾ ਮਹਿੰਦਰ ਸਿੰਘ, ਫੂਲਾ ਸਿੰਘ, ਜਸਮੀਰ ਸਿੰਘ ਅਤੇ ਰਿਚਰਡ ਬਸਰਾ ਨੂੰ ਛੱਡ ਗਏ ਹਨ। ਉਨ੍ਹਾਂ ਦੀ ਵੱਡੀ ਭੈਣ, ਜਿਨ੍ਹਾਂ ਦਾ ਕਈ ਦਹਾਕੇ ਪਹਿਲਾਂ ਹੀ ਦੇਹਾਂਤ ਹੋ ਗਿਆ ਸੀ, ਦੀਆਂ ਤਿੰਨਾਂ ਬੇਟੀਆਂ ਨੂੰ ਬੀਬੀ ਸੁਰਿੰਦਰ ਕੌਰ ਨੇ ਹੀ ਆਪਣੀ ਪੜ੍ਹਾਈ ਵਿਚਾਲੇ ਛੱਡ ਕੇ ਪਾਲਿਆ, ਜੋ ਹੁਣ ਕੈਲੀਫੋਰਨੀਆ ਵਿਚ ਵਧੀਆ ਸੈਟਲਡ ਹਨ। ਆਖਰੀ ਸਮੇਂ ਉਨ੍ਹਾਂ ਦੀ ਦੋਹਤੀ ਸਿੰਮੀ ਉਨ੍ਹਾਂ ਦੇ ਕੋਲ ਹੀ ਰਹੀ ਤੇ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ। ਪਿਛਲੇ ਸਾਲ 16 ਜੂਨ ਨੂੰ ਹੀ ਬੀਬੀ ਸੁਰਿੰਦਰ ਕੌਰ ਦੇ ਪਤੀ ਸ. ਬਲਕਾਰ ਸਿੰਘ ਢਿੱਲੋਂ ਵੀ ਮਾਮੂਲੀ ਤਕਲੀਫ ਮਗਰੋਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਉਹ ਪੰਜਾਬ ਦੇ ਠੱਠੀ ਖਾਰਾ ਪਿੰਡ ਨਾਲ ਸਬੰਧ ਰੱਖਦੇ ਸਨ ਅਤੇ ਪਿਛਲੇ ਲੰਮੇ ਸਮੇਂ ਤੋਂ ਪਰਿਵਾਰ ਸਣੇ ਅਮਰੀਕਾ ਹੀ ਰਹਿ ਰਹੇ ਸਨ।

ਬੀਬੀ ਸੁਰਿੰਦਰ ਕੌਰ ਉਦਾਰ, ਦਿਆਲੂ ਅਤੇ ਮਜ਼ਾਕੀਆ ਸੁਭਾਅ ਦੇ ਮਾਲਕ ਸਨ। ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਅਤੇ ਦੋਵਾਂ ਜੀਆਂ ਦਾ ਆਪਸ ਵਿਚ ਬਹੁਤ ਇਤਫਾਕ ਸੀ। ਉਹ ਜਦੋਂ ਵੀ ਇਕੱਠੇ ਬਹਿੰਦੇ, ਆਪਸ ਵਿਚ ਹਾਸਾ-ਮਖੌਲ ਕਰਦੇ ਰਹਿੰਦੇ, ਜਿਸ ਨਾਲ ਵੇਖਣ ਵਾਲਿਆਂ ਨੂੰ ਵੀ ਚੰਗਾ ਲੱਗਦਾ ਸੀ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵੀ ਪਿਆਰ ਅਤੇ ਰਲ-ਮਿਲ ਕੇ ਰਹਿਣ ਦੇ ਗੁਣ ਦਿੱਤੇ, ਜਿਸ ਕਾਰਨ ਉਹ ਖੁਸ਼ਹਾਲ ਜ਼ਿੰਦਗੀ ਜਿਉਂ ਰਹੇ ਹਨ। ਉਨ੍ਹਾਂ ਨੂੰ ਆਪਣੇ ਪੋਤੇ-ਪੋਤੀਆਂ ਤੇ ਦੋਹਤੇ ਦੋਹਤੀਆਂ ਨਾਲ ਅਥਾਹ ਪਿਆਰ ਸੀ ਤੇ ਸ਼ੂਗਰ ਹੋਣ ਦੇ ਬਾਵਜੂਦ ਵੀ ਹਮੇਸ਼ਾ ਉਨ੍ਹਾਂ ਲਈ ਕੋਈ ਨਾ ਕੋਈ ਪਕਵਾਨ ਬਣਾਉਣ ਵਿਚ ਰੁੱਝੇ ਰਹਿੰਦੇ ਸਨ। ਅਦਾਰਾ 'ਪੰਜਾਬ ਟਾਈਮਜ਼' ਇਸ ਔਖੀ ਘੜੀ ਵਿਚ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੈ।

ਬੀਬੀ ਸੁਰਿੰਦਰ ਕੌਰ ਦਾ ਸਸਕਾਰ 6 ਫਰਵਰੀ, ਦਿਨ ਸ਼ੁੱਕਰਵਾਰ ਨੂੰ ਸਵੇਰੇ 10:00 ਤੋਂ ਦੁਪਹਿਰ 12:00 ਵਜੇ ਦਰਮਿਆਨ ਡੇਵਨਪੋਰਟ ਫਿਊਨਰਲ ਹੋਮ (941 S Old Rand Rd, Lake Zurich, IL 60047) ਵਿਚ ਅਤੇ ਅੰਤਮ ਅਰਦਾਸ ਦੁਪਹਿਰ 12:00 ਤੋਂ 2:00 ਵਜੇ ਦਰਮਿਆਨ ਸਿੱਖ ਰਿਲੀਜੀਅਸ ਸੋਸਾਇਟੀ ਗੁਰਦੁਆਰਾ ਪੈਲਾਟਾਈਨ ਵਿਖੇ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਵਧੇਰੇ ਜਾਣਕਾਰੀ ਲਈ ਹਰਵਿੰਦਰ ਕੰਗ ਨਾਲ ਫੋਨ ਨੰਬਰ 847-456-8651 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਨੂੰ ਹਰ ਸਾਲ 4800 ਕਰੋੜ ਦਾ ਘਾਟਾ

ਚੰਡੀਗੜ੍ਹ : 16ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਲੰਘੇ ਕੱਲ੍ਹ ਸੰਸਦ ਵਿਚ ਪੇਸ਼ ਹੋ ਗਈ ਹੈ ਪਰ ਇਹ ਪੰਜਾਬ ਲਈ ਚੰਗੀ ਖ਼ਬਰ ਲੈ ਕੇ ਨਹੀਂ ਆਈ ਹੈ। ਇਸ ਵਾਰ ਕਮਿਸ਼ਨ ਨੇ ਪੰਜਾਬ ਨੂੰ ਰੈਵੇਨਿਊ ਡੈਫੀਸਿਟ ਗ੍ਰਾਂਟ ਨਹੀਂ ਦਿੱਤੀ ਹੈ, ਜੋ ਕਿ ਪਿਛਲੇ ਵਿੱਤ ਕਮਿਸ਼ਨ ਨੇ ਪੰਜ ਸਾਲ ਲਈ 24 ਹਜ਼ਾਰ ਕਰੋੜ ਰੁਪਏ ਦਿੱਤੀ ਸੀ ਯਾਨੀ ਔਸਤਨ 4800 ਕਰੋੜ ਰੁਪਏ ਹਰ ਸਾਲ। ਹੁਣ ਇਹ ਗ੍ਰਾਂਟ ਨਾ ਮਿਲਣ ਨਾਲ ਪੰਜਾਬ ਨੂੰ ਨੁਕਸਾਨ ਹੋਵੇਗਾ। ਇਹ ਉਸ ਸਮੇਂ ਹੋਇਆ ਹੈ ਜਦੋਂ ਪੰਜਾਬ 'ਚ ਚੋਣ ਵਰ੍ਹਾ ਸ਼ੁਰੂ ਹੋ ਚੁੱਕਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ ਔਰਤਾਂ ਲਈ 1100-1100 ਰੁਪਏ ਆਉਣ ਵਾਲੇ ਬਜਟ ਵਿਚ ਦੇਣ ਦੀ ਤਜਵੀਜ਼ ਕੀਤੀ ਹੋਈ ਹੈ। ਸਰਕਾਰ ਲਈ ਇਹ ਕਿਸੇ ਵੱਡੇ ਝਟਕੇ ਤੋਂ ਘੱਟ ਨਹੀਂ ਹੈ।

ਕਮਿਸ਼ਨ ਨੇ ਜਦੋਂ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ ਤਾਂ ਮਿ ਸਰਕਾਰ ਨੇ ਰੈਵੇਨਿਊ ਡੈਫੀਸਿਟ ਗ੍ਰਾਂਟ ਦੇਣ ਦੀ ਮੰਗ ਕੀਤੀ ਸੀ ਅਤੇ ਕਿਹਾ ਸੀ ਕਿ ਜੀਐੱਸਟੀ ਲਾਗੂ ਹੋਣ ਤੋਂ ਬਾਅਦ ਪੰਜਾਬ ਦੀ ਆਮਦਨੀ ਦੇ ਸੋਮਿਆਂ ਨੂੰ ਕਾਫੀ ਨੁਕਸਾਨ ਪੁੱਜਾ ਹੈ। ਸਰਕਾਰ ਨੇ ਕੇਂਦਰ ਤੇ ਸੂਬਿਆਂ ਵਿਚਾਲੇ ਕੇਂਦਰੀ ਟੈਕਸਾਂ ਨੂੰ ਵੰਡਣ ਲਈ ਫਾਰਮੂਲਾ ਵੀ ਬਦਲਣ ਦੀ ਮੰਗ ਕੀਤੀ ਸੀ ਪਰ 16ਵੇਂ ਵਿਤ ਕਮਿਸ਼ਨ ਨੇ ਜਿਹੜਾ ਫਾਰਮੂਲਾ ਅਪਣਾਇਆ ਹੈ ਉਹ ਪੰਜਾਬ ਨੂੰ ਸੂਟ ਨਹੀਂ ਕਰਦਾ, ਜਿਸ ਕਾਰਨ ਉਨ੍ਹਾਂ ਨੂੰ ਕੇਂਦਰੀ ਟੈਕਸਾਂ ਵਿਚੋਂ ਵੀ ਜ਼ਿਆਦਾ ਹਿੱਸਾ ਨਹੀਂ ਮਿਲੇਗਾ।

ਪੰਜਾਬ ਸਰਕਾਰ ਦੀ ਪੂਰੀ ਆਸ ਰੈਵੇਨਿਊ ਡੈਫੀਸਿਟ ਪ੍ਰਾਂਤ 'ਤੇ ਸੀ ਪਰ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਸੂਬਿਆਂ ਦੀ ਵਿੱਤੀ ਹਾਲਤ ਦੀ ਅਸੈਸਮੈਂਟ ਤੋਂ ਪਤਾ ਲੱਗਦਾ ਹੈ ਕਿ ਸੂਬਿਆਂ ਦੇ ਰੈਵੇਨਿਊ ਡੈਫੀਸਿਟ ਦਾ ਕਾਰਨ ਕਮਿਟਡ ਖ਼ਰਚੇ ਅਤੇ ਡਿਸਕ੍ਰਿਸ਼ਨਰੀ ਖ਼ਰਚੇ ਹਨ ਅਤੇ ਮਾਲੀਆ ਵਧਾਉਣ ਤੇ ਖ਼ਰਚਿਆਂ ਨੂੰ ਤਰਕਸੰਗਤ ਕਰਨ ਦੀ ਕਾਫ਼ੀ ਗੁੰਜਾਇਸ਼ ਹੈ। ਸੂਬਿਆਂ ਵੱਲੋਂ ਰੈਵੇਨਿਊ ਡੈਫੀਸਿਟ ਗ੍ਰਾਂਟ ਦੀ ਉਮੀਦ, ਸਬਸਿਡੀ ਨੂੰ ਤਰਕਸੰਗਤ ਕਰਨ, ਟੈਕਸ ਐਡਮਿਨਿਸਟ੍ਰੇਸ਼ਨ

ਵਿਚ ਸੁਧਾਰ ਕਰਨ ਜਾਂ ਰੈਵੇਨਿਊ ਖ਼ਰਚ 'ਤੇ ਰੋਕ ਲਾਉਣ ਵਰਗੇ ਔਖੇ ਪਰ ਜ਼ਰੂਰੀ ਫਿਸਕਲ ਰਿਫਾਰਮ ਕਰਨ ਲਈ ਇੰਸੈਂਟਿਵ ਨੂੰ ਕਮਜ਼ੋਰ ਕਰਦੀ ਹੈ। ਇਸ ਲਈ ਅਸੀਂ ਸੂਬਿਆਂ ਨੂੰ ਰੈਵੇਨਿਊ ਗ੍ਰਾਂਟ ਦੀ ਸਿਫ਼ਾਰਿਸ਼ ਨਹੀਂ ਕਰਦੇ ਹਾਂ। ਅਸੀਂ ਕਿਸੇ ਸੈਕਟਰ- ਸਪੈਸਫਿਕ ਜਾਂ ਸਟੇਟ ਸਪੈਸ਼ਲ ਦੀ ਵੀ ਸਿਫ਼ਾਰਿਸ਼ ਨਹੀਂ ਕਰਦੇ ਹਾਂ।

ਇਹ ਦੋਵੇਂ ਸਿਫਾਰਿਸ਼ਾਂ ਕਿਸੇ ਵੱਡੇ ਵਿੱਤੀ ਝਟਕੇ ਤੋਂ ਘੱਟ ਨਹੀਂ ਹਨ। ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਪੈਨਸ਼ਨ ਤੋਂ ਬਾਅਦ ਕਰਜ਼ ਦੇ ਵਿਆਜ ਅਤੇ ਸਬਸਿਡੀ ਦੇ ਅਜਿਹੇ ਖ਼ਰਚੇ ਹਨ, ਜਿਨ੍ਹਾਂ 'ਤੇ ਸਰਕਾਰ ਰੋਕ ਲਾਉਣ ਵਿਚ ਅਸਮਰਥ ਰਹੀ ਹੈ। ਬਿਜਲੀ ਸਬਸਿਡੀ ਨੂੰ ਆਉਣ ਵਾਲੇ ਸਾਲਾਂ ਵਿਚ ਘੱਟ ਕਰਨ ਲਈ ਸੂਬਾ ਸਰਕਾਰ ਨੇ ਵਿੱਤ ਕਮਿਸ਼ਨ ਨੂੰ ਸੋਲਰਾਈਜੇਸ਼ਨ ਦਾ ਰੋਡਮੈਪ ਦਿੱਤਾ ਸੀ ਅਤੇ ਇਸ ਦੇ ਲਈ ਵਿਸ਼ੇਸ਼ ਗ੍ਰਾਂਟ ਮੰਗੀ ਸੀ ਪਰ ਕਮਿਸ਼ਨ ਨੇ ਇਨਕਾਰ ਕਰ ਦਿੱਤਾ।

ਵਿੱਤ ਕਮਿਸ਼ਨ ਨੇ ਸੂਬਿਆਂ ਨੂੰ ਕੇਂਦਰੀ ਟੈਕਸਾਂ ਵਿਚੋਂ 41 ਫ਼ੀਸਦੀ ਦੇਣ ਦੀ ਸਿਫ਼ਾਰਿਸ਼ ਕੀਤੀ ਹੈ, ਜੋ ਪਿਛਲੇ ਕਮਿਸ਼ਨ ਨੇ ਵੀ ਕੀਤੀ ਸੀ ਪਰ ਪੰਜਾਬ ਦਾ 1.80 ਤੋਂ ਵਧਾ ਕੇ 1.996 ਕਰ ਦਿੱਤਾ ਹੈ, ਜਿਸ ਨਾਲ ਪੰਜਾਬ ਨੂੰ 1500ਕਰੋੜ ਰੁਪਏ ਵਾਧੂ ਮਿਲਣਗੇ। ਪਿਛਲੇ ਸਮੇਂ ਕੇਂਦਰ ਸਰਕਾਰ ਨੇ ਜਿੰਨੀਆਂ ਵੀ ਯੋਜਨਾਵਾਂ ਲਾਗੂ ਕੀਤੀਆਂ ਹਨ, ਉਸ ਵਿਚ ਕੇਂਦਰ ਸਰਕਾਰ ਨੇ ਸੂਬਿਆਂ ਦਾ ਹਿੱਸਾ ਵਧਾਇਆ ਹੈ। ਮਨਰੇਗਾ ਦੀ ਜਗ੍ਹਾ ਕੀਤੀ ਗਈ ਜੀਰਾਮਜੀ ਉਨ੍ਹਾਂ ਵਿਚੋਂ ਇਕ ਹੈ। ਸੂਬੇ ਨੂੰ ਉਮੀਦ ਸੀ ਕਿ ਵਿੱਤ ਕਮਿਸ਼ਨ ਸੂਬਿਆਂ ਨੂੰ ਮਦਦ ਦੇਵੇਗਾ ਪਰ ਅਜਿਹਾ ਨਹੀਂ ਹੋਇਆ। ਹੁਣ ਸੂਬਿਆਂ ਨੇ ਜੇਕਰ ਇਨ੍ਹਾਂ ਯੋਜਨਾਵਾਂ ਨੂੰ ਚਲਾਉਣਾ ਹੈ ਤਾਂ ਵਾਧੂ ਤੌਰ 'ਤੇ ਪੈਸੇ ਦਾ ਪ੍ਰਬੰਧ ਕਰਨਾ ਪਵੇਗਾ ਜਾਂ ਫਿਰ ਕਰਜ਼ ਲੈਣਾ ਹੋਵੇਗਾ, ਜਿਸ ਨਾਲ ਸੂਬਾ ਸਰਕਾਰਾਂ ਵਧੇਰੇ ਦਬਾਅ ਵਿਚ ਆਉਣਗੀਆਂ। ਪੰਜਾਬ ਸਰਕਾਰ 'ਤੇ ਪਹਿਲਾਂ ਹੀ ਚਾਰ ਲੱਖ ਕਰੋੜ ਦਾ ਕਰਜ਼ ਚੜ੍ਹ ਚੁੱਕਾ ਹੈ। ਇਸ ਨਾਲ ਪੰਜਾਬ ਦੀ ਸਥਿਤੀ ਹੋਰ ਵਿਗੜ ਸਕਦੀ ਹੈ। ਪੰਜਾਬ ਸਰਕਾਰ ਨੇ ਕਮਿਸ਼ਨ ਅੱਗੇ ਮਾਮਲਾ ਰੱਖਿਆ ਸੀ ਕਿ ਜੀਐੱਸਟੀ ਤੋਂ ਬਾਅਦ ਸੂਬੇ ਦੀ ਆਮਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਲਈ ਕੇਂਦਰੀ ਟੈਕਸਾਂ ਵਿਚ ਸੂਬਿਆਂ ਦੀ ਹਿੱਸੇਦਾਰੀ ਘੱਟ ਤੋਂ ਘੱਟ 50 ਫ਼ੀਸਦੀ ਕੀਤੀ ਜਾਣੀ ਚਾਹੀਦੀ। ਨਾਲ ਹੀ ਸੈੱਸ ਅਤੇ ਸਰਚਾਰਜ ਨੂੰ ਵੀ ਟੈਕਸ ਪੂਲ ਵਿਚ ਸ਼ਾਮਲ ਕੀਤਾ ਜਾਵੇਗਾ ਪਰ ਕਮਿਸ਼ਨ ਨੇ ਇਨ੍ਹਾਂ ਦਲੀਲਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਪੁਰਾਣੀ ਵਿਵਸਥਾ ਨੂੰ ਹੀ ਅੱਗੇ ਵਧਾ ਦਿੱਤਾ।

ਸਭ ਤੋਂ ਵੱਧ ਸਬਸਿਡੀ ਦੇਣ ਵਾਲਾ ਸੂਬਾ ਹੈ ਪੰਜਾਬ

16ਵੇਂ ਵਿੱਤ ਕਮਿਸ਼ਨ ਨੇ ਸੂਬਿਆਂ ਨੂੰ ਜੀਐੱਸਡੀਪੀ ਦੇ 3 ਪ੍ਰਤੀਸ਼ਤ ਤੋਂ ਵੱਧ ਘਾਟਾ ਨਾ ਰੱਖਣ, ਆਫ-ਬਜਟ ਉਧਾਰੀ ਬੰਦ ਕਰਨ ਅਤੇ ਸਬਸਿਡੀ ਖ਼ਰਚ ਦੀ ਸਮੀਖਿਆ ਕਰਨ ਦੀ ਸਲਾਹ ਦਿੱਤੀ ਹੈ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਪੰਜਾਬ ਵਿਚ ਪ੍ਰਤੀ ਵਿਅਕਤੀ ਸਭ ਤੋਂ ਵੱਧ ਸਬਸਿਡੀ 5893 ਰੁਪਏ ਦੀ ਹੈ, ਇਸ ਤੋਂ ਬਾਅਦ ਤੇਲੰਗਾਨਾ ਤੇ ਤਾਮਿਲਨਾਡੂ ਨੇ ਕ੍ਰਮਵਾਰ 4195 ਤੇ 4169 ਦਿੱਤੇ। ਹਾਲਾਂਕਿ ਇਹ ਕੇਵਲ ਪੰਜਾਬ ਦੀ ਸਥਿਤੀ ਨਹੀਂ ਹੈ ਦੇਸ਼ ਦੇ ਹੋਰ ਰਾਜਾਂ ਦਾ ਵੀ ਇਹੀ ਹਾਲ ਹੈ। ਦੇਸ਼ ਦੇ 21 ਸੂਬਿਆਂ ਵੱਲੋਂ ਬਿਜਲੀ ਸਬਸਿਡੀ ਸਾਲ 2018-19 'ਚ 5.1 ਪ੍ਰਤੀਸ਼ਤ ਤੋਂ ਵਧ ਕੇ 2023-24 ਵਿਚ 6.8 ਪ੍ਰਤੀਸ਼ਤ ਹੋ ਗਈ। ਸਾਲ 2023-24 ਵਿਚ ਬਿਜਲੀ ਸਬਸਿਡੀ ਦਾ ਕੁੱਲ ਬਿੱਲ 2.60 ਲੱਖ ਕਰੋੜ ਸੀ। ਸਾਲ 2023-24 'ਚ ਉਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਬਿਜਲੀ ਸਬਸਿਡੀ ਖ਼ਰਚ 33,384 ਕਰੋੜ ਸੀ, ਇਸ ਤੋਂ ਬਾਅਦ ਤਾਮਿਲਨਾਡੂ ਵਿਚ 32,098 ਕਰੋੜ ਅਤੇ ਰਾਜਸਥਾਨ 'ਚ 27,038 ਕਰੋੜ ਸੀ।

ਬਾਬਾ ਫ਼ਰੀਦ ਬਲੱਡ ਸੇਵਾ ਸੁਸਾਇਟੀ ਫ਼ਰੀਦਕੋਟ ਦਾ ਸਨਮਾਨ

ਫ਼ਰੀਦਕੋਟ: ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ(ਰਜਿ) ਫ਼ਰੀਦਕੋਟ ਕਾਫੀ ਲੰਬੇ ਸਮੇ ਤੋ ਸਮਾਜਿਕ ਖੇਤਰ ਵਿੱਚ ਗਰੀਬਾਂ ਦੀ ਸਹਾਇਤਾ ਤੇ ਖ਼ੂਨਦਾਨ ਕਰਨ ਵਿਚ ਮੋਹਰੀ ਸੰਸਥਾ ਹੈ। ਉਸਦੀ ਦੀ ਸੇਵਾ ਭਾਵਨਾ ਨੂੰ ਦੇਖਦੇ ਹੋਏ , ਗਣਤੰਤਰ ਦਿਵਸ ਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਜੀ ਵੱਲੋ ਵਿਸ਼ੇਸ਼ ਸਨਮਾਨ ਕੀਤਾ ਗਿਆ। ਓਨਾਂ ਸੁਸਾਇਟੀ ਦੇ ਅਹੁਦੇਦਾਰ ਤੇ ਮੈਂਬਰ ਹੌਸਲਾ ਅਫ਼ਜਾਈ ਕਰਦੇ ਹੋਏ, ਅੱਗੇ ਤੋ ਇਸੇ ਤਰਾਂ ਚੰਗੇ ਕੰਮ ਲਗਾਤਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇ ਡਿਪਟੀ ਕਮਿਸ਼ਨਰ ਸ੍ਰੀਮਤੀ ਪੂਨਮਦੀਪ ਕੌਰ ਆਈ ਐਸ , ਐਸ.ਐਸ. ਪੀ ਪ੍ਰਗਿਆ ਜੈਨ ਆਈ.ਪੀ.ਐਸ ਨਾਲ ਹਾਜਿਰ ਸਨ। ਇਸ ਤੋ ਇਲਾਵਾ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲ, ਗੁਰਮੀਤ ਸਿੰਘ ਗੋਲੇਵਾਲਾ,ਡਾਂ. ਬਲਜੀਤ ਸ਼ਰਮਾ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ, ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ, ਸਲਾਹਕਾਰ ਗੁਰਸੇਵਕ ਸਿੰਘ ਥਾੜਾ, ਸਤਨਾਮ ਸਿੰਘ ਖਜਾਨਚੀ, ਪ੍ਰੈਸ ਸਕੱਤਰ ਸ਼ਿਵਨਾਥ ਦਰਦੀ,ਸਹਾਇਕ ਪ੍ਰੈਸ ਸਕੱਤਰ ਵਿਸ਼ਾਲ, ਸਾਬਕਾ ਪ੍ਰਿੰਸੀਪਲ ਡਾਂ.ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਅਸ਼ੋਕ ਭਟਨਾਗਰ, ਡਾਂ. ਦਲਜੀਤ ਸਿੰਘ ਡੱਲੇਵਾਲ,ਮਨੇਜਰ ਜੱਸੀ ਥਾੜਾ,ਅਮਨ ਨਵਾਂ ਕਿਲਾ,ਜਸਕਰਨ ਫਿੱਡੇ, ਗੁਰਪ੍ਰੀਤ ਸਿੰਘ, ਸਾਗਰ,ਬਿੱਲਾ ਆਦਿ ਹਾਜ਼ਰ ਸਨ।

'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ

ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ।

ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

ਜਸਪ੍ਰੀਤ ਕੌਰ, ਫੋਨ: 224-422-4773



ਡਾ. ਗੁਰਬਖ਼ਸ਼ ਸਿੰਘ ਭੰਡਾਲ ਨਨਕਾਣਾ ਸਾਹਿਬ ਦੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ

ਕਪੂਰਥਲਾ: ਸ਼੍ਰੋਮਣੀ ਪਰਵਾਸੀ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੂੰ ਨਨਕਾਣਾ ਸਾਹਿਬ ਦੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

ਉਨ੍ਹਾ ਦੀ ਇਸ ਨਾਮਜ਼ਦਗੀ 'ਤੇ ਅੱਖਰ ਮੰਚ ਕਪੂਰਥਲਾ ਦੇ ਸਰਪ੍ਰਸਤ ਅਤੇ ਉਘੇ ਲੇਖਕ ਤੇ ਸ਼ਾਇਰ ਪ੍ਰੋ. ਕੁਲਵੰਤ ਔਜਲਾ, ਮੰਚ ਦੇ ਪ੍ਰਧਾਨ ਤੇ ਨੈਸ਼ਨਲ ਅਵਾਰਡੀ ਸਰਵਣ ਸਿੰਘ ਔਜਲਾ, ਉਘੇ ਚਿੰਤਕ ਤੇ ਆਲੋਚਕ ਡਾ. ਸਰਦੂਲ ਸਿੰਘ ਔਜਲਾ, ਸੇਵਾ-ਮੁਕਤ ਜ਼ਿਲ੍ਹਾ ਸਿਖਿਆ ਅਫਸਰ ਗੁਰਭਜਨ ਸਿੰਘ ਲਾਸਾਨੀ, ਬਾਬਾ ਨਿਰਮਲ ਸਿੰਘ ਸਪੇਨ, ਜ਼ਿਲ੍ਹਾ ਫੂਡ ਸਪਲਾਈ ਅਫ਼ਸਰ (ਰਿਟਾਇਰਡ) ਰਤਨ ਸਿੰਘ ਸੰਧੂ, ਊਧਮ ਸਿੰਘ ਔਜਲਾ, ਜਸਵਿੰਦਰ ਸਿੰਘ ਚਾਹਲ, ਹਰਜਿੰਦਰ ਸਿੰਘ ਔਜਲਾ ਅਮਰੀਕਾ, ਜਰਨੈਲ ਸਿੰਘ ਭੰਡਾਲ ਕੈਨੇਡਾ, ਡਾ. ਗਗਨਗੀਤ ਸਿੰਘ ਔਜਲਾ ਯੂ.ਕੇ., ਹਰਪਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ ਕੋਟ ਕਰਾਰ ਖਾਂ, ਸੁਰਜੀਤ ਸਿੰਘ ਠੀਕਰੀਵਾਲ, ਆਰਟਿਸਟ ਜਸਬੀਰ ਸਿੰਘ ਸੰਧੂ, ਜਰਨੈਲ ਸਿੰਘ ਮੋਠਾਂਵਾਲਾ ਅਤੇ ਮੰਚ ਨਾਲ ਸਬੰਧਤ ਮੈਂਬਰਾਂ ਨੇ ਡਾ. ਭੰਡਾਲ ਨੂੰ ਮੁਬਾਰਕਬਾਦ ਦਿੱਤੀ।

ਵਰਣਨਯੋਗ ਹੈ ਕਿ ਕਪੂਰਥਲਾ ਦੇ ਪਿੰਡ ਭੰਡਾਲ ਬੇਟ ਦੇ ਜੰਮਪਲ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ-ਵੱਖ ਵੱਖ ਵਿਸ਼ਿਆਂ 'ਤੇ 30 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 33 ਸਾਲ ਪੰਜਾਬ ਦੇ ਕਾਲਜਾਂ ਵਿਚ ਪੜ੍ਹਾਉਣ ਤੋਂ ਬਾਅਦ, ਉਹ ਪਿਛਲੇ ਦਸ ਸਾਲਾਂ ਤੋਂ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਫਿਜ਼ਿਕਸ ਪੜ੍ਹਾ ਰਹੇ ਹਨ। ਉਹ ਅੰਤਰਰਾਸ਼ਟਰੀ ਪੱਧਰ ਦੀਆਂ ਉਨ੍ਹਾਂ ਦਸ ਸ਼ਖ਼ਸੀਅਤਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਦੇ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ ਹੈ।

ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

Restaurant Help Wanted

Immediately hiring Chef and Tandoori Chef for Indian restaurant in Murfreesboro, TN.
*Good salary, free accommodation & Food. * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
Direct call or What's up call 615-482-5158

ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ
ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ
ਫੋਨ: 515-291-1961

UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

Matrimonials

ਲੜਕੇ ਦੀ ਲੋੜ ਹੈ

Tonk Kshatri family is looking for a Gursikh, vegetarian match based in the US with comparable qualifications for their H1B visa holder Corporate Attorney daughter, age 29, height 5' 3". She is working as a corporate Attorney in Wilmington, Delaware). Parents retired from Education Department, Punjab, brother is an immigration Attorney in New York. Caste no bar. Please contact us at +91 98763 00624

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

ਲੜਕੀ ਦੀ ਲੋੜ ਹੈ

Gursikh Family is looking for a vegetarian amritdhari, family oriented GURSIKH singhnee who wears Keski (or is willing to do so) and is open to relocating to San Francisco Bay Area, USA. SINGH is 5'11', Amritdhari, 38 years old, well educated and is WELL SETTLED in the USA since 2009. Currently working as SENIOR software product leader in CALIFORNIA, USA. Singh is an innocent issueless divorcee(short marriage) and is looking for a fresh start. PREFERENCE will be given to North American match, but also open to sponsorship for the right match from other countries. For more details, DIAL us at +1 (510) 558-5650 or what's app at +91 98993 79442 or email at: singhmat001@gmail.com

5-8

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com

---

ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਾ ਰਹਿੰਦੇ 34 ਸਾਲਾ, 5'11" ਪੁੱਤਰ ਲਈ ਯੂ.ਐਸ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਹੈ। ਪਿਤਾ ਭਾਰਤ ਵਿਚ ਸਰਕਾਰੀ ਨੌਕਰੀ ਤੋਂ ਰਿਟਾਇਰਡ ਹੋਏ ਹਨ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-610-7391 (ਫੁੱਫੜ), 510-620-4170 (ਭਰਾ), ਪਿਤਾ +91-98783-42510 (ਭਾਰਤ)।

4-11

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Jat/Sikh Family looking for a suitable match for threir U.S. Citizen 1994 born, Height 5' 10" son. He has done Bachelor's Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

51-3

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways

For Emergency Call anytime at 847-436-9010

EARLY BIRD SALE!!!!

Etihad, Air India, KLM, Lufthansa, Delta, Qatar Airlines.

Domestic fares available

ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਵਿਰੁੱਧ 46 ਅਮਰੀਕੀ ਸੂਬਿਆਂ 'ਚ ਹੜਤਾਲ

ਨਵੀਂ ਦਿੱਲੀ: ਅਮਰੀਕਾ ਵਿੱਚ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦੇ ਵਿਰੋਧ ਵਿੱਚ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ। ਪ੍ਰਬੰਧਕਾਂ ਨੇ ਲੋਕਾਂ ਨੂੰ "ਕੋਈ ਕੰਮ ਨਹੀਂ, ਕੋਈ ਸਕੂਲ ਨਹੀਂ, ਕੋਈ ਖਰੀਦਦਾਰੀ ਨਹੀਂ" ਦਾ ਸੱਦਾ ਦਿੰਦੇ ਹੋਏ ਦੇਸ਼ ਭਰ ਵਿੱਚ ਕੰਮ-ਕਾਜ ਠੱਪ ਰੱਖਣ ਦੀ ਅਪੀਲ ਕੀਤੀ ਹੈ। ਇਹ ਅੰਦੋਲਨ, ਜੋ ਕਿ ਮਿਨੀਸੋਟਾ ਤੋਂ ਸ਼ੁਰੂ ਹੋਇਆ ਸੀ, 46 ਅਮਰੀਕੀ ਰਾਜਾਂ ਵਿੱਚ ਫੈਲ ਗਿਆ ਹੈ। ਇਸ ਦੌਰਾਨ, ਮਿਨੀਆਪੋਲਿਸ ਵਿੱਚ ਵਿਰੋਧ ਪ੍ਰਦਰਸ਼ਨਾਂ ਦੀ ਉਸਦੀ ਹਮਲਾਵਰ ਕਵਰੇਜ ਤੋਂ ਨਾਰਾਜ਼ ਸੰਘੀ ਏਜੰਟਾਂ ਨੇ ਸੰਘੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਵਿੱਚ ਸੀਨੀਅਰ ਪੱਤਰਕਾਰ ਡੈਨ ਲੈਮਨ ਨੂੰ ਗ੍ਰਿਫ਼ਤਾਰ ਕਰ ਲਿਆ। ਲੈਮਨ ਗੈਮੀ ਪੁਰਸਕਾਰਾਂ ਨੂੰ ਕਵਰ ਕਰਨ ਲਈ ਲਾਸ ਏਂਜਲਸ ਵਿੱਚ ਸੀ। ਇਸ ਦੌਰਾਨ, ਮਿਨੀਸੋਟਾ ਵਿੱਚ ਅਮਰੀਕੀ ਅਟਾਰਨੀ ਦਫ਼ਤਰ ਦੇ ਦਰਜਨਾਂ ਸੰਘੀ ਵਕੀਲਾਂ ਨੇ ਰੇਨੀ ਗੁੱਡ ਦੇ ਪਤੀ ਦੀ ਜਾਂਚ ਦੇ ਵਿਰੋਧ ਵਿੱਚ ਅਸਤੀਫਾ ਦੇ ਦਿੱਤਾ, ਜਿਸਨੂੰ 7

ਜਨਵਰੀ ਨੂੰ ਵਿਰੋਧ ਪ੍ਰਦਰਸ਼ਨਾਂ ਦੌਰਾਨ ਇੱਕ ਸੰਘੀ ਏਜੰਟ ਨੇ ਗੋਲੀ ਮਾਰ ਦਿੱਤੀ ਸੀ। ਰਾਇਟਰਜ਼ ਅਨੁਸਾਰ, ਐੱਫਬੀਆਈ ਨੇ ਐਲੇਕਸ ਪ੍ਰੈਟੀ ਦੇ ਮਾਮਲੇ ਦੀ ਜਾਂਚ ਆਪਣੇਹੱਥਾਂ ਵਿੱਚ ਲੈ ਲਈ ਹੈ, ਜਿਸਨੂੰ ਬਾਰਡਰ ਪੈਟਰੋਲ ਅਧਿਕਾਰੀਆਂ ਨੇ ਗੋਲੀ ਮਾਰ ਦਿੱਤੀ ਸੀ। ਹੋਮਲੈਂਡ ਸਿਕਿਓਰਿਟੀ ਸੈਕਟਰੀ ਕ੍ਰਿਸਟੀ ਨੋਏਮ ਨੇ ਇੱਕ ਇੰਟਰਵਿਊ ਵਿੱਚ ਇਸਦੀ ਪੁਸ਼ਟੀ ਕੀਤੀ। ਇਹ ਰਿਪੋਰਟ ਕੀਤੀ ਗਈ ਸੀ ਕਿ ਪ੍ਰੈਟੀ ਆਪਣੇ ਮੋਬਾਈਲ ਫੋਨ 'ਤੇ ਇਮੀਗ੍ਰੇਸ਼ਨ ਇਨਫੋਰਸਮੈਂਟ ਆਪ੍ਰੇਸ਼ਨ ਦੀ ਵੀਡੀਓ ਰਿਕਾਰਡ ਕਰ ਰਹੀ ਸੀ ਜਦੋਂ ਉਸਨੂੰ ਕਈ ਵਾਰ ਗੋਲੀ ਮਾਰੀ ਗਈ।

ਵਿਰੋਧ ਪ੍ਰਦਰਸ਼ਨ ਪ੍ਰਬੰਧਕਾਂ ਨੇ ਆਪਣੀ ਵੈੱਬਸਾਈਟ, ਨੈਸ਼ਨਲਸ਼ਟਡਾਊਨ ਆਰਗ 'ਤੇ ਐਲਾਨ ਕੀਤਾ ਕਿ 46 ਰਾਜਾਂ ਅਤੇ ਨਿਊਯਾਰਕ, ਲਾਸ ਏਂਜਲਸ, ਸ਼ਿਕਾਗੋ ਅਤੇ ਵਾਸ਼ਿੰਗਟਨ ਵਰਗੇ ਵੱਡੇ ਸ਼ਹਿਰਾਂ ਵਿੱਚ 250 ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਅੰਦੋਲਨ ਨੂੰ ਸਕੂਲੀ ਵਿਦਿਆਰਥੀਆਂ ਵੱਲੋਂ ਭਾਰੀ ਸਮਰਥਨ ਮਿਲ ਰਿਹਾ ਹੈ, ਅਤੇ ਕਈ ਅਮਰੀਕੀ ਰਾਜਾਂ ਵਿੱਚ ਸੈਂਕੜੇ ਪਬਲਿਕ ਸਕੂਲ ਬੰਦ ਕਰ ਦਿੱਤੇ ਗਏ ਹਨ।

ਪੱਤਰਕਾਰ ਵਿਰੁੱਧ ਕਾਰਵਾਈ ਨੂੰ ਲੈ ਕੇ ਵਧਦਾ ਜਾ ਰਿਹਾ ਹੈ ਗੁੱਸਾ

ਪੱਤਰਕਾਰ ਡੈਨ ਲੈਮਨ ਦੀ ਗ੍ਰਿਫਤਾਰੀ ਤੋਂ ਬਾਅਦ, ਉਸਦੇ ਇੰਸਟਾਗ੍ਰਾਮ ਅਕਾਊਂਟ ਨੂੰ ਕਾਰਵਾਈ ਲਈ ਭਾਰੀ ਸਮਰਥਨ ਮਿਲ ਰਿਹਾ ਹੈ। ਇੰਸਟਾਗ੍ਰਾਮ ਪੋਸਟ ਵਿੱਚ ਕਿਹਾ ਗਿਆ ਹੈ ਕਿ ਪੱਤਰਕਾਰਾਂ ਨੂੰ ਸੰਵਿਧਾਨ ਦੁਆਰਾ ਪਹਿਲੇ ਸੋਧ ਦੇ ਤਹਿਤ ਸੁਰੱਖਿਅਤ ਰੱਖਿਆ ਗਿਆ ਹੈ, ਪਰ ਮਿਨੀਆਪੋਲਿਸ ਵਿੱਚ ਕਤਲ ਲਈ ਜ਼ਿੰਮੇਵਾਰ ਸੰਘੀ ਏਜੰਟਾਂ ਦੀ ਜਾਂਚ ਕਰਨ ਦੀ ਬਜਾਏ, ਟਰੰਪ ਨਿਆਂ ਵਿਭਾਗ

ਆਪਣੀ ਊਰਜਾ ਅਤੇ ਸਮਾਂ ਗਲਤ ਜਗ੍ਹਾ 'ਤੇ ਬਰਬਾਦ ਕਰ ਰਿਹਾ ਹੈ। ਲੈਮਨ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਸੀਐਨਐਨ ਅਨੁਸਾਰ, ਲੈਮਨ ਨੂੰ ਮਿਨੀਸੋਟਾ ਦੇ ਸੇਂਟ ਪਾਲ ਵਿੱਚ ਇੱਕ ਚਰਚ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਨੂੰ ਕਵਰ ਕਰਦੇ ਸਮੇਂ ਗ੍ਰਿਫਤਾਰ ਕੀਤਾ ਗਿਆ ਸੀ।

ਕੈਨੇਡਾ 'ਚ ਜਹਾਜ਼ਾਂ ਦੀ ਸਰਟੀਫਿਕੇਸ਼ਨ ਰੱਦ ਕਰਨ ਬਾਰੇ ਟਰੰਪ ਦੀ ਚਿਤਾਵਨੀ

ਨਵੀਂ ਦਿੱਲੀ: ਟਰੰਪ ਨੇ ਕੈਨੇਡਾ ਖ਼ਿਲਾਫ਼ ਇਕ ਹੋਰ ਸਖ਼ਤ ਕਦਮ ਚੁੱਕਣ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਕੈਨੇਡਾ ਨੇ ਅਮਰੀਕੀ ਕੰਪਨੀ ਗਲਫਸਟਰੀਮ ਦੇ ਕੁਝ ਬਿਜ਼ਨਸ ਜੈੱਟ ਜਹਾਜ਼ਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਤਾਂ ਅਮਰੀਕਾ ਕੈਨੇਡਾ 'ਚ ਬਣੇ ਸਾਰੇ ਜਹਾਜ਼ਾਂ 'ਤੇ

50 ਫ਼ੀਸਦੀ ਤੱਕ ਟੈਰਿਫ ਲਗਾ ਸਕਦਾ ਹੈ। ਨਾਲ ਹੀ ਟਰੰਪ ਨੇ ਬਾਂਬਾਰਡੀਅਰ ਦੇ ਗਲੋਬਲ ਐਕਸਪ੍ਰੈੱਸ ਜਹਾਜ਼ਾਂ ਦਾ ਸਰਟੀਫਿਕੇਸ਼ਨ ਰੱਦ ਕਰਨ ਦੀ ਗੱਲ ਵੀ ਕਹੀ ਹੈ। ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਗਲਫਸਟਰੀਮ ਦੇ ਜਹਾਜ਼ਾਂ ਨੂੰ ਤੁਰੰਤ ਮਨਜ਼ੂਰੀ ਨਹੀਂ ਮਿਲੀ ਤਾਂ ਕੈਨੇਡਾ ਤੋਂ ਆਉਣ ਵਾਲੇ ਜਹਾਜ਼ਾਂ 'ਤੇ ਭਾਰੀ ਟੈਰਿਫ ਲਗਾਇਆ ਜਾਵੇਗਾ। ਉਨ੍ਹਾਂ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਤੇ ਕੈਨੇਡਾ ਵਿਚਾਲੇ ਵਪਾਰ ਤੇ ਨਿਯਮ ਆਧਾਰਤ ਆਲਮੀ ਵਿਵਸਥਾ ਬਾਰੇ ਪਹਿਲਾਂ ਤੋਂ ਹੀ ਤਣਾਅ ਚੱਲ ਰਿਹਾ ਹੈ। ਇਸ ਚਿਤਾਵਨੀ ਦਾ ਅਸਰ ਅਮਰੀਕੀ ਏਅਰਲਾਈਨਜ਼ 'ਤੇ ਵੀ ਪੈ ਸਕਦਾ ਹੈ ਕਿਉਂਕਿ ਕਈ ਖੇਤਰੀ ਸੇਵਾਵਾਂ ਕੈਨੇਡਾ 'ਚ ਬਣੇ ਜਹਾਜ਼ਾਂ 'ਤੇ ਨਿਰਭਰ ਹਨ। ਹਵਾਬਾਜ਼ੀ ਮਾਹਿਰਾਂ ਨੇ ਚਿੰਤਾ ਪ੍ਰਗਟਾਈ ਹੈ ਕਿ ਜੇਕਰ ਆਰਥਿਕ ਕਾਰਨਾਂ ਕਰ ਕੇ ਜਹਾਜ਼ਾਂ ਦਾ ਸਰਟੀਫਿਕੇਸ਼ਨ ਰੱਦ ਕੀਤਾ ਗਿਆ ਤਾਂ ਇਸ ਨਾਲ ਆਲਮੀ ਹਵਾਬਾਜ਼ੀ ਸੁਰੱਖਿਆ ਵਿਵਸਥਾ 'ਤੇ ਸਵਾਲ ਖੜ੍ਹੇ ਹੋ ਸਕਦੇ ਹਨ।

ਬਾਂਬਾਰਡੀਅਰ ਨੇ ਕਿਹਾ ਹੈ ਕਿ ਉਹ ਅਮਰੀਕੀ ਤੇ ਕੈਨੇਡੀਆਈ ਸਰਕਾਰ ਦੇ ਸੰਪਰਕ 'ਚ ਹਨ ਤੇ ਉਮੀਦ ਪ੍ਰਗਟਾਈ ਕਿ ਮਾਮਲਾ ਛੇਤੀ ਹੱਲ ਹੋ ਜਾਵੇਗਾ। ਅੰਕੜਿਆਂ ਮੁਤਾਬਕ, ਅਮਰੀਕਾ 'ਚ ਪੰਜ ਹਜ਼ਾਰ ਤੋਂ ਜ਼ਿਆਦਾ ਕੈਨੇਡਾ 'ਚ ਬਣੇ ਜਹਾਜ਼ ਰਜਿਸਟਰਡ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਹ ਕਦਮ ਲਾਗੂ ਹੋਇਆ ਤਾਂ ਛੋਟੇ ਸ਼ਹਿਰਾਂ ਦੀ ਹਵਾਈ ਕੁਨੈਕਟੀਵਿਟੀ 'ਤੇ ਗੰਭੀਰ ਅਸਰ ਪੈ ਸਕਦਾ ਹੈ। ਉੱਧਰ, ਕੈਨੇਡਾ 'ਤੇ ਦਬਾਅ ਵਧਾਉਣ ਦੇ ਪੜਾਅ ਵੱਖਵਾਦੀਆਂ, ਅਲਬਰਟਾ ਪ੍ਰਾਸਪੈਰਿਟੀ ਪ੍ਰੋਜੈਕਟ, ਨਾਲ ਤਿੰਨ ਬੈਠਕਾਂ ਕੀਤੀਆਂ।

ਟਰੰਪ ਪ੍ਰਸ਼ਾਸਨ ਨੇ ਅਲਬਰਟਾ ਸੂਬੇ ਦੇ ਇਹ ਵੱਖਵਾਦੀ ਕੈਨੇਡਾ ਦੇ ਪੱਛਮੀ ਸੂਬੇ ਨੂੰ ਦੇਸ਼ ਤੋਂ ਅਲੱਗ ਕਰਨ ਲਈ ਜਨਮਤ ਸੰਗ੍ਰਹਿ ਕਰਾਉਣ ਦਾ ਦਬਾਅ ਬਣਾ ਰਹੇ . ਹਨ। ਦੂਜੇ ਪਾਸੇ, ਪੀਐੱਮ ਮਾਰਕ ਕਾਰਨੀ ਨੇ ਇਨ੍ਹਾਂ ਬੈਠਕਾਂ 'ਤੇ ਸਵਾਲ ਉਠਾਉਂਦੇ ਹੋਏ ਅਮਰੀਕਾ ਨੂੰ ਕੈਨੇਡਾ ਦੀ ਖ਼ੁਦਮੁਖਤਾਰੀ ਦਾ ਸਨਮਾਨ ਕਰਨ ਲਈ ਕਿਹਾ ਹੈ। ਕਾਰਨੀ ਨੇ ਕਿਹਾ ਕਿ ਟਰੰਪ ਨਾਲ ਹਰ ਮੁਲਾਕਾਤ 'ਚ ਉਹ ਇਸ ਗੱਲ ਨੂੰ ਲੈ ਕੇ ਬਹੁਤ ਸਪੱਸ਼ਟ ਰਹੇ ਹਨ। ਉਨ੍ਹਾਂ ਕਿਹਾ ਕਿ ਅਲਬਰਟਾ ਦੇ ਮਾਮਲੇ 'ਚ ਟਰੰਪ ਨੇ ਉਨ੍ਹਾਂ ਨਾਲ ਕਦੇ ਗੱਲ ਨਹੀਂ ਕੀਤੀ।

ਅਮਰੀਕਾ 'ਚ ਦੁਬਾਰਾ ਸ਼ਟਡਾਊਨ ਦਾ ਖ਼ਤਰਾ

ਵਾਸ਼ਿੰਗਟਨ: ਅਮਰੀਕਾ ਫਿਰ ਤੋਂ ਸ਼ਟਡਾਊਨ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ, ਕਿਉਂਕਿ ਇੱਕ ਫੰਡਿੰਗ ਬਿੱਲ ਸੰਸਦ ਦੇ ਉਪਰਲੇ ਸਦਨ ਸੈਨੇਟ ਵਿੱਚ ਰੁਕਿਆ ਹੋਇਆ ਹੈ।ਹਾਲਾਂਕਿ, ਇਸ ਵਾਰ, ਇੱਕ ਅੰਸ਼ਕ ਬੰਦ ਹੋਣ ਵਾਲਾ ਹੈ।

ਸ਼ੁੱਕਰਵਾਰ ਨੂੰ, ਸੈਨੇਟ ਵਿੱਚ ਇੱਕ ਸਮਝੌਤੇ ਲਈ ਇੱਕ ਨਵੀਂ ਰੁਕਾਵਟ ਖੜ੍ਹੀ ਹੋ ਗਈ ਜੋ ਇਹ ਯਕੀਨੀ ਬਣਾਏਗੀ ਕਿ ਵੱਖ-ਵੱਖ ਏਜੰਸੀਆਂ ਲਈ ਫੰਡਿੰਗ ਨਿਰਵਿਘਨ ਰਹੇ।

ਪਿਛਲੇ ਅਕਤੂਬਰ ਵਿੱਚ, ਕਾਂਗਰਸ ਵਿੱਚ ਇੱਕ ਫੰਡਿੰਗ ਬਿੱਲ ਰੁਕ ਗਿਆ, ਜਿਸ ਕਾਰਨ ਅਮਰੀਕਾ ਵਿੱਚ 43 ਦਿਨਾਂ ਦਾ ਬੰਦ ਰਿਹਾ, ਜੋ ਕਿ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਲੰਬਾ ਹੈ। ਸੈਨੇਟ ਡੈਮੋਕ੍ਰੇਟਸ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਐਲਾਨੇ ਗਏ ਸਮਝੌਤੇ ਵਿੱਚ

ਸੈਨੇਟ 'ਚ ਰੁਕਿਆ ਬਿੱਲ

ਕਾਂਗਰਸ ਨੂੰ ਇੱਕ ਖਰਚ ਬਿੱਲ ਪਾਸ ਕਰਨ ਦੀ ਮੰਗ ਕੀਤੀ ਗਈ ਹੈ ਜੋ ਫੌਜ ਤੋਂ ਲੈ ਕੇ ਸਿਹਤ ਸੰਭਾਲ ਪ੍ਰੋਗਰਾਮਾਂ ਤੱਕ, ਸਰਕਾਰੀ ਕਾਰਜਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਕਵਰ ਕਰੇਗਾ। ਟਰੰਪ ਦੇ ਇਮੀਗ੍ਰੇਸ਼ਨ ਕਰੈਕਡਾਊਨ 'ਤੇ ਨਵੀਆਂ ਸੀਮਾਵਾਂ ਨਿਰਧਾਰਤ ਕਰਨ 'ਤੇ ਗੱਲਬਾਤ ਜਾਰੀ ਰੱਖਣ ਲਈ ਵੀ ਇੱਕ ਸਮਝੌਤਾ ਹੋਇਆ ਸੀ। ਹਾਲਾਂਕਿ, ਸੈਨੇਟ ਵੀਰਵਾਰ ਰਾਤ ਨੂੰ ਠੱਪ ਹੋ ਗਈ ਜਦੋਂ ਕੁਝ ਕਾਨੂੰਨ ਨਿਰਮਾਤਾਵਾਂ ਨੇ ਸਮਝੌਤੇ 'ਤੇ ਇਤਰਾਜ਼ ਕੀਤਾ।

ਜੇਕਰ ਸਮਝੌਤੇ ਨੂੰ ਸੈਨੇਟ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਇਸਨੂੰ ਰਿਪਬਲਿਕਨ-ਬਹੁਗਿਣਤੀ ਵਾਲੇ ਪ੍ਰਤੀਨਿਧੀ ਸਭਾ ਦੁਆਰਾ ਪਾਸ ਕਰਨਾ ਪਵੇਗਾ।

ਇਕ-ਦੋ ਸ਼ਕਤੀਆਂ ਨਾਲ ਨਹੀਂ ਚੱਲੇਗੀ ਦੁਨੀਆ: ਗੁਤਰਸ

ਸੰਯੁਕਤ ਰਾਸ਼ਟਰ: ਭਾਰਤ ਤੇ ਯੂਰਪੀ ਯੂਨੀਅਨ (ਈਯੂ) ਦਰਮਿਆਨ ਹੋਏ ਵਪਾਰ ਸਮਝੌਤੇ ਦਾ ਹਵਾਲਾ ਦਿੰਦੇ ਹੋਏ ਸੰਯੁਕਤ ਰਾਸ਼ਟਰ (ਯੂਐੱਨ) ਮੁਖੀ ਐਂਟੋਨੀਓ ਗੁਤਰਸ ਨੇ ਬਹੁਧਰੁਵੀ ਵਿਵਸਥਾ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਦੁਨੀਆ ਇਕ ਜਾਂ ਦੋ ਸ਼ਕਤੀਆਂ ਨਾਲ ਨਹੀਂ ਚੱਲੇਗੀ। ਉਨ੍ਹਾਂ ਅਮਰੀਕਾ ਤੇ ਚੀਨ ਦਾ ਅਸਿੱਧੇ ਹਵਾਲਾ ਦਿੰਦੇ ਹੋਏ ਇਹ ਗੱਲ ਕਹੀ। ਗੁਤਰਸ ਨੇ ਕਿਹਾ ਕਿ ਹਾਲੀਆ ਭਾਰਤ-ਈਯੂ ਵਪਾਰ ਸਮਝੌਤੇ ਤੋਂ ਬਹੁਤ ਸਕਾਰਾਤਮਕ ਉਮੀਦਾਂ ਹਨ ਤੇ ਇਹ ਵਿਸ਼ਵ ਬਹੁਧਰੁਵ 'ਚ ਯੋਗਦਾਨ ਦੇ ਸਕਦਾ ਹੈ।

ਯੂਐੱਨ ਦੇ ਸਕੱਤਰ ਜਨਰਲ ਗੁਤਰਸ ਨੇ 2026 ਲਈ ਆਪਣੀਆਂ ਤਰਜੀਹਾਂ ਦੱਸਦੇ ਹੋਏ ਪੱਤਰਕਾਰਾਂ ਨੂੰ ਕਿਹਾ ਕਿ ਮੌਜੂਦਾ ਸਮੇਂ 'ਚ ਇਹ ਸਪੱਸ਼ਟ ਹੈ ਕਿ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਹੈ। ਸਾਡਾ ਤੇ ਕਈ ਲੋਕਾਂ ਦਾ ਵੀ ਭਵਿੱਖ ਦੇ ਸਬੰਧ 'ਚ ਵਿਚਾਰ ਹੈ ਕਿ ਦੋ ਧਰੁਵ ਹਨ-ਇਕ ਅਮਰੀਕਾ ਕੇਂਦਰਿਤ ਤੇ ਇਕ ਚੀਨ ਕੇਂਦਰਿਤ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਕ ਸਥਿਰ ਦੁਨੀਆ ਚਾਹੁੰਦੇ ਹਾਂ ਤੇ ਜੇਕਰ ਅਸੀਂ ਅਜਿਹੀ ਦੁਨੀਆ ਚਾਹੁੰਦੇ ਹਾਂ ਜਿਸ ਵਿਚ ਸ਼ਾਂਤੀ ਕਾਇਮ ਰਹਿ ਸਕੇ, ਜਿਸ ਵਿਚ ਵਿਆਪਕ ਵਿਕਾਸ ਹੋ ਸਕੇ ਤੇ ਜਿਸ ਵਿਚ ਆਖਰ ਸਾਡੇ ਮੁੱਲ ਕਾਇਮ ਰਹਿਣ ਤਾਂ ਸਾਨੂੰ ਬਹੁਧਰੁਵ ਦਾ ਸਮਰਥਨ ਕਰਨ ਦੀ ਲੋੜ ਹੈ।

ਯੂਐੱਨ ਮੁਖੀ ਨੇ ਅਮਰੀਕਾ ਤੇ ਚੀਨ ਦਾ ਅਸਿੱਧੇ ਜ਼ਿਕਰ ਕਰਦੇ ਹੋਏ ਕਿਹਾ ਕਿ ਵਿਸ਼ਵ ਸਮੱਸਿਆਵਾਂ ਦਾ ਹੱਲ ਇਕ ਹੀ ਤਾਕਤ ਦਾ ਹੁਕਮ ਚੱਲਣ ਨਾਲ ਨਹੀਂ ਹੋਵੇਗਾ। ਨਾ ਹੀ ਉਨ੍ਹਾਂ ਦਾ ਹੱਲ ਦੋ ਸ਼ਕਤੀਆਂ ਵਲੋਂ ਦੁਨੀਆ ਨੂੰ ਵਿਰੋਧੀ ਪ੍ਰਭਾਵ ਖੇਤਰਾਂ 'ਚ ਵੰਡਣ ਨਾਲ ਹੋਵੇਗਾ।

ਕੌਮਾਂਤਰੀ ਕਾਨੂੰਨ ਦੀ ਉਲੰਘਣਾ 'ਤੇ ਪ੍ਰਗਟਾਈ ਚਿੰਤਾ

ਗੁਤਰਸ ਨੇ ਕੁਝ ਦਿਨ ਪਹਿਲਾਂ ਵੀ ਅੰਤਰਰਾਸ਼ਟਰੀ ਕਾਨੂੰਨ ਦੀ ਖੁੱਲ੍ਹੇਆਮ ਉਲੰਘਣਾ 'ਤੇ ਚਿੰਤਾ ਜ਼ਾਹਿਰ ਕੀਤੀ ਸੀ। ਉਨ੍ਹਾਂ 15 ਜਨਵਰੀ ਨੂੰ 193 ਮੈਂਬਰੀ ਮਹਾਸਭਾ 'ਚ ਕੁਝ ਦੇਸ਼ਾਂ ਵਲੋਂ ਅੰਤਰਰਾਸ਼ਟਰੀ ਕਾਨੂੰਨ ਦੀ ਖੁੱਲ੍ਹੇ ਤੌਰ 'ਤੇ ਉਲੰਘਣਾ ਕੀਤੇ ਜਾਣ ਦੀ ਨਿੰਦਾ ਕੀਤੀ ਸੀ ਤੇ ਕਿਹਾ ਸੀ ਕਿ ਸੰਯੁਕਤ ਰਾਸ਼ਟਰ ਚਾਰਟਰ ਕੋਈ ਅਜਿਹਾ ਮੈਨਿਊ ਨਹੀਂ ਹੈ, ਜਿਸ ਵਿਚੋਂ ਆਪਣੀ ਪਸੰਦ ਦਾ ਨਿਯਮ ਚੁਣਿਆ ਜਾ ਸਕੇ। ਉਨ੍ਹਾਂ ਦਾ ਇਹ ਬਿਆਨ ਵੈਨੇਜ਼ੂਏਲਾ 'ਚ ਅਮਰੀਕੀ ਫ਼ੌਜੀ ਕਾਰਵਾਈ 2022 'ਚ ਯੂਕਰੇਨ 'ਤੇ ਰੂਸ ਦੇ ਹਮਲੇ ਤੇ ਹੋਰ ਭੂ-ਸਿਆਸੀ ਚੁਣੌਤੀਆਂ ਦੇ ਪਿਛੋਕੜ 'ਚ ਆਈ ਸੀ। ਗੁਤਰਸ ਦਾ ਯੂਐੱਨ ਸਕੱਤਰ ਜਨਰਲ ਦੇ ਰੂਪ 'ਚ ਇਹ ਦੂਜਾ ਪੰਜ ਸਾਲਾ ਕਾਰਜਕਾਲ 31 ਦਸੰਬਰ, 2026 ਨੂੰ ਖਤਮ ਹੋਵੇਗਾ।

ਭਾਰਤੀ ਮੂਲ ਦੇ ਡਰੱਗ ਡੀਲਰ ਨੂੰ 20 ਸਾਲ ਦੀ ਸਜ਼ਾ

ਲੰਡਨ: ਬ੍ਰਿਟੇਨ ਦੀ ਇਕ ਅਦਾਲਤ ਨੇ ਭਾਰਤੀ ਮੂਲ ਦੇ ਡਰੱਗ ਡੀਲਰ ਨੂੰ 20 ਸਾਲ ਦੀ ਸਜ਼ਾ ਸੁਣਾਈ ਹੈ, ਉਸ ਨੂੰ ਹਥਿਆਰਾਂ ਤੇ ਨਸ਼ਿਆਂ ਨਾਲ ਜੁੜੇ ਅਪਰਾਧਾਂ ਦੀ ਸਾਜ਼ਿਸ਼ ਵਿਚ ਸ਼ਾਮਲ ਪਾਇਆ ਗਿਆ ਸੀ। ਨਾਗਿੰਦਰ ਗਿੱਲ ਨੇ ਕਾਰਲ ਇਆਨ ਜੋਨਸ ਅਤੇ 29 ਸਾਲਾ ਹਾਰਲੀ ਵਾਈਜ਼ ਨਾਲ ਜੁੜੇ ਸਾਜ਼ਿਸ਼ ਵਿਚ ਐਨਕ੍ਰਿਪਟਿਡ ਸੰਚਾਰ ਪਲੇਟਫਾਰਮ ਐਨਕ੍ਰੋਚੈਟ 'ਤੇ 'ਇੰਡੀਅਨਓਸ਼ਨ ਹੈਂਡਲ ਦੀ ਵਰਤੋਂ ਕੀਤੀ ਸੀ। ਅਦਾਲਤ ਨੇ ਜੋਨਸ

ਨੂੰ 30 ਸਾਲ ਅਤੇ ਵਾਈਜ਼ ਨੂੰ 25 ਸਾਲ ਦੀ ਸਜ਼ਾ ਸੁਣਾਈ ਹੈ।

ਅਮਰੀਕਾ ਭਾਰਤ ਭੇਜੇਗਾ ਚੋਲ ਕਾਲੀ ਕਾਂਸੀ ਮੂਰਤੀਆਂ

ਨਿਊਯਾਰਕ: ਅਮਰੀਕਾ ਨੇ ਮੰਨਿਆ ਹੈ ਕਿ ਦੱਖਣੀ ਭਾਰਤ ਦੇ ਮੰਦਰਾਂ 'ਚੋਂ ਚੋਰੀ ਕੀਤੀਆਂ ਗਈਆਂ ਤਿੰਨ ਪੁਰਾਤਨ ਕਾਂਸੇ ਦੀਆਂ ਮੂਰਤੀਆਂ ਨਾਜਾਇਜ਼ ਤਰੀਕੇ ਨਾਲ ਉਸਦੇ ਅਜਾਇਬ ਘਰ ਤੱਕ ਪਹੁੰਚੀਆਂ ਸਨ। ਹੁਣ ਇਹ ਮੂਰਤੀਆਂ ਭਾਰਤ ਨੂੰ ਵਾਪਸ ਕੀਤੀਆਂ ਜਾ ਰਹੀਆਂ ਹਨ।

ਵਾਸ਼ਿੰਗਟਨ ਡੀਸੀ ਸਥਿਤ ਸਮਿਥਸੋਨੀਅਨ ਨੈਸ਼ਨਲ ਮਿਊਜ਼ੀਅਮ ਆਫ ਏਸ਼ੀਅਨ ਆਰਟ ਨੇ ਪੁਸ਼ਟੀ ਕੀਤੀ ਹੈ ਕਿ ਇਹ ਮੂਰਤੀਆਂ ਤਾਮਿਲਨਾਡੂ ਦੇ ਮੰਦਰਾਂ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਹਟਾਈਆਂ ਗਈਆਂ ਸਨ। ਵਾਪਸ ਕੀਤੀਆਂ ਜਾ ਰਹੀਆਂ ਮੂਰਤੀਆਂ 'ਚ 990 ਈ. ਦੀ ਸ਼ਿਵ ਨਟਰਾਜ, 12ਵੀਂ ਸਦੀ ਦੀ ਸੋਮਸਕੰਦ ਤੇ 16ਵੀਂ ਸਦੀ ਦੀ ਸੰਤ ਸੁੰਦਰਾਰ ਵਿਦ ਪਰਵਈ ਸ਼ਾਮਲ ਹਨ।

ਅਮਰੀਕਾ ਦੇ ਹਮਲੇ ਦਾ ਦਿਆਂਗੇ ਤੁਰੰਤ ਜਵਾਬ: ਈਰਾਨ

ਨਵੀਂ ਦਿੱਲੀ: ਈਰਾਨ ਦੇ ਸੰਦਰਭ ਵਿਚ ਪੱਛਮੀ ਏਸ਼ੀਆ ਵਿਚ ਤਣਾਅ ਆਪਣੇ ਸਿਖ਼ਰ 'ਤੇ ਪਹੁੰਚਦਾ ਦਿਖਾਈ ਦੇ ਰਿਹਾ ਹੈ। ਇਕ ਪਾਸੇ ਅਮਰੀਕਾ ਫ਼ੌਜੀ ਕਾਰਵਾਈ ਦੇ ਸੰਕੇਤ ਦੇ ਰਿਹਾ ਹੈ, ਦੂਜੇ ਪਾਸੇ ਪਾਸੇ ਈਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਕਿਸੇ ਵੀ ਹਮਲਾਵਰ ਕਦਮ ਦਾ ਤੁਰੰਤ ਅਤੇ ਫੈਸਲਕੁੰਨ ਜਵਾਬ ਦਿੱਤਾ ਜਾਵੇਗਾ। ਉੱਧਰ,

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਅਮਰੀਕਾ ਨਾਲ ਗੱਲਬਾਤ ਕਰਨ ਲਈ ਤਿਆਰ ਹੈ ਤੇ ਸਾਡੇ ਨਾਲ ਸਮਝੌਤਾ ਕਰਨਾ ਚਾਹੁੰਦਾ ਹੈ। ਹਾਲਾਂਕਿ ਉਨ੍ਹਾਂ ਨੇ ਇਸ ਬਾਰੇ ਜ਼ਿਆਦਾ ਵੇਰਵਾ ਨਹੀਂ ਦਿੱਤਾ।

ਈਰਾਨ ਨੇ ਯੂਰਪੀ ਯੂਨੀਅਨ ਵੱਲੋਂ ਇਸਲਾਮਿਕ ਰੀਵੋਲਿਊਸ਼ਨਰੀ ਗਾਰਡ ਕਾਰਪਸ ਨੂੰ ਬਲੈਕਲਿਸਟ ਕਰਨ ਦੇ ਜਵਾਬ ਵਿਚ ਯੂਰਪੀ ਯੂਨੀਅਨ ਦੇ ਫ਼ੌਜੀ ਬਲਾਂ ਨੂੰ ਵੀ ਅੱਤਵਾਦੀ ਐਲਾਨਣ ਦੀ ਚਿਤਾਵਨੀ ਦਿੱਤੀ ਹੈ। ਇਸ ਦੇ ਨਾਲ ਹੀ, ਤੁਰਕੀ ਦੇ ਦੌਰੇ 'ਤੇ ਪੁੱਜੇ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਘਚੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਤਣਾਅ ਘਟਾਉਣ ਲਈ ਗੱਲਬਾਤ ਲਈ ਤਿਆਰ ਹੈ ਪਰ ਅਮਰੀਕਾ ਨਾਲ ਗੱਲਬਾਤ ਕਰਨ ਦੀ ਕੋਈ ਯੋਜਨਾ ਨਹੀਂ। ਇਸ ਦੌਰਾਨ, ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਈਅਪ ਅਰਦੋਗਨ ਨੇ ਈਰਾਨੀ ਰਾਸ਼ਟਰਪਤੀ ਨਾਲ ਗੱਲਬਾਤ ਵਿਚ ਅਮਰੀਕਾ ਅਤੇ ਈਰਾਨ ਵਿਚਾਲੇ ਵਿਚੋਲਗੀ ਦੀ ਤਜਵੀਜ਼ ਦਿੱਤੀ ਹੈ। ਇੱਧਰ, ਅਮਰੀਕਾ ਨੇ ਪ੍ਰਦਰਸ਼ਨਕਾਰੀਆਂ 'ਤੇ ਦਮਨਕਾਰੀ ਕਾਰਵਾਈ ਕਾਰਨ ਈਰਾਨ ਦੇ ਗ੍ਰਹਿ ਮੰਤਰੀ ਇਸ਼ਕੰਦਰ ਮੋਮੇਨੀ 'ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ।

ਜ਼ਿਕਰਯੋਗ ਹੈ ਕਿ ਈਰਾਨ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ 6479 ਲੋਕ ਮਾਰੇ ਗਏ ਹਨ। ਦਮਨ ਦੀ ਕਾਰਵਾਈ ਰੋਕਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਾ ਸਿਰਫ ਈਰਾਨ 'ਤੇ ਹਮਲਿਆਂ ਦੀ ਧਮਕੀ ਦਿੱਤੀ ਸਗੋਂ ਅਮਰੀਕੀ ਜਹਾਜ਼ੀ ਬੇੜੇ ਯੂਐੱਸਐੱਸ ਅਬਰਾਹੀਮ ਲਿੰਕਨ ਅਤੇ ਹੋਰ ਗਾਈਡਿਡ ਮਿਜ਼ਾਈਲ ਡਿਸਟਰਾਇਰ ਨੂੰ ਮੱਧ ਏਸ਼ੀਆ ਵਿਚ ਭੇਜ ਦਿੱਤਾ ਹੈ। ਹਾਲਾਂਕਿ ਹੁਣ ਤੱਕ ਇਹ ਸਪਸ਼ਟ ਨਹੀਂ ਹੈ ਕਿ ਟਰੰਪ ਈਰਾਨ 'ਤੇ ਬਲ ਵਰਤੋਂ ਕਰਨਗੇ ਜਾਂ ਨਹੀਂ। ਮਾਹਰਾਂ ਦਾ ਮੰਨਣਾ ਹੈ ਕਿ ਈਰਾਨ ਵਰਗੇ ਦੇਸ਼ 'ਤੇ ਹਮਲਾ ਖੇਤਰੀ ਹੀ ਨਹੀਂ, ਸਗੋਂ ਆਲਮੀ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਤੇਜ਼ ਕਰ ਸਕਦਾ ਹੈ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਘਚੀ ਨੇ ਸਾਫ ਕੀਤਾ ਹੈ ਤੇ ਕਿ ਇਸ ਸਮੇਂ ਅਮਰੀਕਾ ਨਾਲ ਗੱਲਬਾਤ ਦੇ ਕਰਨ ਦੀ ਕੋਈ ਯੋਜਨਾ ਨਹੀਂ ਹੈ। ਹਾਲਾਂਕਿ, ਤੇ ਤੁਰਕੀ ਨੇ ਦੋਵਾਂ ਦੇਸ਼ਾਂ ਵਿਚਾਲੇ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ। ਈਰਾਨ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਉਹ ਗੱਲਬਾਤ ਲਈ ਤਿਆਰ ਹੈ, ਪਰ ਜ਼ਰੂਰਤ ਪੈਣ 'ਤੇ ਯੁੱਧ ਲਈ ਵੀ ਪੂਰੀ ਤਰ੍ਹਾਂ ਤਿਆਰ ਹੈ।

ਹੁਣ ਕਿਊਬਾ, ਕੈਨੇਡਾ ਅਤੇ ਬਰਤਾਨੀਆ ਟਰੰਪ ਦੇ ਨਿਸ਼ਾਨੇ ’ਤੇ

ਕਿਊਬਾ ਨੂੰ ਤੇਲ ਦੇਣ ਵਾਲੇ ਦੇਸ਼ਾਂ ਨੂੰ ਦਿੱਤੀ ਟੈਰਿਫ਼ ਦੀ ਧਮਕੀ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਵਾਰ ਮੁੜ ਆਪਣੇ ਰੰਗ 'ਚ ਪਰਤ ਆਏ ਹਨ। ਉਨ੍ਹਾਂ ਨੇ ਧਮਕਾਉਣ ਵਾਲੇ ਅੰਦਾਜ਼ 'ਚ ਤਿੰਨ ਦੇਸ਼ਾਂ- ਕਿਊਬਾ, ਕੈਨੇਡਾ ਤੇ ਬਰਤਾਨੀਆ ਨੂੰ ਆਪਣੇ ਲਪੇਟੇ 'ਚ ਲਿਆ ਹੈ। ਇਸ ਨੂੰ ਟਰੰਪ ਦੀ ਧਿਆਨ ਭਟਕਾਉਣ ਦੀ ਕਾਰਵਾਈ ਮੰਨਿਆ ਜਾ ਰਿਹਾ ਹੈ। ਇਨ੍ਹੀਂ ਦਿਨੀਂ ਉਹ ਇਮੀਗ੍ਰੇਸ਼ਨ ਕਾਰਵਾਈ ਨੂੰ ਲੈ ਕੇ ਆਪਣੇ ਹੀ ਦੇਸ਼ 'ਚ ਨਿਸ਼ਾਨੇ 'ਤੇ ਹਨ। ਨਾਲ ਹੀ ਡੈਮੋਕ੍ਰੇਟ ਪਾਰਟੀ ਦੀ ਨਾਰਾਜ਼ਗੀ ਕਾਰਨ ਉਨ੍ਹਾਂ ਦੀ ਸਰਕਾਰ 'ਤੇ ਸ਼ਟਡਾਊਨ ਦਾ ਖ਼ਤਰਾ ਵੀ ਮੰਡਰਾ ਰਿਹਾ ਹੈ। ਟਰੰਪ ਨੇ ਜਿੱਥੇ ਕਿਊਬਾ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਦੇ ਹੋਏ ਉਸ ਨੂੰ ਤੇਲ ਸਪਲਾਈ ਕਰਨ ਵਾਲੇ ਕਿਸੇ ਵੀ ਦੇਸ਼ 'ਤੇ ਟੈਰਿਫ ਲਗਾਉਣ ਦੀ ਧਮਕੀ ਦਿੱਤੀ, ਉੱਥੇ ਕੈਨੇਡਾ 'ਚ ਬਣਨ ਵਾਲੇ ਜਹਾਜ਼ਾਂ ਨੂੰ ਆਪਣੇ ਨਿਸ਼ਾਨੇ 'ਤੇ ਲਿਆ। ਇਸ ਤੋਂ ਇਲਾਵਾ ਬਰਤਾਨੀਆ ਦੀ ਚੀਨ ਨਾਲ ਵਧਦੀ ਨਜ਼ਦੀਕੀ 'ਤੇ ਟਰੰਪ ਨੇ ਤੇਵਰ ਤਿੱਖੇ ਕੀਤੇ ਹਨ।

ਟਰੰਪ ਨੇ ਕਿਊਬਾ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਦੇ ਹੋਏ ਤੇਲ ਸਪਲਾਈ ਕਰਨ ਵਾਲੇ ਕਿਸੇ ਵੀ ਦੇਸ਼ 'ਤੇ ਨਵੇਂ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਇਹ ਕਦਮ ਕਿਊਬਾ 'ਤੇ ਦਬਾਅ ਵਧਾਉਣ ਦੀ ਅਮਰੀਕੀ ਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਟਰੰਪ ਨੇ ਰਾਸ਼ਟਰੀ ਐਮਰਜੈਂਸੀ ਐਲਾਨਦੇ ਹੋਏ ਇਕ ਕਾਰਜਕਾਰੀ ਆਦੇਸ਼ ਨੂੰ ਮਨਜ਼ੂਰੀ ਦਿੱਤੀ ਹੈ। ਹਾਲਾਂਕਿ ਇਸ ਵਿਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਟੈਰਿਫ ਦੀ ਦਰ ਕੀ ਹੋਵੇਗੀ ਜਾਂ ਕਿਨ੍ਹਾਂ ਦੇਸ਼ਾਂ ਨੂੰ ਸਿੱਧੇ ਨਿਸ਼ਾਨਾ ਬਣਾਇਆ ਜਾਵੇਗਾ।

ਕਿਊਬਾ ਦੇ ਸਰਕਾਰੀ ਮੀਡੀਆ ਨੇ ਇਸ ਫ਼ੈਸਲੇ 'ਤੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ। ਕਿਊਬਾ ਸਰਕਾਰ ਦਾ ਕਹਿਣਾ ਹੈ ਕਿ ਜੇਕਰ ਤੇਲ ਦੀ ਸਪਲਾਈ ਰੁਕਦੀ ਹੈ ਤਾਂ ਦੇਸ਼ 'ਚ ਬਿਜਲੀ ਪੈਦਾਵਾਰ, ਖੇਤੀ ਕੰਮ, ਪਾਣੀ ਦੀ ਸਪਲਾਈ ਤੇ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੀਆਂ। ਸਰਕਾਰੀ ਬਿਆਨ 'ਚ ਇਸ ਨੂੰ ਕਿਊਬਾ ਦੇ ਆਮ ਲੋਕਾਂ ਦੇ ਖ਼ਿਲਾਫ਼ ਕਦਮ ਦੱਸਿਆ ਗਿਆ ਹੈ।

ਟਰੰਪ ਨੇ ਹਾਲੀਆ ਦਿਨਾਂ 'ਚ ਕਿਊਬਾ ਖ਼ਿਲਾਫ਼ ਸਖ਼ਤ, ਰੁਖ਼ ਅਪਣਾਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਿਊਬਾ ਦੀ ਆਰਥਿਕ ਸਥਿਤੀ ਹੋਰ ਕਮਜ਼ੋਰ ਹੁੰਦੀ ਜਾ ਰਹੀ ਹੈ। ਪਹਿਲਾਂ ਕਿਊਬਾ ਨੂੰ ਵੈਨੇਜ਼ੁਏਲਾ ਤੋਂ ਤੇਲ ਮਿਲਦਾ ਸੀ ਪਰ ਉੱਥੋਂ ਸਪਲਾਈ ਘੱਟ ਹੋ ਚੁੱਕੀ ਹੈ। ਇਸ ਦੌਰਾਨ ਮੈਕਸੀਕੋ ਨੇ ਕਿਊਬਾ ਨੂੰ ਤੇਲ ਦੀ ਸਪਲਾਈ ਆਰਜ਼ੀ ਤੌਰ 'ਤੇ ਰੋਕ ਦਿੱਤੀ ਹੈ। ਕਿਊਬਾ ਨੂੰ ਤੇਲ ਸਪਲਾਈ 'ਚ ਮੈਕਸੀਕੋ ਦੀ ਹਿੱਸੇਦਾਰੀ 44 ਫ਼ੀਸਦੀ, ਜਦਕਿ ਵੈਨੇਜ਼ੁਏਲਾ ਦੀ 33 ਫ਼ੀਸਦੀ ਸੀ। ਰੂਸ ਤੋਂ 10 ਫ਼ੀਸਦੀ ਤੇਲ ਕਿਊਬਾ ਨੂੰ ਭੇਜਿਆ ਜਾਂਦਾ ਹੈ। ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ਿਨਬਾਮ ਨੇ ਕਿਹਾ ਕਿ ਇਹ ਫ਼ੈਸਲਾ ਅਮਰੀਕਾ ਦੇ ਦਬਾਅ 'ਚ ਨਹੀਂ, ਬਲਕਿ ਮੈਕਸੀਕੋ ਦਾ ਆਪਣਾ ਫ਼ੈਸਲਾ ਹੈ। ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਿਆਜ਼-ਕੈਨੇਲ ਨੇ ਕਿਹਾ ਕਿ ਅਮਰੀਕਾ ਨੂੰ ਕਿਊਬਾ 'ਤੇ ਕਿਸੇ ਤਰ੍ਹਾਂ ਦਾ ਸਮਝੌਤਾ ਥੋਪਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।

ਅਮਰੀਕੀ ਸਰਕਾਰ ਨੇ ਐਪਸਟੀਨ ਨਾਲ ਸਬੰਧਤ ਫਾਈਲਾਂ ਕੀਤੀਆਂ ਜਨਤਕ

ਨਿਊਯਾਰਕ: ਅਮਰੀਕੀ ਨਿਆਂ ਵਿਭਾਗ ਨੇ ਜੈਫਰੀ ਐਪਸਟੀਨ ਨਾਲ ਸਬੰਧਤ ਆਪਣੇ ਜਾਂਚ ਰਿਕਾਰਡਾਂ ਦਾ ਇੱਕ ਵੱਡਾ ਹਿੱਸਾ ਜਨਤਕ ਕਰ ਦਿੱਤਾ । ਇਹ ਖੁਲਾਸਾ ਇੱਕ ਕਾਨੂੰਨ ਤਹਿਤ ਕੀਤਾ ਗਿਆ ਸੀ ਜਿਸਦਾ ਉਦੇਸ਼ ਇਹ ਦੱਸਣਾ ਹੈ ਕਿ ਸਰਕਾਰ ਐਪਸਟੀਨ ਦੇ ਨਾਬਾਲਗ ਕੁੜੀਆਂ ਦੇ ਜਿਨਸੀ ਸ਼ੋਸ਼ਣ ਤੇ ਸ਼ਕਤੀਸ਼ਾਲੀ ਲੋਕਾਂ ਨਾਲ ਉਸਦੇ ਸਬੰਧਾਂ ਬਾਰੇ ਕੀ ਜਾਣਦੀ ਸੀ।



ਡਿਪਟੀ ਅਟਾਰਨੀ ਜਨਰਲ ਟੌਡ ਬਲੈਂਚ ਮੁਤਾਬਕ, ਇਸ ਪੜਾਅ ਵਿੱਚ 30 ਲੱਖ ਤੋਂ ਵੱਧ ਪੰਨਿਆਂ ਦੇ ਦਸਤਾਵੇਜ਼ ਜਾਰੀ ਕੀਤੇ ਗਏ ਹਨ। ਇਹ ਫਾਈਲਾਂ ਨਿਆਂ ਵਿਭਾਗ ਦੀ ਵੈੱਬਸਾਈਟ 'ਤੇ ਅਪਲੋਡ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਰਿਕਾਰਡਾਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਦਸੰਬਰ ਵਿੱਚ ਸ਼ੁਰੂਆਤੀ ਰਿਲੀਜ਼ ਦੌਰਾਨ ਰੋਕੇ ਗਏ ਸਨ। ਇਹ ਖੁਲਾਸੇ ਐਪਸਟੀਨ ਫਾਈਲਾਂ ਪਾਰਦਰਸ਼ਤਾ ਐਕਟ ਤਹਿਤ ਕੀਤੇ ਗਏ ਸਨ, ਜੋ ਲੰਬੇ ਸਮੇਂ ਤੋਂ ਜਨਤਕ ਅਤੇ ਰਾਜਨੀਤਿਕ ਦਬਾਅ ਤੋਂ ਬਾਅਦ ਪਾਸ ਕੀਤਾ ਗਿਆ ਸੀ। 19 ਦਸੰਬਰ ਦੀ ਕਾਂਗਰਸ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ, ਵਿਭਾਗ ਨੇ ਖੁਲਾਸਾ ਕੀਤਾ ਕਿ ਸੈਂਕੜੇ ਵਕੀਲ 5.2 ਮਿਲੀਅਨ ਪੰਨਿਆਂ ਦੀ ਸਮੀਖਿਆ ਕਰਨ ਲਈ ਲੱਗੇ ਹੋਏ ਸਨ, ਇਹ ਯਕੀਨੀ ਬਣਾਉਂਦੇ ਹੋਏ ਕਿ ਪੀੜਤਾਂ ਦੀ ਪਛਾਣ ਅਤੇ ਚੱਲ ਰਹੀ ਜਾਂਚ ਦੀ ਰੱਖਿਆ ਲਈ ਕੁਝ ਹਿੱਸਿਆਂ ਨੂੰ ਗੁਪਤ ਰੱਖਿਆ ਗਿਆ ਸੀ। ਪਹਿਲਾਂ, ਕ੍ਰਿਸਮਸ ਤੋਂ ਠੀਕ ਪਹਿਲਾਂ ਜਾਰੀ ਕੀਤੇ ਗਏ ਹਜ਼ਾਰਾਂ ਪੰਨਿਆਂ ਦੇ ਦਸਤਾਵੇਜ਼ ਜਾਂ ਤਾਂ ਪਹਿਲਾਂ ਹੀ ਜਨਤਕ ਸਨ ਜਾਂ ਬਹੁਤ ਜ਼ਿਆਦਾ ਸੋਧੇ ਹੋਏ ਸਨ। ਇਨ੍ਹਾਂ ਫਾਈਲਾਂ ਵਿੱਚ 1990 ਦੇ ਦਹਾਕੇ ਦੇ ਫਲਾਈਟ ਲੌਗ ਵੀ ਸ਼ਾਮਲ ਹਨ, ਜਿਨ੍ਹਾਂ ਨੇ ਡੋਨਾਲਡ ਟਰੰਪ ਅਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੇ ਨਾਵਾਂ ਦਾ ਖੁਲਾਸਾ ਕੀਤਾ ਸੀ।

ਪਦਮ ਪੁਰਸਕਾਰਾਂ ਬਾਰੇ ਪੰਜਾਬ ਸਰਕਾਰ ਦੀ ਸਿਫ਼ਾਰਸ਼ ਕੇਂਦਰ ਵਲੋਂ ਰੱਦ

ਚੰਡੀਗੜ੍ਹ: ਭਾਰਤ ਸਰਕਾਰ ਨੇ ਐਤਕੀਂ ਪੰਜਾਬ ਸਰਕਾਰ ਵੱਲੋਂ ਪਦਮ ਸ੍ਰੀ ਐਵਾਰਡਾਂ ਲਈ ਭੇਜੀ ਸਿਫ਼ਾਰਸ਼ ਨੂੰ ਰੱਦ ਕਰ ਦਿੱਤਾ ਹੈ। ਗਣਤੰਤਰ ਦਿਹਾੜੇ ਤੋਂ ਪਹਿਲਾਂ ਇੱਕ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲੇ ਨੇ 131 ਪਦਮ ਪੁਰਸਕਾਰਾਂ ਦਾ ਐਲਾਨ ਕੀਤਾ ਸੀ। ਜਿਨ੍ਹਾਂ ਸੂਬਿਆਂ 'ਚ ਸਾਲ 2026 'ਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਸੂਬਾ ਸਰਕਾਰਾਂ ਦੀ ਸਿਫ਼ਾਰਸ਼ ਮੁਤਾਬਿਕ ਪਦਮ ਸ੍ਰੀ ਐਵਾਰਡ ਦੇਣ ਤੋਂ ਗੁਰੇਜ਼ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਪੱਤਰ ਭੇਜ ਕੇ ਸੂਬਾ ਸਰਕਾਰਾਂ ਨੂੰ ਪਦਮ ਪੁਰਸਕਾਰਾਂ ਲਈ ਨਾਮ ਸਿਫ਼ਾਰਸ਼ ਕਰਨ ਲਈ ਕਿਹਾ ਸੀ। ਪੰਜਾਬ ਸਰਕਾਰ ਵੱਲੋਂ ਬਣਾਈ ਸਕਰੀਨਿੰਗ ਕਮੇਟੀ ਜਿਸ ਦੀ ਅਗਵਾਈ ਮੁੱਖ ਸਕੱਤਰ ਕਰਦੇ ਹਨ, ਨੇ 13 ਨਾਮ ਪਦਮ ਪੁਰਸਕਾਰਾਂ ਲਈ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕੀਤੇ ਸਨ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਪਦਮ ਐਵਾਰਡ ਲਈ ਓਸਵਾਲ/ਨਾਹਰ ਗਰੁੱਪ ਦੇ ਚੇਅਰਮੈਨ ਜਵਾਹਰ ਲਾਲ ਓਸਵਾਲ ਨੂੰ ਪਦਮ ਸ੍ਰੀ ਐਵਾਰਡ ਲਈ ਸਿਫ਼ਾਰਸ਼ ਕੀਤਾ ਸੀ ਅਤੇ ਗਾਇਕ ਸੁਖਵਿੰਦਰ ਸਿੰਘ ਸੁੱਖੀ (ਮੁੰਬਈ) ਦਾ ਨਾਮ ਵੀ ਪਦਮ ਐਵਾਰਡ ਲਈ ਸੂਬਾ ਸਰਕਾਰ ਨੇ ਭੇਜਿਆ ਸੀ।

ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਪਦਮ ਐਵਾਰਡ ਲਈ ਨਾਮੀ ਗੀਤਕਾਰ ਬਾਬੂ ਸਿੰਘ ਮਾਨ ਅਤੇ ਪ੍ਰਸਿੱਧ ਪੱਤਰਕਾਰ ਜਤਿੰਦਰ ਪੰਨੂ ਦਾ ਨਾਮ ਵੀ ਪਦਮ ਸ੍ਰੀ ਐਵਾਰਡ ਲਈ ਸਿਫ਼ਾਰਸ਼ ਕੀਤਾ ਸੀ। ਪੰਜਾਬ ਸਰਕਾਰ ਵੱਲੋਂ ਕੇਂਦਰੀ ਪੱਤਰ ਦੇ ਹਵਾਲੇ ਨਾਲ ਡਿਪਟੀ ਕਮਿਸ਼ਨਰਾਂ ਤੋਂ ਪਦਮ ਪੁਰਸਕਾਰਾਂ ਲਈ ਨਾਮ ਮੰਗੇ ਸਨ। ਪੰਜਾਬ ਸਰਕਾਰ ਨੇ ਕੁੱਝ ਨਾਮ ਖ਼ੁਦ ਪਹੁੰਚ ਕਰਕੇ ਵੀ ਹਸਤੀਆਂ ਤੋਂ ਮੰਗਵਾਏ ਸਨ। ਸੂਬੇ ਚੋਂ ਹਾਸਲ ਹੋਈਆਂ ਕੁੱਲ ਸਿਫ਼ਾਰਸ਼ਾਂ ਚੋਂ 13 ਨਾਮ ਸਕਰੀਨਿੰਗ ਕਮੇਟੀ ਨੇ ਕੇਂਦਰ ਨੂੰ ਸਿਫ਼ਾਰਸ਼ ਕੀਤੇ ਸਨ।

ਜਿਨ੍ਹਾਂ ਹੋਰ ਨਾਵਾਂ ਦੀ ਸਿਫ਼ਾਰਸ਼ ਪੰਜਾਬ ਸਰਕਾਰ ਵੱਲੋਂ ਭੇਜੀ ਗਈ, ਉਨ੍ਹਾਂ 'ਚ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਭੂਰੀ ਵਾਲੇ, ਭਾਈ ਗੁਰਇਕਬਾਲ ਸਿੰਘ, ਮੁਖੀ ਮਾਤਾ ਕੌਲਾਂ ਭਲਾਈ ਕੇਂਦਰ, ਸੰਤ ਬਾਬਾ ਸੁੱਖਾ ਸਿੰਘ ਸਰਹਾਲੀ,

ਪ੍ਰਸਿੱਧ ਦੌੜਾਕ ਫੌਜਾ ਸਿੰਘ, ਨਰਿੰਦਰ ਸਿੰਘ ਮੁਹਾਲੀ, ਅਰੁਣ ਕੁਮਾਰ ਰਾਗੋਮਾਜਰਾ ਪਟਿਆਲਾ, ਡਾ. ਹਰਮਿੰਦਰ ਸਿੰਘ ਸਿੱਧੂ (ਜਲਾਲਦੀਵਾਲ), ਬਰਿੰਦਰ ਸਿੰਘ ਮਸੀਤੀ ਜ਼ਿਲ੍ਹਾ ਹੁਸ਼ਿਆਰਪੁਰ, ਭਜਨ ਸਿੰਘ ਸ਼ੇਰਗਿੱਲ ਜ਼ਿਲ੍ਹਾ ਮੁਹਾਲੀ ਸ਼ਾਮਲ ਹਨ। ਸਿਫ਼ਾਰਸ਼ ਕੀਤੀਆਂ ਕਈ ਹਸਤੀਆਂ ਦਾ ਸਮਾਜ ਸੇਵਾ 'ਚ ਵੱਡਾ ਨਾਮ ਵੀ ਹੈ। ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਇਸ ਵਾਰ ਪਦਮ ਸ੍ਰੀ ਪੁਰਸਕਾਰਾਂ ਲਈ ਪੋਰਟਲ ਲਾਂਚ ਕੀਤਾ ਸੀ ਅਤੇ ਕੋਈ ਵੀ ਵਿਅਕਤੀ ਸਿੱਧੇ ਤੌਰ 'ਤੇ ਵੀ ਅਪਲਾਈ ਕਰ ਸਕਦਾ ਸੀ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਵੱਲੋਂ ਭੇਜੀ ਸਿਫ਼ਾਰਸ਼ ਨੂੰ ਪ੍ਰਵਾਨ ਨਹੀਂ ਕੀਤਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਖੇਡ ਖੇਤਰ ਚੋਂ ਹਰਮਨਪ੍ਰੀਤ ਕੌਰ ਭੁੱਲਰ ਅਤੇ ਬਲਦੇਵ ਸਿੰਘ ਤੋਂ ਇਲਾਵਾ ਡੇਰਾ ਬੱਲਾਂ ਦੇ ਸੰਤ ਨਿਰੰਜਨ ਦਾਸ ਨੂੰ ਪਦਮ ਸ੍ਰੀ ਐਵਾਰਡ ਦੇਣ ਦਾ ਐਲਾਨ ਕੀਤਾ। ਚੰਡੀਗੜ੍ਹ ਦੇ ਇੰਦਰਜੀਤ ਸਿੰਘ ਸਿੱਧੂ ਵੀ ਪਦਮ ਸ੍ਰੀ ਐਵਾਰਡ ਮਿਲੇਗਾ ਜੋ ਪੰਜਾਬ ਪੁਲੀਸ ਦੇ ਸਾਬਕਾ ਡੀਆਈਜੀ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬਾਈ ਵਿਧਾਨ ਸਭਾ ਚੋਣਾਂ ਵਾਲੇ ਸੂਬੇ ਪੱਛਮੀ ਬੰਗਾਲ ਲਈ 11 ਪਦਮ ਸ੍ਰੀ ਐਵਾਰਡ, ਤਾਮਿਲਨਾਡੂ ਲਈ 13 ਐਵਾਰਡ, ਕੇਰਲਾ ਲਈ ਅੱਠ ਐਵਾਰਡ ਅਤੇ ਪੰਜਾਬ ਲਈ ਤਿੰਨ ਐਵਾਰਡ ਐਲਾਨੇ ਹਨ।

ਐਵਾਰਡਾਂ 'ਤੇ ਚੋਣਾਂ ਦਾ ਪਰਛਾਵਾਂ ਵੀ ਸਪਸ਼ਟ ਨਜ਼ਰ ਆ ਰਿਹਾ ਹੈ।

ਭਾਰਤੀ ਨਾਗਰਿਕ ’ਤੇ ਲੋਕਾਂ ਦੀ ਤਸਕਰੀ ਦਾ ਦੋਸ਼

ਨਿਊਯਾਰਕ: ਕੈਨੇਡਾ ਤੋਂ ਭਾਰਤੀ ਨਾਗਰਿਕਾਂ ਦੀ ਅਮਰੀਕਾ 'ਚ ਤਸਕਰੀ ਕਰਨ ਦੀ

ਸਾਜ਼ਿਸ਼ 'ਚ ਆਪਣੀ ਭੂਮਿਕਾ ਲਈ ਭਾਰਤ ਦੇ 22 ਸਾਲਾ ਇਕ ਨਾਗਰਿਕ 'ਤੇ ਮੁਕੱਦਮਾ ਚਲਾਇਆ ਗਿਆ ਹੈ। ਸ਼ਿਵਮ 'ਤੇ ਨਾਜਾਇਜ਼ ਤਰੀਕੇ ਨਾਲ ਵਿਦੇਸ਼ੀਆਂ ਨੂੰ ਅਮਰੀਕਾ 'ਚ ਲਿਆਉਣ ਦੀ ਸਾਜ਼ਿਸ਼ ਰਚਣ ਦਾ ਇਕ ਦੋਸ਼ ਤੇ ਨਿੱਜੀ ਵਿੱਤੀ ਲਾਭ ਦੇ ਮਕਸਦ ਨਾਲ ਨਾਜਾਇਜ਼ ਤਰੀਕੇ ਨਾਲ ਵਿਦੇਸ਼ੀਆਂ ਨੂੰ ਅਮਰੀਕਾ 'ਚ ਲਿਆਉਣ ਦੇ ਚਾਰ ਦੋਸ਼ ਲਗਾਏ ਗਏ ਹਨ। ਨਾਰਦਰਨ ਡਿਸਟ੍ਰਿਕਟ ਆਫ ਨਿਊਯਾਰਕ ਦੀ ਇਕ ਸੰਘੀ ਗਰੈਂਡ ਜਿਊਰੀ ਨੇ ਬੁੱਧਵਾਰ ਨੂੰ ਸਾਜ਼ਿਸ਼ 'ਚ ਸ਼ਿਵਮ ਦੀ ਭੂਮਿਕਾ ਲਈ ਚਾਰਜਸ਼ੀਟ ਜਾਰੀ ਕੀਤੀ। ਜੇਕਰ ਸ਼ਿਵਮ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸਨੂੰ ਹਰ ਮੁਲਜ਼ਮ ਲਈ ਵੱਧ ਤੋਂ ਵੱਧ 10 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਕੈਪਟਨ ਅਮਰਿੰਦਰ ਸਿੰਘ ਵੀ ਪ੍ਰਧਾਨ ਮੰਤਰੀ ਨੂੰ ਮਿਲੇ

ਜਲੰਧਰ: ਡੇਰਾ ਸੱਚਖੰਡ ਬੱਲਾਂ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਮੁਲਾਕਾਤ ਕੀਤੀ।

ਮੁਲਾਕਾਤ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ - "ਮੈਂ ਆਦਮਪੁਰ ਏਅਰਪੋਰਟ ਦਾ ਨਾਂ ਸੰਤ ਰਵਿਦਾਸ ਜੀ ਦੇ ਨਾਂ 'ਤੇ ਰੱਖਣ, ਸੰਤ ਨਿਰੰਜਨ ਦਾਸ ਜੀ ਨੂੰ ਪਦਮਸ਼੍ਰੀ ਦੇਣ ਅਤੇ ਹਲਵਾਰਾ ਇੰਟਰਨੈਸ਼ਨਲ ਏਅਰਪੋਰਟ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਦਾ ਦਿਲੋਂ ਧੰਨਵਾਦ ਕਰਦਾ ਹਾਂ।"

ਪੰਜਾਬ ਵਿਚ 2027 ਦੀਆਂ ਚੋਣਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਦਾ ਇਹ ਪੰਜਾਬ ਦੌਰਾ ਵੱਡੀ ਅਹਿਮੀਅਤ ਰੱਖਦਾ ਹੈ ਅਤੇ ਪ੍ਰਧਾਨ ਮੰਤਰੀ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਮੁਲਾਕਾਤ ਦੇ ਅਰਥ ਵੀ ਬਹੁਤ ਗਹਿਰੇ ਹੋ ਸਕਦੇ ਹਨ।

Punjab Times

Established in 2000
26th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

Founder Editor:
Amolak Singh Jammu
Managing Editor
Jaspreet Kaur
Editor
Lakhvinder S. Johal
Astt. Editor
Amrit Pal Kaur

Photographer
Kamaljit Singh Virdi
Ph. 847-502-2703
Our Columnists
Gurbakhsh Singh Bhandal
Buta Singh
Tarlochan Singh Dupalpur
Corrsponders
California
Ashok Bhaura
New York
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

Distributed in:
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 135 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

Disclaimer

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

All disputes subject to Chicago jurisdiction.

ਭਗਵੰਤ ਮਾਨ ਬਨਾਮ ਡੇਰਾ ਬਿਆਸ ਮੁਖੀ ਮਾਮਲੇ ’ਚ ਭਾਜਪਾ ਦਾ ਪ੍ਰਤੀਕਰਮ

ਚੰਡੀਗੜ੍ਹ: ਪੰਜਾਬ ਦੀ ਸਿਆਸਤ ਵਿੱਚ ਡੇਰਾ ਬਿਆਸ ਮੁਖੀ ਨੂੰ ਲੈ ਕੇ ਚੱਲ ਰਹੀ ਤਣਾਅਪੂਰਨ ਚਰਚਾ ਨੇ ਹੁਣ ਨਵਾਂ ਮੋੜ ਲੈ ਲਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਗਈ ਇੱਕ ਬਿਨਾਂ ਨਾਂਅ ਲਏ ਟਿੱਪਣੀ ਤੋਂ ਬਾਅਦ ਹੁਣ ਭਾਰਤੀ ਜਨਤਾ ਪਾਰਟੀ ਵੀ ਖੁੱਲ੍ਹ ਕੇ ਮੈਦਾਨ ਵਿੱਚ ਆ ਗਈ ਹੈ।

ਭਾਜਪਾ ਨੇ ਮੁੱਖ ਮੰਤਰੀ ਮਾਨ ‘ਤੇ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਉਹ ਰੱਬੀ ਰੂਹਾਂ ਨੂੰ ਟਿੱਚਰਾਂ ਕਰਨ ਲੱਗ ਪਏ ਹਨ। ਪਾਰਟੀ ਆਗੂਆਂ ਨੇ ਕਿਹਾ ਕਿ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਜੀ ਕਰੋੜਾਂ ਲੋਕਾਂ ਦੀ ਆਸਥਾ ਦਾ ਕੇਂਦਰ ਹਨ ਅਤੇ ਉਨ੍ਹਾਂ ਪ੍ਰਤੀ ਇਸ ਤਰ੍ਹਾਂ ਦੇ ਇਸ਼ਾਰੇ ਜਾਂ ਟਿੱਪਣੀਆਂ ਪੰਜਾਬ ਦੀ ਜਨਤਾ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

ਭਾਜਪਾ ਨੇ ਚੇਤਾਵਨੀ ਦਿੱਤੀ ਕਿ ਪੰਜਾਬ ਦੀ ਜਨਤਾ ਇਸ ਅਪਮਾਨ ਦਾ ਜਵਾਬ ਜ਼ਰੂਰ ਦੇਵੇਗੀ। ਬੀਜੇਪੀ ਪ੍ਰਧਾਨ ਸੁਨੀਲ ਜਾਖੜ ਨੇ ਇਸ

ਮਾਮਲੇ ‘ਚ ਭਗਵੰਤ ਮਾਨ ਨੂੰ ਜਵਾਬ ਦਿੰਦਿਆਂ ਟਵੀਟ ਕਰਕੇ ਲਿਖਿਆ ਹੈ ਕਿ ਜ਼ਿਕਰਯੋਗ ਹੈ ਕਿ ਇਸ ਸਾਰੇ ਵਿਵਾਦ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਮੁੱਖ ਮੰਤਰੀ ਮਾਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਬਿਨਾਂ ਕਿਸੇ ਦਾ ਨਾਂਅ ਲਏ ਲਿਖਿਆ ਸੀ, ‘‘ਕੱਲ੍ਹ ਬਣ ਜਾਣ, ਭਾਵੇਂ ਅੱਜ ਬਣ ਜਾਣ। ਅਦਾਲਤਾਂ ਦਾ ਓਥੇ ਰੱਬ ਰਾਖਾ... ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ।’’ ਇਹ ਟਿੱਪਣੀ ਸਿੱਧੇ ਤੌਰ ‘ਤੇ ਉਸ ਮੁਲਾਕਾਤ ਨਾਲ ਜੋੜੀ ਗਈ, ਜੋ ਇੱਕ ਦਿਨ ਪਹਿਲਾਂ ਨਾਭਾ ਜੇਲ੍ਹ ਵਿੱਚ ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ ਅਤੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦਰਮਿਆਨ ਹੋਈ ਸੀ।

ਇਸ ਮੁਲਾਕਾਤ ਤੋਂ ਬਾਅਦ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਖੁੱਲ੍ਹ ਕੇ ਕਿਹਾ ਸੀ ਕਿ ਮਜੀਠੀਆ ‘ਤੇ ਲੱਗੇ ਸਾਰੇ ਇਲਜ਼ਾਮ ਗਲਤ ਹਨ। ਉਨ੍ਹਾਂ ਨੇ ਇਹ ਵੀ ਆਖਿਆ ਸੀ ਕਿ ਮਜੀਠੀਆ ਉਨ੍ਹਾਂ ਦੇ ਦੋਸਤ ਹਨ ਅਤੇ ਉਹ ਅੱਗੇ ਵੀ ਉਨ੍ਹਾਂ ਨਾਲ ਮਿਲਦੇ ਰਹਿਣਗੇ। ਇਹ ਬਿਆਨ ਸਾਹਮਣੇ ਆਉਂਦੇ ਹੀ ਸਿਆਸੀ ਹਲਕਿਆਂ ਵਿੱਚ ਹਲਚਲ ਮਚ ਗਈ ਸੀ।

ਹੁਣ ਭਾਜਪਾ ਦੀ ਐਂਟਰੀ ਨਾਲ ਇਹ ਮਾਮਲਾ ਸਿਰਫ਼ ਦੋ ਵਿਅਕਤੀਆਂ ਦੇ ਬਿਆਨਾਂ ਤੱਕ ਸੀਮਿਤ

ਨਹੀਂ ਰਿਹਾ, ਸਗੋਂ ਇਹ ਧਾਰਮਿਕ ਆਸਥਾ, ਸਿਆਸਤ ਅਤੇ ਨਿਆਂ ਪ੍ਰਕਿਰਿਆ ਦੇ ਗਿਰਦ ਇੱਕ ਵੱਡੀ ਸਿਆਸੀ ਬਹਿਸ ਦਾ ਰੂਪ ਧਾਰਨ ਕਰ ਚੁੱਕਾ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਇਸ ਮੁੱਦੇ ‘ਤੇ ਸਿਆਸੀ ਤਾਪਮਾਨ ਹੋਰ ਕਿੰਨਾ ਚੜ੍ਹਦਾ ਹੈ।

ਭਾਰਤ ਅਤੇ ਅਮਰੀਕਾ...

(ਪਹਿਲੇ ਸਫ਼ੇ ਦਾ ਬਾਕੀ)

ਅਤੇ ਅਮਰੀਕਾ ਤੋਂ ਅਤੇ ਸੰਭਵ ਤੌਰ ‘ਤੇ ਵੈਨੇਜ਼ੁਏਲਾ ਤੋਂ ਵੱਧ ਤੇਲ ਖ਼ਰੀਦਣ ‘ਤੇ ਸਹਿਮਤੀ ਦਿੱਤੀ। ਇਸ ਨਾਲ ਯੂਕਰੇਨ ਵਿਚ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਵਿਚ ਮਦਦ ਮਿਲੇਗੀ, ਜਿੱਥੇ ਹਰ ਹਫ਼ਤੇ ਹਜ਼ਾਰਾਂ ਲੋਕ ਮਾਰੇ ਜਾ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਲਈ ਦੋਸਤੀ ਅਤੇ ਆਦਰ ਦੇ ਕਾਰਨ ਅਤੇ ਉਨ੍ਹਾਂ ਦੀ ਮੰਗ ‘ਤੇ ਤੁਰੰਤ ਪ੍ਰਭਾਵ ਨਾਲ ਅਸੀਂ ਅਮਰੀਕਾ ਅਤੇ 4 ਭਾਰਤ ਦੇ ਵਿਚਕਾਰ ਇਕ ਟ੍ਰੇਡ ਡੀਲ ‘ਤੇ ਸਹਿਮਤ ਹੋਏ ਹਾਂ, ਜਿਸ ਵਿਚ ਅਮਰੀਕਾ ਭਾਰਤ ‘ਤੇ ਲਗਾਏ ਗਏ ਆਪਸੀ ਟੈਰਿਫ ਨੂੰ 8 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰੇਗਾ। 11 ਉਹ ਵੀ ਅਮਰੀਕਾ ਦੇ ਖ਼ਿਲਾਫ਼ ਆਪਣੇ 6 ਟੈਰਿਫ ਅਤੇ ਗੈਰ-ਟੈਰਿਫ ਅੜਿੱਕਿਆਂ ਨੂੰ 4 ਖ਼ਤਮ ਕਰਨ ਦੀ ਦਿਸ਼ਾ ਵਿਚ ਅੱਗੇ ਵਧਣਗੇ। ਪ੍ਰਧਾਨ ਮੰਤਰੀ ਨੇ ਬਾਇ ਸ ਅਮਰੀਕਨਾ ਨੂੰ ਹੋਰ ਵੱਧ ਪੱਧਰ ‘ਤੇ ਅਪਣਾਉਣ ਦਾ ਵਾਅਦਾ ਕੀਤਾ ਹੈ, ਨਾਲ ਹੀ 1 500 ਅਰਬ ਡਾਲਰ ਤੋਂ ਵੱਧ ਦੇ ਅਮਰੀਕੀ ਊਰਜਾ, ਤਕਨਾਲੋਜੀ, ਖੇਤੀ, ਕੋਲਾ ਅਤੇ ਹੋਰ ਉਤਪਾਦਾਂ ਦੀ ਖ਼ਰੀਦ ਦਾ। ਭਾਰਤ ਨਾਲ ਸਾਡੇ ਸ਼ਾਨਦਾਰ ਸੰਬੰਧ ਅੱਗੇ ਹੋਰ ਮਜ਼ਬੂਤ ਹੋਣਗੇ। ਪ੍ਰਧਾਨ ਮੰਤਰੀ ਮੋਦੀ ਅਤੇ ਮੈਂ ਉਹ ਲੋਕ ਹਾਂ ਜੋ ਕੰਮ ਕਰਵਾਉਂਦੇ ਹਨ, ਜੋ ਜ਼ਿਆਦਾਤਰ ਲੋਕਾਂ ਬਾਰੇ ਨਹੀਂ ਕਿਹਾ ਜਾ ਸਕਦਾ। ਇਸ ਤੋਂ ਕੁਝ ਦੇਰ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਐਕਸ ‘ਤੇ ਲਿਖਿਆ, ਅੱਜ ਆਪਣੇ ਪਿਆਰੇ ਦੋਸਤ ਰਾਸ਼ਟਰਪਤੀ ਟਰੰਪ ਨਾਲ ਗੱਲ ਕਰ ਕੇ ਬਹੁਤ ਚੰਗਾ ਲੱਗਾ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਮੇਡ ਇਨ ਇੰਡੀਆ ਉਤਪਾਦਾਂ ‘ਤੇ ਹੁਣ ਟੈਰਿਫ ਘਟਾ ਕੇ 18 ਫ਼ੀਸਦੀ ਕਰ ਦਿੱਤਾ ਗਿਆ ਹੈ। ਭਾਰਤ ਦੇ 1.4 ਅਰਬ ਲੋਕਾਂ ਵੱਲੋਂ ਰਾਸ਼ਟਰਪਤੀ ਟਰੰਪ ਦਾ ਇਸ ਸ਼ਾਨਦਾਰ ਐਲਾਨ ਲਈ ਹਾਰਦਿਕ ਧੰਨਵਾਦ।

ਮੋਦੀ-ਟਰੰਪ ਗੱਲਬਾਤ ...

(ਪਹਿਲੇ ਸਫ਼ੇ ਦਾ ਬਾਕੀ)

ਨੇ ਹੁਣੇ-ਹੁਣੇ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ 6 ਕੀਤੀ ਹੈ। ਦੇਖਦੇ ਰਹੋ। ਇਸ ਸਮੇਂ ਤੱਕ ਭਾਰਤ ਸਰਕਾਰ ਵੱਲੋਂ ਗੱਲਬਾਤ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਸੀ, ਪਰ ਬਾਅਦ ‘ਚ ਪੀਐੱਮ ਮੋਦੀ ਨੇ ਖ਼ੁਦ ਐਕਸ ‘ਤੇ ਪੋਸ ਕਰ ਕੇ ਗੱਲਬਾਤ ਦੀ ਜਾਣਕਾਰੀ ਦਿੱਤੀ। ਸਰਜੀਓ ਗੋਰ ਦੀ ਪੋਸਟ ‘ਤੇ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਇੰਝ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਤੇ ਰਾਸ਼ਟਰਪਤੀ ਟਰੰਪ ਨੇ ਅੱਜ ਆਪਸ ‘ਚ ਗੱਲ ਕੀਤੀ। ਇਹ ਜਾਣਕਾਰੀ ਭਾਰਤ ਸਰਕਾਰ ਵੱਲੋਂ ਨਹੀਂ, ਬਲਕਿ ਭਾਰਤ ‘ਚ ਅਮਰੀਕੀ ਰਾਜਦੂਤ ਨੇ ਦਿੱਤੀ ਹੈ। ਭਾਰਤ ਨੂੰ ਆਪਣੀ ਸਰਕਾਰ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਿਰਫ਼ ਰਾਸ਼ਟਰਪਤੀ ਟਰੰਪ ਜਾਂ ਉਨ੍ਹਾਂ ਦੇ ਨਿਯੁਕਤ ਅਧਿਕਾਰੀਆਂ ਤੋਂ ਹੀ ਮਿਲਦੀ ਹੈ। ਟਰੰਪ ਨਿਰਭਰਤਾ!

ਪੰਜਾਬ ਸਰਕਾਰ ਨੇ ਰੱਦ ਕੀਤੀ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਦੀ ਬੇਨਤੀ

ਚੰਡੀਗੜ੍ਹ: ਪੰਜਾਬ ਸਰਕਾਰ ਨੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਦੇ ਬਜਟ ਸੈਸ਼ਨ ਵਿੱਚ ਹਿੱਸਾ ਲੈਣ ਲਈ ਦਿੱਤੀ ਜਾਣ ਵਾਲੀ ਅਸਥਾਈ ਪੈਰੋਲ ਦੀ ਮੰਗ ਸਪੱਸ਼ਟ ਤੌਰ ‘ਤੇ ਖਾਰਜ ਕਰ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਕਿ ਸੂਬੇ ਦੀ ਸੁਰੱਖਿਆ, ਲੋਕ ਵਿਵਸਥਾ ਅਤੇ ਜਨਤਕ ਅਮਨ-ਚੈਨ ਸਭ ਤੋਂ ਉੱਪਰ ਹਨ, ਇਸ ਲਈ ਅੰਮ੍ਰਿਤਪਾਲ ਨੂੰ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।ਪੰਜਾਬ ਦੇ ਗ੍ਰਹਿ ਵਿਭਾਗ ਦੇ ਵਾਧੂ ਮੁੱਖ ਸਕੱਤਰ ਵੱਲੋਂ ਇਸ ਸਬੰਧੀ ਹੁਕਮ ਜਾਰੀ ਕਰ ਦਿੱਤਾ ਗਿਆ ਹੈ। ਸਰਕਾਰ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਤਹਿਤ ਕਾਰਵਾਈ ਕੀਤੀ ਗਈ ਹੈ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਰਾਜ ਦੀ ਸੁਰੱਖਿਆ ਅਤੇ ਲੋਕ ਵਿਵਸਥਾ ਲਈ ਗੰਭੀਰ ਤੇ ਤੁਰੰਤ ਖ਼ਤਰਾ ਮੰਨਿਆ ਗਿਆ ਹੈ ।ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਦੀ

ਅਰਜ਼ੀ ‘ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਸਨ। ਸਰਕਾਰ ਨੇ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਵੱਲੋਂ 17 ਅਪ੍ਰੈਲ 2025 ਨੂੰ ਜਾਰੀ ਹੁਕਮਾਂ ਅਨੁਸਾਰ ਅੰਮ੍ਰਿਤਪਾਲ ਨੂੰ 23 ਅਪ੍ਰੈਲ 2025 ਤੋਂ ਹਿਰਾਸਤ ਵਿੱਚ ਲਿਆ ਗਿਆ ਸੀ।ਸਲਾਹਕਾਰ ਬੋਰਡ ਨੇ 9 ਜੂਨ 2025 ਨੂੰ ਉਨ੍ਹਾਂ ਦੀ ਨਜ਼ਰਬੰਦੀ ਨੂੰ ਠੀਕ ਕਰਾਰ ਦਿੰਦੇ ਹੋਏ ਕਾਫ਼ੀ ਆਧਾਰ ਪਾਏ। ਇਸ ਤੋਂ ਬਾਅਦ 24 ਜੂਨ 2025 ਨੂੰ ਪੰਜਾਬ ਸਰਕਾਰ ਨੇ ਐਨਐਸਏ ਦੀ ਧਾਰਾ 12(1) ਅਤੇ 13 ਤਹਿਤ 12 ਮਹੀਨਿਆਂ ਲਈ ਕੇਂਦਰੀ ਜੇਲ੍ਹ ਡਿਬਰੂਗੜ੍ਹ, ਅਸਾਮ ਵਿੱਚ ਨਿਰੰਤਰ ਨਜ਼ਰਬੰਦੀ ਦੇ ਹੁਕਮ ਜਾਰੀ ਕੀਤੇ।

ਇਸ ਦਰਮਿਆਨ ਅੰਮ੍ਰਿਤਪਾਲ ਵੱਲੋਂ ਦਿੱਤੀ ਗਈ ਅਰਜ਼ੀ ‘ਤੇ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਅੰਮ੍ਰਿਤਸਰ ਰੂਰਲ ਤੋਂ ਟਿੱਪਣੀਆਂ ਮੰਗੀਆਂ ਗਈਆਂ। ਦੋਹਾਂ ਅਧਿਕਾਰੀਆਂ ਨੇ ਅਸਥਾਈ ਰਿਹਾਈ ਦਾ ਤਿੱਖਾ ਵਿਰੋਧ ਕਰਦੇ ਹੋਏ ਕਿਹਾ ਕਿ ਇਸ ਨਾਲ ਰਾਜ ਦੀ ਸੁਰੱਖਿਆ ਅਤੇ ਲੋਕ ਵਿਵਸਥਾ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ। ਸਰਕਾਰ ਨੇ ਆਪਣੇ ਹੁਕਮ ਵਿੱਚ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਦੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਹਿਰਾਸਤ ਵਿੱਚ ਰਹਿੰਦਿਆਂ ਸੰਸਦ ਸੈਸ਼ਨ ਵਿੱਚ ਹਿੱਸਾ ਲੈਣਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਹੈ। ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਸੰਸਦ ਮੈਂਬਰਾਂ ਨੂੰ ਆਮ ਨਾਗਰਿਕਾਂ ਤੋਂ ਉੱਪਰ ਕੋਈ ਖ਼ਾਸ ਦਰਜਾ ਪ੍ਰਾਪਤ ਨਹੀਂ ਹੁੰਦਾ। ਇਨ੍ਹਾਂ ਸਾਰੇ ਤੱਥਾਂ ਅਤੇ ਰਿਕਾਰਡ ਦੇ ਆਧਾਰ ‘ਤੇ ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਦੀ ਅਸਥਾਈ ਰਿਹਾਈ ਦੀ ਮੰਗ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ।

ਬਿਕਰਮ ਮਜੀਠੀਆ ਨੂੰ...

(ਪਹਿਲੇ ਸਫ਼ੇ ਦਾ ਬਾਕੀ)

ਸਿਆਸੀ ਰਣਨੀਤੀ ਕੀ ਹੋਵੇਗੀ ਅਤੇ ਇਹ ਮਾਮਲਾ ਅਦਾਲਤ ਵਿੱਚ ਕਿਹੜਾ ਰੁਖ਼ ਅਖ਼ਤਿਆਰ ਕਰਦਾ ਹੈ।

ਅਕਾਲੀ ਸਿਆਸਤ ਨੂੰ ਪਵੇਗਾ ਮੋੜਾ

ਚੰਡੀਗੜ੍ਹ: ਸੀਨੀਅਰ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਨਾਲ ਅਕਾਲੀ ਲੀਡਰਸ਼ਿਪ ਖਾਸ ਕਰ ਕੇ ਪਾਰਟੀ ਦਾ ਯੂਥ ਵਿੰਗ, ਯਾਨੀ ਨੌਜਵਾਨ ਵਰਗ ਬਹੁਤ ਉਤਸ਼ਾਹਿਤ ਹੈ। ਸਿਆਸੀ ਸੂਝ-ਬੂਝ ਰੱਖਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਮਜੀਠੀਆ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਨਾਲ ਅਕਾਲੀ ਸਿਆਸਤ ਭਖ਼ ਜਾਣ ਦੇ ਆਸਾਰ ਬਣ ਗਏ ਹਨ। ਮਜੀਠੀਆ ਦੇ ਬਾਹਰ ਆਉਣ ਨਾਲ ਨਾ ਸਿਰਫ ਅਕਾਲੀ ਦਲ ਦੀ ਸਿਆਸਤ ਨੂੰ ਮੋੜਾ ਪਵੇਗਾ ਬਲਕਿ ਸੂਬੇ ਦੇ ਸਿਆਸੀ ਸਮੀਕਰਨ ਬਦਲਣ ਦੀਆਂ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਜੇਕਰ ਪੰਜਾਬ ਦੀ ਸਿਆਸਤ ਦੀ ਗੱਲ ਕਰੀਏ ਤਾਂ ਹੁਣ ਤੱਕ ਮਨੁੱਖੀ ਅਧਿਕਾਰਾਂ, ਅਮਨ ਕਾਨੂੰਨ ਦੀ ਸਥਿਤੀ ਅਤੇ ਪੰਜਾਬ ਦੇ ਵੱਖ-ਵੱਖ ਮੁੱਦਿਆਂ ‘ਤੇ ਬਾਕੀ ਆਗੂਆਂ ਦੇ ਮੁਕਾਬਲੇ ਕਾਂਗਰਸੀ ਆਗੂ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਪ੍ਰਗਟ ਸਿੰਘ ਹੀ ਬੇਬਾਕੀ ਨਾਲ ਸਿੱਧੇ ਤੌਰ ‘ਤੇ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ ਉਹ ਲਗਾਤਾਰ ਸਰਕਾਰ ਨੂੰ ਸਵਾਲ ਕਰਦੇ ਆ ਰਹੇ ਹਨ। ਇਨ੍ਹਾਂ ਸਥਿਤੀਆਂ ਵਿਚ ਬਿਕਰਮ ਮਜੀਠੀਆ ਦੇ ਬਾਹਰ ਆਉਣ ਨਾਲ ਪੰਜਾਬ ਦੀ ਸਿਆਸਤ ਇਕਦਮ ਮੋੜਾ ਕੱਟ ਲਵੇਗੀ ਕਿਉਂਕਿ ਮਜੀਠੀਆ ਲਗਾਤਾਰ ਜੇਲ੍ਹ ਵਿਚ ਜਾਣ ਤੋਂ ਪਹਿਲਾਂ ਤੱਕ ਪੰਜਾਬ ਸਰਕਾਰ, ਮੁੱਖ ਮੰਤਰੀ ਅਤੇ ਖਾਸ ਕਰ ਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਨੂੰ ਸਿੱਧੀ ਚੁਣੌਤੀ ਦਿੰਦੇ ਆ ਰਹੇ ਸਨ। ਅਗਲੇ ਵਰ੍ਹੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅਤੇ ਇਸ ਸਾਲ ਨਗਰ ਕੌਂਸਲ ਦੀਆਂ ਚੋਣਾਂ ਹੋਣੀਆਂ ਹਨ। ਇਸ ਕਰ ਕੇ ਇਹ ਵਰ੍ਹਾ ਸਿਆਸੀ ਸਰਗਰਮੀਆਂ ਵਾਲਾ ਸਾਲ ਰਹੇਗਾ। ਸਾਰੀਆਂ ਧਿਰਾਂ ਆਪਣੀਆਂ ਸਿਆਸੀ ਸਰਗਰਮੀਆਂ ਨੂੰ ਵਧਾਉਣਗੀਆਂ। ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ ਬਿਕਰਮ ਸਿੰਘ ਮਜੀਠੀਆ ਪਹਿਲਾਂ ਦੀ ਤਰ੍ਹਾਂ ਸਰਕਾਰ ‘ਤੇ ਹਮਲਾਵਰ ਰੁਖ਼ ਰੱਖਣਗੇ ਜਾਂ ਫਿਰ ਉਹ ਬਚ-ਬਚ ਕੇ ਚੱਲਣ ਵਾਲੀ ਨੀਤੀ ਨੂੰ ਅਪਣਾਉਣਗੇ। ਸਿਆਸੀ ਜਾਣਕਾਰਾਂ ਦਾ ਕਹਿਣਾ ਹੈ ਕਿ ਬਿਕਰਮ ਮਜੀਠੀਆ ਅੱਗੇ ਨਾਲੋਂ ਵੀ ਵੱਧ ਕੇ ਸਰਕਾਰ ਨੂੰ ਘੇਰੇਗਾ ਕਿਉਂਕਿ ਅਗਲੇ ਵਰ੍ਹੇ ਪੰਜਾਬ ਦੀਆਂ ਚੋਣਾਂ ਹਨ। ਪਾਰਟੀ ਲੀਡਰਸ਼ਿਪ, ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਆਗੂ ਦਾ ਹਮਲਾਵਰ ਹੋਣਾ ਵਰਕਰਾਂ, ਲੋਕਾਂ ਵਿਚ ਖਾਸ ਊਰਜਾ ਪੈਦਾ ਕਰਦਾ ਹੈ। ਦੂਜੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਪਾਰਟੀ ਆਗੂਆਂ ਅਤੇ ਵਰਕਰਾਂ ਦੀ ਸੁਖਬੀਰ ਸਿੰਘ ਬਾਦਲ ਦੇ ਮੁਕਾਬਲੇ ਬਿਕਰਮ ਸਿੰਘ ਮਜੀਠੀਆ ਤੱਕ ਪਹੁੰਚ ਸੌਖੀ ਹੋ ਜਾਂਦੀ ਹੈ। ਹੁਣ ਆਉਣ ਵਾਲਾ ਸਮਾਂ ਦੱਸੇਗਾ ਕੀ ਮਜੀਠੀਆ ਅਕਾਲੀ ਸਿਆਸਤ ਸਿਆਸਤ ਦਾ ਰੁਖ ਬਦਲਣ ਵਿਚ ਕਾਮਯਾਬ ਹੋਣਗੇ ਜਾਂ ਨਹੀਂ।

ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਦਲਾਈ ਲਾਮਾ ਨੂੰ ਗ੍ਰੈਮੀ ਪੁਰਸਕਾਰ

ਲਾਸ ਏਂਜਲਸ: ਤਿੱਬਤੀ ਧਰਮ ਗੁਰੂ ਦਲਾਈ ਲਾਮਾ ਨੂੰ ਉਹਨਾਂ ਦੀ ਆਡੀਓ ਬੁੱਕ 'ਮੈਡੀਟੇਸ਼ਨਜ਼: ਰਿਫਲੈਕਸ਼ਨਜ਼ ਆਫ ਹਿਜ ਹੋਲੀਨੈਸ ਦ ਦਲਾਈ ਲਾਮਾ' ਲਈ ਗ੍ਰੈਮੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਐਲਵਿਸ, ਕੈਥੀ ਗਾਰਵਰ ਦੀ ਪੁਸਤਕ ਰਾਕੀ ਐਡ ਮੀ: ਦ ਕੈਰੋਲ ਕਾਨਰਸ ਸਟੋਰੀ, ਟਰੇਵਰ ਨੋਆ ਦੀ ਪੁਸਤਕ ਇੰਟੂ ਦ ਅਨਕੱਟ ਗ੍ਰਾਸ, ਕੇਟੰਜੀ ਬ੍ਰਾਊਨ ਜੈਕਸਨ ਦੀ ਪੁਸਤਕ ਲਵਲੀ ਵਨ : ਏ ਮੇਮੋਆਰ ਅਤੇ ਫੈਬ ਮੋਰਵਨ ਦੀ ਪੁਸਤਕ ਦ ਰੀਅਲ ਸਟੋਰੀ ਆਫ ਮਿਲੀ ਵੈਨਿਲੀ'' ਨਾਲ ਨਾਮਜ਼ਦ ਕੀਤਾ ਗਿਆ ਸੀ। ਦਲਾਈ ਲਾਮਾ ਦੇ ਦਫ਼ਤਰ ਵੱਲੋਂ ਜਾਰੀ ਸੰਦੇਸ਼ ਵਿੱਚ ਉਨ੍ਹਾਂ ਨੇ ਕਿਹਾ, 'ਮੈਂ ਇਸ ਸਨਮਾਨ ਨੂੰ ਮਾਣ ਅਤੇ ਨਿਮਰਤਾ ਨਾਲ ਸਵੀਕਾਰ ਕਰਦਾ ਹਾਂ। ਮੈਂ ਇਸਨੂੰ ਨਿੱਜੀ ਤੌਰ 'ਤੇ ਨਹੀਂ, ਸਗੋਂ ਸਾਡੇ ਸਾਂਝੇ ਵਿਸ਼ਵਵਿਆਪੀ ਜ਼ਿੰਮੇਵਾਰੀ ਦੀ ਪਛਾਣ ਵਜੋਂ ਵੇਖਦਾ ਹਾਂ।'' ਅਦਾਕਾਰ-ਰਾਜਨੀਤੀ ਵਿਅਕਤੀ ਕਮਲ ਹਾਸਨ ਨੇ ਦਲਾਈ ਲਾਮਾ ਨੂੰ ਵਧਾਈ ਦਿੱਤ ਹੈ। ਹਾਸਨ ਨੇ ਕਿਹਾ, 'ਦੁਨੀਆ ਦੇ ਅਗਾਂਹਵਧੂ ਵਿਚਾਰਕਾਂ ਵਿੱਚੋਂ ਇੱਕ ਨੂੰ ਕਲਾਕਾਰਾਂ ਦੇ ਮਾਣਯੋਗ ਲੀਗ 'ਚ ਸ਼ਾਮਿਲ ਹੁੰਦੇ ਦੇਖ ਕੇ ਮਾਣ ਮਹਿਸੂਸ ਹੋ ਰਿਹਾ ਹੈ।

ਚੀਨ ਨੇ ਪ੍ਰਗਟਾਇਆ ਵਿਰੋਧ

ਚੀਨ ਨੇ ਦਲਾਈ ਲਾਮਾ ਨੂੰ ਗੈਮੀ ਇਨਾਮ ਦਿੱਤੇ ਜਾਣ ਦੀ ਨਿੰਦਾ ਕੀਤੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਕਿਹਾ ਕਿ 90 ਸਾਲਾਂ ਦੇ ਆਧਿਆਤਮਿਕ ਨੇਤਾ ਧਰਮ ਦੇ ਨਾਮ 'ਤੇ

ਵੱਖਵਾਦੀ ਗਤੀਵਿਧੀਆਂ ਚਲਾਉਂਦੇ ਰਹੇ ਹਨ। ਉਹ ਸਿਰਫ ਧਾਰਮਿਕ ਵਿਅਕਤੀ ਨਹੀਂ ਹਨ। ਉਹ ਰਾਜਨੀਤੀਕ ਸ਼ਰਣਾਰਥੀ ਹਨ, ਜੋ ਧਰਮ ਦੀ ਆੜ 'ਚ ਚੀਨ ਵਿਰੋਧੀ ਵੱਖਵਾਦੀ ਗਤੀਵਿਧੀਆਂ ਲਈਦ੍ਰਿੜ ਹਨ। ਬੀਜਿੰਗ ਇਸ ਗੱਲ ਦਾ ਵਿਰੋਧ ਕਰਦਾ ਹੈ ਕਿ ਸਬੰਧਤ ਪੱਖ ਇਸ ਇਨਾਮ ਦਾ ਇਸਤੇਮਾਲ ਚੀਨ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਇਕ ਯੰਤਰ ਵਜੋਂ ਕਰੇ।

ਟਰੰਪ ਨੇ ਕੀਤੀ ਨਿਖੇਧੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੈਮੀ ਐਵਾਰਡ ਦੇ ਹੋਸਟ ਟਰੇਵਰ ਨੋਆ ਨੂੰ 'ਧਿਆਨਯੋਗ' ਅਤੇ 'ਪ੍ਰਤਿਭਾ ਰਹਿਤ' ਕਹਿ ਕੇ ਤਿੱਖਾ ਹਮਲਾ ਕੀਤਾ ਅਤੇ ਸਮਾਰੋਹ ਨੂੰ 'ਸਭ ਤੋਂ ਖ਼ਰਾਬ' ਅਤੇ 'ਲਗਭਗ ਦੇਖਣ ਯੋਗ ਨਹੀਂ ਦੱਸਿਆ। ਦਰਅਸਲ, ਐਤਵਾਰ ਦੀ ਰਾਤ ਗ੍ਰੈਮੀ ਐਵਾਰਡ ਦੌਰਾਨ ਟਰੇਵਰ ਨੋਆ ਨੇ ਟਰੰਪ ਅਤੇ ਜੈਫਰੀ ਐਪਸਟੀਨ ਨਾਲ ਉਹਨਾਂ ਦੀ ਪੁਰਾਣੀ ਦੋਸਤੀ ਬਾਰੇ ਟਿੱਪਣੀ ਕੀਤੀ ਸੀ।

ਰੈਪ ਸਟਾਰ ਬੈਡ ਬਨੀ ਨੂੰ ਵੀ ਮਿਲਿਆ ਪੁਰਸਕਾਰ

ਰਾਇਟਰ ਦੇ ਅਨੁਸਾਰ, ਰੈਪ ਸਟਾਰ ਬੈਡ ਬਨੀ ਨੇ ਐਤਵਾਰ ਨੂੰ ਸਪੈਨਿਸ਼ ਭਾਸ਼ਾ ਦੇ ਐਲਬਮ 'ਦੇਬੀ ਤਿਰਾਰ ਮਾਸ ਫੋਟੋਜ਼' ਲਈ ਸਿਖਰਲਾ ਗੈਮੀ ਇਨਾਮ ਜਿੱਤਿਆ। ਇਹ ਕਿਸੇ ਵੀ ਸਪੈਨਿਸ਼ ਭਾਸ਼ਾ ਦੇ ਐਲਬਮ ਲਈ ਪਹਿਲੀ ਵਾਰ ਹੈ। ਬੈਡ ਬਨੀ ਦਾ ਇਨਾਮ ਰਾਜਨੀਤਕ ਸੂਚਨਾਵਾਂ ਵਾਲਾ ਵੀ ਹੈ, ਕਿਉਂਕਿ ਉਸਨੇ ਟਰੰਪ ਵੱਲੋਂ ਦੇਸ਼ ਭਰ ਦੇ ਸ਼ਹਿਰਾਂ 'ਚ ਪ੍ਰਵਾਸੀ ਅਤੇ ਸੀਮਾ ਨਿਰੀਖਣ ਕਾਰਵਾਈਆਂ ਤੇ ਚਲਾਈਆਂ ਗਈਆਂ ਮੁਹਿੰਮਾਂ ਦੀ ਖੁੱਲ੍ਹੀ ਨਿਖੇਧੀ ਕੀਤੀ ਸੀ। ਬੈਡ ਬਨੀ ਨੇ 2024 ਦੇ ਰਾਸ਼ਟਰਪਤੀ ਚੋਣਾਂ ਵਿੱਚ ਖੁੱਲ੍ਹ ਕੇ ਕਮਲਾ ਹੈਰਿਸ ਦਾ ਸਹਿਯੋਗ ਕੀਤਾ ਸੀ। ਟਰੰਪ ਨੇ ਉਸਦੀ ਚੋਣ 'ਤੇ ਵਿਅੰਗਆਤਮਕ ਟਿੱਪਣੀ ਕਰਦਿਆਂ ਕਿਹਾ ਕਿ ਉਸਨੇ ਬੈਡ ਬਨੀ ਬਾਰੇ ਕਦੇ ਸੁਣਿਆ ਹੀ ਨਹੀਂ।

ਸੰਧੂ 'ਤੇ ਚੌਰ-ਛਤਰ ਝੁਲਾਉਣ ਦਾ ਮਾਮਲਾ ਅਕਾਲ ਤਖ਼ਤ ਪੁੱਜਾ

ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਨੇ ਜਥੇਦਾਰ ਨੂੰ ਦਿੱਤਾ ਮਾਫ਼ੀ ਪੱਤਰ

ਅੰਮ੍ਰਿਤਸਰ: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਵਿੰਦ ਸਿੰਘ ਸੰਧੂ ਦੇ ਬੀਤੇ ਦਿਨੀਂ ਹੋਏ ਵਿਆਹ ਸਮਾਗਮ ਦੌਰਾਨ ਚੌਰ-ਛਤਰ ਝੁਲਾਉਣ ਦਾ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਪੁੱਜ ਗਿਆ ਹੈ। ਸੋਮਵਾਰ ਦੁਪਹਿਰ ਵੇਲੇ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਗੋਵਿੰਦ ਸਿੰਘ ਸੰਧੂ ਨੇ ਮਾਫੀ ਪੱਤਰ ਲੈ ਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨਾਲ ਮੁਲਾਕਾਤ ਕੀਤੀ ਤੇ ਲਿਖਤੀ ਰੂਪ ਵਿਚ ਖਿਮਾ ਯਾਚਨਾ ਪੱਤਰ ਸੌਂਪਿਆ।

ਉਪਰੰਤ ਗੱਲਬਾਤ ਦੌਰਾਨ ਗੋਵਿੰਦ ਸਿੰਘ ਸੰਧੂ ਨੇ ਕਿਹਾ ਕਿ ਉਹ ਸਿੱਖ ਮਰਿਆਦਾ ਦੀ ਪੂਰੀ ਕਦਰ ਕਰਦੇ ਹਨ ਅਤੇ ਅਣਜਾਣੇ ਵਿਚ ਹੋਈ ਗਲਤੀ ਲਈ ਸਿੱਖ ਸੰਗਤ ਤੋਂ ਮਾਫੀ ਮੰਗਦੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਵਿਰੋਧੀ ਇਸ ਗੱਲ ਦਾ ਵਿਵਾਦ ਬਣਾ ਰਹੇ ਹਨ, ਜਦ ਕਿ

ਇਹ ਰਿਵਾਇਤ ਉਨ੍ਹਾਂ ਦੀ ਰਿਆਸਤ ਵਿਚ ਪੀੜ੍ਹੀ ਦਰ ਪੀੜ੍ਹੀ ਚੱਲਦੀ ਆ ਰਹੀ ਹੈ, ਜਿਸ ਦੀਆਂ ਤਸਵੀਰਾਂ ਵੀ ਜਥੇਦਾਰ ਨੂੰ ਸੌਂਪੀਆਂ ਜਾਣਗੀਆਂ ਅਤੇ ਵਿਰੋਧੀਆਂ ਨੂੰ ਵੀ ਸਮਾਂ ਆਉਣ 'ਤੇ ਢੁੱਕਵਾਂ ਜਵਾਬ ਦਿੱਤਾ ਜਾਵੇਗਾ।

ਉਹ ਆਪਣੇ ਵਿਆਹ ਦੌਰਾਨ ਹੋਈ ਅਣਜਾਣੇ ਵਿਚ ਹੋਈ ਗਲਤੀ ਲਈ ਸਮੁੱਚੇ ਸਿੱਖ ਪੰਥ ਤੋਂ ਮੁਆਫੀ ਮੰਗਦੇ ਹਨ, ਇਹ ਇਕ ਪੁਰਾਣੀ ਪਰਿਵਾਰਕ ਪਰੰਪਰਾ ਦੀ ਪਾਲਣਾ ਕੀਤੀ ਗਈ ਸੀ, ਜਿਸ ਨੇ ਅਣਜਾਣੇ ਵਿਚ ਸਿੱਖ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਉਨ੍ਹਾਂ ਕਿਹਾ ਕਿ ਅਨੰਦ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੂਰੇ ਸਤਿਕਾਰ ਬਲਜਿੰਦਰ ਮਾਨ ਨਾਲ ਹੋਇਆ ਹੈ ਪਰ ਰਾਤ ਦੇ ਜਲੂਸ ਦੌਰਾਨ ਇਕ ਰਵਾਇਤੀ ਪ੍ਰਥਾ ਅਣਜਾਣੇ ਵਿਚ ਪੁਰਖਿਆਂ ਦੇ ਰੀਤੀ-ਰਿਵਾਜਾਂ ਦੀ ਪਾਲਣਾ ਕੀਤੀ ਗਈ, ਜੋ ਬਾਅਦ ਵਿਚ ਇਕ ਵੱਡੀ ਗਲਤੀ ਸਾਬਤ ਹੋਈ। ਉਹ ਇਸ ਗਲਤੀ ਦੀ ਪੂਰੀ ਜ਼ਿੰਮੇਵਾਰੀ ਸਵੀਕਾਰ ਕਰਦੇ ਹਨ, ਉਹ ਆਪਣੀ ਸਾਰੀ ਜ਼ਿੰਦਗੀ ਇਸ ਲਈ ਗੁਰੂ ਸਾਹਿਬ ਪਾਸੋਂ ਮੁਆਫੀ ਮੰਗਦੇ ਰਹਿਣਗੇ।

ਦੋਹਤੇ ਦੇ ਵਿਆਹ 'ਚ ਹੋਈ ਅਵੱਗਿਆ ਲਈ ਮਾਨ ਨੇ ਮਾਫ਼ੀ ਮੰਗੀ

ਫਤਹਿਗੜ੍ਹ ਸਾਹਿਬ: 'ਮੇਰੇ ਦੋਹਤੇ ਗੋਬਿੰਦ ਸਿੰਘ ਦਾ ਬੀਤੇ ਦਿਨੀਂ ਵਿਆਹ ਪ੍ਰੋਗਰਾਮ ਹੋਇਆ ਹੈ। ਬੇਸ਼ੱਕ ਮੈਂ ਉਸ ਦਿਨ ਚੰਡੀਗੜ੍ਹ ਵਿਚ ਹੀ ਸੀ ਪਰ ਜਦੋਂ ਬੱਚਿਆਂ ਤੇ ਪਰਿਵਾਰ ਨੇ ਛੱਤਰ ਦੇ ਨਾਲ ਚੌਰ ਸਾਹਿਬ ਝੁਲਾਉਣ ਦੇ ਅਮਲ ਕੀਤੇ, ਉਸ ਕਾਰਜ ਸਮੇ ਮੈਂ ਉਥੇ ਨਹੀ ਸੀ। ਮੈਨੂੰ ਤਾਂ ਸਿੱਖ ਰਹਿਤ ਮਰਿਯਾਦਾ ਦੀ ਪੂਰੀ ਜਾਣਕਾਰੀ ਵੀ ਹੈ ਅਤੇ ਛੱਤਰ ਤੇ ਚੌਰ ਸਾਹਿਬ ਦੀ ਵੱਡੀ ਮਹਾਨਤਾ ਬਾਰੇ ਵੀ ਸਮਝ ਹੈ। ਜੇਕਰ ਮੈਂ ਮੌਕੇ 'ਤੇ ਹੁੰਦਾ ਤਾਂ ਮੈਂ ਉਸ ਸਮੇ ਬੱਚਿਆਂ ਨੂੰ ਅਜਿਹਾ ਕਰਨ ਤੋ ਹਰ ਕੀਮਤ 'ਤੇ ਵਰਜ ਦੇਣਾ ਸੀ। ਇਸ ਲਈ ਮੈਂ ਇਸ ਗੁਸਤਾਖੀ ਲਈ ਆਪਣੇ ਅਤੇ ਆਪਣੇ ਪਰਿਵਾਰ ਵੱਲੋਂ ਮੀਰੀ-ਪੀਰੀ ਦੇ ਮਹਾਨ ਤਖ਼ਤ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਮੁੱਚੇ ਖ਼ਾਲਸਾ ਪੰਥ ਤੋਂ ਆਤਮਿਕ ਤੌਰ ਤੇ ਮੁਆਫ਼ੀ ਮੰਗਦਾ ਹਾਂ।

ਅਜੀਤ ਪਵਾਰ ਦੀ ਮੌਤ ਆਮ ਹਾਦਸਾ ਨਹੀਂ: ਸੰਜੇ ਰਾਉਤ

ਮੁੰਬਈ: ਮਹਾਰਾਸ਼ਟਰ ਦੇ ਮਰਹੂਮ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਜਬਾਜ਼ ਹਾਦਸੇ 'ਚ ਮੌਤ 'ਤੇ ਹੁਣ ਸਿਆਸਤ ਵੀ ਗਰਮਾਉਣ ਲੱਗੀ ਹੈ। ਵਿਰੋਧੀ ਧਿਰ ਨੇ ਇਸ 'ਤੇ ਗੰਭੀਰ ਸਵਾਲ ਚੁੱਕਦੇ ਹੋਏ ਮਹਾਯੁਤੀ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਸ਼ਿਵਸੈਨਾ (ਯੂਬੀਟੀ) ਦੇ ਨੇਤਾ ਸੰਜੇ ਰਾਉਤ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਵਿਜੇ ਵਡੇਟੀਵਾਰ ਨੇ ਇਸ ਹਾਦਸੇ ਨੂੰ 'ਸਾਜ਼ਿਸ਼' ਕਰਾਰ ਦਿੰਦੇ ਹੋਏ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

ਸ਼ਿਵਸੈਨਾ (ਯੂਬੀਟੀ) ਦੇ ਮੁੱਖ ਬੁਲਾਰੇ ਤੇ ਸੰਸਦ ਮੈਂਬਰ ਸੰਜੇ ਰਾਉਤ ਨੇ ਇਸ ਘਟਨਾ 'ਤੇ ਕਿਹਾ ਕਿ ਅਜੀਤ ਪਵਾਰ ਦੀ ਮੌਤ ਆਮ ਹਾਦਸਾ ਨਹੀਂ ਹੈ। ਉਨ੍ਹਾਂ ਅਜੀਤ ਪਵਾਰ ਦੀ ਮੌਤ ਦੀ ਬਰਾਬਰੀ ਜਸਟਿਸ ਬੀਐੱਚ ਲੋਯਾ ਦੀ ਮੌਤ ਨਾਲ ਕਰਦੇ ਹੋਏ ਦਾਅਵਾ ਕੀਤਾ ਕਿ ਕੁਝ ਦਿਨ ਪਹਿਲਾਂ ਹੀ ਅਜੀਤ ਪਵਾਰ ਨੇ ਜਨਤਕ ਤੌਰ 'ਤੇ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਕੋਲ ਭਾਜਪਾ ਦੇ ਕੁਝ ਵੱਡੇ ਨੇਤਾਵਾਂ ਦੀਆਂ 'ਭ੍ਰਿਸ਼ਟਾਚਾਰ ਨਾਲ ਜੁੜੀਆਂ ਫਾਈਲਾਂ ਹਨ। ਸਮਾਂ ਆਉਣ 'ਤੇ ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਣਗੇ।

ਉਸ ਬਿਆਨ ਦੇ ਠੀਕ ਬਾਅਦ ਬਾਰਾਮਤੀ ਵਰਗੇ ਸੁਰੱਖਿਅਤ ਇਲਾਕੇ 'ਚਜਹਾਜ਼ ਦਾ ਕਰੈਸ਼ ਹੋਣਾ ਕਈ ਸਵਾਲ ਖੜ੍ਹੇ ਕਰਦਾ ਹੈ। ਰਾਉਤ ਨੇ ਤਨਜ਼ ਕੱਸਦੇ ਹੋਏ ਕਿਹਾ ਕਿ ਦਿੱਲੀ ਦੇ ਇਸ਼ਾਰੇ 'ਤੇ ਮਹਾਰਾਸ਼ਟਰ 'ਚ ਜੋ ਸਿਆਸੀ ਸਫ਼ਾਈ ਚੱਲ ਰਹੀ ਹੈ, ਇਹ ਉਸਦਾ ਹਿੱਸਾ ਹੋ ਸਕਦਾ ਹੈ।

ਕਾਂਗਰਸ ਦੇ ਸੀਨੀਅਰ ਨੇਤਾ ਤੇ ਵਿਰੋਧੀ ਧਿਰ ਦੇ ਨੇਤਾ ਵਿਜੇ ਵਡੇਟੀਵਾਰ ਨੇ ਵੀ ਸਰਕਾਰ ਨੂੰ ਘੇਰਦੇ ਹੋਏ ਕਿਹਾ ਕਿ ਮਹਾਂਰਾਸ਼ਟਰ ਦੀ 80 ਫ਼ੀਸਦੀ ਜਨਤਾ ਮੰਨਦੀ ਹੈ ਕਿ ਇਸ ਹਾਦਸੇ ਦੇ ਪਿੱਛੇ ਕੁਝ 'ਕਾਲਾ' ਹੈ। ਉਨ੍ਹਾਂ ਪੁੱਛਿਆ ਕਿ ਜਿਸ

ਜਹਾਜ਼ (ਲੇਅਰਜੈੱਟ 45 ਐੱਕਸਆਰ) 'ਚ ਆਧੁਨਿਕ ਤਕਨੀਕ ਸੀ, ਉਹ ਅਚਾਨਕ ਅਸਮਾਨ ਤੋਂ ਕਿਵੇਂ ਡਿੱਗ ਗਿਆ ਤੇ ਉਡਾਣ ਭਰਨ ਤੋਂ ਪਹਿਲਾਂ ਅਚਾਨਕ ਪਾਇਲਟ ਕਿਉਂ ਬਦਲ ਗਿਆ।

ਉਡਾਣ ਭਰਨ ਤੋਂ ਪਹਿਲਾਂ ਜਹਾਜ਼ 'ਚ ਛੇ ਲੋਕਾਂ ਦੇ ਹੋਣ ਦੀ ਗੱਲ ਕਹੀ ਜਾ ਰਹੀ ਹੈ। ਦੋਸ਼ ਲਗਾਇਆ ਕਿ ਸਰਕਾਰ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ 28 ਜਨਵਰੀ ਨੂੰ ਪੁਣੇ ਦੇ ਬਾਰਾਮਤੀ ਹਵਾਈ ਅੱਡੇ ਕੋਲ ਇਕ ਨਿੱਜੀ ਚਾਰਟਰਡ ਜਹਾਜ਼ ਕਰੈਸ਼ ਹੋ ਗਿਆ ਸੀ, ਜਿਸ ਵਿਚ ਅਜੀਤ ਪਵਾਰ ਸਮੇਤ ਪੰਜ ਲੋਕਾਂ ਦੀ ਜਾਨ ਚਲੀ ਗਈ ਸੀ।

ਸ਼ੁਰੂਆਤੀ ਜਾਂਚ ਰਿਪੋਰਟ 'ਚ ਤਕਨੀਕੀ ਖ਼ਰਾਬੀ ਦੀ ਗੱਲ ਕਹੀ ਗਈ ਹੈ। ਨਾਗਰਿਕ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਇਸ ਮਾਮਲੇ ਦੀ ਵਿਸਥਾਰ ਨਾਲ ਜਾਂਚ ਕਰ ਰਹੀ ਹੈ। ਸੂਬਾ ਸਰਕਾਰ ਨੇ ਇਸ ਘਟਨਾ ਤੋਂ ਬਾਅਦ ਤਿੰਨ ਦਿਨਾ

ਸਰਕਾਰੀ ਸ਼ੋਕ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਸ ਦੁਖਦਾਈ ਖੜੀ 'ਚ ਸਿਆਸਤ ਤੋਂ ਉੱਪਰ ਉੱਠਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜੀਤ ਪਵਾਰ ਦਾ ਦੇਹਾਂਤ ਸੂਬੇ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਐੱਨਸੀਪੀ ਸੰਸਥਾਪਕ ਤੇ ਅਜੀਤ ਪਵਾਰ ਦੇ ਚਾਚਾ ਸ਼ਰਦ ਪਵਾਰ ਨੇ ਵੀ ਇਸ ਹਾਦਸੇ ਨੂੰ ਸਿਰਫ ਇਕ ਹਾਦਸਾ ਕਰਾਰ ਦਿੰਦੇ ਹੋਏ ਇਜ ਮਾਮਲੇ 'ਚ ਸਿਆਸਤ ਨਾ ਕਰਨ ਦੀ ਅਪੀਲ ਕੀਤੀ ਹੈ। ਬਾਰਾਮਤੀ ਦੀ ਸੰਸਦ ਮੈਂਬਰ ਤੇ ਅਜੀਤ ਪਵਾਰ ਦੀ ਚਚੇਰੀ ਭੈਣ ਸੁਪ੍ਰੀਆ ਸੁਲੇ ਨੇ ਭਾਵੁਕ ਅਪੀਲ ਕਰਦੇ ਹੋਏ ਕਿਹਾ ਹੈ ਕਿ ਇਸ ਔਖੇ ਸਮੇਂ 'ਚ ਪਰਿਵਾਰ ਨੂੰ ਇਕੱਲਾ ਛੱਡ ਦੇਣਾ ਚਾਹੀਦਾ ਹੈ।

ਜਾਂਚ ਮੁਕੰਮਲ ਹੋਣ ਤੱਕ ਸੰਜਮ ਵਰਤੋਂ: ਜਥੇਦਾਰ

ਅੰਮ੍ਰਿਤਸਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਦੇਸ਼ ਜਾਰੀ ਕਰ ਕੇ ਇਸ ਮਾਮਲੇ ਨਾਲ ਸਬੰਧਤ ਸਮੂਹ ਧਿਰਾਂ ਨੂੰ ਸਖ਼ਤ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇਕੋਈ ਬਿਆਨ ਦੇਣ ਤੋਂ ਪਹਿਲਾਂ ਸਬੰਧਤ ਧਿਰਾਂ ਸੰਜਮ ਤੋਂ ਕੰਮ ਲੈਣ। ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੜਤਾਲ ਮੁਕੰਮਲ ਨਹੀਂ ਹੁੰਦੀ ਅਤੇ ਸੱਚ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਕਿਸੇ ਵੀ ਧਿਰ ਜਾਂ ਮੀਡੀਆ ਵੱਲੋਂ ਇਸ ਮਾਮਲੇ ਵਿਚ ਬੋਲਣਾ ਅਤੇ ਆਪੋ-ਆਪਣੇ ਹਿਸਾਬ ਨਾਲ ਤੱਥ ਪੇਸ਼ ਕਰਨੇ ਜਾਂ ਬਿਰਤਾਂਤ ਖੜ੍ਹਾ ਕਰਨਾ ਵਾਜਬ ਨਹੀਂ। ਜਾਂਚ ਮੁਕੰਮਲ ਹੋਣ ਤੱਕ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ, ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ, ਕਿਸੇ ਤਰ੍ਹਾਂ ਦੀ ਸਿਆਸਤ ਕਰਨ, ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ, ਮੀਡੀਆ ਟ੍ਰਾਇਲ ਨੂੰ ਉਤਸ਼ਾਹਿਤ ਕਰਨ ਜਾਂ ਆਪਣੇ ਪੱਧਰ ਉੱਤੇ ਫ਼ੈਸਲੇ ਦੇਣ। ਜਥੇਦਾਰ ਗੜਗੱਜ ਨੇ ਸਮੂਹ ਸਬੰਧਤ ਧਿਰਾਂ ਨੂੰ ਇਕ ਵਾਰ ਫਿਰ ਸਖਤੀ ਨਾਲ ਹਦਾਇਤ ਕੀਤੀ ਕਿ ਜਦੋਂ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ ਇਸ ਮਾਮਲੇ ਵਿਚ ਪੂਰਾ ਸੰਜਮ ਤੇ ਸ਼ਬਦਾਂ ਦੀ ਮਰਿਆਦਾ ਰੱਖਣ ਅਤੇ ਕੀਤੇ ਆਦੇਸ਼ ਦੀ ਪਾਲਣਾ ਕਰਨ।

ਜਾਂਚ ਮੁਕੰਮਲ ਹੋਣ ਤੱਕ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ, ਸਮੂਹ ਧਿਰਾਂ ਜਾਂ ਸਬੰਧਤ ਧਿਰਾਂ ਦੇ ਵਕੀਲਾਂ ਨੂੰ ਅਧਿਕਾਰ ਨਹੀਂ ਹੈ ਕਿ ਉਹ ਇਸ ਮਾਮਲੇ ਉੱਤੇ ਕੋਈ ਪ੍ਰੈੱਸ ਵਾਰਤਾ ਕਰਨ, ਕਿਸੇ ਤਰ੍ਹਾਂ ਦੀ ਸਿਆਸਤ ਕਰਨ

'ਵਿਕਸਤ ਭਾਰਤ ਦੀ ਯਾਤਰਾ ਨੂੰ ਅੱਗੇ ਵਧਾਉਣ ਵਾਲਾ' ਬੱਜਟ ਪੇਸ਼

ਨਵੀਂ ਦਿੱਲੀ: ਸੰਸਾਰ ਵਿਆਪੀ ਅਨਿਸ਼ਚਿਤਤਾ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ ਨੀਤੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਤੇ ਦੇਸ਼ ਵਿਚ ਰੁਜ਼ਗਾਰ ਦੇ ਮੌਕਿਆਂ ਵਿਚ ਵੱਡੇ ਵਾਧੇ ਦੀ ਜ਼ਰੂਰਤ ਦਰਮਿਆਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਮ ਬਜਟ 2026-27 ਵਿਚ ਅਹਿਮ ਕਦਮਾਂ ਦੀ ਲੜੀ ਪੇਸ਼ ਕੀਤੀ ਹੈ। ਇਹ ਕਦਮ ਭਾਰਤ ਦੀ ਮੌਜੂਦਾ ਤੇਜ਼ ਵਿਕਾਸ ਦਰ ਨੂੰ ਬਣਾਈ ਰੱਖਣ ਤੇ ਆਤਮ ਨਿਰਭਰ ਰਹਿੰਦੇ ਹੋਏ ਵਿਕਸਤ ਹੋਣ ਵੱਲ ਮੁਲਕ ਦੀ ਯਾਤਰਾ ਨੂੰ ਅੱਗੇ ਵਧਾਉਂਦੇ ਹਨ। ਆਮ ਆਦਮੀ ਲਈ ਨਾ ਤਾਂ ਕੋਈ ਟੈਕਸ ਛੋਟ ਹੈ ਅਤੇ ਨਾ ਕੋਈ ਹੋਰ ਲੋਕ-ਲੁਭਾਊ ਵਾਅਦਾ ਪਰ ਇਸ ਵਿਚ ਟੈਕਸਟਾਈਲ, ਮੈਨੂਫੈਕਚਰਿੰਗ ਤੇ ਐੱਸਐੱਮਈ ਖੇਤਰ ਲਈ ਨਵੇਂ ਐਲਾਨ ਹਨ ਜੋ ਦੇਸ਼ ਦੇ ਕਈ ਹਿੱਸਿਆਂ ਵਿਚ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਸਕਦੀਆਂ ਹਨ। ਇਸ ਦੇ ਨਾਲ, ਬਜਟ ਵਿਚ ਪੂੰਜੀਗਤ ਖ਼ਰਚੇ ਨੂੰ 122 ਲੱਖ ਕਰੋੜ ਰੁਪਏ ਤੱਕ ਵਧਾਉਣ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਸੜਕਾਂ, ਰੇਲ ਆਦਿ ਦਾ ਵਿਸਥਾਰ ਹੁੰਦਾ ਰਹੇ। ਰੇਅਰ ਅਰਥ ਅਤੇ ਸੈਮੀਕੰਡਕਟਰ, ਰਸਾਇਣ ਅਤੇ ਭਾਰੀ ਮਸ਼ੀਨਰੀ ਲਈ ਚੀਨ 'ਤੇ ਨਿਰਭਰਤਾ ਘਟਾਉਣ ਦਾ ਸਪੱਸ਼ਟ ਰੋਡਮੈਪ ਹੈ। ਵਿੱਤ ਮੰਤਰੀ ਨੇ ਖ਼ਜ਼ਾਨੇ ਦੇ ਘਾਟੇ ਨੂੰ 4.3 ਫੀਸਦ 'ਤੇ ਸੀਮਤ ਰੱਖ ਕੇ ਵਿੱਤੀ ਅਨੁਸ਼ਾਸਨ ਬਣਾਈ ਰੱਖਣ ਦੇ ਨਾਲ-ਨਾਲ ਅਗਲੇ ਪੰਜ ਸਾਲਾਂ ਵਿਚ ਦੇਸ਼ 'ਤੇ ਕਰਜ਼ੇ ਦੇ ਬੋਝ ਨੂੰ ਘਟਾਉਣ ਦਾ ਵੀ ਰੋਡਮੈਪ ਦਿੱਤਾ ਹੈ।

ਇਕ ਫਰਵਰੀ, 2026 ਨੂੰ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਆਮ ਬਜਟ ਐਤਵਾਰ ਨੂੰ ਪੇਸ਼ ਕੀਤਾ ਗਿਆ। ਲਗਾਤਾਰ ਆਪਣਾ ਨੌਂਵਾਂ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸ਼ੁਰੂਆਤ ਵਿਚ ਹੀ ਕਿਹਾ ਕਿ, "ਸਾਡੀ ਸਰਕਾਰ ਦਾ ਅਹਿਦ ਗ਼ਰੀਬ, ਸ਼ੋਸ਼ਣ ਪੀੜਤ ਅਤੇ ਵਾਂਝੇ ਵਰਗਾਂ 'ਤੇ ਧਿਆਨ ਦੇਣਾ ਹੈ ਕਿਉਂਕਿ ਇਹ 'ਕਰਤਵਿਆ ਭਵਨ' (ਨਵੀਂ ਦਿੱਲੀ ਵਿਚ ਵਿੱਤ ਮੰਤਰਾਲੇ ਦਾ ਨਵਾਂ ਦਫ਼ਤਰ, ਪਹਿਲਾ ਨਾਰਥ ਬਲਾਕ) ਵਿਚ ਤਿਆਰ ਹੋਣ ਵਾਲਾ ਪਹਿਲਾ ਬਜਟ ਹੈ, ਵਿੱਤ ਮੰਤਰੀ ਨੇ ਬਜਟ ਦੇ ਤਿੰਨ ਫ਼ਰਜ਼ ਵੀ ਗਿਣਾਏ। ਪਹਿਲਾ ਫ਼ਰਜ਼, ਉਤਪਾਦਕਤਾ ਅਤੇ ਮੁਕਾਬਲੇ ਨੂੰ ਵਧਾਉਂਦੇ ਹੋਏ ਵਿਕਾਸ ਨੂੰ ਤੇਜ਼ ਅਤੇ ਲਗਾਤਾਰ ਬਣਾਈ ਰੱਖਣਾ। ਦੂਜਾ, ਲੋਕਾਂ ਦੀ ਖ਼ਾਹਿਸ਼ਾਂ ਨੂੰ ਪੂਰਾ ਕਰਨਾ ਅਤੇ ਉਨ੍ਹਾਂ ਦੀ ਸਮਰੱਥਾ ਬਣਾਉਣਾ ਹੈ। ਤੀਜਾ ਫ਼ਰਜ਼, ਸਰਕਾਰ ਨਾਲ ਸਭ ਦਾ ਵਿਕਾਸ ਮੁਤਾਬਕ ਇਹ ਯਕੀਨੀ ਕਰਨਾ ਹੈ ਕਿ ਹਰ ਪਰਿਵਾਰ, ਗਰੁੱਪ, ਸੂਬੇ ਤੇ ਖਿੱਤੇ ਦੇ ਪਹੁੰਚ ਸਰੋਤਾਂ, ਸਹੂਲਤਾਂ ਅਤੇ ਮੌਕਿਆਂ ਤੱਕ ਹੋਵੇ। ਵਿੱਤ ਮੰਤਰੀ ਨੇ ਇਨ੍ਹਾਂ ਤਿੰਨ ਫ਼ਰਜ਼ਾਂ ਦੇ ਅਧਾਰ 'ਤੇ ਪੂਰੇ ਬਜਟ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਕਿਹਾ, "ਅਸੀਂ ਵਿਕਸਤ ਭਾਰਤ ਦੀ ਦਿਸ਼ਾ ਵਿਚ ਆਤਮ ਵਿਸ਼ਵਾਸ ਨਾਲ ਕਦਮ ਵਧਾਉਂਦੇ ਰਹਾਂਗੇ,ਜਿਸ ਵਿਚ ਲੋਕਾਂ ਦੀਆਂ ਖ਼ਾਹਿਸ਼ਾਂ ਦੇ ਨਾਲ- ਨਾਲ ਸਾਰੇ ਨੂੰ ਸਾਥ ਲੈ ਕੇ ਅੱਗੇ ਵਧਣ ਦਰਮਿਆਨ ਸੰਤੁਲਨ ਬਣਾ ਕੇ ਰੱਖਿਆ ਜਾਵੇਗਾ।" ਇਸ ਬਜਟ ਦਾ ਕੁੱਲ ਆਕਾਰ ਅੰਦਾਜ਼ਨ 53.5 ਲੱਖ ਕਰੋੜ ਰੁਪਏ ਹੈ, ਜਿਸ ਵਿਚ ਗੈਰ-ਕਰਜ਼ਾ ਪ੍ਰਾਪਤੀਆਂ ਦਾ ਹਿੱਸਾ 36.5 ਲੱਖ ਕਰੋੜ ਤੇ ਕੁੱਲ ਖ਼ਰਚਾ 53.5 ਲੱਖ ਕਰੋੜ ਰੁਪਏ ਰੱਖਿਆ ਗਿਆ ਹੈ। ਕੇਂਦਰ ਸਰਕਾਰ ਦੀਆਂ ਸ਼ੁੱਧ ਟੈਕਸ ਪ੍ਰਾਪਤੀਆਂ 28.7 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

ਅਕਾਲੀ ਦਲ ਨੇ ਮਜੀਠੀਆ ਦੀ ਜ਼ਮਾਨਤ ਨੂੰ ਸੱਚਾਈ ਦੀ ਜਿੱਤ ਦੱਸਿਆ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਵੱਲੋਂ ਡੀ ਏ ਕੇਸ ਵਿਚ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਦੇਣ ਦਾ ਸਵਾਗਤ ਕਰਦਿਆਂ ਕਿਹਾ ਕਿ ਸੱਚਾਈ ਦੀ ਜਿੱਤ ਹੋਈ ਹੈ ਅਤੇ ਆਮ ਆਦਮੀ ਪਾਰਟੀ (ਆਪ) ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲੀ ਆਗੂ ਦੇ ਖਿਲਾਫ ਵਿੱਢੀ ਸਿਆਸੀ ਬਦਲਾਖੋਰੀ ਬੇਨਕਾਬ ਹੋ ਗਈ ਹੈ।ਸੀਨੀਅਰ ਆਗੂਆਂ ਡਾ. ਦਲਜੀਤ ਸਿੰਘ ਚੀਮਾ ਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਆਪ ਸਰਕਾਰ ਨੇ ਸਰਦਾਰ ਮਜੀਠੀਆ ਨੂੰ ਇਕ ਝੂਠੇ ਕੇਸ ਵਿਚ ਜੇਲ੍ਹ ਵਿਚ ਬੰਦ ਰੱਖਣ ਵਾਸਤੇ ਪੂਰੀ ਵਾਹ ਲਗਾਈ ਪਰ ਸਰਵਉਚ ਅਦਾਲਤ ਵਿਚ ਸਰਕਾਰ ਆਪਣੇ ਝੂਠ ਦੀ ਪੈਰਵੀ ਨਹੀਂ ਕਰ ਸਕੀ।

ਅਕਾਲੀ ਆਗੂਆਂ ਨੇ ਕਿਹਾ ਕਿ ਇਹ ਹੁਣ ਸਪਸ਼ਟ ਹੋ ਗਿਆ ਹੈ ਕਿ ਆਪ ਸਰਕਾਰ ਅਕਾਲੀ ਆਗੂ ਖਿਲਾਫ ਦਰਜ ਕੀਤੇ ਝੂਠੇ ਨਸ਼ਿਆਂ ਦੇ ਕੇਸ ਵਿਚ 'ਚਲਾਨ' ਪੇਸ਼ ਕਰਨ ਵਿਚ ਅਸਫਲ ਰਹੀ ਅਤੇ ਜਦੋਂ ਸੁਪਰੀਮ ਕੋਰਟ ਨੇ ਸਰਦਾਰ ਮਜੀਠੀਆ ਨੂੰ ਜ਼ਮਾਨਤ ਦੇਣ ਖਿਲਾਫ ਦਾਇਰ ਵਿਸ਼ੇਸ਼ ਲੀਵ ਪਟੀਸ਼ਨ ਰੱਦ ਕਰ ਦਿੱਤੀ ਤਾਂ ਸਰਕਾਰ ਨੇ ਅਕਾਲੀ ਆਗੂ ਨੂੰ ਆਮਦਨ ਨਾਲੋਂ ਵੱਧ ਜਾਇਦਾਦ (ਡੀ ਏ) ਦੇ ਝੂਠੇ ਕੇਸ ਵਿਚ ਫਸਾਉਣ ਦਾ ਫੈਸਲਾ ਕੀਤਾ।

ਉਹਨਾਂ ਕਿਹਾ ਕਿ ਇਸ ਕੇਸ ਦਾ ਵੀ ਉਹੋ ਨਤੀਜਾ ਹੋਵੇਗਾ ਜਿਹੜਾ ਪਹਿਲਾਂ ਸਰਦਾਰ ਮਜੀਠੀਆ ਖਿਲਾਫ ਦਰਜ ਝੂਠੇ ਨਸ਼ਿਆਂ ਦੇ ਕੇਸ ਦਾ ਹੋਇਆ ਹੈ।ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਆਪ ਸਰਕਾਰ ਨੇ ਸਰਦਾਰ ਮਜੀਠੀਆ ਦੀ ਆਵਾਜ਼ ਬੰਦ ਕਰਵਾਉਣ ਵਾਸਤੇ ਉਹਨਾਂ ਖਿਲਾਫ ਝੂਠਾ ਕੇਸ ਦਰਜ ਕੀਤਾ ਕਿਉਂਕਿ ਸਰਦਾਰ ਮਜੀਠੀਆ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਨਿਖੇਧੀ ਕਰਦੇ ਰਹਿੰਦੇ ਸਨ ਅਤੇ ਲੋਕਾਂ ਦੇ ਹੱਕਾਂ ਦੀ ਗੱਲ ਕਰਦੇ ਸਨ।

ਉਹਨਾਂ ਕਿਹਾ ਕਿ ਅਜਿਹਾ ਕਰਦਿਆਂ ਸਰਕਾਰ ਨੇ ਸਰਦਾਰ ਮਜੀਠੀਆ ਦੇ ਮਨੁੱਖੀ ਅਧਿਕਾਰਾਂ ਦੀ ਵੀ ਉਲੰਘਣਾ ਕੀਤੀ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਪੁਲਿਸ ਅਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਵਿਰੋਧੀ ਨੂੰ ਝੂਠੇ ਸਿਆਸੀ ਤੌਰ 'ਤੇ ਪ੍ਰੇਰਿਤ ਕੇਸਾਂ ਵਿਚ ਫਸਾਉਣ ਦਾ ਪੰਜਾਬੀ ਆਪ ਸਰਕਾਰ ਨੂੰ ਠੋਕਵਾਂ ਜਵਾਬ ਦੇਣਗੇ।

ਪੰਜਾਬ ਟੈਕਸੀ ਓਪਰੇਟਰ ਯੂਨੀਅਨ ਫ਼ਰੀਦਕੋਟ ਵਲੋਂ ਟ੍ਰੈਫਿਕ ਨਿਯਮ ਸੈਮੀਨਾਰ

ਫ਼ਰੀਦਕੋਟ: ਪੰਜਾਬ ਟੈਕਸੀ ਓਪਰੇਟਰ ਯੂਨੀਅਨ (ਰਜਿ 31) ਫ਼ਰੀਦਕੋਟ ਵੱਲੋ ਗਿਆਨ ਹੋਡਾ ਏਜੰਸੀ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਡੀ.ਜੀ.ਪੀ ਪੰਜਾਬ ਦੀ ਹਦਾਇਤ ਤੇ ਐਸ.ਐਸ. ਪੀ ਪ੍ਰਗਿਆ ਜੈਨ ਆਈ.ਪੀ.ਐਸ ਜੀ ਹੁਕਮਾਂ ਨੂੰ ਧਿਆਨ ਵਿਚ ਰੱਖਦੇ ਹੋਏ "ਰਾਸ਼ਟਰੀ ਸੜਕ ਸੁਰੱਖਿਆ ਜਾਗਰੂਕਤਾ ਮਹੀਨਾ" ਸੈਮੀਨਾਰ ਕਰਵਾਇਆ ਗਿਆਂ। ਜਿਸ ਵਿੱਚ ਡਰਾਈਵਰ ਵੀਰਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਅਤੇ ਸੜਕ ਸੁਰੱਖਿਆ ਕਾਨੂੰਨ ਨੂੰ ਅਪਣਾਉਣ ਬਾਰੇ ਗੱਲਬਾਤ ਕੀਤੀ ਗਈ ਅਤੇ ਟੂ ਵਹੀਕਲ ਵਾਲਿਆਂ ਨੂੰ, ਓਨਾਂ ਦੀ ਸੇਫਟੀ ਲਈ ਹੈਲਮਟ ਵੰਡੇ ਗਏ। ਸੜਕ ਸੁਰੱਖਿਆ ਕਾਨੂੰਨ ਬਾਰੇ ਸੰਪੂਰਨ ਜਾਣਕਾਰੀ ਟ੍ਰੈਫਿਕ ਇੰਚਾਰਜ ਵਕੀਲ ਸਿੰਘ ਬਰਾੜ ਤੇ ਓਨਾਂ ਦੀ ਟੀਮ ਵੱਲੋ ਦਿੱਤੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਸ.ਗਗਨਦੀਪ ਸਿੰਘ ਪੀ.ਸੀ.ਐਸ ਰਿਜਨਲ ਟਰਾਂਸਪੋਰਟ ਅਫਸਰ ਫ਼ਰੀਦਕੋਟ ਤੇ ਨਾਲ ਗੁਰਪਾਲ ਸਿੰਘ ਬਰਾੜ ਸਹਾਇਕ ਟਰਾਂਸਪੋਰਟ ਅਫਸਰ ਫ਼ਰੀਦਕੋਟ। ਇਹ ਜਾਣਕਾਰੀ ਪ੍ਰੈਸ ਨਾਲ ਯੂਨੀਅਨ ਦੇ ਚੇਅਰਮੈਨ ਜਸਵਿੰਦਰ ਸਿੰਘ ਭੱਟੀ ਨੇ ਸਾਂਝੀ ਕੀਤੀ। ਇਸ ਸਮੇ ਟ੍ਰੈਫਿਕ ਪੁਲਸ ਦੇ ਸਰਬਜੀਤ ਸਿੰਘ ਏ.ਐੱਸ. ਆਈ, ਲਖਬੀਰ ਸਿੰਘ ਏ.ਐਸ.ਆਈ, ਬਲਕਾਰ ਸਿੰਘ ਏ.ਐੱਸ. ਆਈ ਤੇ ਹੈਡ ਕਾਂਸਟੇਬਲ ਅਨੂ ਬਾਲਾ ਅਤੇ ਯੂਨੀਅਨ ਦੇ ਪ੍ਰਧਾਨ ਗੁਰਮੀਤ ਸਿੰਘ ਪੱਕਾ ਜਿਲਾ ਪ੍ਰਧਾਨ, ਸੁਖਦੇਵ ਸਿੰਘ ਵਾਈਸ ਪ੍ਰਧਾਨ, ਅੰਮ੍ਰਿਤ ਪਾਲ ਬਲਾਕ ਪ੍ਰਧਾਨ,ਗੁਰਤੇਜ ਸਿੰਘ ਬਲਾਕ ਪ੍ਰਧਾਨ ਅਤੇ ਪੰਜਾਬ ਟੈਕਸੀ ਉਪਰੇਟਰ ਯੂਨੀਅਨ ਦੀ ਸਮੁੱਚੀ ਟੀਮ ਮੌਕੇ ਤੇ ਮੌਜੂਦ ਸਨ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਤ੍ਰੈ-ਭਾਸ਼ੀ ਕਵੀ ਦਰਬਾਰ

ਪੰਜਾਬੀ, ਹਿੰਦੀ ਤੇ ਉਰਦੂ ਦੇ ਕਵੀਆਂ ਨੇ ਲਗਾਈ ਕਾਵਿ ਛਹਿਬਰ

ਪਟਿਆਲਾ: ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਤ੍ਰੈ-ਭਾਸ਼ੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ, ਹਿੰਦੀ ਤੇ ਉਰਦੂ ਦੇ ਨਾਮਵਰ ਸ਼ਾਇਰਾਂ ਨੇ ਕਾਵਿ ਛਹਿਬਰ ਲਗਾਈ। ਸਵਾਗਤੀ ਭਾਸ਼ਣ 'ਚ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਜਿੰਨਾ ਸਮਾਂ ਇਸ ਧਰਤੀ 'ਤੇ ਕਵਿਤਾ ਰਚੀ ਜਾਵੇਗੀ ਉਨ੍ਹਾਂ ਚਿਰ ਪੰਜਾਬੀ ਭਾਸ਼ਾ ਜਿਉਂਦੀ ਰਹੇਗੀ।

ਮੁਸ਼ਾਇਰੇ ਦੀ ਸਫ਼ਲਤਾ ਲਈ ਜਿੱਥੇ ਉੱਚ ਪੱਧਰੀ ਕਵਿਤਾ ਅਹਿਮੀਅਤ ਰੱਖਦੀ ਹੈ ਉੱਥੇ ਸਰੋਤਿਆਂ ਦੀ ਸੰਜੀਦਗੀ ਵੀ ਓਨੀ ਹੀ ਜ਼ਰੂਰੀ ਹੈ। ਉਨ੍ਹਾਂ ਆਪਣੀਆਂ ਤਿੰਨ ਕਵਿਤਾਵਾਂ 'ਦੂਜਾ ਪਾਸਾ' ਰਾਹੀਂ ਦੂਸਰਿਆਂ ਨੂੰ ਸਮਝਣ, 'ਖ਼ੂਨ ਪਸੀਨਾ ਤੇ ਸਿਆਹੀ' ਜ਼ਰੀਏ ਮਿਹਨਤ ਦੀ ਕਮਾਈ ਦੀ ਅਹਿਮੀਅਤ ਤੇ 'ਰੋਣਾ ਨਹੀਂ' ਰਾਹੀਂ ਪਿਉਂ-ਧੀ ਦੇ ਰਿਸ਼ਤੇ ਦਾ ਖ਼ੂਬਸੂਰਤ ਵਿਖਿਆਨ ਕਰਕੇ ਮੁਸ਼ਾਇਰੇ ਨੂੰ ਸੰਜੀਦਗੀ ਪ੍ਰਦਾਨ ਕੀਤੀ। ਪੰਜਾਬੀ ਵਿਕਾਸ ਵਿਭਾਗ ਦੇ ਮੁਖੀ ਡਾ. ਗੁਰਸੇਵਕ ਲੰਬੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਤੁਰੰਨਮ 'ਚ ਪੇਸ਼ ਕੀਤੀ ਨਜ਼ਮ 'ਸੁਫ਼ਨਾ' ਤੇ ਸਾਹਿਤਕ ਗੀਤ 'ਦਿਲ ਨੂੰ ਤੂੰ ਦਿਲ ਰੱਖੀਂ' ਰਾਹੀਂ ਸਭ ਦਾ ਮਨ ਮੋਹ ਲਿਆ। ਸ਼ਾਇਰ ਹਰਮੀਤ ਵਿਦਿਆਰਥੀ ਨੇ ਆਪਣੇ ਸ਼ਾਇਰਾਨਾ ਤੇ ਮਜ਼ਾਕੀਆ ਅੰਦਾਜ਼ ਰਾਹੀਂ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਅੰਜਾਮ ਦਿੱਤਾ।

ਉਰਦੂ ਦੇ ਸ਼ਾਇਰ ਮੁਸੱਵਰ ਫ਼ਿਰੋਜ਼ਪੁਰੀ ਨੇ 'ਖ਼ੁਦਾ ਦੀ ਇਬਾਦਤ ਕਰਦਿਆਂ 'ਜਾਨੇ ਕਿਆ ਸੁਣਤੇ ਹੋ ਆਪ ਸੰਜੀਦਗੀ ਕੇ ਸਾਥ, ਪੱਥਰ ਕੋ ਖ਼ੁਦਾ ਬਣਾ ਦਿਆ ਬੰਦਗੀ ਕੇ ਸਾਥ' ਸਮੇਤ ਤਿੰਨ ਗਜ਼ਲਾਂ ਰਾਹੀਂ ਮੁਸ਼ਾਇਰੇ ਨੂੰ ਸ਼ਾਨਦਾਰ ਸ਼ੁਰਆਤ ਦਿੱਤੀ। ਜਸਪ੍ਰੀਤ ਫਲਕ ਨੇ ਆਪਣੀਆਂ ਗਜ਼ਲਾਂ 'ਜ਼ਿੰਦਗੀ ਮੁਸਕਰਾ ਰਹੀ ਹੈ..,' ਤੇ 'ਮੈਂ ਵੀ ਧੋਖਾ ਕਰ ਸਕਦੀ ਸੀ' ਰਾਹੀਂ ਮੁਹੱਬਤ ਤੇ ਵਫ਼ਾਦਾਰੀ ਦਾ ਇਜ਼ਹਾਰ ਕੀਤਾ। ਜੋਗਿੰਦਰ ਨੂਰ ਮੀਤ ਨੇ ਆਪਣੀਆਂ ਨਜ਼ਮਾਂ 'ਕਮਾਲ ਹੋਵੇ', 'ਇੱਕ ਹੰਝੂ ਤੋਂ ਭਾਰਾ ਕੁਝ ਨਹੀਂ ਹੁੰਦਾ' ਰਾਹੀਂ ਸਰੋਤਿਆਂ ਨੂੰ ਸੁਪਨਿਆਂ ਦੇ ਸੰਸਾਰ ਵਿੱਚ ਪਹੁੰਚਾ ਦਿੱਤਾ। ਜਗਜੀਤ ਕਾਫ਼ਰ ਨੇ ਆਪਣੀਆਂ ਰਚਨਾਵਾਂ ਰਾਹੀਂ ਧੀਆਂ ਪ੍ਰਤੀ ਸਨੇਹ ਤੇ ਪਾਕ ਮੁਹੱਬਤ ਦੀ ਗੱਲ ਕੀਤੀ। ਜਤਿੰਦਰ ਪਰਵਾਜ਼ ਨੇ ਸਰੋਤਿਆਂ ਦੀ ਨਬਜ਼ ਨੂੰ ਫੜਦਿਆਂ ਨੌਜਵਾਨ ਪੀੜ੍ਹੀ ਦੇ ਮਨਭਾਉਂਦੇ ਸ਼ੇਅਰਾਂ ਰਾਹੀਂ ਵਾਹ-ਵਾਹ ਖੱਟੀ। ਰਮਨ ਸੰਧੂ ਨੇ ਆਪਣੇ ਕਟਾਕਸ਼ ਭਰੇ ਸ਼ੇਅਰਾਂ ਰਾਹੀਂ ਰੰਗ ਬੰਨ੍ਹਿਆ। ਉਰਦੂ ਦੇ ਸ਼ਾਇਰ ਪਰਵਿੰਦਰ ਸ਼ੋਖ ਨੇ ਆਪਣੀਆਂ ਛੋਟੀਆਂ-ਛੋਟੀਆਂ ਨਜ਼ਮਾਂ ਰਾਹੀਂ ਵੱਡੇ ਵਿਅੰਗ ਕਸੇ। ਸ਼ਾਇਰਾ ਦੀਪ ਇੰਦਰ ਨੇ ਆਪਣੀਆਂ ਰਚਨਾਵਾਂ 'ਝਰੀਟ', 'ਮੁਰਗੀ', 'ਕੁੱਤੀ ਤੀਵੀਂ' ਤੇ 'ਡਰ' ਰਾਹੀਂ ਔਰਤਾਂ ਨਾਲ ਹੁੰਦੇ ਵਿਤਕਰੇ ਤੇ ਧੱਕੇਸ਼ਾਹੀਆਂ 'ਤੇ ਗੰਭੀਰ ਵਿਅੰਗ ਕਸੇ। ਪ੍ਰੋ. ਰੂਬੀਨਾ ਸ਼ਬਨਮ ਨੇ ਆਪਣੀਆਂ ਨਜ਼ਮਾਂ ਰਾਹੀਂ ਮਾਂ ਬੋਲੀ ਪ੍ਰਤੀ ਲਗਾਓ ਅਤੇ ਔਰਤਾਂ ਦੇ ਇੱਕ ਜੂਨ 'ਚ ਕਈ ਕਈ ਜੂਨਾਂ ਹੰਢਾਅ ਲੈਣ ਵਾਲੀ ਤਸਵੀਰ ਪੇਸ਼ ਕੀਤੀ। ਉਰਦੂ ਦੇ ਸ਼ਾਇਰ ਅਮਰਜੀਤ ਸ਼ੈਦਾ ਨੇ 'ਸਰ ਦੀ ਦਸਤਾਰ ਕੇ ਤੁਰਰੇ ਕੀ ਖ਼ੁਦਾਰੀ ਦੇਖ, ਨਸਲ ਦਰ ਨਸਲ ਕੱਫਣ ਸਿਰ ਪੇ ਥਾ ਮੌਤ ਸੇ ਕੈਸੇ ਨਿਭਾਈ ਯਾਰੀ ਦੇਖ' ਵਰਗੇ ਸ਼ੇਅਰਾਂ ਨਾਲ ਮੁਸ਼ਾਇਰੇ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਅਮਰਦੀਪ ਅਮਰ ਨੇ ਆਪਣੀ ਗਜ਼ਲਾਂ ਰਾਹੀਂ ਖ਼ੂਬਸੂਰਤੀ ਅਤੇ ਵਫ਼ਾਦਾਰੀ ਦੀ ਬਾਤ ਪਾਈ।

ਗੁਰਤੇਜ ਕੋਹਰਾਵਾਲਾ ਨੇ ਆਪਣੀਆਂ ਗਜ਼ਲਾਂ ਰਾਹੀਂ ਅਜੋਕੇ ਸਮਾਜਿਕ ਤਾਣੇ-ਬਾਣੇ 'ਤੇ ਵਿਅੰਗ ਕਸੇ।

ਸਾਈਬਰ ਠੱਗਾਂ ਖ਼ਿਲਾਫ਼ ਸੀ.ਬੀ.ਆਈ. ਵੱਲੋਂ ਦੇਸ਼ ਪੱਧਰੀ ਛਾਪੇ; ਦੋ ਗ੍ਰਿਫ਼ਤਾਰ

ਨਵੀਂ ਦਿੱਲੀ: ਸੀਬੀਆਈ ਨੇ ਸਾਈਬਰ-ਵਿੱਤੀ ਅਪਰਾਧਾਂ ਖ਼ਿਲਾਫ਼ ਇਕ ਵੱਡੀ ਬਹੁਰਾਸ਼ਟਰੀ ਕਾਰਵਾਈ ਦੇ ਤਹਿਤ 35 ਥਾਵਾਂ 'ਤੇ ਛਾਪੇਮਾਰੀ ਕੀਤੀ ਤੇ ਦੋ ਸਾਈਬਰ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਨਾਲ ਹੀ ਠੱਗੀ 'ਚ ਵਰਤੇ ਜਾਣ ਵਾਲੇ ਕਈ ਲੈਪਟਾਪ, ਮੋਬਾਈਲ ਆਦਿ ਵੀ ਬਰਾਮਦ ਕੀਤੇ ਹਨ।

ਆਪ੍ਰੇਸ਼ਨ ਸਾਈਸਟ੍ਰਾਈਕ 30 ਜਨਵਰੀ ਨੂੰ ਅਮਰੀਕਾ ਦੇ ਐੱਫਬੀਆਈ ਤੇ ਬ੍ਰਿਟੇਨ, ਕੁਵੈਤ, ਆਇਰਲੈਂਡ ਤੇ ਸਿੰਗਾਪੁਰ ਦੀਆਂ ਏਜੰਸੀਆਂ ਨਾਲ ਤਾਲਮੇਲ ਕਰ ਕੇ ਸ਼ੁਰੂ ਕੀਤਾ ਗਿਆ ਸੀ। ਸੀਬੀਆਈ ਅਧਿਕਾਰੀਆਂ ਨੇ ਦਿੱਲੀ, ਬਿਹਾਰ, ਮਹਾਰਾਸ਼ਟਰ, ਕਰਨਾਟਕ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਤੇਲੰਗਾਨਾ ਤੇ ਬੰਗਾਲ ਸਮੇਤ 10 ਸੂਬਿਆਂ 'ਚ 35 ਥਾਵਾਂ ਦੀ ਤਲਾਸ਼ੀ ਲਈ। ਇਨ੍ਹਾਂ ਛਾਪਿਆਂ ਨੇ ਭਾਰਤ 'ਚ ਕਈ ਸਾਈਬਰ - ਅਪਰਾਧ ਨੈੱਟਵਰਕਸ ਨੂੰ ਤਬਾਹ ਕੀਤਾ, ਜੋ - ਅਮਰੀਕਾ, ਬ੍ਰਿਟੇਨ, ਕੁਵੈਤ, ਆਇਰਲੈਂਡ, - ਸਿੰਗਾਪੁਰ ਤੇ ਭਾਰਤ 'ਚ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਸਨ।ਇਸ ਮੁਹਿੰਮ ਦੌਰਾਨ ਸੀਬੀਆਈ ਨੇ ਇਕ ਟ੍ਰਾਂਸਨੇਸ਼ਨਲ ਸਾਈਬਰ ਵਿੱਤੀ ਅਪਰਾਧ ਨੈੱਟਵਰਕ ਨੂੰ ਤਬਾਹ ਕੀਤਾ, ਜੋ ਨਵੀਂ ਦਿੱਲੀ ਤੋਂ ਚਲਾਇਆ ਜਾ ਰਿਹਾ ਸੀ ਤੇ ਇਸ ਰਾਹੀਂ ਆਨਲਾਈਨ ਅਮਰੀਕੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਇਲੈਕਟ੍ਰਾਨਿਕ ਯੰਤਰ ਜਿਵੇਂ ਕਿ ਲੈਪਟਾਪ, ਮੋਬਾਈਲ ਤੇ ਕੰਪਿਊਟਰ ਹਾਰਡ ਡਿਸਕ ਆਦਿ ਬਰਾਮਦ ਕੀਤੇ ਗਏ। ਇਨ੍ਹਾਂ 'ਚ ਅਪਰਾਧ ਨਾਲ ਸਬੰਧਤ ਡਿਜੀਟਲ ਸਬੂਤ ਮੌਜੂਦ ਹਨ। ਇਨ੍ਹਾਂ ਰਾਹੀਂ ਹੀ ਆਨਲਾਈਨ ਠੱਗੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ। ਮੁੱਖ ਆਪ੍ਰੇਟਰ ਪੀਟਰ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਤੋਂ ਇਲਾਵਾਂ, ਸੀਬੀਆਈ ਨੇ ਇਕ ਹੋਰ ਟ੍ਰਾਂਸਨੇਸ਼ਨਲ ਸਾਈਬਰ ਵਿੱਤੀ ਅਪਰਾਧ ਨੈੱਟਵਰਕ ਨੂੰ ਵੀ ਤਬਾਹ ਕੀਤਾ, ਜੋ ਈ.ਸਰਵਿਸ. ਐੱਮ.ਓ. ਆਈ-ਕੇ.ਡਬਲਯੂ ਡਾਟ ਕਾਮ' ਡੋਮੇਨ ਨੇਮ ਦੀ ਵਰਤੋਂ ਕਰ ਰਿਹਾ ਸੀ।ਇਹ ਨੈੱਟਵਰਕ ਨਵੀਂ ਦਿੱਲੀ, ਗਾਜ਼ੀਆਬਾਦ ਤੇ ਕਰਨਾਟਕ ਤੋਂ ਚਲਾਇਆ ਜਾ ਰਿਹਾ ਸੀ। ਇਸ ਨੈੱਟਵਰਕ ਰਾਹੀਂ ਕੁਵੈਤੀ ਈ-ਵੀਜ਼ਾ ਦੇਣ ਤੇ ਭਾਰਤੀ ਨਾਗਰਿਕਾਂ ਨੂੰ ਕੁਵੈਤ 'ਚ ਨੌਕਰੀਆਂ ਦੇ ਸਬਜ਼ਬਾਗ ਦਿਖਾਏ। ਤਲਾਸ਼ੀ ਦੌਰਾਨ 60 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਗਈ। ਗਿਰੋਹ ਦੇ ਇਕ ਮੈਂਬਰ ਨੂੰ ਫੜਿਆ ਗਿਆ। ਸੀਬੀਆਈ ਨੇ ਵਿਦੇਸ਼ੀ ਪੀੜਤਾਂ ਨੂੰ ਮਿੱਥਣ ਵਾਲੇ ਹੋਰਨਾਂ ਨੈੱਟਵਰਕਸ ਨੂੰ ਵੀ ਤਬਾਹ ਕੀਤਾ ਤੇ ਮਿਊਲ ਅਕਾਊਂਟਸ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਬੰਦ ਕਰ ਦਿੱਤਾ।

ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਆਰਟੀਫ਼ੀਸ਼ਲ ਇੰਟੈਲੀਜੈਂਸ ਬਾਰੇ ਸੈਮੀਨਾਰ

ਜੰਡਿਆਲਾ: ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਅੱਜ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ(ਡਾ.) ਕਰਮਜੀਤ ਸਿੰਘ ਜੀ ਦੀ ਯੋਗ ਅਗਵਾਈ ਅਧੀਨ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋਫ਼ੈਸਰ (ਡਾ.) ਸਰੋਜ ਅਰੋੜਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੋ ਦਿਨਾ ਸੈਮੀਨਾਰਾਂ ਦੀ ਸ਼ੁਰੂਆਤ ਹੋਈ।

ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਰੂਸਾ) ਦੇ ਵਿੱਤੀ ਅਨੁਦਾਨ ਨਾਲ ਅਤੇ ਗੋਲਡਨ ਜੁਬਲੀ ਸੈਂਟਰ ਫਾਰ ਇੰਟਰਪਿਨਓਰਸ਼ਿਪ ਅਤੇ ਇਨੋਵੇਸ਼ਨ ਦੇ ਸਹਿਯੋਗ ਨਾਲ ਨੇਪਰੇ ਚਾੜ੍ਹੇ ਗਏ ਇਹਨਾਂ ਸੈਮੀਨਾਰਾਂ ਵਿੱਚ ਆਰਟੀਫਿਸ਼ਅਲ ਇੰਟੈਲੀਜੈਂਸ ਅਤੇ ਇੰਟਰਨੈਟ ਆਫ਼ ਥਿੰਗਜ਼, ਡਿਜੀਟਲ ਅਤੇ ਨਵੀਨ-ਸੰਚਾਲਕ ਵਪਾਰਕ ਮਾਹੌਲ ਵਿੱਚ ਭਵਿੱਖ ਲਈ ਤਿਆਰ ਪੇਸ਼ੇਵਰਾਂ ਦੇ ਨਿਰਮਾਣ ਵਿਸ਼ਿਆਂ ਉੱਤੇ ਗੰਭੀਰ ਵਿਚਾਰ ਵਟਾਂਦਰਾ ਹੋਇਆ।

ਸਮਾਨੰਤਰ ਚੱਲੇ ਦੋਹਾਂ ਸੈਮੀਨਾਰਾਂ ਵਿੱਚ ਭਾਰੀ ਗਿਣਤੀ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਬੁੱਧੀਜੀਵੀਆਂ ਅਤੇ ਇਲਾਕੇ ਦੇ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।ਆਰਟੀਫਿਸ਼ਅਲ ਇੰਟੈਲੀਜੈਂਸ ਅਤੇ ਇੰਟਰਨੈਟ ਆਫ਼ ਥਿੰਗਜ਼ ਵਿਸ਼ੇ ਤੇ ਹੋਏ ਸੈਮੀਨਾਰ ਵਿੱਚ ਮੁੱਖ ਵਕਤਾ ਵਜੋਂ ਡਾ.ਪੰਕਜਦੀਪ ਕੌਰ (ਐਸੋਸੀਏਟ ਪ੍ਰੋਫ਼ੈਸਰ ਇੰਜੀਨੀਅਰਿੰਗ ਟੈਕਨਾਲੋਜੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ ਜਲੰਧਰ)ਸ਼ਾਮਿਲ ਹੋਏ ।ਪਹਿਲੇ ਸੈਸ਼ਨ ਦੌਰਾਨ ਉਨ੍ਹਾਂ ਨੇ ਆਰਟੀਫਿਸ਼ਅਲ ਇੰਟੈਲੀਜੈਂਸ ਦੇ ਵਿਕਾਸ ਅਤੇ ਰੋਜ਼ਾਨਾ ਜੀਵਨ ਵਿੱਚ ਇਸ ਦੀ ਵੱਧਦੀ ਭੂਮਿਕਾ ਬਾਰੇ ਵਿਸਥਾਰਪੂਰਕ ਜਾਣਕਾਰੀ ਦਿੱਤੀ। ਦੂਸਰੇ ਸੈਸ਼ਨ ਦੌਰਾਨ ਉਨ੍ਹਾਂ ਨੇ ਇੰਟਰਨੈਟ ਆਫ਼ ਥਿੰਗਜ਼ ਵਿਸ਼ੇ ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਸਾਡੀ ਰੋਜ਼ਾਨਾ ਵਰਤੋਂ ਵਿੱਚ ਜੋ ਯੰਤਰ, ਸੈਂਸਰ ਅਤੇ ਸੋਫਟਵੇਅਰ ਇੰਟਰਨੈਟ ਨੈਟਵਰਕ ਰਾਹੀਂ ਜੁੜੇ ਹੋਏ ਹਨ, ਇਹ ਯੰਤਰ ਇੰਟਰਨੈਟ ਰਾਹੀਂ ਆਪਸ ਵਿੱਚ ਤਾਲਮੇਲ ਕਰਦੇ ਹਨ ਜਿਵੇਂ ਕਿ ਗੂਗਲ ਅਲੈਕਸਾ ਸਮਾਰਟ ਫ਼ੋਨ, ਵਾਚ ਤੇ ਹੋਮ, ਐਪ ਚੈਟ ਜੀ.ਪੀ.ਟੀ., ਜੈਮਅਨੀ ਆਦਿ, ਜਿਨ੍ਹਾਂ ਦੇ ਪ੍ਰਯੋਗ ਨਾਲ ਆਧੁਨਿਕ ਜ਼ਿੰਦਗੀ ਆਰਾਮਦਾਇਕ ਤੇ ਖ਼ੁਸ਼ਹਾਲ ਬਣਾਈ ਜਾ ਸਕਦੀ ਹੈ।ਰੋਜ਼ਾਨਾ ਜੀਵਨ ਵਿੱਚੋਂ ਉਦਾਹਰਨਾਂ ਲੈ ਕੇ ਵਿਦਿਆਰਥੀਆਂ ਨੂੰ ਸਰਲ ਤਰੀਕੇ ਨਾਲ ਇਸ ਵਿਸ਼ੇ ਬਾਰੇ ਸੁਚੇਤ ਕੀਤਾ।

ਪ੍ਰਿੰਸੀਪਲ ਜਸ਼ਨਜੋਤ ਸਿੰਘ ਜੌਹਲ ਡਾ.ਪੰਕਜਦੀਪ ਕੌਰ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ। ਨਾਲ ਖੜ੍ਹੇ ਹਨ ਪ੍ਰੋਫ਼ੈਸਰ ਅਸ਼ੀਸ਼ ਅਰੋੜਾ, ਤਰਸੇਮ ਸਿੰਘ ਅਤੇ ਜਸਵਿੰਦਰ ਸਿੰਘ।

ਦੂਸਰੀ ਵਰਕਸ਼ਾਪ ਦੌਰਾਨ ਸਵੇਰ ਦੇ ਸੈਸ਼ਨ ਦੌਰਾਨ ਡਾ.ਅਸ਼ੀਸ਼ ਅਰੋੜਾ (ਇੰਚਾਰਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ) ਨੇ ਦੱਸਿਆ ਕਿ ਆਧੁਨਿਕ ਯੁੱਗ ਵਿੱਚ ਤੇਜ਼ੀ ਨਾਲ ਬਦਲ ਰਹੀ ਆਰਥਿਕਤਾ ਵਿੱਚ ਨਵੀਨਤਾ ਅਤੇ ਉੱਦਮਤਾ ਦਾ ਅਹਿਮ ਯੋਗਦਾਨ ਹੈ,ਇਸ ਦੌਰ ਵਿੱਚ ਨਵੀਨਤਮ ਟਿਕਾਊ ਵਪਾਰਕ ਵਿਕਾਸ ਵਿੱਚ ਰੁਜ਼ਗਾਰ ਦੇ ਢੰਗ ਤਰੀਕਿਆਂ ਬਾਰੇ ਜਾਣੂ ਕਰਵਾਇਆ। ਸ਼ਾਮ ਦੇ ਸੈਸ਼ਨ ਦੌਰਾਨ ਡਾ.ਜਸਵਿੰਦਰ ਕੌਰ (ਕਾਮਰਸ ਅਤੇ ਮੈਨੇਜਮੈਂਟ ਦੇ ਪੋਸਟ ਗਰੈਜੂਏਟ ਵਿਭਾਗ ਦੇ ਮੁਖੀ ਲਾਇਲਪੁਰ ਖਾਲਸਾ ਕਾਲਜ ਫ਼ਾਰ ਵੂਮੈਨ ਜਲੰਧਰ) ਦੱਸਿਆ ਕਿ ਭਾਰਤ ਦੀ ਅਰਥ-ਵਿਵਸਥਾ ਵਿੱਚ ਸ਼ੇਅਰ ਮਾਰਕੀਟ ਅਤੇ ਨਿਵੇਸ਼ਕਾਂ ਦਾ ਅਹਿਮ ਯੋਗਦਾਨ ਹੁੰਦਾ ਹੈ ਅਤੇ ਵਿਦਿਆਰਥੀਆਂ ਨੂੰ ਢੁੱਕਵੇਂ ਸਮੇਂ ਤੇ ਨਿਵੇਸ਼ ਕਰਨ ਦੀ ਜਾਣਕਾਰੀ ਦਿੱਤੀ, ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਨਿਵੇਸ਼ ਦੇ ਵੱਖ-ਵੱਖ ਢੰਗਾਂ ਤੋਂ ਜਾਣੂ ਕਰਵਾਇਆ।

ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਦੱਸਿਆ ਜਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਵਿੱਚ ਅਕਾਦਮਿਕ ਜਗਿਆਸਾ ਜਗਾਉਣ ਲਈ ਬੇਹੱਦ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹਨਾਂ ਕਿਹਾ ਕਿ ਕਾਲਜ ਵਿੱਚ ਭਵਿੱਖ ਵਿੱਚ ਵੀ ਮਿਆਰੀ ਸੈਮੀਨਾਰਾਂ ਦੀ ਪਰੰਪਰਾ ਜਾਰੀ ਰੱਖੀ ਜਾਵੇਗੀ।

ਉਹਨਾਂ ਦੱਸਿਆ ਕਾਲਜ ਵਿੱਚ ਸੈਮੀਨਾਰਾਂ ਦੀ ਲੜੀ ਸੇਬੀ/ਸੀ ਡੀ ਐਸ ਐਲ ਸਪਾਂਸਰਡ ਸੈਮੀਨਾਰ ਨਾਲ ਸ਼ੁਰੂ ਕੀਤੀ ਗਈ ਸੀ ਜਿਸ ਵਿੱਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਆਏ ਪ੍ਰੋਫ਼ੈਸਰ ਜਸਵਿੰਦਰ ਕੌਰ ਨੇ ਸਾਈਬਰ ਕ੍ਰਾਈਮ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਸੀ। ਜਸ਼ਨਜੋਤ ਸਿੰਘ ਜੌਹਲ ਨੇ ਸੈਮੀਨਾਰਾਂ ਦੀ ਸਫਲਤਾ ਦਾ ਜ਼ਿਕਰ ਕਰਦੇ ਹੋਏ ਇਲਾਕੇ ਦੇ ਸਮੂਹ ਸੀਨੀਅਰ ਸੈਕੈਂਡਰੀ ਸਕੂਲਾਂ ਦੇ ਪ੍ਰਿੰਸੀਪਲ ਅਤੇ ਸਟਾਫ਼, ਸ.ਤਰਸੇਮ ਸਿੰਘ (ਲੋਕ ਭਲਾਈ ਮੰਚ), ਸ.ਜਸਵਿੰਦਰ ਸਿੰਘ ,ਸ.ਕੁਲਵਿੰਦਰ ਅਟਵਾਲ, ਸ੍ਰੀ ਕੁਲਦੀਪ ਅਟਵਾਲ ਅਤੇ ਸ. ਬਲਕਾਰ ਸਿੰਘ , ਸਮੂਹ ਸਟਾਫ਼, ਰਿਸੋਰਸ ਪਰਸਨਜ਼, ਇਲਾਕੇ ਭਰ ਵਿੱਚੋਂ ਆਏ ਬੁੱਧੀਜੀਵੀਆਂ ਅਤੇ ਅਕਾਦਮੀਸ਼ਨਾਂ ਦਾ ਧੰਨਵਾਦ ਕਰਨ ਦੇ ਨਾਲ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਾਹਿਬ ਦੀ ਦੂਰਅੰਦੇਸ਼ੀ ਅਤੇ ਪ੍ਰਬੰਧਨ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਸਭਨਾਂ ਦਾ ਕੋਟਿ ਕੋਟਿ ਧੰਨਵਾਦ ਕੀਤਾ।

ਸਤਨਾਮ ਸਿੰਘ ਮਾਣਕ ਦੀ ਗ਼ਜ਼ਲ 'ਹਨੇਰੇ ਤੋਂ ਬਾਅਦ' ਹੰਸ ਰਾਜ ਹੰਸ ਵਲੋਂ ਲੋਕ ਅਰਪਣ

ਸਰੋਤਿਆਂ ਵਲੋਂ ਅਨਾਦੀ ਮਿਸ਼ਰਾ ਦੀ ਗਾਇਕੀ ਦੀ ਭਰਪੂਰ ਪ੍ਰਸ਼ੰਸਾ

ਜਲੰਧਰ: ਇਥੇ ਪ੍ਰੈੱਸ ਕਲੱਬ ਵਿੱਚ ਹੋਏ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਦੀ ਗ਼ਜ਼ਲ 'ਹਨੇਰੇ ਤੋਂ ਬਾਅਦ' ਉਘੇ ਸੂਫ਼ੀ ਗਾਇਕ ਹੰਸ ਰਾਜ ਹੰਸ, ਅਰੁਣ ਮਿਸ਼ਰਾ, ਆਤਮ ਪ੍ਰਕਾਸ਼ ਸਿੰਘ, ਭੁਪਿੰਦਰ ਮੱਲ੍ਹੀ ਤੇ ਹੋਰ ਸ਼ਖ਼ਸੀਅਤਾਂ ਵਲੋਂ ਰਿਲੀਜ਼ ਕੀਤੀ ਗਈ। ਇਸ ਗ਼ਜ਼ਲ ਨੂੰ ਨੌਜਵਾਨ ਗਾਇਕ ਅਨਾਦੀ ਮਿਸ਼ਰਾ ਵਲੋਂ ਆਵਾਜ਼ ਦਿੱਤੀ ਗਈ ਹੈ।

ਇਸ ਅਵਸਰ 'ਤੇ ਬੋਲਦਿਆਂ ਹੰਸ ਰਾਜ ਹੰਸ ਨੇ ਕਿਹਾ ਕਿ ਸਤਨਾਮ ਸਿੰਘ ਮਾਣਕ ਨਾਲ ਉਨ੍ਹਾਂ ਦੇ ਕਈ ਦਹਾਕਿਆਂ ਤੋਂ ਸੰਬੰਧ ਚੱਲੇ ਆ ਰਹੇ ਹਨ। ਉਨ੍ਹਾਂ ਨੇ ਹਮੇਸ਼ਾ ਲਗਨ ਅਤੇ ਪ੍ਰਤੀਬੱਧਤਾ ਨਾਲ ਪੱਤਰਕਾਰੀ ਕੀਤੀ ਹੈ। ਪਰ ਇਸ ਦੇ ਨਾਲ-ਨਾਲ ਉਨ੍ਹਾਂ ਦੀ ਸਾਹਿਤ ਅਤੇ ਸੰਗੀਤ ਵਿਚ ਨਿਰੰਤਰ ਦਿਲਚਸਪੀ ਬਣੀ ਰਹੀ ਹੈ। ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਹੈ ਕਿ ਉਨ੍ਹਾਂ ਨੇ ਹੁਣ ਕਾਵਿ ਸਿਰਜਣਾ ਵੀ ਸ਼ੁਰੂ ਕੀਤੀ ਹੈ, ਜਿਸ ਦੇ ਕਈ ਰੂਪ ਅੱਜ ਇਥੇ ਉਨ੍ਹਾਂ ਵਲੋਂ ਲਿਖੇ ਗਏ ਗੀਤਾਂ ਰਾਹੀਂ ਦੇਖੇ ਹਨ। ਉਨ੍ਹਾਂ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਵੀ ਵੱਡੀ ਸੰਤੁਸ਼ਟੀ ਹੈ ਕਿ ਸ਼ਾਸ਼ਤਰੀ ਸੰਗੀਤ ਨਾਲ ਜੁੜੇ ਮਿਸ਼ਰਾ ਪਰਿਵਾਰ ਦੇ ਨੌਜਵਾਨ ਗਾਇਕ ਅਨਾਦੀ ਮਿਸ਼ਰਾ ਨੇ ਸਤਨਾਮ ਸਿੰਘ ਮਾਣਕ ਵਲੋਂ ਲਿਖੀ ਗ਼ਜ਼ਲ ਨੂੰ ਆਪਣੀ ਆਵਾਜ਼ ਵਿਚ ਪੇਸ਼ ਕੀਤਾ ਹੈ। ਮੈਨੂੰ ਪੂਰੀ ਆਸ ਹੈ ਕਿ

ਇਹ ਗ਼ਜ਼ਲ ਵੱਡੀ ਗਿਣਤੀ ਵਿਚ ਲੋਕਾਂ ਤੱਕ ਪਹੁੰਚੇਗੀ ਅਤੇ ਅਨਾਦੀ ਮਿਸ਼ਰਾ ਵੀ ਆਪਣੀ ਗਾਇਕੀ ਰਾਹੀਂ ਜ਼ਿੰਦਗੀ ਵਿਚ ਲੰਮਾ ਸਫ਼ਰ ਤੈਅ ਕਰੇਗਾ। ਇਸ ਅਵਸਰ 'ਤੇ ਪੱਤਰਕਾਰਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਮੇਰੀ ਸਮਝ ਮੁਤਾਬਿਕ ਸਾਹਿਤ ਮਨੁੱਖ ਦੇ ਅੰਦਰ ਅਤੇ ਆਲੇ-ਦੁਆਲੇ ਵਾਪਰਦੇ ਘਟਨਾਕ੍ਰਮਾਂ ਦਾ ਪ੍ਰਤੀਕਰਮ ਹੁੰਦਾ ਹੈ, ਜੋ ਕਵਿਤਾ, ਕਹਾਣੀ, ਨਾਵਲ, ਨਾਟਕ ਅਤੇ ਵਾਰਤਿਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਪਿਛਲੇ ਸਮੇਂ ਵਿਚ ਮਹਿਸੂਸ ਕਰਦਾ ਰਿਹਾ ਹਾਂ ਕਿ ਕਵਿਤਾ ਰਾਹੀਂ ਤੁਸੀਂ ਆਪਣੀ ਗੱਲ ਥੋੜ੍ਹੇ ਸ਼ਬਦਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾ ਸਕਦੇ ਹੋ। ਇਸੇ ਲਈ ਮੈਂ ਕਾਵਿ ਸਿਰਜਣਾ ਵੱਲ ਥੋੜ੍ਹਾ ਧਿਆਨ ਕੇਂਦਰਿਤ ਕੀਤਾ ਹੈ। ਅਨਾਦੀ ਮਿਸ਼ਰਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਤਨਾਮ ਸਿੰਘ ਮਾਣਕ ਵਲੋਂ ਲਿਖੀ ਇਹ ਗ਼ਜ਼ਲ ਮੈਨੂੰ ਨੂੰ ਬਹੁਤ ਪਸੰਦ ਆਈ ਸੀ, ਜਦੋਂ ਉਨ੍ਹਾਂ ਨੇ ਮੈਨੂੰ ਗਾਉਣ ਲਈ ਭੇਜੀ ਸੀ, ਉਸੇ ਸਮੇਂ ਮੈਂ ਹਾਂ ਕਰ ਦਿੱਤੀ ਸੀ ਤੇ ਅੱਜ ਇਹ ਸਰੋਤਿਆਂ ਦੇ ਰੂ-ਬਰੂ ਪੇਸ਼ ਕਰਕੇ ਮੈਨੂੰ ਬੇਹੱਦ ਖ਼ੁਸ਼ੀ ਹੋਈ ਹੈ। ਅਨਾਦੀ ਮਿਸ਼ਰਾ ਦੇ ਪਿਤਾ ਜੀ ਡਾ. ਅਰੁਣ ਮਿਸ਼ਰਾ ਨੇ ਕਿਹਾ ਕਿ ਮੈਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਮੇਰਾ ਸਪੁੱਤਰ ਆਪਣੇ ਪਰਿਵਾਰ ਦੀ ਸੰਗੀਤਕ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ ਅਤੇ ਹੰਸ ਰਾਜ ਹੰਸ ਅਤੇ ਸਤਨਾਮ ਸਿੰਘ ਮਾਣਕ ਵਰਗੇ ਲੋਕਾਂ ਦੀ ਸੰਗਤ ਨਾਲ ਉਸ ਦੀ ਕਲਾ ਵਿਚ ਹੋਰ ਵੀ ਨਿਖਾਰ ਆ ਰਿਹਾ ਹੈ। ਮੈਨੂੰ ਅਨਾਦੀ ਮਿਸ਼ਰਾ 'ਤੇ ਪੂਰਾ-ਪੂਰਾ ਮਾਣ ਹੈ। ਇਥੇ ਵਰਨਣਯੋਗ ਹੈ ਕਿ ਸਤਨਾਮ ਸਿੰਘ ਮਾਣਕ ਨੇ ਕੋਰੋਨਾ ਕਾਲ ਵਿਚ ਕਾਵਿ ਸਿਰਜਣਾ ਸ਼ੁਰੂ ਕੀਤੀ ਸੀ। ਉਨ੍ਹਾਂ ਦੇ 'ਆ ਦਿਲਾ', 'ਦਰਦ ਦਾ ਦਰਿਆ', 'ਸ਼ੇਰ ਪੰਜਾਬ ਦੇ', 'ਜ਼ਿੰਦਾਬਾਦ' ਤੇ 'ਕੰਢੇ ਸੰਤਾਲੀ ਵਾਲੇ' ਆਦਿ ਗੀਤ ਵਿਸ਼ੇਸ਼ ਤੌਰ 'ਤੇ ਚਰਚਿਤ ਹੋਏ ਸਨ।

ਇਹ ਗ਼ਜ਼ਲ ਰਿਲੀਜ਼ ਕਰਨ ਸਮੇਂ ਰਾਕੇਸ਼ ਸ਼ਾਂਤੀਦੂਤ, ਸਵਰਨ ਸਿੰਘ ਟਹਿਣਾ, ਡੀ.ਆਰ. ਬੰਦਨਾ, ਬਲਜੀਤ ਬੱਲ, ਸੁਰਿੰਦਰਪਾਲ ਸਿੰਘ, ਸ਼ਿਵ ਸ਼ਰਮਾ, ਮਨਦੀਪ ਸ਼ਰਮਾ, ਜਤਿੰਦਰ ਪੰਮੀ, ਪ੍ਰੋ. ਕੁਲਜੀਤ ਕੌਰ, ਜਸਪਾਲ ਸਿੰਘ, ਹਰੀਸ਼ ਕੁਮਾਰ, ਆਰਟਿਸਟ ਇੰਦਰਜੀਤ ਸਿੰਘ, ਰਾਜੇਸ਼ ਥਾਪਾ, ਤਜਿੰਦਰ ਕੌਰ ਥਿੰਦ, ਸ਼ੀਤਲ ਠਾਕੁਰ, ਕੋਮਲ ਸ਼ਰਮਾ ਅਤੇ ਐਚ.ਐਮ.ਵੀ. ਦੀਆਂ ਵਿਦਿਆਰਥਣਾਂ ਮੌਜੂਦ ਸਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵੀ ਬਣੇਗੀ ਖੋਜ ਦੀ ਭਾਸ਼ਾ

ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉੱਚ ਸਿੱਖਿਆ ਦੇ ਖੇਤਰ ਵਿੱਚ ਇਕ ਇਤਿਹਾਸਕ ਕਦਮ ਚੁੱਕਦਿਆਂ ਪੰਜਾਬੀ-ਪਹਿਲ ਸਿੱਖਿਆ, ਖੋਜ ਅਤੇ ਪ੍ਰਸ਼ਾਸਨ ਨੀਤੀ 2026 ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਹੁਣ ਯੂਨੀਵਰਸਿਟੀ ਵਿੱਚ ਪੀਐਚ.ਡੀ. ਥੀਸਿਸ, ਖੋਜ ਨਿਬੰਧ, ਪ੍ਰੋਜੈਕਟ ਰਿਪੋਰਟਾਂ ਅਤੇ ਫੰਡ ਪ੍ਰਾਪਤ ਖੋਜ ਕਾਰਜ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ (ਗੁਰਮੁਖੀ) ਵਿੱਚ ਵੀ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

ਯੂਨੀਵਰਸਿਟੀ ਪ੍ਰਸ਼ਾਸਨ ਨੇ ਦੱਸਿਆ ਕਿ ਇਸ ਪਹਿਲ ਦਾ ਮੁੱਖ ਉਦੇਸ਼ ਪੰਜਾਬ ਵਿੱਚ ਤਿਆਰ ਹੋਣ ਵਾਲੇ ਗਿਆਨ ਨੂੰ ਸਿਰਫ਼ ਵਿਸ਼ਵ ਪੱਧਰੀ ਅਕਾਦਮਿਕ ਵਰਗ ਤੱਕ ਸੀਮਤ ਨਾ ਰੱਖ ਕੇ, ਉਸਨੂੰ ਆਮ ਪੰਜਾਬੀ ਭਾਸ਼ੀ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ, ਨੀਤੀ-ਨਿਰਧਾਰਕਾਂ ਅਤੇ ਸਮਾਜ ਦੇ ਹਰ ਵਰਗ ਲਈ ਪਹੁੰਚਯੋਗ ਬਣਾਉਣਾ ਹੈ। ਪੰਜਾਬੀ ਵਿੱਚ ਪੇਸ਼ ਕੀਤੀ ਜਾਣ ਵਾਲੀ ਖੋਜ ਅਕਾਦਮਿਕ ਤੌਰ 'ਤੇ ਮਿਆਰੀ, ਮੂਲ ਅਤੇ ਸਪਸ਼ਟ ਹੋਵੇਗੀ, ਜਦਕਿ ਮੁਲਾਂਕਣ ਮੁੱਖ ਭਾਸ਼ਾ ਅੰਗਰੇਜ਼ੀ ਦੇ ਅਧਾਰ 'ਤੇ ਕੀਤਾ ਜਾਵੇਗਾ।

ਯੂਨੀਵਰਸਿਟੀ ਅਨੁਸਾਰ ਇਹ ਨੀਤੀ ਖਾਸਕਰ ਪਿੰਡਾਂ, ਸਰਹੱਦੀ ਖੇਤਰਾਂ ਅਤੇ ਪਹਿਲੀ ਪੀੜ੍ਹੀ ਦੇ ਵਿਦਿਆਰਥੀਆਂ ਲਈ ਲਾਭਕਾਰੀ ਸਾਬਤ ਹੋਵੇਗੀ, ਜਿਨ੍ਹਾਂ ਲਈ ਆਪਣੀ ਮਾਤਭਾਸ਼ਾ ਵਿੱਚ ਸੋਚਣਾ ਅਤੇ ਲਿਖਣਾ ਸਹਿਜ ਹੁੰਦਾ ਹੈ। ਇਸ ਨਾਲ ਖੇਤੀਬਾੜੀ, ਸਿਹਤ, ਸਿੱਖਿਆ, ਵਾਤਾਵਰਣ ਅਤੇ ਸਮਾਜ ਨਾਲ ਸੰਬੰਧਿਤ ਖੋਜ ਪੰਜਾਬੀ ਵਿੱਚ ਉਪਲਬਧ ਹੋਵੇਗੀ, ਜਿਸ ਨਾਲ ਨੀਤੀ-ਨਿਰਧਾਰਣ ਅਤੇ ਜਨਤਕ ਸਮਝ ਵਿੱਚ ਸੁਧਾਰ ਆਵੇਗਾ।

ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੰਜਾਬੀ ਅਕਾਦਮਿਕ ਸ਼ਬਦਾਵਲੀ, ਲੇਖਨ, ਅਨੁਵਾਦ ਸਹਾਇਤਾ ਇਕਾਈ ਅਤੇ ਦੋਭਾਸ਼ੀ ਡਿਜ਼ਿਟਲ ਖੋਜ ਭੰਡਾਰ ਵਰਗੀਆਂ ਸੁਵਿਧਾਵਾਂ ਵੀ ਵਿਕਸਿਤ ਕੀਤੀਆਂ ਜਾਣਗੀਆਂ। ਇਹ ਨੀਤੀ ਪੜਾਅਵਾਰ ਤਰੀਕੇ ਨਾਲ ਲਾਗੂ ਕੀਤੀ ਜਾਵੇਗੀ ਅਤੇ ਅਗਲੇ ਅਕਾਦਮਿਕ ਸੈਸ਼ਨ ਤੋਂ ਪ੍ਰਭਾਵੀ ਹੋਵੇਗੀ।

ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਕਿ ਇਹ ਕਦਮ ਰਾਸ਼ਟਰੀ ਸਿੱਖਿਆ ਨੀਤੀ 2020 ਦੀ ਭਾਵਨਾ ਦੇ ਅਨੁਕੂਲ ਹੈ ਅਤੇ ਇਹ ਸਾਬਤ ਕਰਦਾ ਹੈ ਕਿ ਖੇਤਰੀ ਭਾਸ਼ਾਵਾਂ ਵਿਸ਼ਵ ਪੱਧਰੀ ਅਕਾਦਮਿਕ ਉੱਤਮਤਾ ਨਾਲ ਮਿਲ ਕੇ ਅੱਗੇ ਵੱਧ ਸਕਦੀਆਂ ਹਨ।

ਮਾਣਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਜੀ ਦੀ ਯੋਗ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉੱਚ ਸਿੱਖਿਆ ਦੇ ਖੇਤਰ ਵਿੱਚ ਇਕ ਇਤਿਹਾਸਕ ਕਦਮ ਚੁੱਕਦਿਆਂ ਪੰਜਾਬੀ-ਪਹਿਲ ਸਿੱਖਿਆ, ਖੋਜ ਅਤੇ ਪ੍ਰਸ਼ਾਸਨ ਨੀਤੀ 2026 ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਹੁਣ ਯੂਨੀਵਰਸਿਟੀ ਵਿੱਚ ਪੀਐਚ.ਡੀ. ਥੀਸਿਸ, ਖੋਜ ਨਿਬੰਧ, ਪ੍ਰੋਜੈਕਟ ਰਿਪੋਰਟਾਂ ਅਤੇ ਫੰਡ ਪ੍ਰਾਪਤ ਖੋਜ ਕਾਰਜ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ (ਗੁਰਮੁਖੀ) ਵਿੱਚ ਵੀ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

ਯੂਨੀਵਰਸਿਟੀ ਪ੍ਰਸ਼ਾਸਨ ਨੇ ਦੱਸਿਆ ਕਿ ਇਸ ਪਹਿਲ ਦਾ ਮੁੱਖ ਉਦੇਸ਼ ਪੰਜਾਬ ਵਿੱਚ ਤਿਆਰ ਹੋਣ ਵਾਲੇ ਗਿਆਨ ਨੂੰ ਸਿਰਫ਼ ਵਿਸ਼ਵ ਪੱਧਰੀ ਅਕਾਦਮਿਕ ਵਰਗ ਤੱਕ ਸੀਮਤ ਨਾ ਰੱਖ ਕੇ, ਉਸਨੂੰ ਆਮ ਪੰਜਾਬੀ ਭਾਸ਼ੀ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ, ਨੀਤੀ-ਨਿਰਧਾਰਕਾਂ ਅਤੇ ਸਮਾਜ ਦੇ ਹਰ ਵਰਗ ਲਈ ਪਹੁੰਚਯੋਗ ਬਣਾਉਣਾ ਹੈ। ਪੰਜਾਬੀ ਵਿੱਚ ਪੇਸ਼ ਕੀਤੀ ਜਾਣ ਵਾਲੀ ਖੋਜ ਅਕਾਦਮਿਕ ਤੌਰ 'ਤੇ ਮਿਆਰੀ, ਮੂਲ ਅਤੇ ਸਪਸ਼ਟ ਹੋਵੇਗੀ, ਜਦਕਿ ਮੁਲਾਂਕਣ ਮੁੱਖ ਭਾਸ਼ਾ ਅੰਗਰੇਜ਼ੀ ਦੇ ਅਧਾਰ 'ਤੇ ਕੀਤਾ ਜਾਵੇਗਾ।

ਯੂਨੀਵਰਸਿਟੀ ਅਨੁਸਾਰ ਇਹ ਨੀਤੀ ਖਾਸਕਰ ਪਿੰਡਾਂ, ਸਰਹੱਦੀ ਖੇਤਰਾਂ ਅਤੇ ਪਹਿਲੀ ਪੀੜ੍ਹੀ ਦੇ ਵਿਦਿਆਰਥੀਆਂ ਲਈ ਲਾਭਕਾਰੀ ਸਾਬਤ ਹੋਵੇਗੀ, ਜਿਨ੍ਹਾਂ ਲਈ ਆਪਣੀ ਮਾਤਭਾਸ਼ਾ ਵਿੱਚ ਸੋਚਣਾ ਅਤੇ ਲਿਖਣਾ ਸਹਿਜ ਹੁੰਦਾ ਹੈ। ਇਸ ਨਾਲ ਖੇਤੀਬਾੜੀ, ਸਿਹਤ, ਸਿੱਖਿਆ, ਵਾਤਾਵਰਣ ਅਤੇ ਸਮਾਜ ਨਾਲ ਸੰਬੰਧਿਤ ਖੋਜ ਪੰਜਾਬੀ ਵਿੱਚ ਉਪਲਬਧ ਹੋਵੇਗੀ, ਜਿਸ ਨਾਲ ਨੀਤੀ-ਨਿਰਧਾਰਣ ਅਤੇ ਜਨਤਕ ਸਮਝ ਵਿੱਚ ਸੁਧਾਰ ਆਵੇਗਾ।

ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੰਜਾਬੀ ਅਕਾਦਮਿਕ ਸ਼ਬਦਾਵਲੀ, ਲੇਖਨ, ਅਨੁਵਾਦ ਸਹਾਇਤਾ ਇਕਾਈ ਅਤੇ ਦੋਭਾਸ਼ੀ ਡਿਜ਼ਿਟਲ ਖੋਜ ਭੰਡਾਰ ਵਰਗੀਆਂ ਸੁਵਿਧਾਵਾਂ ਵੀ ਵਿਕਸਿਤ ਕੀਤੀਆਂ ਜਾਣਗੀਆਂ। ਇਹ ਨੀਤੀ ਪੜਾਅਵਾਰ ਤਰੀਕੇ ਨਾਲ ਲਾਗੂ ਕੀਤੀ ਜਾਵੇਗੀ ਅਤੇ ਅਗਲੇ ਅਕਾਦਮਿਕ ਸੈਸ਼ਨ ਤੋਂ ਪ੍ਰਭਾਵੀ ਹੋਵੇਗੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਕਿ ਇਹ ਕਦਮ ਰਾਸ਼ਟਰੀ ਸਿੱਖਿਆ ਨੀਤੀ 2020 ਦੀ ਭਾਵਨਾ ਦੇ ਅਨੁਕੂਲ ਹੈ ਅਤੇ ਇਹ ਸਾਬਤ ਕਰਦਾ ਹੈ ਕਿ ਖੇਤਰੀ ਭਾਸ਼ਾਵਾਂ ਵਿਸ਼ਵ ਪੱਧਰੀ ਅਕਾਦਮਿਕ ਉੱਤਮਤਾ ਨਾਲ ਮਿਲ ਕੇ ਅੱਗੇ ਵੱਧ ਸਕਦੀਆਂ ਹਨ।

ਪੰਜਾਬ ਟਾਈਮਜ਼

7 ਫਰਵਰੀ, ਸ਼ਨਿਚਰਵਾਰ

ਵਿਸ਼ਵ ਦੀ ਵਪਾਰਕ ਵਿਉਂਤਬੰਦੀ

ਯੂਕਰੇਨ ਦੀ ਜੰਗ ਤੋਂ ਲੈ ਕੇ ਦੱਖਣੀ ਏਸ਼ੀਆ ਤੱਕ ਦੇ ਦੇਸ਼ਾਂ ਅਤੇ ਚੀਨ ਨਾਲ ਸੰਬੰਧਾਂ ਦੀ ਡਾਵਾਂਡੋਲਤਾ ਵਿਚਕਾਰ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਟੈਰਿਫ਼ ਵਾਰ ਸ਼ੁਰੂ ਕੀਤੇ ਜਾਣ ਵਿਚਾਲੇ ਭਾਰਤ ਤੇ ਯੂਰਪੀਅਨ ਸੰਘ (ਈ.ਯੂ.) ਨੇ ਆਪਣੇ ਰਿਸ਼ਤਿਆਂ ਨੂੰ ਮਜ਼ਬੂਤੀ ਦਿੰਦੇ ਹੋਏ ਇਕ ਇਤਿਹਾਸਕ ਮੁਕਤ ਵਪਾਰ ਸਮਝੌਤੇ (ਐੱਫ.ਟੀ.ਏ.) ਨੂੰ ਜਿਉਂ ਹੀ ਅੰਤਿਮ ਰੂਪ ਦੇ ਦਿੱਤਾ ਹੈ, ਭਾਰਤ ਅਤੇ ਅਮਰੀਕਾ ਦੇ ਸੰਬੰਧਾਂ ਦਾ ਵੀ ਨਵਾਂ ਅਧਿਆਏ ਖੁੱਲ੍ਹਣਾ ਸ਼ੁਰੂ ਹੋ ਗਿਆ। ਕੁਝ ਦਿਨ ਪਹਿਲਾਂ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਹੋਏ ਕਰਾਰਾਂ ਨੂੰ ਦੋਵਾਂ ਧਿਰਾਂ ਨੇ 'ਸਾਰੇ ਸੌਦਿਆਂ ਦੀ ਮਾਂ' ਕਰਾਰ ਦਿੱਤਾ ਸੀ। ਪਿਛਲੇ ਮੰਗਲਵਾਰ ਨੂੰ ਭਾਰਤ-ਈ.ਯੂ. ਸਿਖਰ ਸੰਮੇਲਨ 'ਚ ਪ੍ਰਧਾਨ ਮੰਤਰੀ ਮੋਦੀ ਤੇ ਯੂਰਪੀ ਯੂਨੀਅਨ ਦੇ ਸਿਖਰਲੇ ਆਗੂਆਂ ਉਰਸੁਲਾ ਵੌਨ ਡੇਰ ਲੇਯਨ ਅਤੇ ਅੰਤੋਨੀਓ ਕੌਸਟਾ ਨੇ ਗੁੰਝਲਦਾਰ ਗੱਲਬਾਤ ਮਗਰੋਂ ਸਮਝੌਤੇ ਦਾ ਐਲਾਨ ਕੀਤਾ। ਨਿਰਸੰਦੇਹ ਭਾਰਤ ਤੇ 27 ਮੈਂਬਰਾਂ ਵਾਲੇ ਯੂਰਪੀ ਸੰਘ ਵਿਚਾਲੇ ਹੋਏ ਮੁਕਤ ਵਪਾਰ ਸਮਝੌਤੇ ਦਾ ਮਹੱਤਵ ਜਿੱਥੇ ਭਾਰਤ ਲਈ 'ਆਰਥਿਕ ਸਹਿਯੋਗ ਦਾ ਨਵਾਂ ਯੁੱਗ' ਵਜੋਂ ਹੈ, ਉੱਥੇ ਹੀ ਇਸ ਦੀ ਅਹਿਮੀਅਤ ਇਸ ਲਈ ਵੀ ਹੈ ਕਿਉਂਕਿ ਇਸ ਨੇ ਅਮਰੀਕਾ ਅਤੇ ਚੀਨ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਉਨ੍ਹਾਂ ਦਾ ਬਦਲ ਉਪਲਬਧ ਹੈ। ਭਾਰਤ ਤੇ ਯੂਰਪੀ ਯੂਨੀਅਨ ਵਿਚਾਲੇ ਹੋਏ ਮੁਕਤ ਵਪਾਰ ਸਮਝੌਤੇ ਨੂੰ ਕੇਂਦਰ ਸਰਕਾਰ ਦਾ ਮਾਸਟਰ ਸਟਰੋਕ ਕਿਹਾ ਜਾ ਸਕਦਾ ਹੈ। ਅਠਾਰਾਂ ਸਾਲਾਂ ਦੀ ਉਡੀਕ ਤੋਂ ਪਿੱਛੋਂ ਇਸ ਡੀਲ ਨੂੰ ਹਰੀ ਝੰਡੀ ਮਿਲਣਾ ਆਲਮੀ ਵਿੱਤੀ ਤੇ ਕੂਟਨੀਤਕ ਮੁਹਾਂਦਰੇ 'ਚ ਭਾਰਤ ਦੀ ਵਧਦੀ ਭੂਮਿਕਾ ਨੂੰ ਜ਼ਾਹਰ ਕਰਦਾ ਹੈ। ਇਸ ਦੀ ਪੁਸ਼ਟੀ ਅਮਰੀਕੀ ਨੇਤਾਵਾਂ ਦਾ ਉਹ ਬਿਆਨ ਹੈ ਕਿ ਅਮਰੀਕਾ ਨੂੰ ਸਮਝੌਤਾ ਰਾਸ ਨਹੀਂ ਆ ਰਿਹਾ। ਅਮਰੀਕਾ ਦੇ ਵਪਾਰਕ ਨੁਮਾਇੰਦੇ ਜੈਮੀਸਨ ਗਰੀਰ ਨੇ ਭਾਰਤ ਅਤੇ ਯੂਰਪੀ ਯੂਨੀਅਨ ਵਿਚਾਲੇ ਹੋਏ ਮੁਕਤ ਵਪਾਰ ਸਮਝੌਤੇ ਨੂੰ ਭਾਰਤ ਲਈ ਵੱਡੀ ਜਿੱਤ ਕਰਾਰ ਦਿੱਤਾ।

ਮੋਦੀ ਨੇ ਕਿਹਾ, 'ਇਹ ਸਿਰਫ਼ ਵਪਾਰਕ ਸਮਝੌਤਾ ਨਹੀਂ ਹੈ, ਸਗੋਂ ਸਾਂਝੀ ਖ਼ੁਸ਼ਹਾਲੀ ਦਾ ਨਵਾਂ ਖਾਕਾ ਹੈ।' ਰਾਸ਼ਟਰਪਤੀ ਦਰੌਪਦੀ ਮੁਰਮੂ ਨੇ ਸੰਸਦ ਦੇ ਦੋਵਾਂ ਸਦਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੀ ਆਰਥਿਕ ਨੀਂਹ ਮਜ਼ਬੂਤ ਹੋਈ ਹੈ। ਪਰ ਇਸ ਤੋਂ ਇੱਕ ਦਿਨ ਬਾਅਦ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਫੋਨ 'ਤੇ ਗੱਲਬਾਤ ਹੋਈ। ਇਸ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਸੰਬੰਧਾਂ ਵਿਚ ਵੱਡਾ ਸਕਾਰਾਤਮਕ ਬਦਲਾਅ ਆਇਆ ਹੈ। ਪਹਿਲਾਂ, ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਅਤੇ ਭਾਰਤ ਤੁਰੰਤ ਪ੍ਰਭਾਵ ਨਾਲ ਇਕ ਟ੍ਰੇਡ ਡੀਲ 'ਤੇ ਸਹਿਮਤ ਹੋ ਗਏ ਹਨ ਅਤੇ ਅਮਰੀਕਾ ਭਾਰਤੀ ਉਤਪਾਦਾਂ 'ਤੇ ਲਗਾਏ ਗਏ ਆਪਸੀ ਟੈਰਿਫ ਨੂੰ ਤੁਰੰਤ 25 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵੀ ਐਕਸ 'ਤੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਭਾਰਤ ਵਿਚ ਬਣੇ ਉਤਪਾਦਾਂ 'ਤੇ ਟੈਰਿਫ ਘਟਾ ਕੇ 18 ਫ਼ੀਸਦੀ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਟਰੰਪ ਦਾ 140 ਕਰੋੜ ਭਾਰਤੀਆਂ ਵੱਲੋਂ ਧੰਨਵਾਦ ਕੀਤਾ।

ਅਮਰੀਕਾ ਵੱਲੋਂ ਭਾਰਤੀ ਉਤਪਾਦਾਂ 'ਤੇ ਰੂਸ ਤੋਂ ਤੇਲ ਖ਼ਰੀਦਣ ਕਾਰਨ ਲਗਾਏ ਗਏ 25 ਫ਼ੀਸਦੀ ਵਾਧੂ ਟੈਰਿਫ ਦੀ ਸਥਿਤੀ ਬਾਰੇ ਵ੍ਹਾਈਟ ਹਾਊਸ ਦੇ ਇਕ ਅਧਿਕਾਰੀ ਨੇ ਕਿਹਾ ਕਿ ਰੂਸ ਤੋਂ ਤੇਲ ਖ਼ਰੀਦ ਬੰਦ ਕਰਨ ਦੀ ਭਾਰਤ ਦੀ ਸਹਿਮਤੀ ਨੂੰ ਦੇਖਦਿਆਂ ਅਮਰੀਕਾ ਇਸ ਟੈਰਿਫ ਨੂੰ ਵੀ ਹਟਾ ਰਿਹਾ ਹੈ। ਟਰੰਪ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨੇ ਅਮਰੀਕੀ ਉਤਪਾਦ ਖ਼ਰੀਦਣ ਲਈ ਵਚਨਬੱਧਤਾ ਦਿਖਾਈ ਅਤੇ ਅਮਰੀਕਾ ਤੋਂ ਭਾਰਤ 500 ਅਰਬ ਡਾਲਰ ਮੁੱਲ ਦੇ ਊਰਜਾ, ਤਕਨਾਲੋਜੀ, ਖੇਤੀ, ਕੋਲਾ ਅਤੇ ਹੋਰ ਅਮਰੀਕੀ ਉਤਪਾਦਾਂ ਦੀ ਖ਼ਰੀਦ ਕਰੇਗਾ। ਨਵੇਂ ਸਾਲ ਵਿਚ ਟਰੰਪ ਅਤੇ ਮੋਦੀ ਦੇ ਵਿਚਕਾਰ ਪਹਿਲੀ ਵਾਰ ਟੈਲੀਫੋਨ 'ਤੇ ਗੱਲਬਾਤ ਹੋਈ ਹੈ। ਦੋਹਾਂ ਨੇ ਵਪਾਰ, ਰੂਸ-ਯੂਕਰੇਨ ਜੰਗ, ਊਰਜਾ ਸਹਿਯੋਗ ਵਰਗੇ ਕਈ ਮਹੱਤਵਪੂਰਨ ਮਸਲਿਆਂ 'ਤੇ ਵੀ ਗੱਲ ਕੀਤੀ ਹੈ। ਟਰੰਪ ਨੇ ਪੋਸਟ ਵਿਚ ਲਿਖਿਆ ਕਿ ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਦੇ 'ਸਭ ਤੋਂ ਚੰਗੇ ਦੋਸਤਾਂ' ਵਿੱਚੋਂ ਇਕ ਹਨ ਅਤੇ ਦੋਹਾਂ ਨੇ ਦੋਸਤੀ ਅਤੇ ਆਦਰ ਦੇ ਆਧਾਰ 'ਤੇ ਇਹ ਸਮਝੌਤਾ ਕੀਤਾ ਹੈ।

ਭਾਰਤ ਵਲੋਂ ਯੂਕਰੇਨ, ਰੂਸ, ਚੀਨ, ਯੂਰਪੀਅਨ ਸੰਘ ਨਾਲ ਸੰਬੰਧਾਂ ਦਾ ਤਵਾਜ਼ਨ ਬਣਾਈ ਰੱਖਣਾ ਦੇਸ਼ ਦੇ ਸਰਬਪੱਖੀ ਵਿਕਾਸ ਲਈ ਬੇਹੱਦ ਜ਼ਰੂਰੀ ਹੈ। ਭਾਰਤ ਵਲੋਂ ਯੂਰਪੀਅਨ ਸੰਘ ਨਾਲ ਹੋਏ ਸਮਝੌਤਿਆਂ ਨਾਲ ਲੋਕਾਂ ਦੀ ਆਮਦਨੀ ਵਧਣ ਅਤੇ ਮਹਿੰਗਾਈ ਕੁਝ ਹੇਠਾਂ ਰਹਿਣ ਦਾ ਦਾਅਵਾ ਕੀਤਾ ਗਿਆ ਹੈ। ਅਗਲੇ ਵਿੱਤੀ ਸਾਲ 2026-27 ਵਿਚ ਭਾਰਤੀ ਵਿਕਾਸ ਦਰ ਦੁਨੀਆ 'ਚ ਸਭ ਤੋਂ ਤੇਜ਼ ਬਣੀ ਰਹੇਗੀ। ਵੀਰਵਾਰ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸੰਸਦ ਵਿਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ 'ਚ ਘਰੇਲੂ ਵਿਕਾਸ ਦਰ ਦੀ ਮਜ਼ਬੂਤੀ ਤੇ ਮਹਿੰਗਾਈ ਦਰ ਘੱਟ ਰਹਿਣ ਕਾਰਨ ਅਗਲੇ ਵਿੱਤੀ ਸਾਲ ਵਿਚ ਆਰਥਿਕ ਵਿਕਾਸ ਦਰ 6.8 ਤੋਂ 72 ਫ਼ੀਸਦੀ ਦਰਮਿਆਨ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਚਾਲੂ ਵਿੱਤੀ ਸਾਲ 'ਚ ਬਰਾਮਦ 'ਚ ਤੇਜ਼ੀ ਨਾਲ ਵਿਕਾਸ ਦਰ 7.4% ਤੋਂ ਵੱਧ ਰਹਿਣ ਦਾ ਅਨੁਮਾਨ ਹੈ। ਜਦੋਂ ਕਿ ਅਮਰੀਕਾ ਨਾਲ ਵਪਾਰ ਸਮਝੌਤਾ ਹੋਣ ਨਾਲ ਭਾਰਤੀ ਵਿਕਾਸ ਦਰ ਹੋਰ ਵੀ ਪ੍ਰਭਾਵਿਤ ਹੋ ਸਕਦੀ ਹੈ।

ਦੁਨੀਆ ਦੀਆਂ ਵੱਡੀਆਂ ਅਰਥ-ਵਿਵਸਥਾਵਾਂ 'ਚੋਂ ਇਕ ਭਾਰਤ ਦੀਆਂ ਸਭ ਤੋਂ ਉੱਚੀਆਂ ਟੈਰਿਫ ਦਰਾਂ ਅਤੇ ਗ਼ੈਰ ਟੈਰਿਫ ਅੜਿੱਕੇ ਦੂਰ ਕਰਨ ਵਲ ਪੁੱਟੇ ਗਏ ਅਮਰੀਕਾ ਦੇ ਕਦਮ ਭਾਰਤ ਲਈ ਲਾਹੇਵੰਦ ਸਾਬਤ ਹੋਣਗੇ। ਵਪਾਰ ਵਿਚ ਆਉਣ ਵਾਲੀਆਂ ਰੁਕਾਵਟਾਂ ਘਟਣ ਨਾਲ ਪੰਜਾਬ ਇਕ ਵਿਕਸਿਤ ਰਾਸ਼ਟਰ ਬਣਨ ਦੀ ਰਾਹ ਸੁਖਾਲੀ ਹੋ ਜਾਏਗੀ। ਭਾਰਤੀ ਉੱਦਮੀਆਂ ਨੂੰ ਗੁਣਵੱਤਾ ਤੇ ਉਤਪਾਦਕਤਾ ਦਾ ਪੱਧਰ ਉੱਨਤ ਕਰਦੇ ਹੋਏ ਅਜਿਹੇ ਮੁੱਲਵਾਨ ਵਿਸ਼ਵ ਪੱਧਰੀ ਉਤਪਾਦ ਤਿਆਰ ਕਰਨੇ ਹੋਣਗੇ ਜਿਨ੍ਹਾਂ ਦੀ ਖ਼ਾਸ ਪਛਾਣ ਬਣੇ ਅਤੇ ਉਨ੍ਹਾਂ ਦੀ ਮੰਗ ਵਧੇ। ਰਣਨੀਤਕ ਤੌਰ 'ਤੇ ਇਹ ਸਮਝੌਤੇ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਸਮਝੌਤਿਆਂ ਦੀ ਦੂਰਰਸ ਵਿਓਂਤਬੰਦੀ ਵਿਸ਼ਵ ਦੀ ਨਵੀਂ ਕਤਾਰਬੰਦੀ ਦਾ ਰਾਹ ਖੋਲ੍ਹੇਗੀ।

ਠਾਹ-ਸੋਟਾ

-ਚਾਚਾ ਬੇਲਿਹਾਜ਼

ਇੱਕੋ ਥੈਲੀ ਦੇ ਚੱਟੇ ਵੱਟੇ!

ਵੱਖੋ ਵੱਖ ਹੀ 'ਨਾਮ' ਹਨ ਆਗੂਆਂ ਦੇ, ਚੱਟੇ ਵੱਟੇ ਹਨ ਇੱਕੋ ਜਿਹੇ ਥੈਲੀਆਂ ਦੇ।
'ਬੈਕ ਗਿਅਰ' ਲਾ ਲੈਂਦੇ ਨੇ ਪਲਾਂ ਅੰਦਰ, 'ਯੂ-ਟ੍ਰਨ' ਨਾਂ ਰੱਖੇ ਅਣਗਹਿਲੀਆਂ ਦੇ।
ਵਧ ਗਈ ਤੇਜ ਰਫਤਾਰ ਨਿਘਾਰ ਦੀ ਏ। ਨਹੀਂ ਲੱਭਦੇ ਗੁਣ ਹੁਣ 'ਪਹਿਲੀਆਂ' ਦੇ।
ਕਈ ਕਈ ਵਾਰ ਨਕਾਰੇ ਦੁਰਕਾਰਿਉਂ ਵੀ, 'ਹੀਰੋ' ਬਣ ਬਣ ਕੇ ਦੱਸਦੇ 'ਰੈਲੀਆਂ' ਦੇ।
ਸ਼ਰਧਾਵਾਨ ਬਣ ਜਾਣ ਸਭ 'ਡੇਰਿਆਂ' ਦੇ, ਵਾਅਦੇ 'ਕਿੱਕਰ' ਦੇ ਵੋਟਾਂ ਦੀ 'ਦਾਖ' ਲੈਂਦੇ।
ਮੱਥਾ ਟੇਕਣਾ ਹਰ 'ਜਗ੍ਹਾ' 'ਤੇ ਗੱਲ ਕੀ ਏ, ਇਹ ਤਾਂ 'ਗਧੇ ਨੂੰ ਬਾਪ' ਵੀ ਆਖ ਲੈਂਦੇ!

ਵਿਗਿਆਨਕ ਸੋਚ ਨੂੰ ਪੁੱਠਾ ਗੇੜਾ

ਦੇਸ਼ ਫਿਰਕੂ ਵਰਤਾਰਿਆਂ ਦੀ ਲਪੇਟ ਵਿਚ ਹੈ। ਆਜ਼ਾਦੀ ਦੀ ਪੌਣੀ ਸਦੀ ਅਤੇ ਸਵਾ ਤਿੰਨ ਵਰ੍ਹੇ ਬੀਤਣ ਬਾਅਦ ਵੀ ਆਰਥਿਕ-ਸਮਾਜਿਕ ਪ੍ਰਬੰਧ ਦੀ ਉਪਜ ਵਜੋਂ ਦੇਸ਼ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇਣ ਦੀ ਸਰਦਲ 'ਤੇ ਹੈ। ਅੰਧ-ਵਿਸ਼ਵਾਸੀ ਸੋਚ ਅਤੇ ਮਾਨਸਿਕ ਰੋਗ ਭਾਰਤੀ ਸਮਾਜ ਉੱਤੇ ਹਾਵੀ ਹੋਏ ਦਿਸਦੇ ਹਨ। ਆਮ ਲੋਕ ਧਰਮਾਂ-ਫਿਰਕਿਆਂ ਵਿਚ ਵੰਡੇ ਹੋਏ, ਗੁਰੂ-ਬਾਬਿਆਂ ਦੀ ਸ਼ਰਨ ਵਿਚ ਜਾ ਕੇ ਆਪਣਾ ਆਤਮ-ਵਿਸ਼ਵਾਸ ਤਾਂ ਗੁਆ ਹੀ ਰਹੇ ਹਨ, ਸਗੋਂ ਵੱਡੀ ਆਰਥਿਕ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ।

ਗੁਰਮੀਤ ਸਿੰਘ ਪਲਾਹੀ
ਫੋਨ: 9815802070

ਦੇਸ਼ ਦੀ ਹਾਕਮ ਧਿਰ ਇਸ ਸਮੁੱਚੀ ਸਥਿਤੀ ਵਿਚ, ਲੋਕਾਂ ਵਿਚ ਵਿਗਿਆਨਕ ਸੋਚ ਪੈਦਾ ਕਰਨ ਦੀ ਥਾਂ ਉਨ੍ਹਾਂ ਦੇ ਪੱਲੇ ਗ਼ਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਪਾਈ ਰੱਖਣ ਦਾ ਸ਼ਰਮਨਾਕ ਰੋਲ ਅਦਾ ਕਰਦੀ ਦਿਸਦੀ ਹੈ। ਇੱਕ ਪਾਸੇ ਸਰਕਾਰ ਅਤੇ ਨੀਤੀ-ਘਾੜੇ ਭਾਰਤ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ਼ ਵਧਦੀ ਅਰਥਵਿਵਸਥਾ ਦੱਸਣ ਵਿਚ ਲੱਗੇ ਹਨ, ਦੂਜੇ ਪਾਸੇ ਪੜ੍ਹੇ-ਲਿਖੇ ਯੁਵਕਾਂ ਵਿਚ ਵਧਦੀ ਬੇਰੁਜ਼ਗਾਰੀ, ਅਸਥਿਰ ਰੋਜ਼ਗਾਰ ਅਤੇ ਘੱਟ ਆਮਦਨ ਗਹਿਰੀ ਚਿੰਤਾ ਪੈਦਾ ਕਰ ਰਹੀ ਹੈ।

ਵਿਗਿਆਨਕ ਸੋਚ ਮਨੁੱਖ ਦੇ ਵਿਕਾਸ ਦਾ ਧੁਰਾ ਹੈ, ਪਰ ਜਦੋਂ ਸਰਕਾਰ ਲੋਕਾਂ ਦੇ ਪੱਲੇ ਮੰਦਰਾਂ ਦੇ ਨਿਰਮਾਣ, ਗਊ-ਮੂਤਰ ਵਿਚੋਂ ਇਲਾਜ ਦੇ ਗੁਣ, ਪੁਰਾਤਨ ਸਮਿਆਂ ਵਿਚ ਉਡਣ-ਖਟੋਲੇ ਚੱਲਣ ਦੀਆਂ ਗੱਲਾਂ ਪਾ ਕੇ, ਗੁਰੂ-ਬਾਬਿਆਂ ਦੇ ਦਰਸ਼ਨਾਂ ਨੂੰ ਚਮਕਾ ਕੇ ਆਪਣਾ ਵੋਟ-ਬੈਂਕ ਹਥਿਆਉਂਦੀ ਹੈ, ਤਾਂ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਵੱਜਣਾ ਹੀ ਹੈ।

ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਤਦ ਵੀ ਲੱਗਦਾ ਹੈ ਜਦੋਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਹੈ ਅਤੇ ਸਰਕਾਰ ਸਕੂਲ ਬੰਦ ਕਰਦੀ ਹੈ। ਸਾਲ 2014 ਤੋਂ 2024 ਤੱਕ 89,441 ਸਰਕਾਰੀ ਸਕੂਲ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ। ਮੱਧ ਪ੍ਰਦੇਸ਼ ਵਿਚ 29,410 ਅਤੇ ਉੱਤਰ ਪ੍ਰਦੇਸ਼ ਵਿਚ 25,126 ਸਕੂਲ ਬੰਦ ਹੋਏ-ਉੱਥੇ ਹੀ ਪਿਛਲੇ ਸਾਲਾਂ ਵਿਚ ਫਿਰਕਾਪ੍ਰਸਤੀ ਨੇ ਜ਼ੋਰ ਫੜਿਆ। ਸੈਕੰਡਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ 24.2 ਕਰੋੜ ਤੱਕ ਸਿਮਟ ਗਈ ਹੈ, ਜੋ ਕੁਝ ਵਰ੍ਹੇ ਪਹਿਲਾਂ 26 ਕਰੋੜ ਤੋਂ ਵੱਧ ਸੀ। ਦੇਸ਼ ਦੇ ਮੌਜੂਦਾ ਸਰਕਾਰੀ ਸਕੂਲਾਂ ਦੀ ਸਥਿਤੀ ਇਹ ਹੈ ਕਿ 7 ਲੱਖ ਸਕੂਲਾਂ ਵਿਚ ਇੰਟਰਨੈਟ ਸੁਵਿਧਾਵਾਂ ਨਹੀਂ ਹਨ, 1 ਲੱਖ ਸਕੂਲਾਂ ਵਿਚ ਟਾਇਲਟ ਨਹੀਂ ਹਨ ਅਤੇ 3 ਲੱਖ ਸਕੂਲਾਂ ਵਿਚ ਬਿਜਲੀ ਸੁਵਿਧਾ ਨਹੀਂ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬੱਚਿਆਂ ਦੇ ਪੱਲੇ ਪੜ੍ਹਾਈ ਹੀ ਨਹੀਂ ਹੋਵੇਗੀ, ਤਾਂ ਉਨ੍ਹਾਂ ਦੀ ਵਿਗਿਆਨਕ ਸੋਚ ਕਿਵੇਂ ਨਿਖਰੇਗੀ? ਜੇਕਰ ਹਾਕਮ ਡਾਰਵਿਨ ਦੇ ਸਿਧਾਂਤ ਉੱਤੇ ਸਵਾਲ ਉਠਾਉਣਗੇ, ਤਾਂ ਵਿਗਿਆਨਕ ਸੋਚ ਨੂੰ ਖੋਰਾ ਲੱਗਣਾ ਹੀ ਹੈ। ਸਰਕਾਰਾਂ ਅਤੇ ਸਰਕਾਰਾਂ ਦੇ ਕਾਬਜ਼ ਸਿਆਸਤਦਾਨਾਂ ਦੇ ਕਾਰੇ ਅਤੇ ਕਾਰਨਾਮੇ ਸਾਰਥਕ ਮਨੁੱਖੀ ਸੋਚ ਨੂੰ ਸ਼ਰਮਸਾਰ ਕਰਦੇ ਹਨ।

ਜਦੋਂ ਰਾਜਸਥਾਨ ਦਾ ਸਿੱਖਿਆ ਮੰਤਰੀ 29 ਨਵੰਬਰ ਤੋਂ 6 ਦਸੰਬਰ 2025 ਤੱਕ ਬਾਬਰੀ ਮਸਜਿਦ ਢਾਹੇ ਜਾਣ ਦੀਆਂ ਤਾਰੀਖਾਂ ਨੂੰ 'ਸ਼ੌਰਿਆ ਦਿਵਸ' (ਭਾਵ ਬਹਾਦਰੀ ਦਿਵਸ) ਵਜੋਂ ਮਨਾਉਣ ਦੀ ਗੱਲ ਕਰਦਾ ਹੈ; ਜਦੋਂ 'ਵੰਦੇ ਮਾਤਰਮ' ਗੀਤ ਵਿਚੋਂ ਦੇਵੀ-ਦੇਵਤਿਆਂ ਦੀ ਪੂਜਾ ਸੰਬੰਧੀ ਕੱਢੇ ਗਏ ਪੈਰ੍ਹਿਆਂ ਨੂੰ ਮੁੱਦਾ ਬਣਾ ਕੇ ਹਾਕਮ ਧਿਰ ਵੱਲੋਂ ਸੰਸਦ ਦੀ ਕਾਰਵਾਈ ਦਾ ਇੱਕ ਦਿਨ ਬਰਬਾਦ ਕੀਤਾ ਜਾਂਦਾ ਹੈ; ਜਦੋਂ ਧਾਰਮਿਕ ਕੱਟੜਤਾ ਅਤੇ ਫਿਰਕੂ ਜਨੂੰਨ ਭੜਕਾਉਣ ਵਾਲੀਆਂ ਕਾਰਵਾਈਆਂ ਪ੍ਰਤੀ ਹਾਕਮ ਧਿਰ ਚੁੱਪ ਵੱਟੀ ਰੱਖਦੀ ਹੈ; ਅਤੇ ਜਦੋਂ ਮਸੂਰੀ ਵਿਖੇ ਸੂਫੀ ਸ਼ਾਇਰ ਬੁੱਲ੍ਹੇ ਸ਼ਾਹ ਦੀ ਮਜ਼ਾਰ ਹਿੰਦੂਤਵਵਾਦੀ ਲੋਕਾਂ ਵੱਲੋਂ ਢਾਹ ਦਿੱਤੀ ਜਾਂਦੀ ਹੈ-ਤਾਂ ਇਹ ਸਾਰੇ ਵਰਤਾਰੇ ਵਿਗਿਆਨਕ ਸੋਚ ਦੇ ਵਿਰੁੱਧ ਜਾਂਦੇ ਹਨ।

ਦੇਸ਼ ਵਿਚ ਅਨਪੜ੍ਹਤਾ ਬਣਾਈ ਰੱਖਣ ਅਤੇ ਲੋਕਾਂ ਨੂੰ ਰੋਜ਼ੀ-ਰੋਟੀ ਤੱਕ ਸੀਮਤ ਰੱਖਣ ਪਿੱਛੇ ਹਾਕਮਾਂ ਦੀ ਸੋਚ ਵੀ ਇਹੀ ਦਿਸਦੀ ਹੈ ਕਿ ਲੋਕ ਉਨ੍ਹਾਂ ਦੇ ਪਿਛਲੱਗ ਬਣੇ ਰਹਿਣ। ਵੈਸੇ ਤਾਂ ਪੜ੍ਹੇ-ਲਿਖੇ ਲੋਕ ਵੀ ਅੰਧ ਵਿਸ਼ਵਾਸਾਂ ਵਿਚ ਫਸ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਸਿੱਖਿਆ ਦੌਰਾਨ ਤਰਕ ਅਤੇ ਵਿਗਿਆਨਕ ਦ੍ਰਿਸ਼ਟੀ ਬਾਰੇ ਸਿਖਾਇਆ ਹੀ ਨਹੀਂ ਜਾਂਦਾ। ਨੈਤਿਕ ਸਿੱਖਿਆ ਦਾ ਸਹੀ ਪਾਠ ਪੜ੍ਹਾਉਣ ਦੀ ਥਾਂ ਧਰਮ ਦੇ ਨਾਮ ਹੇਠ ਰੂੜੀਵਾਦੀ ਵਿਚਾਰਾਂ ਅਤੇ ਧਾਰਮਿਕ ਭਾਵਨਾਵਾਂ ਵਧਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਅੱਜ ਜਦੋਂ ਸੰਸਾਰ ਏਕਤਾ ਵੱਲ ਵੱਧ ਰਿਹਾ ਹੈ, ਬਹੁਤੇ ਦੇਸ਼ਾਂ ਦੇ ਲੋਕ ਸੈਕੂਲਰਿਜ਼ਮ ਅਤੇ ਨਾਸਤਿਕ ਵਿਚਾਰਾਂ ਵੱਲ ਅੱਗੇ ਵਧ ਰਹੇ ਹਨ। ਉਨ੍ਹਾਂ ਵਿਚ ਦੇਵੀ-ਦੇਵਤਿਆਂ ਜਾਂ ਰੱਬ ਵਿਚ ਵਿਸ਼ਵਾਸ ਨਾ ਹੋਣ ਦਾ ਰੁਝਾਨ ਵਧ ਰਿਹਾ ਹੈ। ਇਹ ਉਨ੍ਹਾਂ ਦੇਸ਼ਾਂ ਦੀ ਪ੍ਰਫੁੱਲਿਤ ਹੋ ਰਹੀ ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪਹੁੰਚ ਦਾ ਨਤੀਜਾ ਹੈ, ਜਿੱਥੇ ਸਿੱਖਿਆ ਦਾ ਮਿਆਰ ਉੱਚਾ ਹੈ, ਅਜ਼ਾਦ-ਖ਼ਿਆਲੀ ਕਦਰਾਂ-ਕੀਮਤਾਂ ਮਜ਼ਬੂਤ ਹਨ ਅਤੇ ਜਾਣਕਾਰੀ ਤੱਕ ਪਹੁੰਚ ਵਧੀ ਹੈ।

ਪਰ ਜਿੱਥੇ ਡਾਰਵਿਨ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਦੇ ਯਤਨ ਹੁੰਦੇ ਹਨ, ਸਿਆਸਤ ਨੂੰ ਧਰਮ ਨਾਲ਼ ਲਪੇਟ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ, ਉੱਥੇ ਨਾ ਜੀਵਨ-ਹਾਲਤਾਂ ਸੁਧਰਦੀਆਂ ਹਨ ਅਤੇ ਨਾ ਹੀ ਸਿੱਖਿਆ ਦਾ ਮਿਆਰ ਉੱਚਾ ਹੁੰਦਾ ਹੈ। ਸਮਾਜਿਕ ਸੁਰੱਖਿਆ ਊਣੀ ਰਹਿ ਜਾਂਦੀ ਹੈ।

ਵਿਗਿਆਨਕ ਸੋਚ ਦੇ ਫੈਲਾਅ ਤੋਂ ਬਿਨਾ ਧਰਮ ਅਤੇ ਦੈਵੀ ਸ਼ਕਤੀਆਂ ਬਾਰੇ ਫੈਲੀ ਧੁੰਦ ਕਦੇ ਸਾਫ਼ ਨਹੀਂ ਹੋ ਸਕਦੀ। ਕਿਆਸ ਕਰੋ ਉਸ ਸਮੇਂ ਦਾ, ਜਦੋਂ ਮਨੁੱਖਾਂ ਵਿਚ ਧਰਮ ਅਤੇ ਦੈਵੀ ਸ਼ਕਤੀਆਂ ਦਾ ਅਰੰਭ ਵੀ ਨਹੀਂ ਸੀ- ਉਸ ਵੇਲੇ ਜੀਵਨ ਜਿਉਣ ਦਾ ਮਾਰਗ ਸਿੱਧਾ-ਸਾਦਾ ਸੀ, ਨੈਤਿਕ ਕਦਰਾਂ-ਕੀਮਤਾਂ ਮੌਜੂਦ ਸਨ। ਪਰ ਜਿਵੇਂ-ਜਿਵੇਂ ਧਰਮ ਦੀ ਜਕੜ ਵਧੀ, ਸਮਾਜ ਵਿਚ ਇੱਕ ਅਜੀਬ ਕਿਸਮ ਦਾ ਖਲਾਅ ਪੈਦਾ ਹੋਇਆ। ਅੱਜ ਭਾਰਤ ਵਿਚ ਧਰਮ ਦੀ ਜਕੜ ਬਹੁਤ ਤਿੱਖੀ ਅਤੇ ਲਗਾਤਾਰ ਵਧ ਰਹੀ ਹੈ।

ਇੱਕ ਪ੍ਰਾਈਵੇਟ ਸਰਵੇ ਅਨੁਸਾਰ, ਦੇਸ਼ ਵਿਚ 13 ਫ਼ੀਸਦੀ ਲੋਕ ਗ਼ੈਰ-ਧਾਰਮਿਕ ਅਤੇ 3 ਫ਼ੀਸਦੀ ਪੱਕੇ ਨਾਸਤਿਕ ਹਨ, ਪਰ ਅਸਲ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਧਰਮ ਦਰਜ ਕਰਵਾਉਣ ਲਈ ਧਾਰਮਿਕ ਦਬਾਅ ਕਾਫ਼ੀ ਹੈ। ਫਿਰ ਵੀ 80 ਫ਼ੀਸਦੀ ਲੋਕ ਵੱਖ-ਵੱਖ ਧਰਮਾਂ ਦੇ ਪੈਰੋਕਾਰ ਬਣੇ ਦਿਸਦੇ ਹਨ।

ਤਦੇ ਧਾਰਮਿਕ ਸ਼ਰਧਾ ਦੇ ਨਾਮ 'ਤੇ ਵੱਡੇ-ਵੱਡੇ ਬਾਬੇ ਲੋਕਾਂ ਦੇ ਜਜ਼ਬਿਆਂ ਦਾ ਹਨਨ ਕਰ ਰਹੇ ਹਨ ਅਤੇ ਵਿਗਿਆਨਕ ਸੋਚ ਤੇ ਤਰਕ ਨੂੰ ਖੁੰਢਾ ਕਰਕੇ ਸਵਾਰਥੀ ਸਿਆਸਤਦਾਨਾਂ ਦੇ ਸੰਦ ਵਜੋਂ ਕੰਮ ਕਰਦੇ ਦਿਸਦੇ ਹਨ। ਦੇਸ਼ ਵਿਚ 10 ਵੱਡੇ ਪ੍ਰਭਾਵਸ਼ਾਲੀ ਬਾਬਿਆਂ ਦਾ ਜ਼ਿਕਰ ਆਮ ਮਿਲਦਾ ਹੈ ਜਿਹੜੇ ਯੋਗ ਸਾਧਨਾ ਅਤੇ ਧਾਰਮਿਕ ਸ਼ਰਧਾ ਦੇ ਨਾਂ 'ਤੇ ਲੋਕਾਂ ਨੂੰ ਆਪਣੇ ਪਿੱਛੇ ਲਗਾ ਲੈਂਦੇ ਹਨ। ਸਦਗੁਰੂ ਜਗੀ ਵਾਸੂਦੇਵ, ਬਾਬਾ ਰਾਮਦੇਵ, ਸ਼੍ਰੀ ਸ਼੍ਰੀ ਰਵੀ ਸ਼ੰਕਰ, ਮਾਤਾ ਅੰਮਾ, ਮੁਰਾਰੀ ਬਾਪੂ, ਪ੍ਰੇਮਾਨੰਦ ਮਹਾਰਾਜ, ਸਵਾਮੀ ਚੰਦਰਾਨੰਦ ਸਰਸਵਤੀ, ਆਚਾਰਿਆ ਪ੍ਰਸ਼ਾਂਤ ਆਦਿ ਦੇ ਲੱਖਾਂ ਨਹੀਂ, ਕਰੋੜਾਂ ਪੈਰੋਕਾਰ ਹਨ। ਰਾਮ ਰਹੀਮ ਅਤੇ ਸਾਈਂ ਬਾਬਾ ਵਰਗੇ ਬਾਬੇ ਲੋਕਾਂ ਦੇ ਮਨਾਂ, ਧਨ ਅਤੇ ਕਾਰੋਬਾਰਾਂ ਨਾਲ਼ ਖੇਡ ਕੇ ਵੋਟ-ਬੈਂਕ ਸਿਆਸਤਦਾਨਾਂ ਦੇ ਹੱਥ ਫੜਾ ਦਿੰਦੇ ਹਨ। ਇਨ੍ਹਾਂ ਬਾਬਿਆਂ ਅਤੇ ਸਵਾਰਥੀ ਸਿਆਸਤਦਾਨਾਂ ਦਾ ਆਮ ਲੋਕਾਂ ਦੇ ਰੁਜ਼ਗਾਰ, ਸਿੱਖਿਆ ਅਤੇ ਸਿਹਤ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ, ਉਹ ਤਾਂ ਲੋਕਾਂ ਦੀ ਸੋਚ ਨੂੰ ਖੁੰਢਾ ਕਰ ਕੇ, ਉਨ੍ਹਾਂ ਦੀ ਬਿਮਾਰ ਮਾਨਸਿਕਤਾ ਨੂੰ ਹਥਿਆ ਕੇ, ਸਜਗਤਾ, ਸਮਝ ਅਤੇ ਵਿਵੇਕ ਉੱਤੇ ਭਾਰੂ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਕਰਮ ਧਨ ਦੇ ਮਾਲਕ ਬਣ ਬੈਠਦੇ ਹਨ।

ਅੱਜ ਦੇਸ਼ ਦੇ ਸਾਹਮਣੇ ਵੱਡੀਆਂ ਸਮੱਸਿਆਵਾਂ ਹਨ-ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਨਾ ਇਨ੍ਹਾਂ 'ਚੋਂ ਇੱਕ ਹੈ। ਵੱਡੀ ਅਬਾਦੀ ਨੌਜਵਾਨਾਂ ਦੀ ਹੈ, ਬੇਰੁਜ਼ਗਾਰ ਨੌਜਵਾਨਾਂ ਦੀ ਅਥਾਹ ਕੰਮ ਕਰਨ ਦੀ ਸ਼ਕਤੀ ਅਜਾਈਂ ਜਾ ਰਹੀ ਹੈ। ਦੇਸ਼ 'ਚ ਇੰਤਹਾ ਗ਼ਰੀਬੀ ਹੈ। ਅਨਪੜ੍ਹਤਾ ਦੀ ਵੀ ਕੋਈ ਘਾਟ ਨਹੀਂ ਹੈ। ਦੂਸ਼ਿਤ ਵਾਤਾਵਰਨ ਲੋਕਾਂ ਦੀ ਸਿਹਤ ਦਾ ਵੱਡਾ ਦੁਸ਼ਮਣ ਹੈ। ਗੰਦਾ ਪਾਣੀ, ਕੈਂਸਰ ਵਰਗੇ ਰੋਗ ਫੈਲਾ ਰਿਹਾ ਹੈ। ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਲਈ ਜੋ ਕੁਝ ਦੇਸ਼ ਦੇ ਹਾਕਮਾਂ ਵੱਲੋਂ ਕਰਨ ਦੀ ਲੋੜ ਹੈ, ਉਸ ਦੀ ਥਾਂ ਉੱਤੇ 'ਨਾਅਰੇ' ਪਰੋਸੇ ਜਾ ਰਹੇ ਹਨ। ਸਿਹਤ ਸਹੂਲਤਾਂ ਦੇ ਨਾਂ ਉੱਤੇ 'ਆਯੁਸ਼ਮਾਨ ਕਾਰਡ' ਆਮ ਲੋਕਾਂ ਦਾ ਕੁਝ ਨਹੀਂ ਸਵਾਰ ਸਕੇ। ਪੰਜਾਬ ਵਿਚਲੇ 10 ਲੱਖ ਬੀਮਾ ਯੋਜਨਾਵਾਂ ਦੀਆਂ ਪਰਤਾਂ ਖੋਲ੍ਹਦਿਆਂ, ਉਸ ਵਿਚ ਵੀ ਸਿਆਸੀ ਦੰਭ ਭਰਿਆ ਦਿਸਦਾ ਹੈ।

ਇਨ੍ਹਾਂ ਸਿਆਸੀ ਖ਼ੁਦਗਰਜ਼ੀਆਂ ਕਾਰਨ ਆਮ ਲੋਕ ਪਿਸਦੇ ਦਿਖਾਈ ਦਿੰਦੇ ਹਨ ਅਤੇ ਉਨ੍ਹਾਂ ਦਾ ਮੋੜਾ ਉਤਸ਼ਾਹੀ ਜੀਵਨ ਵੱਲੋਂ ਨਿਰਾਸ਼ੇ ਜੀਵਨ ਵੱਲ ਮੁੜਦਾ ਹੈ। ਜਿਹੜਾ ਧਰਮ ਦੀ ਹੋਂਦ ਨੂੰ ਸਵੀਕਾਰਦਿਆਂ ਸ਼ਰਧਾ ਦੀ ਭੇਟ ਚੜ੍ਹਦਾ, ਵਿਗਿਆਨਿਕ ਸੋਚ ਨੂੰ ਤਿਲਾਂਜਲੀ ਦੇ ਬੈਠਦਾ ਹੈ। ਚੇਤਨਾ ਅਤੇ ਆਤਮ ਵਿਸ਼ਵਾਸ ਜਿਹੜਾ ਸਿੱਖਿਆ ਨੇ ਉਸਦੇ ਪੱਲੇ ਪਾਇਆ ਹੁੰਦਾ ਹੈ, ਖੁੰਢਾ ਹੁੰਦਾ ਜਾਂਦਾ ਹੈ। ਪਰਖ-ਪੜਚੋਲ 'ਕਿਉਂ' ਤੇ 'ਕਿਵੇਂ' ਜਿਹੇ ਸਵਾਲ ਜੀਵਨ ਅਮਲ ਵਿਚੋਂ ਮਨਫ਼ੀ ਹੁੰਦੇ ਜਾਂਦੇ ਹਨ ਅਤੇ ਜੀਵਨ ਵਿਚਲੀ ਪ੍ਰਬਲ ਜਗਿਆਸਾ ਹਨੇਰਿਆਂ 'ਚ ਗੁੰਮ ਜਾਂਦੀ ਹੈ।

ਉਹ ਵਿਅਕਤੀ, ਜਿਸਨੇ ਸਜੱਗ ਹੋ ਕੇ, ਵਿਗਿਆਨਿਕ ਸੋਚ ਨਾਲ਼ ਸੱਤਾ ਦੀਆਂ ਅੱਖਾਂ 'ਚ ਰੜਕਣਾ ਸੀ, ਉਹ ਚੁੱਪ ਦੇ ਹਨੇਰਿਆਂ ਚ ਗਰਕ ਜਾਂਦਾ ਹੈ। ਉਹ, ਜਿਸਨੇ ਆਪਣੇ ਜੀਵਨ ਦਰਸ਼ਨ ਨਾ਼ਲ ਸਥਾਪਤੀ ਵਿਰੁੱਧ ਅਸਹਿਮਤੀ ਪ੍ਰਗਟ ਕਰਨੀ ਹੁੰਦੀ ਹੈ। ਫਾਸ਼ੀਵਾਦ ਦੇ ਦੌਰ 'ਚ ਉਸ ਦੀ ਅਸਹਿਮਤੀ ਅਪਰਾਧ ਗਿਣੀ ਜਾਣ ਲੱਗਦੀ ਹੈ। ਭਾਰਤ ਇਸਦੀ ਜਿਉਂਦੀ-ਜਾਗਦੀ ਮਿਸਾਲ ਹੈ।

ਅੱਜ ਹਰ ਹੀਲਾ-ਵਸੀਲਾ ਵਰਤ ਕੇ ਹਾਕਮਾਂ ਵੱਲੋਂ ਆਮ ਆਦਮੀ ਦੀ ਵਿਗਿਆਨਿਕ ਸੋਚ ਨੂੰ ਖੁੰਢਾ, ਖ਼ਤਮ ਕਰਨ ਦੇ ਜਤਨ ਹੋ ਰਹੇ ਹਨ। ਸਿਆਸੀ ਲੋਕਾਂ ਨੂੰ ਜੀ-ਹਜ਼ੂਰੀਏ ਚਾਹੀਦੇ ਹਨ, ਜੋ ਭੇਡਾਂ ਵਾਂਗਰ ਸਿਰ ਸੁੱਟ ਕੇ ਮਗਰ-ਮਗਰ ਚੱਲਣ । ਹਾਕਮ ਦੀ ਹਾਂ 'ਚ ਹਾਂ ਮਿਲਾਉਣ।

ਦੇਸ਼ ਦਾ ਵੱਡਾ ਸੂਬਾ ਯੂ.ਪੀ. ਉਦਾਹਰਨ ਹੈ-ਭਗਵਾਂਕਰਨ ਧਾਰਮਿਕ ਰਾਜਨੀਤੀ ਦਾ। ਜਿੱਥੇ ਵਿਗਿਆਨਿਕ ਸੋਚ ਨੂੰ ਪੁੱਠਾ ਗੇੜਾ ਦਿੱਤਾ ਗਿਆ। ਧਰਮ ਦੀ ਸਿਆਸਤ ਉਭਾਰੀ ਗਈ। ਇਕ ਪਿਛਾਂਹ-ਖਿੱਚੂ ਸੋਚ ਉਸ ਵੇਲੇ ਦੇਸ਼ 'ਚ ਦੇਖਣ ਨੂੰ ਮਿਲੀ, ਜਦੋਂ ਦੇਸ਼ ਦੇ ਸਾਇੰਸ ਟੈਕਨੋਲੋਜੀ ਵਿਭਾਗ ਵਿਚ 'ਗਾਂ ਦੇ ਮੂਤਰ' ਉੱਤੇ ਖੋਜ ਦਾ ਕੰਮ ਅਰੰਭਣ ਲਈ ਵੱਡੀਆਂ ਰਕਮਾਂ ਨਵੇਂ ਪ੍ਰਜੈਕਟ ਸ਼ੁਰੂ ਕਰਨ ਲਈ ਲਗਾ ਦਿੱਤੀਆਂ ਗਈਆਂ ਤੇ ਅਸਲ ਵਿਗਿਆਨਿਕ ਪ੍ਰੋਜੈਕਟਾਂ ਉੱਤੇ ਭਾਰੀ ਕਟੌਤੀ ਲਗਾ ਦਿੱਤੀ ਗਈ। ਦੇਸ਼ ਦੇ ਸੂਝਵਾਨ ਵਿਗਿਆਨਕਾਂ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਉਂਵ ਇਹ ਡਰ ਤਾਂ ਦੇਸ਼ ਦੀਆਂ ਯੂਨੀਵਰਸਿਟੀਆਂ 'ਚ ਬੈਠੇ ਸਿਆਸਤਦਾਨਾਂ ਅਤੇ ਬੁੱਧੀਜੀਵੀਆਂ ਦੇ ਮਨਾਂ 'ਚ ਵੀ ਬਿਠਾ ਦਿੱਤਾ ਗਿਆ ਹੈ ਅਤੇ 'ਅਸਹਿਮਤ ਸੋਚ ਵਾਲੇ' ਲੋਕਾਂ ਉੱਤੇ ਬੰਦਿਸ਼ਾਂ ਲਗਾ ਦਿੱਤੀਆਂ ਗਈਆਂ ਹਨ। ਸੱਤਾ ਤੋਂ ਹੱਕ ਮੰਗਣ ਵਾਲੇ ਲੋਕਾਂ ਉੱਤੇ ਦੇਸ਼ ਧ੍ਰੋਹ ਦੇ ਪਰਚੇ ਦਰਜ ਹੋ ਰਹੇ ਹਨ। ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਦੀ ਅਵਾਜ਼ ਬੰਦ ਕੀਤੀ ਜਾ ਰਹੀ ਹੈ। ਇਹ ਉਹ ਲੋਕ ਹਨ, ਜਿਹੜੇ ਆਪਣੀ ਪਛਾਣ ਅਤੇ ਹੋਂਦ ਨੂੰ ਬਣਾਈ ਰੱਖਣ ਦੀ ਲੜਾਈ ਲੜ ਰਹੇ ਹਨ।

ਚੇਤਨਾ ਦਾ ਚਾਨਣ ਮਨੁੱਖ ਦਾ ਅਧਿਕਾਰ ਹੈ। ਤਰਕ, ਦਲੀਲ ਅਤੇ ਪਰਖ-ਪੜਚੋਲ ਉਸ ਦੇ ਆਤਮ-ਵਿਸ਼ਵਾਸ ਨੂੰ ਹੁਲਾਰਾ ਦਿੰਦੇ ਹਨ। ਪਰ ਜੇਕਰ ਉਨ੍ਹਾਂ ਪੱਲੇ ਚਮਤਕਾਰੀ ਬਾਬਿਆਂ ਦੀ ਅੰਧ ਵਿਸ਼ਵਾਸੀ ਸੋਚ ਪਾਈ ਜਾਏਗੀ ਤਾਂ ਮਨੁੱਖੀ ਵਿਕਾਸ ਅਧੂਰਾ ਰਹੇਗਾ। ਜੇਕਰ ਵਿਗਿਆਨ ਦੇ ਨਾਮ ਉੱਤੇ ਅੱਧ ਕੱਚੀ ਜਾਂ ਅਧੂਰੀ ਜਾਣਕਾਰੀ ਮੁਹੱਈਆ ਕੀਤੀ ਜਾਏਗੀ ਤਾਂ ਫੇਥ ਵਰਸਿਜ਼ ਫੈਕਟ (ਸ਼ਰਧਾ ਬਨਾਮ

(ਬਾਕੀ ਸਫਾ 12 'ਤੇ)

ਮੈਂ ਗਣਤੰਤਰ ਦਾ ਬੰਦੀ ਪੱਤਰਕਾਰ ਬੋਲ ਰਿਹਾਂ...

ਗਣਤੰਤਰ ਦਿਵਸ 'ਤੇ

ਸੁਤੰਤਰ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਇਸ ਸਮੇਂ ਪਟਨਾ (ਬਿਹਾਰ) ਦੀ ਬੇਊਰ ਆਦਰਸ਼ ਸੈਂਟਰਲ ਜੇਲ੍ਹ ਵਿਚ ਵਿਚਾਰਧੀਨ ਕੈਦੀ ਹਨ। ਜੋ ਗ਼ੈਰਕਾਨੂੰਨੀ ਖਣਨ, ਇਸਦਾ ਵਿਰੋਧ ਕਰਨ ਵਾਲੇ ਆਦਿਵਾਸੀ ਲੋਕਾਂ ਉੱਪਰ ਭਿਆਨਕ ਜਬਰ ਅਤੇ ਮਜ਼ਲੂਮਾਂ ਦੇ ਹੱਕਾਂ ਲਈ ਨਿਧੜਕ ਆਵਾਜ਼ ਉਠਾ ਰਹੇ ਸਨ। ਉਨ੍ਹਾਂ ਦੀ ਜ਼ਬਾਨਬੰਦੀ ਕਰਨ ਲਈ ਉਨ੍ਹਾਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਸੰਬੰਧਤ ਹੋਣ ਦੇ ਝੂਠੇ ਕੇਸ ਵਿਚ ਉਲਝਾ ਕੇ ਅਤੇ ਉਨ੍ਹਾਂ ਉੱਪਰ ਯੂਏਪੀਏ ਲਗਾ ਕੇ ਜੇਲ੍ਹ ਵਿਚ ਡੱਕਿਆ ਹੋਇਆ ਹੈ। ਉਨ੍ਹਾਂ ਵੱਲੋਂ ਗਣਤੰਤਰ ਦਿਵਸ ਉੱਪਰ ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਅਤੇ ਕੈਦੀਆਂ ਦੇ ਹੱਕਾਂ ਦੇ ਘਾਣ ਬਾਰੇ ਲਿਖਿਆ ਇਹ ਲੇਖ ਬਹੁਤ ਮਹੱਤਵਪੂਰਨ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਲੇਖ ਦਾ ਮੁਕੰਮਲ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ॥

26 ਜਨਵਰੀ 2026 ਨੂੰ ਸਾਡਾ ਗਣਤੰਤਰ ਆਪਣੇ 76 ਸਾਲ ਪੂਰੇ ਕਰੇਗਾ। ਗਣਤੰਤਰ ਜਾਂ ਲੋਕਤੰਤਰ ਦੀ ਪ੍ਰਸਿੱਧ ਪਰਿਭਾਸ਼ਾ, ਜਿਸਨੂੰ ਅਸੀਂ ਬਚਪਨ ਤੋਂ ਪੜ੍ਹਦੇ ਤੇ ਸੁਣਦੇ ਆ ਰਹੇ ਹਾਂ, ਉਹ ਹੈ- ਜਨਤਾ ਦਾ, ਜਨਤਾ ਲਈ ਤੇ ਜਨਤਾ ਦੁਆਰਾ ਚਲਾਇਆ ਜਾਂਦਾ ਰਾਜ। ਕੀ ਮੌਜੂਦਾ ਸਮੇਂ ਵਿਚ ਉਪਰੋਕਤ ਪਰਿਭਾਸ਼ਾ ਸਾਡੇ ਮੁਲਕ ਦੇ ਗਣਤੰਤਰ 'ਤੇ ਢੁਕਦੀ ਹੈ? ਕੀ ਅਸੀਂ ਜਾਂ ਸਾਡੀ ਹੁਕਮਰਾਨ ਜਮਾਤ ਵੀ, ਇਮਾਨਦਾਰੀ ਨਾਲ ਇਹ ਕਹਿ ਸਕਦੇ ਹਾਂ ਕਿ ਸਾਡੇ ਮੁਲਕ ਵਿਚ ਸੱਚੇ ਮਾਇਨਿਆਂ ਵਿਚ ਲੋਕਤੰਤਰ ਹੈ? ਬਿਲਕੁਲ ਨਹੀਂ।

ਰੂਪੇਸ਼ ਕੁਮਾਰ ਸਿੰਘ
ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ

ਅੱਜ ਸਾਡੇ ਮੁਲਕ ਵਿਚ ਸਰਮਾਏਦਾਰਾਂ ਦਾ, ਸਰਮਾਏਦਾਰਾਂ ਲਈ ਤੇ ਸਰਮਾਏਦਾਰਾਂ ਦੁਆਰਾ ਚਲਾਇਆ ਰਾਜ ਹੈ। ਅੱਜ ਸਾਡੇ ਮੁਲਕ ਵਿਚ ਗਣਤੰਤਰ ਦੀ ਜਗ੍ਹਾ 'ਤੇ ਪੂੰਜੀਤੰਤਰ, ਲੁੱਟਤੰਤਰ ਤੇ ਗੰਨਤੰਤਰ ਹੈ। ਇਸ ਸਮੇਂ ਸਾਡੇ ਮੁਲਕ ਦੀ ਸੱਤਾ 'ਤੇ ਕਾਬਜ਼ ਬ੍ਰਾਹਮਣਵਾਦੀ ਹਿੰਦੂਤਵ ਫਾਸ਼ੀਵਾਦੀ ਨਰਿੰਦਰ ਮੋਦੀ ਦੀ ਸਰਕਾਰ ਨੇ ਲੋਕਤੰਤਰ ਦੇ ਸਾਰੇ ਅੰਗਾਂ ਨੂੰ ਅਪਾਹਜ ਬਣਾ ਦਿੱਤਾ ਹੈ। ਪੂਰੇ ਮੁਲਕ ਵਿਚ ਇੱਕ-ਛਤਰ ਰਾਜ ਦਾ ਸੁਪਨਾ ਪੂਰਾ ਕਰਨ ਲਈ ਆਰ.ਐਸ.ਐਸ. ਤੇ ਭਾਜਪਾ ਜੀ-ਜਾਨ ਨਾਲ ਜੁੱਟੀ ਹੈ। ਇਨ੍ਹਾਂ ਨੇ ਸਪੱਸ਼ਟ ਤੌਰ 'ਤੇ ਐਲਾਨ ਕਰ ਰੱਖਿਆ ਹੈ ਕਿ ਜੋ ਉਨ੍ਹਾਂ ਦੇ ਨਾਲ ਨਹੀਂ ਹੈ, ਉਹ ਇਸ ਮੁਲਕ ਦੇ ਦੁਸ਼ਮਣ ਹਨ।

ਕੱਲ੍ਹ ਤੱਕ ਜਿੱਥੇ ਮੁਲਕ ਦਾ ਭਾਵ ਵੰਨ-ਸੁਵੰਨਤਾ ਵਿਚ ਏਕਤਾ ਸੀ, ਅੱਜ ਮੁਲਕ ਦਾ ਅਰਥ ਹੁਕਮਰਾਨ ਸਰਕਾਰ ਬਣ ਚੁੱਕਾ ਹੈ। ਹੁਣ ਸੱਤਾਧਾਰੀ ਸਰਕਾਰ ਦੇ ਖ਼ਿਲਾਫ਼ ਬੋਲਣਾ, ਮਤਲਬ ਮੁਲਕ ਦੇ ਖ਼ਿਲਾਫ਼ ਬੋਲਣਾ ਹੈ।

ਚੋਣ ਜਿੱਤਣ ਲਈ ਇਨ੍ਹਾਂ ਨੇ ਸਾਮ-ਦਾਮ-ਦੰਡ-ਭੇਦ ਦੀ ਨੀਤੀ ਅਪਣਾਈ ਹੋਈ ਹੈ। ਉਸ ਤੋਂ ਬਾਅਦ ਵੀ ਜੇ ਇਹ ਚੋਣ ਨਹੀਂ ਜਿੱਤ ਪਾਉਂਦੇ, ਤਾਂ ਫਿਰ ਵਿਰੋਧੀ-ਧਿਰ ਦੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਤੋੜਨ ਲਈ ਪੈਸਾ, ਕੇਂਦਰੀ ਏਜੰਸੀਆਂ ਦੀਆਂ ਕਾਰਵਾਈਆਂ, ਡਰਾਉਣਾ-ਧਮਕਾਉਣਾ ਆਦਿ ਰਸਤਿਆਂ ਦਾ ਸਹਾਰਾ ਲੈਂਦੇ ਹਨ ਤੇ ਰਾਜਾਂ ਵਿਚ ਆਖ਼ਿਰਕਾਰ ਆਪਣੀ ਸਰਕਾਰ ਬਣਾ ਲੈਂਦੇ ਹਨ। ਕੱਲ੍ਹ ਤੱਕ ਵਿਰੋਧੀ-ਧਿਰ ਦੇ ਭ੍ਰਿਸ਼ਟ ਆਗੂ (ਇਨ੍ਹਾਂ ਦੇ ਦੁਆਰਾ ਹੀ ਅਜਿਹੇ ਐਲਾਨੇ) ਇਨ੍ਹਾਂ ਦੀ ਪਾਰਟੀ ਵਿਚ ਸ਼ਾਮਿਲ ਹੋਣ 'ਤੇ ਹੀ ਈਮਾਨਦਾਰ ਬਣ ਜਾਂਦੇ ਹਨ ਤੇ ਉਨ੍ਹਾਂ ਉੱਪਰ ਦਰਜ ਦਰਜਨਾਂ ਮੁਕੱਦਮੇ ਵਾਪਸ ਲੈ ਲਏ ਜਾਂਦੇ ਹਨ।

ਆਪਣੇ ਮਿੱਤਰ ਉਦਯੋਗਪਤੀਆਂ ਨੂੰ ਬਹੁਮੁੱਲੀ ਖਣਿਜ ਦੌਲਤ ਸੌਂਪਣ ਲਈ ਇਹ ਆਦਿਵਾਸੀਆਂ ਦਾ ਕਤਲੇਆਮ ਕਰਦੇ ਹਨ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ 'ਦੇਸ਼ਧ੍ਰੋਹੀ', 'ਅਰਬਨ ਨਕਸਲ' ਐਲਾਨ ਕਰਦੀ ਹੈ। ਆਪਣੇ ਹੱਕ-ਹੁਕੂਕ ਦੀ ਆਵਾਜ਼ ਬੁਲੰਦ ਕਰਨ 'ਤੇ ਮੁਸਲਮਾਨਾਂ ਨੂੰ ਦਹਿਸ਼ਤਗਰਦ ਐਲਾਨਿਆ ਜਾਂਦਾ ਹੈ, ਤਾਂ ਸਿੱਖਾਂ ਨੂੰ ਖ਼ਾਲਿਸਤਾਨੀ। ਇਸ ਸਰਕਾਰ ਨੇ ਸਿੱਖਿਆ ਦਾ ਭਗਵਾਕਰਨ ਕਰਕੇ ਵਿਦਿਆਰਥੀਆਂ ਨੂੰ ਝੂਠਾ ਇਤਿਹਾਸ ਪੜ੍ਹਨ ਲਈ ਮਜਬੂਰ ਕੀਤਾ ਹੈ, ਅਤੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਅੰਤਹੀਣ ਦਲਦਲ ਵਿਚ ਧੱਕ ਦਿੱਤਾ ਹੈ।

ਔਰਤਾਂ ਨੂੰ ਚਾਰਦੀਵਾਰੀ ਦੇ ਅੰਦਰ ਕੈਦ ਕਰਨ ਦੀ ਪੂਰੀ ਕੋਸ਼ਿਸ਼ ਵੀ ਸਾਡੇ 'ਗਣਤੰਤਰ' ਦੇ ਸੰਚਾਲਕ ਕਰ ਰਹੇ ਹਨ। ਸਾਡੇ ਗਣਤੰਤਰ ਵਿਚ 'ਗਣਤੰਤਰ' ਦੇ ਨਾਂ 'ਤੇ ਕੀ ਚੱਲ ਰਿਹਾ ਹੈ, ਇਹ ਜੇ ਅਸੀਂ ਆਪਣੀਆਂ ਅੱਖਾਂ ਤੋਂ ਫਿਰਕਾਪ੍ਰਸਤੀ, ਜਾਤੀਵਾਦ, ਅੰਧਭਗਤੀ ਆਦਿ ਦਾ ਪਰਦਾ ਹਟਾ ਕੇ ਦੇਖੀਏ, ਤਾਂ ਸਪੱਸ਼ਟ ਦਿਸ ਹੀ ਰਿਹਾ ਹੈ ਕਿ ਸਾਡਾ 'ਗਣਤੰਤਰ' ਬਿਲਕੁਲ 'ਗੰਨਤੰਤਰ' ਵਿਚ ਤਬਦੀਲ ਹੋ ਚੁੱਕਾ ਹੈ।

ਤੁਸੀਂ ਜਾਣਦੇ ਹੋ ਕਿ ਸਾਡੇ ਗਣਤੰਤਰ ਵਿਚ ਵੱਡੀ ਗਿਣਤੀ ਵਿਚ ਕੈਦਖ਼ਾਨੇ (ਜੇਲ੍ਹਾਂ) ਵੀ ਹਨ, ਜਿੱਥੇ ਲੱਖਾਂ ਬੰਦੀ ਕੈਦ ਹਨ। ਕੀ ਤੁਸੀਂ ਕੈਦਖ਼ਾਨੇ ਵਿਚ ਬੰਦ ਇਸ ਗਣਤੰਤਰ ਦੇ ਬੰਦੀਆਂ ਬਾਰੇ ਜਾਣਦੇ ਹੋ?

ਮੈਂ ਇਸ ਗਣਤੰਤਰ ਦਾ ਬੰਦੀ ਹਾਂ ਤੇ ਪਿਛਲੇ 42 ਮਹੀਨਿਆਂ ਤੋਂ ਕੈਦਖ਼ਾਨੇ ਵਿਚ ਕੈਦ ਹਾਂ। 42 ਮਹੀਨੇ ਪਹਿਲਾਂ ਮੈਂ ਸੁਤੰਤਰ ਪੱਤਰਕਾਰੀ ਕਰਦਾ ਸੀ ਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਸਿਰਫ਼ ਲਿਖਦਾ ਹੀ ਨਹੀਂ ਸੀ, ਬਲਕਿ ਬੋਲਦਾ ਵੀ ਸੀ। ਸਿੱਟੇ ਵਜੋਂ ਸਰਕਾਰ ਨੇ 17 ਜੁਲਾਈ 2022 ਨੂੰ ਮੇਰੇ 'ਤੇ ਕਾਲਾ ਕਾਨੂੰਨ ਯੂਏਪੀਏ ਦੀਆਂ ਕਈ ਧਾਰਾਵਾਂ ਲਗਾ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਤੇ 18 ਜੁਲਾਈ 2022 ਨੂੰ ਜੇਲ੍ਹ ਭੇਜ ਦਿੱਤਾ।

ਉਦੋਂ ਤੋਂ ਮੈਂ ਝਾਰਖੰਡ ਦੀ ਸਰਾਇਕੇਲਾ ਜ਼ਿਲ੍ਹਾ ਜੇਲ੍ਹ ਤੇ ਬਿਰਸਾ ਮੁੰਡਾ ਸੈਂਟਰਲ ਜੇਲ੍ਹ, ਹੋਟਵਾਰ (ਰਾਂਚੀ) ਅਤੇ ਬਿਹਾਰ ਦੀ ਸ਼ਹੀਦ ਜੁੱਬਾ ਸਾਹਨੀ ਸੈਂਟਰਲ ਜੇਲ੍ਹ, ਭਾਗਲਪੁਰ ਵਿਚ ਕੈਦ ਰਿਹਾ ਹਾਂ ਅਤੇ ਫ਼ਿਲਹਾਲ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਵਿਚ ਕੈਦ ਹਾਂ।

ਜੇਲ੍ਹਾਂ ਦੇ ਹਾਲਾਤ ਅਤੇ ਬੰਦੀਆਂ ਦੇ ਹੱਕ

ਬਿਹਾਰ-ਝਾਰਖੰਡ ਦੀਆਂ 90 ਪ੍ਰਤੀਸ਼ਤ ਜੇਲ੍ਹਾਂ ਵਿਚ ਸਮਰੱਥਾ ਤੋਂ ਵੱਧ (ਡੇਢ ਗੁਣਾ ਤੇ ਕਿਤੇ-ਕਿਤੇ ਦੁੱਗਣੇ) ਬੰਦੀ ਹਨ। ਕਿਸੇ ਵੀ ਜੇਲ੍ਹ ਵਿਚ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ, ਜੇਲ੍ਹ-ਸਾਬਣ ਆਦਿ ਨਹੀਂ ਮਿਲਦਾ। ਹਾਂ! ਜੇ ਤੁਸੀਂ ਰਸੂਖ਼ਵਾਨ ਹੋ, ਤਾਂ ਫਿਰ ਤੁਸੀਂ ਜੇਲ੍ਹ ਅਧਿਕਾਰੀਆਂ ਨੂੰ ਪੈਸੇ ਦੇ ਕੇ ਜੇਲ੍ਹ ਵਿਚ ਹੀ ਹੀਟਰ 'ਤੇ ਲਜ਼ੀਜ਼ ਖਾਣਾ ਬਣਵਾ ਸਕਦੇ ਹੋ ਜਾਂ ਘਰ ਤੇ ਹੋਟਲ 'ਤੋਂ ਵੀ ਮੰਗਵਾ ਸਕਦੇ ਹੋ।

ਬਾਕੀ ਬੰਦੀਆਂ ਨੂੰ ਗਲੇ-ਸੜੇ ਹੋਏ ਚਾਵਲ, ਪਾਣੀ ਵਰਗੀ ਪਤਲੀ ਦਾਲ, ਸਬਜ਼ੀ ਦੇ ਨਾਂ 'ਤੇ ਆਲੂ ਦੇ ਦੋ-ਚਾਰ ਟੁਕੜੇ ਤੇ ਕੀੜਾ ਲੱਗੀ ਹਰੀ ਸਬਜ਼ੀ ਦੇ ਦੋ-ਚਾਰ ਕੱਚੇ ਟੁਕੜੇ ਤੇ ਪਾਣੀ, ਜਲੀਆਂ ਤੇ ਕੱਚੀਆਂ ਰੋਟੀਆਂ ਹੀ ਨਸੀਬ ਹੁੰਦੀਆਂ ਹਨ। ਰਸੂਖ਼ਵਾਨਾਂ ਦਾ ਬਿਸਤਰਾ 6 ਫੁੱਟ ਲੰਬਾ ਤੇ 3 ਫੁੱਟ ਚੌੜਾ ਹੁੰਦਾ ਹੈ। ਉਨੀ ਹੀ ਜਗ੍ਹਾ ਵਿਚ 3-4 ਆਮ ਬੰਦੀਆਂ ਨੂੰ ਰਹਿਣਾ ਪੈਂਦਾ ਹੈ।

ਭਾਰਤ ਦੀ ਸੁਪਰੀਮ ਕੋਰਟ (ਮਹਾਰਾਸ਼ਟਰ ਰਾਜ ਬਨਾਮ ਪ੍ਰਭਾਕਰ ਪਾਂਡੁਰੰਗ 1966) ਅਨੁਸਾਰ, 'ਕਿਸੇ ਵੀ ਬੰਦੀ ਜਾਂ ਕੈਦੀ ਨੂੰ ਸੰਵਿਧਾਨ ਦੁਆਰਾ ਦਿੱਤੇ ਹੋਰ ਮੌਲਿਕ ਹੱਕਾਂ ਦੇ ਨਾਲ-ਨਾਲ ਅਨੁਛੇਦ 21, ਜੀਵਨ ਦਾ ਅਧਿਕਾਰ' ਵੀ ਪ੍ਰਾਪਤ ਹੈ।' ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ 'ਕੈਦੀ, ਭਾਵੇਂ ਉਹ ਵਿਚਾਰਧੀਨ ਹੋਵੇ ਜਾਂ ਦੋਸ਼ੀ ਅਤੇ ਇੱਥੋਂ ਤੱਕ ਕਿ ਅਦਾਲਤ ਵਿਚ ਉਸਦੇ ਵਿਰੁੱਧ ਲਾਇਆ ਦੋਸ਼ ਜਾਂ ਸਿੱਧਾ ਅਪਰਾਧ ਚਾਹੇ ਕੋਈ ਵੀ ਹੋਵੇ, ਮੁਲਕ ਦੇ ਦੂਸਰੇ ਨਾਗਰਿਕਾਂ ਵਾਂਗ ਸੁਤੰਤਰਤਾ ਤੋਂ ਇਲਾਵਾ ਸਾਰੇ ਹੱਕਾਂ ਦਾ ਆਨੰਦ ਲੈ ਸਕਦਾ ਹੈ।'

ਸੁਪਰੀਮ ਕੋਰਟ ਦੇ ਫ਼ੈਸਲੇ ਦੀ ਰੋਸ਼ਨੀ ਵਿਚ ਜੇ ਅਸੀਂ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿਚ ਬੰਦ ਬੰਦੀਆਂ ਦੀ ਹਾਲਤ ਨੂੰ ਦੇਖੀਏ, ਤਾਂ ਇਹ ਇੱਕ ਸੁਪਨੇ ਦੀ ਤਰ੍ਹਾਂ ਲੱਗਦਾ ਹੈ। ਕਿਉਂਕਿ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿਚ ਬੰਦੀਆਂ ਨੂੰ ਨਾ ਤਾਂ ਮਨੁੱਖੀ ਸਨਮਾਨ ਨਾਲ ਜਿਊਣ ਦਾ ਅਧਿਕਾਰ ਹੈ, ਨਾ ਤੇਜ਼ੀ ਨਾਲ ਸੁਣਵਾਈ ਦਾ, ਨਾ ਸਿਹਤ ਤੇ ਇਲਾਜ ਦਾ ਅਧਿਕਾਰ, ਨਾ ਹੱਥਕੜੀ ਦੇ ਖ਼ਿਲਾਫ਼ ਸੁਰੱਖਿਆ ਦਾ, ਨਾ ਜੇਲ੍ਹ ਵਿਚ ਦੁਰਵਿਹਾਰ ਤੇ ਤਸੀਹਿਆਂ ਦੇ ਖ਼ਿਲਾਫ਼ ਸੁਰੱਖਿਆ ਦਾ ਅਧਿਕਾਰ, ਨਾ ਸਿੱਖਿਆ ਦਾ, ਨਾ ਕੰਮ ਲਈ ਉਚਿਤ ਮਜ਼ਦੂਰੀ ਦਾ ਤੇ ਨਾ ਉਚਿਤ ਰਿਹਾਇਸ਼ ਦਾ ਅਧਿਕਾਰ ਹਾਸਲ ਹੈ ਅਤੇ ਨਾ ਹੀ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ ਤੇ ਹੋਰ ਸਹੂਲਤਾਂ ਹੀ ਮਿਲਦੀਆਂ ਹਨ।

ਇੱਥੋਂ ਤੱਕ ਕਿ ਬੰਦੀਆਂ ਨੂੰ ਆਪਣੇ ਪਰਿਵਾਰ ਵਾਲਿਆਂ ਤੇ ਵਕੀਲਾਂ ਨੂੰ ਚਿੱਠੀ ਤੱਕ ਲਿਖਣ ਦਾ ਅਧਿਕਾਰ ਜੇਲ੍ਹ ਪ੍ਰਸ਼ਾਸਨ ਨਹੀਂ ਦਿੰਦਾ, ਫਿਰ ਕਵਿਤਾ, ਕਹਾਣੀ ਤੇ ਲੇਖ ਲਿਖਣ ਬਾਰੇ ਤਾਂ ਜ਼ਿਆਦਾਤਰ ਬੰਦੀ ਸੋਚ ਵੀ ਨਹੀਂ ਸਕਦੇ। ਇਹ ਸਭ ਬਹੁਤ ਮੁਸ਼ਕਲ ਹੈ। ਤੁਸੀਂ ਕਾਲ ਕਰਨ ਸਮੇਂ, ਮੁਲਾਕਾਤ ਵਿਚ ਆਪਣੀਆਂ ਗੱਲਾਂ, ਕਵਿਤਾਵਾਂ, ਅਨੁਭਵ, ਆਪਣੀਆਂ ਪਰੇਸ਼ਾਨੀਆਂ ਸਾਂਝੀਆਂ ਕਰ ਸਕਦੇ ਹੋ, ਉਹ ਵੀ ਕਈ ਵਾਰ ਸਮੇਂ ਦੀ ਘਾਟ ਕਰਕੇ ਟੁਕੜਿਆਂ ਵਿਚ ਹੁੰਦੀਆਂ ਹਨ।

ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿਚ ਰਹਿੰਦਿਆਂ ਮੈਂ ਇਹੀ ਜਾਣਿਆ ਕਿ ਜੇਲ੍ਹ ਇੱਕ ਤਸੀਹਾਗਾਹ ਹੈ, ਜਿਸਨੂੰ ਸੁਧਾਰਘਰ ਤਾਂ ਬਿਲਕੁਲ ਵੀ ਨਹੀਂ ਕਿਹਾ ਜਾ ਸਕਦਾ। ਜੇਲ੍ਹ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਅੱਡਾ ਹੈ, ਇੱਥੇ ਭ੍ਰਿਸ਼ਟਾਚਾਰ ਸ਼ਰ੍ਹੇਆਮ ਹੁੰਦਾ ਹੈ। ਜੇ ਤੁਹਾਡੇ ਕੋਲ ਪੈਸਾ ਹੈ ਤਾਂ ਤੁਹਾਡੇ ਲਈ ਜੇਲ੍ਹ ਵੀ ਸਵਰਗ ਹੈ ਅਤੇ ਜੇ ਤੁਹਾਡੇ ਕੋਲ ਪੈਸਾ ਨਹੀਂ ਹੈ ਤਾਂ ਜੇਲ੍ਹ ਤੁਹਾਡੇ ਲਈ ਨਰਕ ਤੋਂ ਵੀ ਬਦਤਰ ਹੈ।

ਜੇਲ੍ਹ ਵਿਚ ਇਲਾਜ ਦੇ ਨਾਂ 'ਤੇ ਸਿਰਫ਼ ਧੋਖਾ ਹੁੰਦਾ ਹੈ, ਜੇਕਰ ਤੁਸੀਂ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹੋ ਤਾਂ ਤੁਹਾਡੀ ਮੌਤ ਜੇਲ੍ਹ ਵਿਚ ਹੀ ਨਿਸ਼ਚਿਤ ਹੈ, ਪਰ ਤੁਹਾਡੀ ਮੌਤ ਬਾਹਰ ਦੇ ਹਸਪਤਾਲ ਵਿਚ ਇਲਾਜ ਦੌਰਾਨ ਹੀ ਦਿਖਾਈ ਜਾਵੇਗੀ।

ਜਦੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਮੈਨੂੰ ਸਰਾਇਕੇਲਾ ਜ਼ਿਲ੍ਹਾ ਜੇਲ੍ਹ ਵਿਚ ਭੇਜਿਆ ਗਿਆ, ਤਾਂ ਉੱਥੇ ਮੈਨੂੰ ਅਜਿਹੇ ਸੈੱਲ ਵਿਚ ਰੱਖਿਆ ਗਿਆ ਜਿਸਦੇ ਨਾਲ ਦੇ ਕਮਰਿਆਂ ਵਿਚ ਕੋਹੜ, ਟੀ.ਬੀ. ਤੇ ਏਡਜ਼ ਤੋਂ ਪੀੜਤ ਬੰਦੀ ਸਨ ਅਤੇ ਸਾਡਾ ਸਾਰਿਆਂ ਦਾ ਇਸ਼ਨਾਨਘਰ ਤੇ ਪਖ਼ਾਨਾ ਸਾਂਝਾ ਸੀ।

ਮੇਰੇ ਵਿਰੋਧ ਕਰਨ 'ਤੇ ਮੈਨੂੰ ਪੁਰਾਣੇ ਜਨਾਨਾ ਵਾਰਡ (ਭੂਤ ਬੰਗਲੇ ਦੇ ਨਾਂ ਨਾਲ ਪ੍ਰਸਿੱਧ) ਵਿਚ ਇੱਕਲੇ ਬੰਦ ਕਰ ਦਿੱਤਾ ਗਿਆ, ਜਿਸਦੀ ਛੱਤ ਤੋਂ ਬਾਰਸ਼ ਵਿਚ ਪਾਣੀ ਚੋਂਦਾ ਸੀ ਤੇ ਪੂਰੇ ਕਮਰੇ ਵਿਚ ਪਾਣੀ ਹੀ ਪਾਣੀ ਹੋ ਜਾਂਦਾ ਸੀ। ਨਤੀਜਾ, ਮੈਨੂੰ ਇੱਕ ਖੂੰਜੇ ਵਿਚ ਬੈਠ ਕੇ ਪੂਰਾ ਦਿਨ-ਰਾਤ ਗੁਜ਼ਾਰਨਾ ਪੈਂਦਾ ਸੀ। ਮੇਰੇ ਪਰਿਵਾਰ ਵਾਲਿਆਂ ਦੁਆਰਾ ਭੇਜੀ ਕਿਤਾਬ, ਕਾਪੀ ਤੇ ਕਲਮ ਵੀ ਜੇਲ੍ਹ ਪ੍ਰਸ਼ਾਸਨ ਨੇ ਮੈਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਖਾਣਾ ਬਿਲਕੁਲ ਵੀ ਖਾਣ ਯੋਗ ਨਹੀਂ ਸੀ। ਇਸਦੇ ਵਿਰੁੱਧ ਜਦੋਂ ਮੈਂ 15 ਅਗਸਤ ਨੂੰ ਭੁੱਖ ਹੜਤਾਲ ਕੀਤੀ, ਤਾਂ ਜਾ ਕੇ ਮੈਨੂੰ ਕਾਪੀ, ਕਿਤਾਬ, ਕਲਮ ਮਿਲੀ, ਪਰ ਮੇਰੇ ਜਨਮਦਿਨ 'ਤੇ ਮੇਰੇ ਮਿੱਤਰਾਂ ਦੁਆਰਾ ਮੈਨੂੰ ਭੇਜਿਆ ਪੋਸਟਕਾਰਡ ਵੀ ਨਹੀਂ ਦਿੱਤਾ ਗਿਆ।

ਬਿਰਸਾ ਮੁੰਡਾ ਸੈਂਟਰਲ ਜੇਲ੍ਹ ਹੋਟਵਾਰ (ਰਾਂਚੀ) ਵਿਚ ਤਾਂ ਮੇਰੀ ਲਿਖੀ ਕਿਤਾਬ 'ਕੈਦਖ਼ਾਨੇ ਕਾ ਆਈਨਾ' ਵੀ ਮੈਨੂੰ ਨਹੀਂ ਦੇਣ ਦਿੱਤੀ ਗਈ। ਕਿਹਾ ਗਿਆ ਕਿ ਇਸ ਵਿਚ ਜੇਲ੍ਹ ਪ੍ਰਬੰਧ ਦੇ ਖ਼ਿਲਾਫ਼ ਗੱਲਾਂ ਲਿਖੀਆਂ ਗਈਆਂ ਹਨ, ਹਾਲਾਂਕਿ ਇਹ ਕਿਤਾਬ ਅਮੇਜ਼ਨ ਤੇ ਫਲਿਪਕਾਰਟ 'ਤੇ ਮਿਲ ਰਹੀ ਹੈ। ਉੱਥੇ ਦੇ ਸੁਪਰਡੈਂਟ ਹਾਮਿਦ ਅਖ਼ਤਰ ਮੁਸਲਮਾਨ ਸਨ, ਪਰ ਉਨ੍ਹਾਂ ਨੇ ਜੇਲ੍ਹ ਲਾਇਬ੍ਰੇਰੀ ਵਿਚ ਮੌਜੂਦ ਤਸਲੀਮਾ ਨਸਰੀਨ ਦੀਆਂ ਸਾਰੀਆਂ ਕਿਤਾਬਾਂ 'ਤੇ ਪਾਬੰਦੀ ਲਗਾ ਦਿੱਤੀ ਸੀ ਤੇ ਉਸਨੂੰ ਬੰਦੀਆਂ ਨੂੰ ਪੜ੍ਹਨ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ।

ਬਾਅਦ ਵਿਚ, ਸ਼ਹੀਦ ਜੁੱਬਾ ਸਾਹਨੀ ਸੈਂਟਰਲ ਜੇਲ੍ਹ, ਭਾਗਲਪੁਰ ਵਿਚ ਵੀ ਮੈਂ ਦੇਖਿਆ ਕਿ ਤਸਲੀਮਾ ਨਸਰੀਨ ਦੀਆਂ ਕੁਝ ਕਿਤਾਬਾਂ ਨੂੰ ਪਾਬੰਦੀ ਲਗਾ ਕੇ ਜੇਲ੍ਹ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਸੂਚੀ ਵਿਚੋਂ ਹੀ ਬਾਹਰ ਕਰ ਦਿੱਤਾ ਗਿਆ ਸੀ, ਤਾਂਕਿ ਕੋਈ ਬੰਦੀ ਇਸਦੀ ਮੰਗ ਨਾ ਕਰੇ। ਬਿਰਸਾ ਮੁੰਡਾ ਸੈਂਟਰਲ ਜੇਲ੍ਹ ਵਿਚ ਮੈਂ ਜੇਲ੍ਹ ਪ੍ਰਸ਼ਾਸਨ ਤੋਂ ਇਤਿਹਾਸ ਵਿਚ ਐਮ.ਏ. ਕਰਨ ਦੀ ਇੱਛਾ ਜ਼ਾਹਰ ਕੀਤੀ, ਤਾਂ ਮੈਨੂੰ ਦੱਸਿਆ ਗਿਆ ਕਿ ਇੱਥੇ ਸਿਰਫ਼ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਤੋਂ 10ਵੀਂ ਤੇ 12ਵੀਂ ਦੀ ਪੜ੍ਹਾਈ ਦੀ ਸਹੂਲਤ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਬਿਹਾਰ-ਝਾਰਖੰਡ ਦੀ ਕਿਸੇ ਵੀ ਜੇਲ੍ਹ ਵਿਚ ਸਨਾਤਕੋਤਰ (ਐਮ.ਏ.) ਦੀ ਪੜ੍ਹਾਈ ਦੀ ਸਹੂਲਤ ਇਗਨੂ (ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ) ਤੋਂ ਵੀ ਨਹੀਂ ਹੈ। ਇਸ ਲਈ ਮੈਨੂੰ ਇਗਨੂ ਦੇ ਰਾਮਗੜ੍ਹ (ਝਾਰਖੰਡ) ਸਟੱਡੀ ਸੈਂਟਰ 'ਤੇ ਐਮ.ਏ. ਵਿਚ ਆਪਣੇ ਨਿੱਜੀ ਖ਼ਰਚ 'ਤੇ ਦਾਖ਼ਲਾ ਲੈਣਾ ਪਿਆ।

ਸੈੱਲ ਦੀ ਜ਼ਿੰਦਗੀ ਤੋੜ ਦਿੰਦੀ ਹੈ

ਜੇਲ੍ਹਾਂ ਵਿਚ ਸਧਾਰਨ ਵਾਰਡ ਤੋਂ ਇਲਾਵਾ ਸੈੱਲ (ਅੰਡਾ ਸੈੱਲ, ਹਾਈ ਸਕਿਊਰਿਟੀ ਸੈੱਲ ਆਦਿ) ਵੀ ਹੁੰਦਾ ਹੈ। ਮੈਂ ਆਪਣੇ 42 ਮਹੀਨਿਆਂ ਦੇ ਜੇਲ੍ਹ ਜੀਵਨ ਵਿਚ 33 ਮਹੀਨੇ ਸੈੱਲ ਵਿਚ ਹੀ ਰਿਹਾ ਹਾਂ ਤੇ ਇਸ ਸਮੇਂ ਵੀ ਸੈੱਲ ਵਿਚ ਹੀ ਬੰਦ ਹਾਂ। ਸਧਾਰਨ ਵਾਰਡ ਦੇ ਬੰਦੀਆਂ ਨੂੰ ਤਾਂ ਕੁਝ ਹੱਕ ਵੀ ਹਾਸਲ ਹਨ ਜਾਂ ਕਹਿ ਸਕਦੇ ਹਾਂ ਕਿ ਕੁਝ ਸਹੂਲਤਾਂ ਵੀ ਹਾਸਲ ਹਨ, ਪਰ ਸੈੱਲ ਦੇ ਬੰਦੀ ਜ਼ਿਆਦਾਤਰ ਸਹੂਲਤਾਂ ਤੋਂ ਵਾਂਝੇ ਹਨ। ਇੱਥੇ ਮੈਂ ਉਨ੍ਹਾਂ ਸਹੂਲਤਾਂ ਦੀ ਗੱਲ ਕਰ ਰਿਹਾ ਹਾਂ ਜੋ ਸਰੀਰ ਤੇ ਦਿਮਾਗ਼ ਦੇ ਸਿਹਤਮੰਦ ਰਹਿਣ ਲਈ ਹਰ ਇਨਸਾਨ ਲਈ ਜ਼ਰੂਰੀ ਹਨ, ਬੰਦੀ ਵਜੋਂ ਗ਼ੁਲਾਮ ਜ਼ਿੰਦਗੀ ਗੁਜ਼ਾਰਦੇ ਬੰਦੀਆਂ ਲਈ ਵੀ। ਜਿਵੇਂ ਸਧਾਰਨ ਵਾਰਡ ਦੇ ਬੰਦੀ ਜੇਲ੍ਹ ਵਿਚ ਆਯੋਜਿਤ ਸਿੱਖਿਆ-ਸਿਖਲਾਈ ਪ੍ਰੋਗਰਾਮਾਂ ਵਿਚ ਹਿੱਸਾ ਲੈ ਸਕਦੇ ਹਨ, ਪਰ ਸੈੱਲ ਦੇ ਬੰਦੀ ਨਹੀਂ ਲੈ ਸਕਦੇ।

ਸਧਾਰਨ ਵਾਰਡ ਵਿਚ ਟੀ.ਵੀ. ਤੇ ਜੇਲ੍ਹ ਰੇਡੀਓ (ਬਿਹਾਰ ਦੀਆਂ ਜੇਲ੍ਹਾਂ ਵਿਚ) ਦਾ ਸਪੀਕਰ ਲੱਗਿਆ ਹੁੰਦਾ ਹੈ, ਜਿਸ ਤੋਂ ਬੰਦੀਆਂ ਦਾ ਕੁਝ ਮਨੋਰੰਜਨ ਹੋ ਜਾਂਦਾ ਹੈ, ਮਾਨਸਿਕ ਤਨਾਅ ਤੋਂ ਰਾਹਤ ਮਿਲਦੀ ਹੈ ਪਰ ਸੈੱਲ ਵਿਚ ਅਜਿਹੀ ਕੋਈ ਸਹੂਲਤ ਨਹੀਂ ਹੈ। ਸਧਾਰਨ ਵਾਰਡ ਦੇ ਬੰਦੀ ਜੇਲ੍ਹ ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹ ਸਕਦੇ ਹਨ, ਪਰ ਸੈੱਲ ਦੇ ਬੰਦੀ ਉੱਥੇ ਨਹੀਂ ਬੈਠ ਸਕਦੇ। ਸਧਾਰਨ ਵਾਰਡ ਦੇ ਬੰਦੀ ਜੇਲ੍ਹ ਦੇ ਮੈਦਾਨ ਵਿਚ ਖੇਡ-ਕੁੱਦ ਸਕਦੇ ਹਨ, ਪੂਰੀ ਜੇਲ੍ਹ ਵਿਚ ਘੁੰਮ-ਫਿਰ ਸਕਦੇ ਹਨ, ਪਰ ਸੈੱਲ ਦੇ ਬੰਦੀ ਸੈੱਲ ਤੋਂ ਬਾਹਰ ਨਹੀਂ ਨਿਕਲ ਸਕਦੇ। ਕਹਿ ਸਕਦੇ ਹਾਂ ਕਿ ਸੈੱਲ, ਜੇਲ੍ਹ ਦੇ ਅੰਦਰ ਜੇਲ੍ਹ ਹੈ।

ਸੈੱਲ ਵਿਚ ਆਮ ਤੌਰ 'ਤੇ ਜੇਲ੍ਹ ਪ੍ਰਸ਼ਾਸਨ ਅਜਿਹੇ ਬੰਦੀਆਂ ਨੂੰ ਰੱਖਦੇ ਹਨ ਜੋ ਸਧਾਰਨ ਵਾਰਡ ਵਿਚ ਗ਼ੈਰ-ਕਾਨੂੰਨੀ ਮੋਬਾਈਲ ਦੀ ਵਰਤੋਂ ਕਰਨ, ਨਸ਼ਾ ਕਰਨ ਤੇ ਮਾਰ-ਕੁੱਟ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ। ਪਰ ਹੁਣ ਸੈੱਲ ਵਿਚ ਅਜਿਹੇ ਬੰਦੀਆਂ ਨੂੰ ਵੀ ਰੱਖਿਆ ਜਾਣ ਲੱਗਿਆ ਹੈ, ਜੋ ਆਪਣੇ ਤੇ ਬੰਦੀਆਂ ਦੇ ਹੱਕਾਂ ਦੇ ਘਾਣ ਵਿਰੁੱਧ ਉਨ੍ਹਾਂ ਲਈ ਆਵਾਜ਼ ਉਠਾਉਂਦੇ ਹਨ। ਉਨ੍ਹਾਂ ਨੂੰ ਸੈੱਲ ਵਿਚ ਬੰਦ ਕਰਕੇ ਉਨ੍ਹਾਂ ਤੋਂ ਸਾਰੇ ਅਧਿਕਾਰ ਖੋਹ ਲਏ ਜਾਂਦੇ ਹਨ।

ਜਿਹੜੇ ਬੰਦੀ ਬੰਦੀ ਹੱਕਾਂ ਲਈ ਆਵਾਜ਼ ਉਠਾਉਂਦੇ ਰਹਿੰਦੇ ਹਨ, ਉਨ੍ਹਾਂ ਨੂੰ ਪ੍ਰਸ਼ਾਸਕੀ ਲਗਾ ਕੇ ਦੂਸਰੀਆਂ ਜੇਲ੍ਹਾਂ ਵਿਚ ਵੀ ਭੇਜ ਦਿੱਤਾ ਜਾਂਦਾ ਹੈ, ਜਿਨ੍ਹਾਂ 'ਤੇ ਉੱਥੇ ਪਹੁੰਚਦੇ ਹੀ ਜੇਲ੍ਹ ਗੇਟ ਤੋਂ ਲੈ ਕੇ ਕੇਂਦਰ ਸਥਲ (ਗੁਮਟੀ) ਤੱਕ ਅਣਗਿਣਤ ਲਾਠੀਆਂ ਵਰਸਾਈਆਂ ਜਾਂਦੀਆਂ ਹਨ।

ਜੇਲ੍ਹਾਂ ਵਿਚ ਭ੍ਰਿਸ਼ਟਾਚਾਰ, ਪਰ ਸੁਣਵਾਈ ਨਹੀਂ

ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿਚ ਸਥਾਨਕ ਅਦਾਲਤ, ਉੱਚ ਅਦਾਲਤ ਜਾਂ ਸਰਵਉੱਚ ਅਦਾਲਤ ਦੇ ਆਦੇਸ਼ਾਂ ਦਾ ਵੀ ਕੋਈ ਅਸਰ ਨਹੀਂ ਪੈਂਦਾ। ਜਦ ਕੋਈ ਬੰਦੀ ਸੀਨੀਅਰ ਅਧਿਕਾਰੀਆਂ ਨੂੰ ਜੇਲ੍ਹ ਦੇ ਭ੍ਰਿਸ਼ਟ ਪ੍ਰਬੰਧ ਦੀ ਸ਼ਿਕਾਇਤ ਕਰਦੇ ਹਨ, ਤਾਂ ਜੇਲ੍ਹ ਪ੍ਰਸ਼ਾਸਨ ਆਪਣੇ ਦਲਾਲ ਬੰਦੀਆਂ ਦੇ ਬਿਆਨ ਕਲਮਬੱਧ ਕਰਕੇ ਰਿਪੋਰਟ ਬਣਾ ਕੇ ਭੇਜ ਦਿੰਦੇ ਹਨ ਕਿ ਜੇਲ੍ਹ ਵਿਚ ਸਭ ਕੁਝ ਸਹੀ ਹੈ। ਜੇ ਕਦੇ ਜਾਂਚ ਲਈ ਅਧਿਕਾਰੀ ਆ ਜਾਣ, ਤਾਂ ਜੇਲ੍ਹ ਅਧਿਕਾਰੀ ਉਨ੍ਹਾਂ ਨੂੰ ਸਿਰਫ਼ ਆਪਣੇ ਦਲਾਲ ਬੰਦੀਆਂ ਨਾਲ ਹੀ ਮਿਲਾਉਂਦੇ ਹਨ, ਬਾਕੀ ਬੰਦੀਆਂ ਨੂੰ ਉਨ੍ਹਾਂ ਦੇ ਆਪੋ-ਆਪਣੇ ਵਾਰਡ ਵਿਚ ਬੰਦ ਕਰ ਦਿੰਦੇ ਹਨ।

ਹਾਲ ਹੀ ਵਿਚ 18 ਜਨਵਰੀ 2026 ਨੂੰ ਪਟਨਾ ਹਾਈਕੋਰਟ ਦੇ ਮਾਨਯੋਗ ਚੀਫ਼ ਜਸਟਿਸ ਸੰਗਮ ਕੁਮਾਰ ਸਾਹੂ, ਜੇਲ੍ਹ ਆਈ.ਜੀ. ਪ੍ਰਣਵ ਕੁਮਾਰ ਸਮੇਤ ਕਈ ਅਧਿਕਾਰੀ ਆਦਰਸ਼ ਸੈਂਟਰਲ ਜੇਲ੍ਹ ਵਿਚ ਆਏ ਤੇ ਜੇਲ੍ਹ ਦਾ ਮੁਆਇਨਾ ਕੀਤਾ, ਜਿਸ ਦੌਰਾਨ ਸਾਰੇ ਬੰਦੀਆਂ ਨੂੰ ਆਪਣੇ-ਆਪਣੇ ਵਾਰਡ ਵਿਚ ਬੰਦ ਕਰ ਦਿੱਤਾ ਗਿਆ। ਅਤੇ ਉਨ੍ਹਾਂ ਹੀ ਲੋਕਾਂ ਦੇ ਰੂ-ਬਰੂ ਕਰਵਾਇਆ ਗਿਆ ਜੋ ਜੇਲ੍ਹ ਪ੍ਰਸ਼ਾਸਨ ਦੀ ਦਲਾਲੀ ਕਰਦੇ ਹਨ। ਬਾਕੀ ਸਾਡੇ ਵਰਗੇ ਸਧਾਰਨ ਬੰਦੀ ਤਾਂ ਕਦੇ ਵੀ ਉਨ੍ਹਾਂ ਦੇ ਸਾਹਮਣੇ ਨਹੀਂ ਲਿਆਂਦੇ ਜਾਂਦੇ।

ਮੈਂ ਇਸ ਜੇਲ੍ਹ ਵਿਚ ਵਿਆਪਕ ਭ੍ਰਿਸ਼ਟਾਚਾਰ ਤੇ ਬੰਦੀਆਂ ਦੇ ਸ਼ੋਸ਼ਣ ਤੇ ਜਬਰ-ਤਸ਼ੱਦਦ ਬਾਰੇ ਇੱਕ ਦਰਖ਼ਾਸਤ ਪਟਨਾ ਡੀ.ਐਮ. ਨੂੰ 15 ਦਸੰਬਰ 2025 ਨੂੰ ਭੇਜੀ ਹੈ, ਜਿਸਦੀ ਕਾਪੀ ਬਿਹਾਰ ਦੇ ਉਪ-ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸਮਰਾਟ ਚੌਧਰੀ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੂੰ ਵੀ ਭੇਜੀ ਹੈ, ਜਿਸ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

ਜੇਲ੍ਹ ਦਾ ਭ੍ਰਿਸ਼ਟਾਚਾਰ ਸਿਖਰ 'ਤੇ ਹੈ, ਇਸਨੂੰ ਚਾਲੂ ਰੱਖਣ ਲਈ ਆਵਾਜ਼ ਉਠਾਉਣ ਵਾਲੇ ਬੰਦੀਆਂ ਦੇ ਹੱਕ ਖੋਹੇ ਜਾਂਦੇ ਹਨ ਅਤੇ ਕਿਉਂਕਿ ਇਨ੍ਹਾਂ 'ਤੇ ਕਦੇ ਰੋਕ ਨਹੀਂ ਲੱਗਦੀ, ਇਸ ਲਈ ਬੇਖ਼ੌਫ਼ ਹੋ ਕੇ ਇਹ ਭ੍ਰਿਸ਼ਟਾਚਾਰ ਵਿਚ ਗ੍ਰਸੇ ਹੋਏ ਹਨ। ਉੱਝ ਵੀ ਜੇਲ੍ਹ ਵਿਚ ਇਹ ਗੱਲ ਪ੍ਰਚਲਤ ਹੈ ਕਿ ਜੇਲ੍ਹ ਪ੍ਰਸ਼ਾਸਨ ਆਪਣੇ ਭ੍ਰਿਸ਼ਟਾਚਾਰ ਦੀ ਕਮਾਈ ਦਾ ਇੱਕ ਵੱਡਾ ਹਿੱਸਾ ਮੰਤਰੀਆਂ ਤੇ ਸੀਨੀਅਰ ਅਧਿਕਾਰੀਆਂ ਨੂੰ ਵੀ ਦਿੰਦਾ ਹੈ, ਇਸ ਲਈ ਉਹ ਕੋਈ ਕਾਰਵਾਈ ਨਹੀਂ ਕਰਦੇ। ਫਿਰ ਵੀ ਜੇ ਕੋਈ ਜਾਂਚ ਟੀਮ ਆ ਵੀ ਜਾਵੇ, ਤਾਂ ਮੋਟੀ ਰਕਮ ਦੇ ਕੇ ਜੇਲ੍ਹ ਪ੍ਰਸ਼ਾਸਨ ਸਭ ਕੁਝ ਮੈਨੇਜ ਕਰ ਲੈਂਦਾ ਹੈ।

ਮੈਂ ਕੁਝ ਮਹੀਨਿਆਂ ਤੋਂ ਉੱਚ (ਬੈਡ) ਕੋਲੈਸਟ੍ਰੋਲ, ਹਾਈ ਟਰਾਈਗਲਿਸਰਾਈਡਜ਼, ਐਲਰਜੀ, ਐੱਲ 5 ਡਿਸਕ ਸਲਿਪ ਤੇ ਯਾਦਦਾਸ਼ਤ ਘਟਣ ਦੀਆਂ ਸਮੱਸਿਆਵਾਂ ਤੋਂ ਪੀੜਿਤ ਹਾਂ। ਪਟਨਾ ਦੀ ਸਪੈਸ਼ਲ ਐੱਨਆਈਏ ਕੋਰਟ ਦੁਆਰਾ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਦੇ ਸੁਪਰਡੈਂਟ ਨੂੰ ਮੇਰੇ ਇਲਾਜ ਲਈ 11 ਦਸੰਬਰ 2025 ਨੂੰ ਲਿਖਤੀ ਹੁਕਮ ਦਿੱਤਾ ਗਿਆ ਹੈ ਪਰ ਜੇਲ੍ਹ ਪ੍ਰਸ਼ਾਸਨ ਦੁਆਰਾ ਅਜੇ ਤੱਕ ਕੋਈ ਇਲਾਜ ਨਹੀਂ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ 01 ਨਵੰਬਰ 2025 ਨੂੰ ਵੀ ਜੇਲ੍ਹ ਪ੍ਰਸ਼ਾਸਨ ਨੂੰ ਕੋਰਟ ਦੁਆਰਾ ਇਲਾਜ ਲਈ ਹੁਕਮ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਵੀ ਸਿਹਤ ਸਮੱਸਿਆ ਨੂੰ ਲੈ ਕੇ ਕੋਰਟ ਵਿਚ ਅਰਜ਼ੀਆਂ ਲਗਾਈਆਂ ਸਨ, ਉਦੋਂ ਮੈਂ ਭਾਗਲਪੁਰ ਸ਼ਹੀਦ ਜੁੱਬਾ ਸਾਹਨੀ ਸੈਂਟਰਲ ਜੇਲ੍ਹ ਵਿਚ ਸੀ। ਉੱਥੇ ਅਦਾਲਤ ਵੱਲੋਂ ਹੁਕਮ ਹੋਣ ਤੋਂ ਬਾਅਦ ਤੇ ਸਿਹਤ ਸਮੱਸਿਆ ਨੂੰ ਲੰਮੇ ਸਮੇਂ ਤੱਕ ਝੱਲਣ ਤੋਂ ਬਾਅਦ ਹੀ ਮੈਨੂੰ ਹਸਪਤਾਲ ਵਿਚ ਦਿਖਾਇਆ ਗਿਆ ਸੀ। ਪਰ ਬੇਊਰ ਜੇਲ੍ਹ ਪ੍ਰਸ਼ਾਸਨ ਉਸ ਤੋਂ ਵੀ ਅੱਗੇ ਨਿਕਲ ਚੁੱਕਾ ਹੈ, ਲੰਮੇ ਸਮੇਂ ਤੇ ਦੋ-ਦੋ ਵਾਰ ਅਦਾਲਤੀ ਹੁਕਮ ਜਾਰੀ ਹੋਣ ਦੇ ਬਾਅਦ ਵੀ ਇਨ੍ਹਾਂ ਦੇ ਕੰਨਾਂ

(ਬਾਕੀ ਅਗਲੇ ਸਫੇ 'ਤੇ)

ਅਮਰੀਕਾ ਵਿਚ ਸੰਘ ਲਈ ਲਾਬਿੰਗ ਠੱਪ ਪਰ ਭੁਗਤਾਨ ਬਾਰੇ ਸਵਾਲ ਬਰਕਰਾਰ

ਹਾਲ ਹੀ ਵਿਚ ਪ੍ਰਿਜ਼ਮਰਿਪੋਰਟਸ ਦੀ ਜਾਂਚ ਨੇ ਖ਼ੁਲਾਸਾ ਕੀਤਾ ਹੈ ਕਿ ਸਕਵਾਇਰ ਪੈਟਨ ਬੌਗਸ ਫਰਮ ਨੇ ਆਰਐੱਸਐੱਸ ਵੱਲੋਂ ਅਮਰੀਕੀ ਕਾਂਗਰਸ ਵਿਚ ਆਪਣੀ ਲਾਬਿੰਗ ਮੁਹਿੰਮ ਸਮਾਪਤ ਕਰ ਦਿੱਤੀ ਹੈ। ਜਾਂਚ ਵਿਚ ਸੰਘ ਦੀਆਂ ਪੈਰਵੀ ਗਤੀਵਿਧੀਆਂ ਦਾ ਖ਼ੁਲਾਸਾ ਹੋਣ ਦੇ ਕੁਝ ਹਫ਼ਤਿਆਂ ਬਾਅਦ ਹੀ ਉਪਰੋਕਤ ਫਰਮ ਵੱਲੋਂ ਅਜਿਹਾ ਕੀਤਾ ਗਿਆ। ਪਰ ਭੁਗਤਾਨ ਨਾਲ ਜੁੜੇ ਸਵਾਲਾਂ ਬਾਰੇ ਅਜੇ ਵੀ ਕੋਈ ਸਪਸ਼ਟਤਾ ਨਹੀਂ ਹੈ।

ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਵੱਲੋਂ ਅਮਰੀਕੀ ਕਾਂਗਰਸ ਵਿਚ ਟਰੰਪ ਪ੍ਰਸ਼ਾਸਨ ਅਤੇ ਅਮਰੀਕੀ ਸੈਨੇਟਰਾਂ ਦੇ ਦਰਮਿਆਨ ਲਾਬਿੰਗ ਮੁਹਿੰਮ ਸਮਾਪਤ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਅਮਰੀਕੀ ਲਾਬਿੰਗ ਫਰਮ ਸਕਵਾਇਰ ਪੈਟਨ ਬੋਗਸ (**ਤੁਰਿਏ ਫਅਟਟੋਨ ਭੋਗਗਸ**) ਵੱਲੋਂ ਫ਼ਾਈਲ ਕੀਤੇ ਦਸਤਾਵੇਜ਼ਾਂ ਤੋਂ ਸਾਹਮਣੇ ਆਈ ਹੈ। ਪ੍ਰਿਜ਼ਮਰਿਪੋਰਟਸ ਦੀ 29 ਜਨਵਰੀ 2026 ਨੂੰ ਪ੍ਰਕਾਸ਼ਿਤ ਇੱਕ ਜਾਂਚ ਰਿਪੋਰਟ ਦੇ ਅਨੁਸਾਰ, ਆਰਐੱਸਐੱਸ ਵੱਲੋਂ ਅਮਰੀਕੀ ਕਾਂਗਰਸ ਦੇ ਮੈਂਬਰਾਂ ਨੂੰ ਪ੍ਰਭਾਵਿਤ ਕਰਨ ਲਈ ਪਿਛਲੇ ਸਾਲ ਸ਼ੁਰੂ ਕੀਤੀ ਗਈ ਇਸ ਪਹਿਲੀ ਗਿਆਤ ਲਾਬਿੰਗ ਮੁਹਿੰਮ ਦਾ ਹੁਣ ਭੋਗ ਪੈ ਚੁੱਕਾ ਹੈ। ਸਕਵਾਇਰ

ਬੂਟਾ ਸਿੰਘ ਮਹਿਮੂਦਪੁਰ

ਪੈਟਨ ਬੌਗਸ ਵੱਲੋਂ ਪ੍ਰਿਜ਼ਮਰਿਪੋਰਟਸ ਦੀ ਨਵੰਬਰ 2025 ਦੀ ਜਾਂਚ ਰਿਪੋਰਟ ਦੇ ਕੁਝ ਹਫ਼ਤਿਆਂ ਬਾਅਦ ਹੀ ਇਹ ਮੁਹਿੰਮ ਸਮਾਪਤ ਕਰ ਦਿੱਤੀ ਗਈ। ਮੁਕੰਮਲ ਸੇਵਾਵਾਂ ਦੇਣ ਵਾਲੀ ਇਹ ਆਲਮੀ ਲਾਅ ਫਰਮ ਕਾਨੂੰਨ, ਕਾਰੋਬਾਰ ਅਤੇ ਨੀਤੀ ਦੇ ਮੋਹਰੀ ਖੇਤਰਾਂ ਵਿਚ ਕੰਮ ਕਰਦੀ ਹੈ।

ਇਹ ਕੋਈ ਮਾਮੂਲੀ ਖ਼ਬਰ ਨਹੀਂ ਹੈ। ਭਾਰਤੀ ਮੀਡੀਆ ਵਿਚ ਇਹ ਖ਼ਬਰ ਤੁਹਾਨੂੰ ਨਹੀਂ ਮਿਲੇਗੀ। ਪ੍ਰਿੰਸਟਨ ਯੂਨੀਵਰਸਿਟੀ ਵਿਚ ਪ੍ਰੋਫੈਸਰ ਔਡਰੇ ਟਰੁਸ਼ਕੇ (**ਉਦਰਏਠਰੁਸਚਹਕਏ**) ਨੇ ਪਲੇਟਫਾਰਮ ਐਕਸ 'ਤੇ ਲਿਖਿਆ ਹੈ— 'ਇੱਥੇ ਕਈ ਸਵਾਲ ਅਣਸੁਲਝੇ ਹਨ। ਇਸ ਲਈ ਆਰਐੱਸਐੱਸ ਨੇ ਭੁਗਤਾਨ ਕਿਵੇਂ ਕੀਤਾ? ਅਮਰੀਕੀ ਫਰਮ ਨੇ ਐਫ਼ਏਆਰਏ (**ਾਂਰੲਗਿਨ ੳਗੲਨਟਸ੍ਰੲਗਿਸਟਰਅਟੋਿਨ ੳਚਟ**) ਦੇ ਤਹਿਤ ਰਜਿਸਟ੍ਰੇਸ਼ਨ ਕਿਉਂ ਨਹੀਂ ਕਰਾਈ? ਫਰਮ ਅਜੇ ਵੀ ਲਾਜ਼ਮੀ ਕਾਨੂੰਨੀ ਚੀਜ਼ਾਂ ਤੋਂ ਕਿਉਂ ਬਚ ਰਹੀ ਹੈ? ਉਨ੍ਹਾਂ ਨੇ ਮੈਨੂੰ ਈਮੇਲ ਕਿਉਂ ਭੇਜਿਆ?'

ਪ੍ਰਿਜ਼ਮਰਿਪੋਰਟਸ ਦੇ ਮੁਤਾਬਕ ਜਨਵਰੀ 2025 ਵਿਚ ਸਕਵਾਇਰ ਪੈਟਨ ਬੌਗਸ ਨੇ ਆਰਐੱਸਐੱਸ ਵੱਲੋਂ ਲਾਬਿੰਗ ਸ਼ੁਰੂ ਕੀਤੀ ਸੀ। ਫਰਮ ਨੂੰ ਸਾਲ 2025 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿਚ ਕੁੱਲ 3.3 ਲੱਖ ਡਾਲਰ ਮਿਲੇ ਸਨ। ਲਾਬਿੰਗ ਦਾ ਮੁੱਖ ਉਦੇਸ਼ 'ਅਮਰੀਕਾ-ਭਾਰਤ ਦੁਵੱਲੇ ਸੰਬੰਧਾਂ' ਉੱਤੇ ਕੰਮ ਕਰਨਾ ਅਤੇ 'ਅਮਰੀਕੀ ਅਧਿਕਾਰੀਆਂ ਨੂੰ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਤੋਂ ਜਾਣੂ ਕਰਾਉਣਾ' ਸੀ।

ਪ੍ਰਿਜ਼ਮ ਦੀ ਜਾਂਚ ਤੋਂ ਬਾਅਦ ਦਸੰਬਰ 2025 ਵਿਚ ਫਰਮ ਨੇ ਆਪਣੀ ਲਾਬਿੰਗ ਰਜਿਸਟ੍ਰੇਸ਼ਨ ਅਤੇ ਤਿਮਾਹੀ ਰਿਪੋਰਟਾਂ ਵਿਚ ਸੋਧਾਂ ਕੀਤੀਆਂ। ਪਹਿਲਾਂ ਰਿਪੋਰਟਾਂ ਵਿਚ ਗਾਹਕ (ਕਲਾਇੰਟ) ਦੇ ਤੌਰ 'ਤੇ ਸਟੇਟ ਸਟ੍ਰੀਟ ਸਟ੍ਰੈਟਜੀਜ਼ (ਜੋ ਵਨ+ਸਟ੍ਰੈਟਜੀਜ਼ ਦੇ ਨਾਂ ਨਾਲ ਵੀ ਕੰਮ ਕਰਦੀ ਹੈ) ਦੇ ਵੱਲੋਂ ਆਰਐੱਸਐੱਸ ਦਾ ਜ਼ਿਕਰ ਸੀ, ਪਰ ਸੋਧੇ ਹੋਏ ਦਸਤਾਵੇਜ਼ਾਂ ਵਿਚ ਆਰਐੱਸਐੱਸ ਦਾ ਨਾਂ ਹਟਾ ਕੇ ਇੱਕ ਵਿਅਕਤੀ ਵਿਵੇਕ ਸ਼ਰਮਾ ਨੂੰ ਕਲਾਇੰਟ ਬਣਾਇਆ ਗਿਆ। ਤੀਜੀ ਤਿਮਾਹੀ ਦੀ ਰਿਪੋਰਟ ਨੂੰ ਸੋਧ ਕੇ ਸਮਾਪਤੀ ਰਿਪੋਰਟ ਬਣਾ ਦਿੱਤੀ ਗਈ, ਜਿਸ ਦੀ ਸਮਾਪਤੀ ਦੀ ਤਾਰੀਕ 30 ਸਤੰਬਰ 2025 ਦੱਸੀ ਗਈ, ਹਾਲਾਂਕਿ ਦਸਤਾਵੇਜ਼ 29 ਦਸੰਬਰ 2025 ਨੂੰ ਫ਼ਾਈਲ ਕੀਤਾ ਗਿਆ।

ਆਰਐੱਸਐੱਸ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਸੰਘ ਦੇ ਬੁਲਾਰੇ ਸੁਨੀਲ ਅੰਬੇਕਰ ਨੇ ਕਿਹਾ ਸੀ ਕਿ 'ਰਾਸ਼ਟਰੀ ਸੋਇਮਸੇਵਕ ਸੰਘ ਭਾਰਤ ਵਿਚ ਕੰਮ ਕਰਦਾ ਹੈ ਅਤੇ ਉਸਨੇ ਅਮਰੀਕਾ ਵਿਚ ਕਿਸੇ ਲਾਬਿੰਗ ਫਰਮ ਨੂੰ ਨਿਯੁਕਤ ਨਹੀਂ ਕੀਤਾ ਹੈ।' ਪਰ ਵਿਸ਼ੇਸ਼ਗਾਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਆਰਐੱਸਐੱਸ ਨੇ ਫਾਰੇਨ ਏਜੈਂਟਸ ਰਜਿਸਟ੍ਰੇਸ਼ਨ ਐਕਟ (**ਾਂੂੳ**) ਦੇ ਤਹਿਤ ਰਜਿਸਟ੍ਰੇਸ਼ਨ ਨਹੀਂ ਕਰਾਈ, ਜੋ ਬਦੇਸ਼ੀ ਹਿਤਾਂ ਵੱਲੋਂ ਕੰਮ ਕਰਨ ਵਾਲਿਆਂ ਲਈ ਪਾਰਦਰਸ਼ਤਾ ਯਕੀਨੀ ਬਣਾਉਂਦਾ ਹੈ।

ਪ੍ਰਿਜ਼ਮ ਰਿਪੋਰਟ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ। ਭਾਰਤ ਵਿਚ ਵਿਰੋਧੀ-ਧਿਰ ਦੇ ਆਗੂਆਂ ਨੇ ਆਰਐੱਸਐੱਸ ਦੀ ਅਮਰੀਕੀ ਲਾਬਿੰਗ 'ਤੇ ਸਵਾਲ ਉਠਾਏ ਅਤੇ ਜਾਂਚ ਦੀ ਮੰਗ ਕੀਤੀ। ਕੁਝ ਭਾਰਤੀ ਨਿਊਜ਼ ਮੀਡੀਆ ਵੱਲੋਂ ਇਸ ਮੁਹਿੰਮ ਉੱਪਰ ਸਵਾਲ ਉਠਾਉਂਦਿਆਂ ਸੰਪਾਦਕੀ ਵੀ ਲਿਖੇ ਗਏ ਅਤੇ ਇਸ ਨੂੰ 'ਚਿੰਤਾਜਨਕ ਅਤੇ ਭਾਰਤੀ ਹਿਤਾਂ, ਲੋਕਤੰਤਰ ਅਤੇ ਵਿਸ਼ਵਾਸਯੋਗਤਾ ਲਈ ਸੰਭਾਵੀ ਤੌਰ 'ਤੇ ਨੁਕਸਾਨਦੇਹ' ਦੱਸਿਆ ਗਿਆ। ਆਲੋਚਨਾ ਕਰਨ ਵਾਲਿਆਂ ਦਾ ਇਕ ਸਰੋਕਾਰ ਇਹ ਵੀ ਹੈ ਕਿ ਇਹ ਫਰਮ ਉਸੇ ਸਮੇਂ ਪਾਕਿਸਤਾਨੀ ਸਰਕਾਰ ਵੱਲੋਂ ਵੀ ਲਾਬਿੰਗ ਕਰ ਰਹੀ ਸੀ ਜੋ ਉਨ੍ਹਾਂ ਮੁਤਾਬਿਕ ਦੋਹਾਂ ਮੁਲਕਾਂ ਵਿਚਾਲੇ ਚੱਲ ਰਹੇ ਟਕਰਾਅ ਦਰਮਿਆਨ ਸੰਵੇਦਨਸ਼ੀਲ ਸੁਰੱਖਿਆ ਸਰੋਕਾਰ ਹੈ। ਆਰਐੱਸਐੱਸ, ਜੋ 1925 ਵਿਚ ਸਥਾਪਤ ਕੀਤੀ ਗਈ ਭਾਰਤ ਦੀ ਸਭ ਤੋਂ ਵੱਡੀ ਹਿੰਦੂ ਰਾਸ਼ਟਰਵਾਦੀ ਜਥੇਬੰਦੀ ਹੈ, ਸੰਨ 2025 ਵਿਚ ਆਪਣਾ ਸ਼ਤਾਬਦੀ ਵਰ੍ਹਾ ਮਨਾ ਰਹੀ ਸੀ। ਇਸ ਜਥੇਬੰਦੀ ਨੂੰ ਭਾਜਪਾ ਦਾ ਵਿਚਾਰਧਾਰਾਤਮਕ ਸਰੋਤ ਮੰਨਿਆ ਜਾਂਦਾ ਹੈ, ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਨਾਲ ਜੁੜੇ ਰਹੇ ਹਨ। ਇਸ ਦੇ ਪੈਰੋਕਾਰਾਂ ਉੱਪਰ ਮੁਸਲਮਾਨਾਂ ਅਤੇ ਹੋਰ ਘੱਟ-ਗਿਣਤੀਆਂ ਨਾਲ ਧਰਮ ਦੇ ਆਧਾਰ 'ਤੇ ਵਿਤਕਰਾ ਕਰਦੇ ਹੋਏ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਵਿਰੁੱਧ ਹਿੰਸਾ ਕਰਨ ਦੇ ਇਲਜ਼ਾਮ ਲਗਾਤਾਰ ਲੱਗਦੇ ਰਹਿੰਦੇ ਹਨ।

ਪਿਛਲੇ ਸਾਲ ਨਵੰਬਰ ਵਿਚ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਆਪਣਾ ਪੱਖ ਇਸ ਤਰ੍ਹਾਂ ਪੇਸ਼ ਕੀਤਾ: 'ਸਾਨੂੰ ਵਿਅਕਤੀਆਂ ਦੇ ਇਕ ਸਮੂਹ ਦੇ ਰੂਪ ਵਿਚ ਵਰਗੀਕਰਨ ਕੀਤਾ ਜਾਂਦਾ ਹੈ ਅਤੇ ਅਸੀਂ ਇਕ ਮਾਨਤਾ ਪ੍ਰਾਪਤ ਸੰਗਠਨ ਹਾਂ।' ਆਰਐੱਸਐੱਸ ਦੇ ਤਰਜ਼ਮਾਨ ਆਰਗੇਨਾਈਜ਼ਰ ਨੇ ਇਕ ਲੇਖ ਵੀ ਛਾਪਿਆ, ਜਿਸ ਵਿਚ ਸੰਸਥਾ ਦੀਆਂ ਲਾਬਿੰਗ ਕੋਸ਼ਿਸ਼ਾਂ ਦਾ ਤੱਥ ਸਵੀਕਾਰ ਕੀਤਾ ਗਿਆ। ਲੇਖ ਵਿਚ ਦਾਅਵਾ ਕੀਤਾ ਗਿਆ, 'ਐੱਲਡੀਏ ਦੇ ਤਹਿਤ ਆਰਐੱਸਐੱਸ ਦੀ ਪਹੁੰਚ ਪੂਰੀ ਤਰ੍ਹਾਂ ਜਨਤਕ ਰੂਪ ਵਿਚ ਐਲਾਨੀਆ ਹੈ ਅਤੇ ਇਹ ਉਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੇ ਮਾਡਲ

ਨੂੰ ਦਰਸਾਉਂਦੀ ਹੈ ਜਿਸਦੀ ਵਰਤੋਂ ਬੇਸ਼ੁਮਾਰ ਸੱਭਿਆਚਾਰਕ ਅਤੇ ਆਸਥਾ ਆਧਾਰਤ ਜਥੇਬੰਦੀਆਂ ਕਰਦੀਆਂ ਹਨ।' ਪਰ ਜਦੋਂ ਪ੍ਰਿਜ਼ਮ ਦੀ ਉਪਰੋਕਤ ਜਾਂਚ ਰਿਪੋਰਟ ਦੇ ਇਕ ਰਿਪੋਰਟਰ ਨੇ ਆਪਾਵਿਰੋਧੀ ਬਿਆਨਾਂ ਉੱਪਰ ਉਂਗਲ ਰੱਖੀ ਤਾਂ ਬਾਅਦ ਵਿਚ ਆਰਗੇਨਾਈਜ਼ਰ ਦਾ ਇਹ ਲੇਖ ਹਟਾ ਦਿੱਤਾ ਗਿਆ।

ਅਮਰੀਕੀ ਲਾਬਿੰਗ ਡਿਸਕਲੋਜ਼ਰ ਐਕਟ ਦੇ ਤਹਿਤ ਫ਼ਾਈਲ ਕੀਤੇ ਦਸਤਾਵੇਜ਼ਾਂ ਤੋਂ ਇਹ ਸਪਸ਼ਟ ਹੋਇਆ ਹੈ ਕਿ ਆਰਐੱਸਐੱਸ ਹੁਣ ਅਮਰੀਕਾ ਵਿਚ ਲਾਬਿਸਟਾਂ ਨਾਲ ਕੰਮ ਨਹੀਂ ਕਰ ਰਹੀ ਹੈ, ਪਰ ਭੁਗਤਾਨ ਅਤੇ ਹੋਰ ਪਹਿਲੂਆਂ ਨੂੰ ਲੈ ਕੇ ਸਵਾਲ ਹੁਣ ਵੀ ਬਰਕਰਾਰ ਹਨ।

ਆਰਐੱਸਐੱਸ ਨੇ ਲਾਬਿੰਗ ਲਈ ਭੁਗਤਾਨ ਕਿਵੇਂ ਕੀਤਾ?

ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਦੀ ਅਮਰੀਕੀ ਲਾਬਿੰਗ ਲਈ ਸਕਵਾਇਰ ਪੈਟਨ ਬੌਗਸ ਫਰਮ ਨੂੰ ਸਾਲ 2025 ਦੀ ਪਹਿਲੀਆਂ ਤਿੰਨ ਤਿਮਾਹੀਆਂ ਵਿਚ ਕੁੱਲ 3.3 ਲੱਖ ਡਾਲਰ ਦਾ ਭੁਗਤਾਨ ਕੀਤਾ ਗਿਆ। ਇਸ ਵਿਚ ਪਹਿਲੀ ਤਿਮਾਹੀ ਵਿਚ 1.2 ਲੱਖ ਡਾਲਰ (ਇਹ 15 ਅਪ੍ਰੈਲ ਨੂੰ ਐਲਾਨਿਆ ਗਿਆ), ਦੂਜੀ ਵਿਚ 1 ਲੱਖ ਡਾਲਰ (11 ਜੁਲਾਈ ਨੂੰ ਐਲਾਨਿਆ ਗਿਆ), ਅਤੇ ਤੀਜੀ ਵਿਚ 1.1 ਲੱਖ ਡਾਲਰ (16 ਅਕਤੂਬਰ ਨੂੰ ਐਲਾਨਿਆ ਗਿਆ) ਸ਼ਾਮਲ ਸਨ।

ਇਹ ਭੁਗਤਾਨ ਅਪ੍ਰਤੱਖ ਤੌਰ 'ਤੇ ਕੀਤੇ ਗਏ ਸਨ: ਫ਼ਾਈਲ ਕੀਤੇ ਮੁੱਢਲੇ ਵੇਰਵਿਆਂ ਵਿਚ ਕਲਾਇੰਟ ਦੇ ਤੌਰ 'ਤੇ ਸਟੇਟ ਸਟ੍ਰੀਟ ਸਟ੍ਰੈਟਜੀਜ਼ (ਜੋ ਵਨ+ ਸਟ੍ਰੈਟਜੀਜ਼ ਦੇ ਨਾਮ ਨਾਲ ਵੀ ਕੰਮ ਕਰਦੀ ਹੈ) ਨੂੰ 'ਆਰਐੱਸਐੱਸ ਦੇ ਵੱਲੋਂ' ਦਿਖਾਇਆ ਗਿਆ ਸੀ। ਇਹ ਵਿਚ-ਵਿਚਾਲੜੀ ਬਣਤਰ ਫੰਡ ਟ੍ਰਾਂਸਫਰ ਕਰਨ ਲਈ ਵਰਤੀ ਗਈ ਜਾਪਦੀ ਹੈ, ਪਰ ਤਰੀਕਾ ਅਜੇ ਵੀ ਅਸਪੱਸ਼ਟ ਹੈ।

ਦਸੰਬਰ 2025 ਵਿਚ ਸੋਧਾਂ ਤੋਂ ਬਾਅਦ ਕਲਾਇੰਟ ਦਾ ਨਾਂ ਬਦਲ ਕੇ ਵਿਵੇਕ ਸ਼ਰਮਾ (ਜੋ ਕੋਹੈਂਸ ਲਾਈਫ਼ਸਾਇੰਸਿਜ਼ ਦੇ ਐਗਜ਼ਿਕਿਊਟਿਵ ਚੇਅਰ ਹਨ ਅਤੇ ਮੈਸਾਚੂਸੇਟਸ ਦੇ ਐਕਟਨ ਦੇ ਰਹਿਣ ਵਾਲੇ ਹਨ।) ਨਾਂ ਦਰਜ ਕਰ ਦਿੱਤਾ ਗਿਆ। ਸ਼ਰਮਾ ਨੂੰ '5,000 ਡਾਲਰ ਤੋਂ ਵੱਧ ਯੋਗਦਾਨ ਦੇਣ ਵਾਲਾ ਅਤੇ ਗਤੀਵਿਧੀਆਂ ਦੀ ਨਿਗਰਾਨੀ ਕਰਨ ਵਾਲਾ' ਦੱਸਿਆ ਗਿਆ।

ਵਿਸ਼ੇਸ਼ਗਾਂ ਦਾ ਮੰਨਣਾ ਹੈ ਕਿ ਫੰਡਿੰਗ ਵਿਚ ਅਮਰੀਕਾ ਸਥਿਤ ਆਰਐੱਸਐੱਸ ਨਾਲ ਜੁੜੀਆਂ ਜਥੇਬੰਦੀਆਂ ਜਿਵੇਂ ਹਿੰਦੂ ਸੋਇਮਸੇਵਕ ਸੰਘ (ਐੱਚਐੱਸਐੱਸ) ਜਾਂ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟਡੀਜ਼ (ਐੱਫਆਈਆਈਡੀਐੱਸ) ਸ਼ਾਮਲ ਹੋ ਸਕਦੇ ਹਨ, ਜਿਨ੍ਹਾਂ ਦਾ ਸਟੇਟਸ ਟੈਕਸ-ਮੁਕਤ ਹੈ ਅਤੇ ਉਹ ਫੰਡ ਟ੍ਰਾਂਸਫਰ ਕਰ ਸਕਦੇ ਹਨ। ਆਰਐੱਸਐੱਸ ਤਾਂ ਖੁਦ ਭਾਰਤ ਵਿਚ ਰਜਿਸਟਰਡ ਨਹੀਂ ਹੈ, ਇਹ ਸੰਸਥਾ ਕੋਈ ਬੈਂਕ ਖ਼ਾਤਾ ਨਾ ਹੋਣ ਦਾ ਦਾਅਵਾ ਕਰਦੀ ਹੈ ਅਤੇ ਕਹਿੰਦੀ ਹੈ ਕਿ ਇਸ ਦਾ ਕਾਰ-ਵਿਹਾਰ ਆਪਣੇ ਮੈਂਬਰਾਂ ਤੋਂ ਪ੍ਰਾਪਤ ਹੋਣ ਵਾਲੀ 'ਗੁਰੂ ਦਕਸ਼ਿਣਾ' (ਦਾਨ) 'ਤੇ ਨਿਰਭਰ ਹੈ। ਇਸ ਤੋਂ ਇਹ ਸਵਾਲ ਉਠਦਾ ਹੈ ਕਿ ਫਿਰ ਬਦੇਸ਼ ਵਿਚ ਫੰਡ ਟ੍ਰਾਂਸਫਰ ਕਿਵੇਂ ਹੋਏ?

ਇਸ ਬਾਰੇ ਵਾਸ਼ਿੰਗਟਨ ਡੀਸੀ ਆਧਾਰਤ ਥਿੰਕ-ਟੈਂਕ, ਜੋ ਆਰਐੱਸਐੱਸ ਦਾ ਆਲੋਚਕ ਹੈ, ਸੈਂਟਰ ਫਾਰ ਦ ਸਟੱਡੀ ਆਫ ਆਰਗੇਨਾਈਜ਼ਡ ਹੇਟ ਦੇ ਰਾਕਿਬ ਹਮੀਦ ਨਾਇਕ ਕਹਿੰਦੇ ਹਨ: 'ਵੱਡਾ ਸਵਾਲ ਅਜੇ ਵੀ ਨਿਰਉੱਤਰ ਹੈ: ਅਮਰੀਕਾ ਵਿਚ ਫਰਮ ਨੂੰ ਭੁਗਤਾਨ ਕਰਨ ਲਈ ਕਿਸ ਜ਼ਰੀਏ ਦਾ ਇਸਤੇਮਾਲ ਕੀਤਾ ਗਿਆ?' ਭਾਰਤ ਵਿਚ ਵਿਰੋਧੀ-ਧਿਰ ਦੇ ਆਗੂ ਅਤੇ ਸਾਬਕਾ ਅਧਿਕਾਰੀ ਈ.ਏ.ਐੱਸ. ਸ਼ਰਮਾ ਨੇ ਸੀਬੀਡੀਟੀ ਅਤੇ ਈਡੀ ਤੋਂ ਇਨ੍ਹਾਂ ਟ੍ਰਾਂਸਫਰ ਦੀ ਜਾਂਚ ਦੀ ਮੰਗ ਕੀਤੀ ਹੈ।

ਅਮਰੀਕੀ ਫਰਮ ਨੇ ਐੱਫਏਆਰਏ ਦੇ ਤਹਿਤ ਰਜਿਸਟ੍ਰੇਸ਼ਨ ਕਿਉਂ ਨਹੀਂ ਕਰਾਈ?

ਸਕਵਾਇਰ ਪੈਟਨ ਬੌਗਸ ਨੇ ਇਸ ਮੁਹਿੰਮ ਨੂੰ ਲਾਬਿੰਗ ਡਿਸਕਲੋਜ਼ਰ ਐਕਟ (ਐੱਲਡੀਏ) ਦੇ ਤਹਿਤ ਰਜਿਸਟਰ ਕੀਤਾ, ਨਾ ਕਿ ਫ਼ੋਰਿਨ ਏਜੈਂਟਸ ਰਜਿਸਟ੍ਰੇਸ਼ਨ ਐਕਟ (ਐੱਫਏਆਰਏ) ਦੇ ਤਹਿਤ। ਐੱਫਏਆਰਏ 1938 ਦਾ ਕਾਨੂੰਨ ਹੈ ਜੋ ਬਦੇਸ਼ੀ ਹਿਤਾਂ ਵੱਲੋਂ ਕੰਮ ਕਰਨ ਵਾਲਿਆਂ ਤੋਂ ਵਿਸਤਾਰ 'ਚ ਪਾਰਦਰਸ਼ਤਾ ਦੀ ਮੰਗ ਕਰਦਾ ਹੈ, ਜਦਕਿ ਐੱਲਡੀਏ ਘੱਟ ਸਖ਼ਤ ਹੈ ਅਤੇ ਇਸ ਵਿਚ ਘੱਟ ਜਾਣਕਾਰੀ (ਜਿਵੇਂ ਈਮੇਲ, ਕਾਲ, ਮੀਟਿੰਗਾਂ ਜਾਂ ਲੇਨ-ਦੇਨ ਦਾ ਵੇਰਵਾ) ਮੰਗੀ ਜਾਂਦੀ ਹੈ।

ਵਿਸ਼ੇਸ਼ਗਾਂ ਦਾ ਕਹਿਣਾ ਹੈ ਕਿ ਐੱਫਏਆਰਏ ਜ਼ਰੂਰੀ ਸੀ ਕਿਉਂਕਿ ਆਰਐੱਸਐੱਸ ਇੱਕ ਬਦੇਸ਼ੀ (ਭਾਰਤ-ਆਧਾਰਤ) ਸੰਸਥਾ ਹੈ ਅਤੇ ਲਾਬਿੰਗ 'ਅਮਰੀਕਾ-ਭਾਰਤ ਦੁਵੱਲੇ ਸੰਬੰਧਾਂ' ਅਤੇ 'ਅਮਰੀਕੀ ਅਧਿਕਾਰੀਆਂ ਨੂੰ ਆਰਐੱਸਐੱਸ ਨਾਲ ਜਾਣੂ ਕਰਵਾਉਣ' 'ਤੇ ਕੇਂਦਰਿਤ ਸੀ— ਇਹ ਕਾਰਵਾਈਆਂ ਐੱਫਏਆਰਏ ਦੇ ਦਾਇਰੇ ਵਿਚ ਆਉਂਦੀਆਂ ਹਨ। ਕੁਇੰਸੀ ਇੰਸਟੀਚਿਊਟ ਦੇ ਬੈਨ ਫ੍ਰੀਮੈਨ ਦਾ ਕਹਿਣਾ ਹੈ: 'ਇਹ ਸਪੱਸ਼ਟ ਤੌਰ 'ਤੇ ਬਦੇਸ਼ੀ ਸੰਸਥਾ ਹੈ... ਉਨ੍ਹਾਂ ਨੂੰ ਬਦੇਸ਼ੀ ਸੰਸਥਾਵਾਂ ਵਾਲੇ ਬਾਕਸ ਵਿਚ 'ਹਾਂ' 'ਤੇ ਨਿਸ਼ਾਨ ਲਾਉਣਾ ਚਾਹੀਦਾ ਸੀ।' ਇੱਥੋਂ ਤੱਕ ਕਿ ਵਿਚ-ਵਿਚਾਲੜੇ (ਵਨ+ਸਟ੍ਰੈਟਜੀਜ਼) ਹੋਣ 'ਤੇ ਵੀ ਅੰਤਮ ਕਲਾਇੰਟ (ਆਰਐੱਸਐੱਸ) ਐੱਫਏਆਰਏ ਨੂੰ ਦਰਸਾਉਂਦਾ ਹੈ। ਅਮਰੀਕਨ ਯੂਨੀਵਰਸਿਟੀ ਦੇ ਪ੍ਰੋਫੈਸਰ ਜੇਮਜ਼ ਥਰਬਰ ਇਸ ਬਾਰੇ ਇਸ ਨਤੀਜੇ 'ਤੇ ਪਹੁੰਚੇ: 'ਆਰਐੱਸਐੱਸ ਨੂੰ ਐੱਫਏਆਰਏ ਦੇ ਤਹਿਤ ਰਜਿਸਟਰ ਹੋਣਾ ਚਾਹੀਦਾ ਸੀ।' ਫਰਮ ਨੇ ਕੋਈ ਜਨਤਕ ਸਪੱਸ਼ਟੀਕਰਨ ਨਹੀਂ ਦਿੱਤਾ, ਪਰ ਆਲੋਚਕ ਇਸਨੂੰ ਜਾਂਚ ਤੋਂ ਬਚਣ ਦੀ ਜਾਣ-ਬੁੱਝ ਕੇ ਕੀਤੀ ਕੋਸ਼ਿਸ਼ ਮੰਨਦੇ ਹਨ। ਜਨਤਕ ਰਿਕਾਰਡ ਵਿਚ ਸਕਵਾਇਰ ਪੈਟਨ ਬੌਗਸ ਜਾਂ ਸੰਬੰਧਤ ਸੰਸਥਾਵਾਂ ਵੱਲੋਂ ਆਰਐੱਸਐੱਸ ਲਈ ਕੋਈ ਐੱਫਏਆਰਏ ਰਜਿਸਟ੍ਰੇਸ਼ਨ ਨਹੀਂ ਹੈ।

ਪ੍ਰਿਜ਼ਮ ਦੀ ਰਿਪੋਰਟ ਤੋਂ ਬਾਅਦ ਅਮਰੀਕੀ ਵਿਚ ਡੈਮੇਜ ਕੰਟਰੋਲ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਮੂਲ ਕਾਨੂੰਨੀ ਚਿੰਤਾਵਾਂ ਬਣੀਆਂ ਹੋਈਆਂ ਹਨ। 23 ਅਤੇ 29 ਦਸੰਬਰ 2025 ਨੂੰ ਫ਼ਾਈਲ ਕੀਤੀਆਂ ਗਈਆਂ ਸੋਧਾਂ ਵਿਚ ਕਲਾਇੰਟ ਵਿਵੇਕ ਸ਼ਰਮਾ ਨੂੰ ਬਣਾ ਦਿੱਤਾ ਗਿਆ ਅਤੇ ਤੀਜੀ ਤਿਮਾਹੀ ਦੀ ਰਿਪੋਰਟ ਨੂੰ ਸਮਾਪਤੀ ਰਿਪੋਰਟ ਵਿਚ ਬਦਲ ਦਿੱਤਾ ਗਿਆ (ਸਮਾਪਤੀ ਤਾਰੀਕ 30 ਸਤੰਬਰ 2025 ਦੱਸੀ ਗਈ, ਹਾਲਾਂਕਿ ਦਸਤਾਵੇਜ਼ ਫ਼ਾਈਲ ਬਾਅਦ ਵਿਚ ਹੋਏ)। ਇਸ ਨਾਲ ਬਦੇਸ਼ੀ ਸੰਬੰਧ ਤਾਂ ਲੁਕ ਜਾਂਦਾ ਹੈ, ਪਰ ਲਾਬਿੰਗ ਨਾਲ ਜੁੜੇ ਮੁੱਦੇ ਉਵੇਂ ਹੀ ਹਨ। ਆਲੋਚਕ ਕਹਿੰਦੇ ਹਨ ਕਿ ਇਹ ਐੱਫਏਆਰਏ ਤੋਂ ਬਚਣ ਦੀ ਕੋਸ਼ਿਸ਼ ਹੈ।

ਅਜੇ ਤੱਕ ਕੋਈ ਐੱਫਏਆਰਏ ਰਜਿਸਟ੍ਰੇਸ਼ਨ ਨਹੀਂ ਹੋਈ, ਅਤੇ ਭੁਗਤਾਨ, ਉਲੰਘਣ ਅਤੇ ਅਮਰੀਕੀ ਸਹਿਯੋਗੀਆਂ ਦੇ ਟੈਕਸ-ਮੁਕਤ ਦਰਜੇ ਉੱਪਰ ਸਵਾਲ ਬਣੇ ਹੋਏ ਹਨ। ਇੱਕ ਪਟੀਸ਼ਨ ਵਿਚ ਅਮਰੀਕੀ ਨਿਆਂ ਵਿਭਾਗ ਤੋਂ ਆਰਐੱਸਐੱਸ, ਸਕਵਾਇਰ ਪੈਟਨ ਬੌਗਸ, ਵਨ+ ਸਟ੍ਰੈਟਜੀਜ਼ ਅਤੇ ਸਹਿਯੋਗੀਆਂ ਵੱਲੋਂ ਕੀਤੀ ਐੱਫਏਆਰਏ ਦੀ ਉਲੰਘਣਾ ਦੀ ਜਾਂਚ ਦੀ ਮੰਗ ਕੀਤੀ ਗਈ ਹੈ।

ਮੂਲ ਸਰੋਤ : ਹਟਟਪਸ:// ਪਰਸਿਮਰਏਪੋਰਟਸੋਰਗ/2026/01/ 29/ਰਸਸ-ਲੋਬਬੇਨਿਗ-ਟੲਰਮਨਿ-ਨਅਟੲਦ/

ਵਿਗਿਆਨਕ ਸੋਚ ਨੂੰ ਪੁੱਠਾ ਗੇੜਾ

(ਸਫਾ 10 ਦਾ ਬਾਕੀ)

ਅਸਲੀਅਤ) 'ਚ ਫ਼ਰਕ ਨਹੀਂ ਕੀਤਾ ਜਾ ਸਕੇਗਾ। ਅੱਧ-ਅਧੂਰੀ ਅੱਧ-ਕੱਚੀ ਸੱਚਾਈ ਫੈਲਾਉਣ ਦਾ ਕੰਮ ਦੇਸ਼ ਦੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਕਰ ਰਹੇ ਹਨ। ਇਹ ਮੰਤਰੀ ਜਦੋਂ ਸਕੂਲ ਦੇ ਬੱਚਿਆਂ ਨੂੰ ਪੁੱਛਦੇ ਹਨ ਕਿ ਦੁਨੀਆ ਦਾ ਸਭ ਤੋਂ ਪਹਿਲਾ ਪੁਲਾੜ ਯਾਤਰੀ ਕੌਣ ਸੀ, ਤਾਂ ਬੱਚਿਆਂ ਨੇ ਜਵਾਬ ਦਿੱਤਾ, 'ਨੀਲ ਆਰਮਸਟਰਾਂਗ' ਤਾਂ ਮੰਤਰੀ ਕਹਿੰਦਾ ਹੈ, 'ਮੈਨੂੰ ਤਾਂ ਲੱਗਦਾ ਹੈ ਹਨੂਮਾਨ ਜੀ ਸਨ।' ਕੀ ਇਹ ਬੱਚਿਆਂ ਨੂੰ ਅੰਧ ਵਿਸ਼ਵਾਸਾਂ ਤੇ ਚਮਤਕਾਰਾਂ 'ਚ ਫਸਾਈ ਰੱਖਣ ਦਾ ਯਤਨ ਨਹੀਂ ਹੈ?

ਅਸਲ ਵਿਚ ਅੱਜ ਦੇ ਹਾਕਮ ਦੇਸ਼ ਦੀ ਵਿਗਿਆਨਕ ਸੋਚ ਨੂੰ ਪੁੱਠਾ ਗੇੜਾ ਦੇ ਕੇ ਆਪਣੇ ਸਵਾਰਥ ਸਿੱਧ ਕਰਨ ਦੇ ਯਤਨ 'ਚ ਹਨ। ਅੱਜ ਸੱਤਾ ਸੱਚ ਦਾ ਸਾਹਮਣਾ ਨਹੀਂ ਕਰ ਰਹੀ, ਲੋਕਾਂ ਨੂੰ ਭੰਬਲਭੂਸੇ 'ਚ ਪਾ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਦੇਸ਼ 'ਚ ਕਾਰਪੋਰੇਟ ਦੀ ਲੁੱਟ ਦਾ ਰਾਹ ਪੱਧਰਾ ਰਹੇ ਅਤੇ ਉਨ੍ਹਾਂ ਦੀ ਗੱਦੀ ਸੁਰੱਖਿਅਤ ਰਹੇ। ਅਮਰੀਕਾ ਦੇ ਪ੍ਰਸਿੱਧ ਲੋਕ ਪੱਖੀ ਚਿੰਤਕ ਨੋਮ ਚੌਮਸਕੀ ਦਾ ਕਥਨ ਭਾਰਤ ਦੇ ਹਾਕਮਾਂ ਉੱਤੇ ਪੂਰਾ ਢੁੱਕਦਾ ਹੈ- 'ਜੇ ਸੱਚ ਤੋਂ ਸੱਤਾ ਨੂੰ ਖ਼ਤਰਾ ਹੋਵੇ, ਤਾਂ ਉਸ ਨੂੰ ਸ਼ੋਰ ਹੇਠ ਦਬਾ ਦਿੱਤਾ ਜਾਵੇਗਾ।'

ਅੱਜ ਜਿੰਨਾ ਸ਼ੋਰ ਰੌਲ਼ਾ-ਰੱਪਾ ਦੇਸ਼ ਵਿਚ ਹਾਕਮਾਂ ਵੱਲੋਂ ਬਹਿਸਾਂ, ਵੱਡੇ ਬਿਆਨਾਂ ਰਾਹੀਂ ਫੈਲਾਇਆ ਜਾ ਰਿਹਾ ਹੈ, ਇਹ ਜਨਤਾ ਨੂੰ ਬੌਂਦਲਾ ਦੇਣ ਵਾਂਗਰ ਹੈ। ਇਹ ਸ਼ੋਰ ਸੱਚ ਨੂੰ ਢੱਕਣ ਦੀ ਕੋਸ਼ਿਸ਼ ਹੈ, ਪਰ ਦੇਸ਼ ਦੇ ਸੂਝਵਾਨ ਲੋਕ ਇਸ ਸੱਤਾ ਨੂੰ ਵੰਗਾਰਨ ਦੀ ਸਮਰੱਥਾ ਰੱਖਦੇ ਹਨ। ਵਿਗਿਆਨਕ ਸੋਚ, ਤਰਕ ਅਤੇ ਅਜ਼ਾਦ ਚੇਤਨਾ ਤੋਂ ਬਿਨਾਂ ਨਾ ਸਮਾਜ ਅੱਗੇ ਵਧ ਸਕਦਾ ਹੈ ਅਤੇ ਨਾ ਹੀ ਲੋਕਤੰਤਰ ਜਿਊਂਦਾ ਰਹਿ ਸਕਦਾ ਹੈ।

ਮੈਂ ਗਣਤੰਤਰ ਦਾ ਬੰਦੀ ਪੱਤਰਕਾਰ ਬੋਲ ਰਿਹਾਂ...

(ਪਿਛਲੇ ਸਫੇ ਦਾ ਬਾਕੀ)

'ਤੇ ਜੂੰ ਤੱਕ ਨਹੀਂ ਸਰਕੀ।

ਇਹ ਕੋਈ ਨਵੀਂ ਗੱਲ ਨਹੀਂ ਹੈ। ਮੇਰੇ ਏਨੇ ਸਾਲਾਂ ਦਾ ਅਨੁਭਵ ਇਹੀ ਕਹਿੰਦਾ ਹੈ ਕਿ ਕਿਸੇ ਕੇਸ ਵਿਚ ਅਦਾਲਤ ਦਾ ਹੁਕਮ ਹੋਣ ਤੋਂ ਬਾਅਦ ਵੀ ਜੇਲ੍ਹ ਪ੍ਰਸ਼ਾਸਨ ਅਕਸਰ ਉਸਦਾ ਪਾਲਣ ਨਹੀਂ ਕਰਦੀ ਤੇ ਵਾਰ-ਵਾਰ ਹੁਕਮ ਦੇ ਕੇ ਕੋਰਟ ਵੀ ਥੱਕ ਜਾਂਦੀ ਹੈ। ਇਸ ਤਰ੍ਹਾਂ ਬੰਦੀਆਂ ਦੇ ਬਹੁਤ ਸਾਰੇ ਕੇਸ ਲੰਮੇ ਸਮੇਂ ਤੱਕ ਲਟਕੇ ਹੀ ਰਹਿ ਜਾਂਦੇ ਹਨ ਜਾਂ ਫਿਰ ਇੱਕ ਥਕਾਊ ਅਰਸੇ ਤੋਂ ਬਾਅਦ ਅਮਲ ਵਿਚ ਆਉਂਦੇ ਹਨ। ਪੂਰੇ ਮੁਲਕ ਦੀਆਂ ਅਦਾਲਤਾਂ ਲਈ ਅਜਿਹਾ ਕੋਈ ਖੇਤਰਾਧਿਕਾਰ ਨਹੀਂ ਹੈ ਜੋ ਜੇਲ੍ਹ ਦੀਆਂ ਮਨਮਾਨੀਆਂ ਉੱਪਰ ਅਦਾਲਤ ਦੀ ਅਥਾਰਟੀ ਸਥਾਪਤ ਕਰ ਸਕੇ ਤੇ ਜੇਲ੍ਹਾਂ ਦੇ ਬੰਦੀਆਂ ਦੇ ਹੱਕਾਂ ਨੂੰ ਬਚਾ ਸਕੇ।

ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਦੇ ਸੁਪਰਡੈਂਟ ਦੀ ਤਾਨਾਸ਼ਾਹੀ ਤਾਂ ਇਸ ਹੱਦ ਤੱਕ ਹੈ ਕਿ ਉਹ ਬੰਦੀਆਂ ਦੁਆਰਾ ਅਦਾਲਤ ਦੇ ਨਾਂ ਭੇਜੀਆਂ ਅਰਜ਼ੀਆਂ ਨੂੰ ਵੀ ਅਦਾਲਤ ਨੂੰ ਨਹੀਂ ਭੇਜਦਾ। ਬੰਦੀਆਂ ਨੂੰ 'ਬੰਦੀ ਅਰਜ਼ੀ-ਪੱਤਰ' ਦੇਣ ਤੋਂ ਸਾਫ਼ ਇਨਕਾਰ ਕਰ ਦਿੰਦਾ ਹੈ। 74 ਸਾਲਾ ਮਾਓਵਾਦੀ ਆਗੂ ਪ੍ਰਮੋਦ ਮਿਸ਼ਰਾ ਸੈੱਲ ਵਿਚ ਮੇਰੇ ਕਮਰੇ ਦੇ ਨਾਲ ਵਾਲੇ ਕਮਰੇ ਵਿਚ ਹੀ ਹਨ, ਉਨ੍ਹਾਂ ਨੇ ਦਸੰਬਰ 2025 ਵਿਚ 'ਬੰਦੀ ਅਰਜ਼ੀ-ਪੱਤਰ' 'ਤੇ ਸਪੈਸ਼ਲ ਐੱਨਆਈਏ ਕੋਰਟ, ਪਟਨਾ, ਸਪੈਸ਼ਲ ਐੱਨਆਈਏ ਕੋਰਟ, ਰਾਂਚੀ ਤੇ ਪ੍ਰਧਾਨ ਮੰਤਰੀ ਦੇ ਨਾਂ 'ਤੇ ਅਰਜ਼ੀਆਂ ਜੇਲ੍ਹ ਦਫ਼ਤਰ ਨੂੰ ਦਿੱਤੀਆਂ, ਪਰ ਜੇਲ੍ਹ ਪ੍ਰਸ਼ਾਸਨ ਨੇ ਇਨ੍ਹਾਂ ਤਿੰਨਾਂ ਵਿਚੋਂ ਇੱਕ ਵੀ ਅਰਜ਼ੀ ਅੱਗੇ ਨਹੀਂ ਭੇਜੀ।

ਸਿੱਟੇ ਵਜੋਂ, ਉਨ੍ਹਾਂ ਨੇ 26 ਜਨਵਰੀ 2026 ਤੋਂ ਅਣਮਿੱਥੇ ਸਮੇਂ ਲਈ ਭੁੱਖ-ਹੜਤਾਲ ਦਾ ਐਲਾਨ ਕਰ ਦਿੱਤਾ ਹੈ, ਪਰ ਹੁਣ ਉਨ੍ਹਾਂ ਨੂੰ ਬੰਦੀ ਅਰਜ਼ੀ-ਪੱਤਰ ਵੀ ਨਹੀਂ ਦਿੱਤਾ ਜਾ ਰਿਹਾ।

'ਮਧੂਕਰ ਭਗਵਾਨ ਸੰਭਾਲੇ ਬਨਾਮ ਮਹਾਰਾਸ਼ਟਰ ਰਾਜ ਅਤੇ ਹੋਰ' (1987) ਵਿਚ, ਸੁਪਰੀਮ ਕੋਰਟ ਨੇ ਕਿਹਾ ਹੈ ਕਿ 'ਅਸੀਂ ਇਹ ਸਮਝਣ ਵਿਚ ਨਾਕਾਮ ਰਹੇ ਹਾਂ ਕਿ ਕੈਦੀ ਨੂੰ ਜੇਲ੍ਹ ਪ੍ਰਸ਼ਾਸਨ ਦੇ ਖ਼ਿਲਾਫ਼ ਆਪਣੀਆਂ ਸ਼ਿਕਾਇਤਾਂ ਨੂੰ ਆਪਣੀ ਚਿੱਠੀ ਦੇ ਰਾਹੀਂ ਬਾਹਰੀ ਦੁਨੀਆ ਸਾਹਮਣੇ ਕਿਉਂ ਨਹੀਂ ਰੱਖਣਾ ਚਾਹੀਦਾ...। ਦੋਸ਼ਸਿੱਧ ਹੋਣ 'ਤੇ ਜੇਲ੍ਹ ਵਿਚ ਬੰਦ ਹੋਣ ਕਾਰਨ, ਕੈਦੀ ਰਾਜਨੀਤਕ ਤੋਂ ਹੱਕ ਖੋਹੇ ਨਹੀਂ ਜਾਂਦੇ।'

ਕੀ ਇਸ 'ਗਣਤੰਤਰ' ਦੇ ਬੰਦੀਆਂ ਨੂੰ ਸੁਪਰੀਮ ਕੋਰਟ ਦੇ ਕਥਨ ਅਨੁਸਾਰ ਤੇ ਸੰਵਿਧਾਨ ਵਿਚ ਦਿੱਤੇ ਮੌਲਿਕ ਹੱਕ ਕਦੇ ਹਾਸਲ ਹੋਣਗੇ? 'ਜੇਲ੍ਹ ਅਪਵਾਦ ਹੈ ਤੇ ਜ਼ਮਾਨਤ ਨਿਯਮ,' ਕੀ ਇਹ ਕਦੇ ਇਹ ਜ਼ਮੀਨੀਂ ਹਕੀਕਤ ਉੱਪਰ ਸਾਕਾਰ ਹੋਵੇਗਾ ਜਾਂ ਜੇਲ੍ਹਾਂ ਦੇ ਤਸੀਹਾ ਘਰਾਂ ਵਿਚ ਬੰਦੀਆਂ ਨੂੰ ਦਰੜ ਕੇ ਭ੍ਰਿਸ਼ਟ ਅਧਿਕਾਰੀਆਂ ਦੀਆਂ ਪੌਂ-ਬਾਰਾਂ ਇਸੇ ਤਰ੍ਹਾਂ ਚੱਲਦੀਆਂ ਰਹਿਣਗੀਆਂ? ਕੀ ਸੱਚਾ ਗਣਤੰਤਰ ਸਥਾਪਤ ਕਰਨ ਲਈ ਭਾਰਤ ਦਾ ਆਵਾਮ ਸੜਕਾਂ 'ਤੇ ਆਵੇਗਾ? ਇਸਦਾ ਜਵਾਬ ਹੀ 'ਗਣਤੰਤਰ' ਦੇ ਬੰਦੀਆਂ ਦਾ ਭਵਿੱਖ ਤੈਅ ਕਰੇਗਾ।

ਕੌਮੀ ਸਿੱਖਿਆ ਨੀਤੀ-2020 ਦਾ ਵਿਰੋਧ ਕਿਉਂ?

1.ਕੌਮੀ ਸਿੱਖਿਆ ਨੀਤੀ (NEP) 2020 ਮੂਲੋਂ ਹੀ ਗ਼ੈਰ ਜਮਹੂਰੀ ਢੰਗ ਨਾਲ, ਸੰਸਦ 'ਚ ਪੇਸ਼/ਪਾਸ ਕਰੇ ਬਗੈਰ ਹੀ ਲਾਗੂ ਕੀਤੀ ਜਾ ਰਹੀ ਹੈ ਜਦ ਕਿ ਇਸ ਅੰਦਰ ਦਹਾਕਿਆਂ ਤੋਂ ਚੱਲ ਰਹੀ ਸਿੱਖਿਆ ਨੀਤੀ ਨੂੰ ਮੁੱਢੋਂ-ਸੁੱਢੋਂ ਹੀ ਬਦਲਣ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ।

2. NEP-2020 ਨੂੰ ਲਾਗੂ ਕਰਨਾ ਗ਼ੈਰ-ਸੰਵਿਧਾਨਕ ਵੀ ਹੈ ਕਿਉਂਕਿ ਇਹ ਰਾਜਾਂ ਦੇ ਕਾਨੂੰਨੀ ਸੰਵਿਧਾਨਕ ਅਧਿਕਾਰਾਂ ਨੂੰ ਉਲੰਘ ਕੇ ਬਣਾਈ ਗਈ ਹੈ। ਸੰਵਿਧਾਨ ਦੀ ਧਾਰਾ 246 (ਸੱਤਵੀਂ ਸੂਚੀ) ਤਹਿਤ ਸਿੱਖਿਆ ਸਮਵਰਤੀ ਸੂਚੀ 'ਚ ਦਰਜ ਹੈ। ਭਾਵ ਇਹ ਖੇਤਰ ਕੇਂਦਰ ਤੇ ਰਾਜਾਂ ਦੋਹਾਂ ਦੇ ਸਮਾਨ ਅਧਿਕਾਰਾਂ ਦੇ ਦਾਇਰੇ 'ਚ

ਯਸ਼ ਪਾਲ
ਫੋਨ: 98145-35005

ਆਉਂਦਾ ਹੈ। ਇਸ ਪੱਖੋਂ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਪ੍ਰਵਾਨਗੀ ਅਤੇ ਸਭਨਾਂ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਸ਼ਮੂਲੀਅਤ ਵਾਲੇ ਅਦਾਰੇ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ' (**ਛਓਬਓ**) ਦੀ ਰਾਇ ਲਏ ਬਗੈਰ ਹੀ, ਕਰੋਨਾ ਮਹਾਂਮਾਰੀ ਦਾ ਲਾਹਾ ਖੱਟਦਿਆਂ ਤੱਤ-ਭੜੱਥੇ ਓਫ ਨੂੰ ਕੇਵਲ ਕੇਂਦਰੀ ਵਜ਼ਾਰਤ ਦੀ ਮਨਜ਼ੂਰੀ ਰਾਹੀਂ ਲਾਗੂ ਕਰਨਾ ਗੈਰ-ਸੰਵਿਧਾਨਕ ਤੇ ਗ਼ੈਰ-ਕਾਨੂੰਨੀ ਹੈ।

3. ਕੌਮੀ ਸਿੱਖਿਆ ਨੀਤੀ -2020 ਇਸ ਪੱਖੋਂ ਵੀ ਗ਼ੈਰ-ਸੰਵਿਧਾਨਕ ਹੈ ਕਿ ਇਸ ਨੇ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੀ ਉਚੇਰੀ ਸਿੱਖਿਆ ਤੱਕ ਰਾਜਾਂ ਨੂੰ ਸੰਵਿਧਾਨਕ ਤੌਰ 'ਤੇ ਮਿਲੇ ਅਕਾਦਮਿਕ ਤੇ ਸਿੱਖਿਆ ਪੱਧਤੀ ਸੰਬੰਧੀ ਫ਼ੈਸਲੇ ਲੈਣ ਦੇ ਅਧਿਕਾਰਾਂ ਨੂੰ ਖੋਹ ਕੇ, ਪਾਠਕ੍ਰਮ ਪ੍ਰਣਾਲੀ, ਪ੍ਰੀਖਿਆ, ਮੁਲਾਂਕਣ, ਯੋਗਤਾ ਆਦਿ ਦਾ ਕੇਂਦਰੀਕਰਨ ਕਰਕੇ ਇਨ੍ਹਾਂ ਨੂੰ ਕੇਂਦਰੀ ਏਜੰਸੀਆਂ/ਅਦਾਰਿਆਂ ਦੇ ਅਧੀਨ ਕਰ ਦਿੱਤਾ ਹੈ।

4. ਇਹ ਨੀਤੀ ਸੰਵਿਧਾਨ 'ਚ ਦਰਜ 'ਸਮਾਨਤਾ ਦੇ ਬੁਨਿਆਦੀ ਅਧਿਕਾਰ' ਨੂੰ ਜਿਸ ਪ੍ਰਤੀ ਰਾਜ ਪਾਬੰਦ ਹੈ, ਉਲੰਘਦੀ ਹੈ। ਇਹ 10-15 ਕਿੱਲੋਮੀਟਰ ਦੇ ਘੇਰੇ ਵਾਲੇ ਸਭਨਾਂ ਪ੍ਰਾਇਮਰੀ/ਮਿਡਲ/ਹਾਈ/ਸੈਕੰਡਰੀ ਸਕੂਲਾਂ ਨੂੰ 'ਸਕੂਲ ਕੰਪਲੈਕਸ' ਨਾਲ ਜੋੜਨ ਦੀ ਯੋਜਨਾ ਰਾਹੀਂ, ਇੱਕ ਅਧਿਆਪਕੀ ਸਕੂਲ, ਈ-ਸਿੱਖਿਆ ਤੇ 'ਓਪਨ ਸਕੂਲਿੰਗ' ਰਾਹੀਂ ਆਰਥਿਕ-ਸਮਾਜਿਕ ਤੌਰ 'ਤੇ ਪਛੜੀ ਲਗਭਗ 80% ਆਬਾਦੀ ਨੂੰ ਮਿਆਰੀ ਸਿੱਖਿਆ ਹਾਸਲ ਕਰਨ ਦੇ ਸਮਾਨ ਅਧਿਕਾਰ ਤੋਂ ਵਾਂਝਿਆਂ ਕਰਦੀ ਹੈ।

5. NEP-2020 ਅੰਦਰ ਜਿੱਥੇ ਪਾਠਕ੍ਰਮ ਪ੍ਰਣਾਲੀ ਰਾਹੀਂ ਵਿਦਿਆਰਥੀਆਂ ਨੂੰ ਮਾਨਵੀ ਤੇ ਸੰਵਿਧਾਨਕ ਕਦਰਾਂ ਸਿਖਾਉਣ ਦੀ ਗੱਲ ਲਿਖੀ ਗਈ ਹੈ ਉੱਥੇ ਦੇਸ਼ ਭਗਤੀ, ਕੁਰਬਾਨੀ, ਸਵੱਛਤਾ, ਸ਼ਾਂਤੀ, ਜ਼ਿੰਮੇਵਾਰੀ ਆਦਿ ਦਾ ਤਾਂ ਜ਼ਿਕਰ ਹੈ ਪਰੰਤੂ ਸੰਵਿਧਾਨ ਦੀ ਪ੍ਰਸਤਾਵਨਾ (**ਫਰਏਅਮਬਲਏ**) ਅੰਦਰ ਦਰਜ ਇਸ ਦੀ ਮੂਲ ਭਾਵਨਾ ਦੀ ਤਰਜਮਾਨੀ ਕਰਦੇ ਸ਼ਬਦ 'ਲੋਕ ਤੰਤਰ', 'ਧਰਮ ਨਿਰਲੇਪਤਾ ਤੇ 'ਸਮਾਜਵਾਦ' ਗਾਇਬ ਹਨ। ਉਥ ਮੋਦੀ ਸਰਕਾਰ ਨੇ ਸਿੱਖਿਆ ਨੀਤੀ ਜਾਰੀ ਕਰਨ ਤੋਂ ਪਹਿਲਾਂ ਹੀ, ਕਰੋਨਾ ਦੇ ਬਹਾਨੇ ਸਕੂਲੀ ਸਿੱਖਿਆ ਦੇ ਸਿਲੇਬਸ ਘੱਟ ਕਰਨ ਦੇ ਨਾਂ ਹੇਠ, ਉਕਤ ਮੂਲ ਭਾਵਨਾ ਨਾਲ ਜੁੜੇ ਸਮੁੱਚੇ ਪਾਠ ਕੱਢ ਕੇ ਆਪਣੇ ਫਿਰਕੂ ਸਮਾਜਿਕ-ਸਭਿਆਚਾਰਕ ਏਜੰਡੇ ਨੂੰ ਜ਼ਾਹਿਰ ਕਰ ਦਿੱਤਾ ਸੀ।

6.NEP-2020, 'ਕਾਬਲੀਅਤ' ਦੀ ਗਲਤ ਸਮਝਦਾਰੀ ਵਾਲੀ ਧਾਰਨਾ ਤਹਿਤ, ਦਾਖਲੇ, ਭਰਤੀ, ਤਰੱਕੀ ਕਰਨ ਸਮੇਂ ਰਾਖਵੇਂਕਰਨ ਦੀ ਸੰਵਿਧਾਨਕ ਵਿਵਸਥਾ ਨੂੰ ਅਤੇ ਵਜ਼ੀਫ਼ੇ, ਹੋਸਟਲ, ਛੋਟਾਂ-ਰਿਆਇਤਾਂ ਆਦਿ ਦੀਆਂ ਕਾਨੂੰਨੀ ਵਿਵਸਥਾਵਾਂ ਨੂੰ ਨਜ਼ਰ-ਅੰਦਾਜ਼ ਕਰਦੀ ਹੈ।

7. ਇਸ ਅੰਦਰ ਦਰਜ ਅਨੇਕਾਂ ਮਨਮੋਹਕ, ਭਰਮਾਊ-ਲੱਛੇਦਾਰ ਸ਼ਬਦਾਂ (ਪਹੁੰਚ, ਸਮਾਨਤਾ, ਉਦਾਰ-ਮਿਆਰੀ ਸਿੱਖਿਆ, ਖੁਦਮੁਖਤਿਆਰੀ, ਵਿਗਿਆਨਕ, ਆਲੋਚਨਾਤਮਿਕ ਚਿੰਤਨ ਆਦਿ) ਦੇ ਓਹਲੇ ਇਹ ਨੀਤੀ ਮੋਦੀ ਸਰਕਾਰ ਵੱਲੋਂ ਪਹਿਲਾਂ ਹੀ ਆਰਥਿਕ-ਸਮਾਜਿਕ ਖੇਤਰ ਅੰਦਰ ਲਾਗੂ ਕੀਤੇ ਜਾ ਰਹੇ ਰਣਨੀਤਕ ਏਜੰਡੇ ਦੇ ਅਨੁਸਾਰੀ ਹੀ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ/ਕਾਰਪੋਰੇਟੀਕਰਨ ਤੇ ਭਗਵੇਂਕਰਨ ਦੀ ਮੂਲ ਚੂਲ ਦੁਆਲੇ ਹੀ ਘੁੰਮਦੀ ਹੈ।

8. NEP-2020 ਰਾਹੀਂ ਪ੍ਰੀ-ਪ੍ਰਾਇਮਰੀ ਤੋਂ ਯੂਨੀਵਰਸਿਟੀ ਤੱਕ ਦਾ ਸਮੁੱਚਾ ਸਿੱਖਿਆ ਖੇਤਰ ਇੱਕੋ ਕੇਂਦਰੀਕ੍ਰਿਤ ਅਦਾਰੇ ਅਧੀਨ ਕਰ ਦਿੱਤਾ ਗਿਆ ਹੈ। ਪਹਿਲਾਂ ਚੱਲ ਰਹੇ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ' ਦਾ ਭੋਗ ਪਾ ਕੇ (ਜਿਸ ਵਿਚ ਸਾਰੇ ਰਾਜਾਂ ਦੇ ਸਿੱਖਿਆ ਮੰਤਰੀ ਸ਼ਾਮਲ ਸਨ) ਉਸ ਦੀ ਜਗ੍ਹਾ ਇੱਕ ਚੋਟੀ ਦਾ ਅਦਾਰਾ 'ਰਾਸ਼ਟਰੀ ਸਿੱਖਿਆ ਆਯੋਗ' (**'ਓਛ**) ਗਠਿਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹੋ ਅਦਾਰਾ ਮੁਲਕ ਭਰ ਦੀ ਪ੍ਰੀ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਾ ਸੰਚਾਲਨ ਕਰੇਗਾ। ਪਾਠਕ੍ਰਮ ਪ੍ਰਣਾਲੀ, ਸਿੱਖਿਆ ਵਿਧੀ, ਅਧਿਆਪਨ ਵਿਧੀ, ਪਰੀਖਿਆ-ਮੁਲਾਂਕਣ ਵਿਧੀ, ਖੋਜ, ਭਾਸ਼ਾ, ਗਿਆਨ, ਪ੍ਰਬੰਧਨ ਆਦਿ ਸਭ ਕੁੱਝ। ਸਿੱਖਿਆ ਦਾ ਸਰੂਪ ਕੀ ਹੋਵੇਗਾ, ਇਹੋ ਅਦਾਰਾ ਤੈਅ ਕਰੇਗਾ। ਇਸ ਅਦਾਰੇ ਦਾ ਚੇਅਰਮੈਨ ਕੇਂਦਰੀ ਸਿੱਖਿਆ ਮੰਤਰੀ ਹੋਵੇਗਾ ਤੇ ਬਾਕੀ ਹੋਰ ਵੱਖ-ਵੱਖ ਵਿਭਾਗਾਂ ਦੇ ਕੇਂਦਰੀ ਮੰਤਰੀ, ਅਫਸਰਸ਼ਾਹ ਤੇ 'ਪੇਸ਼ਾਵਰ' ਮਿਲਾ ਕੇ ਕੁੱਲ 30 ਮੈਂਬਰ ਹੋਣਗੇ ਤੇ ਕੀਤੀ ਗਈ ਇਹ ਵਿਵਸਥਾ ਸਮੁੱਚੀ ਸਿੱਖਿਆ ਦਾ ਮੁਕੰਮਲ ਕੇਂਦਰੀਕਰਨ ਤੇ ਕਾਰਪੋਰੇਟਕਰਨ ਦੀ ਦਿਸ਼ਾ ਸੇਧ ਹੀ ਹੈ। ਮਤਲਬ, ਮੁਲਕ ਦੀ ਸਮੁੱਚੀ ਸਿੱਖਿਆ ਕੇਂਦਰ ਸਰਕਾਰ ਦੇ ਰਾਜਨੀਤਕ-ਸਮਾਜਿਕ- ਸਭਿਆਚਾਰਕ ਏਜੰਡੇ ਦੇ ਸਾਂਚੇ 'ਚ ਹੀ ਢਾਲੀ ਜਾਵੇਗੀ।

9. ਇਸ ਨੀਤੀ ਅੰਦਰ ਉਚੇਰੀ ਸਿੱਖਿਆ ਦੇ ਸਭਨਾਂ ਖੇਤਰਾਂ (ਮੈਡੀਕਲ, ਤਕਨਾਲੋਜੀ, ਕਾਨੂੰਨ, ਸਪੋਰਟਸ, ਅਧਿਆਪਨ ਆਦਿ) ਦੇ ਵੱਖ ਵੱਖ ਕਾਲਜ, ਯੂਨੀਵਰਸਿਟੀਜ਼ ਬੰਦ ਕਰ ਕੇ ਬਹੁ-ਖੇਤਰੀ, ਬਹੁ-ਵਿਧਾਈ, ਸਵੈ ਨਿਰਭਰ, ਖੁਦ-ਮੁਖਤਿਆਰ 3000 ਜਾਂ ਇਸ ਤੋਂ ਵੱਧ ਵਿਦਿਆਰਥੀ ਵਾਲੀਆਂ ਸੰਸਥਾਵਾਂ ਬਣਾਉਣ ਵੱਲ ਵਧਣ ਦੀ ਯੋਜਨਾ ਬਣਾਈ ਗਈ ਹੈ। ਪਾਠਕ੍ਰਮ ਪ੍ਰਣਾਲੀ, ਸਿੱਖਿਆ ਵਿਧੀ ਵੀ ਸੋਧੀ ਜਾਵੇਗੀ। ਇਨ੍ਹਾਂ ਵੱਡ-ਆਕਾਰੀ ਸੰਸਥਾਵਾਂ ਨੂੰ ਹੁਣ ਵਾਂਗ ਪ੍ਰਿੰਸੀਪਲ/ਵਾਈਸ ਚਾਂਸਲਰ ਨਹੀਂ ਚਲਾਉਣਗੇ ਸਗੋਂ ਪ੍ਰਸ਼ਾਸਨਿਕ ਤਜਰਬੇ ਵਾਲੇ ਅਧਿਕਾਰੀਆਂ 'ਤੇ ਆਧਾਰਿਤ 'ਬੋਰਡ ਆਫ ਡਾਇਰੈਕਟਰਜ਼' ਚਲਾਵੇਗਾ। ਇਹ ਬੋਰਡ ਕਾਰਪੋਰੇਟ ਸੰਸਥਾਵਾਂ ਵਾਂਗ ਅਧਿਆਪਕ ਤੇ ਹੋਰ ਅਮਲੇ ਦੀ ਭਰਤੀ ਕਰਨ ਅਤੇ ਉਨ੍ਹਾਂ ਦੀ ਤਨਖਾਹ/ਉਜਰਤ ਤੇ ਸੇਵਾ ਸ਼ਰਤਾਂ ਤੈਅ ਕਰਨ ਲਈ ਖੁਦ-ਮੁਖਤਿਆਰ ਤੇ ਆਜ਼ਾਦ ਹੋਵੇਗਾ। ਇਸ ਮੂਲ ਤਬਦੀਲੀ ਨਾਲ ਜਿੱਥੇ ਪਿੰਡਾਂ, ਸ਼ਹਿਰਾਂ, ਕਸਬਿਆਂ ਅੰਦਰ ਚੱਲ ਰਹੇ ਸੈਂਕੜੇ ਹਜ਼ਾਰਾਂ ਕਾਲਜ ਬੰਦ ਹੋ ਜਾਣਗੇ ਜਿਨ੍ਹਾਂ ਅੰਦਰ ਗਰੀਬ ਤੇ ਮੱਧ ਵਰਗੀ ਲੋਕਾਂ ਦੇ ਲੱਖਾਂ ਬੱਚੇ ਪੜ੍ਹ ਰਹੇ ਹਨ ਅਤੇ ਲੱਖਾਂ ਹੀ ਅਧਿਆਪਕ ਪੜ੍ਹਾ ਰਹੇ ਹਨ ਉੱਥੇ ਹਜ਼ਾਰਾਂ ਦੀ ਗਿਣਤੀ 'ਚ ਚੱਲ ਰਹੇ ਮੈਡੀਕਲ, ਲਾਅ, ਸਪੋਰਟਸ, ਤਕਨੀਕੀ ਤੇ ਅਧਿਆਪਨ ਕਾਲਜ ਯੂਨੀਵਰਸਿਟੀਆਂ ਅਤੇ ਆਈ.ਆਈ.ਟੀਜ਼, ਆਈ.ਆਈ.ਐਮਜ਼ ਸਭ ਦਾ ਭੋਗ ਪੈ ਜਾਵੇਗਾ। ਨੀਤੀ ਦਸਤਾਵੇਜ਼ ਅੰਦਰ ਹੀ ਇਹ ਦਰਜ ਹੈ ਕਿ ਇਹ ਅਮਰੀਕਾ ਦੇ ਮਾਡਲ ਦੀ ਨਕਲ ਕੀਤੀ ਗਈ ਹੈ।

10. NEP-2020 'ਚ ਇਨ੍ਹਾਂ ਵੱਡ-ਆਕਾਰੀ ਯੂਨੀਵਰਸਿਟੀਆਂ ਅੰਦਰ ਆਪਣੇ ਕਾਰਪੋਰੇਟ ਏਜੰਡੇ ਤਹਿਤ ਸਿੱਧਾ ਵਿਦੇਸ਼ੀ ਪੂੰਜੀ ਨਿਵੇਸ਼ (**'ਧੰਏ**) ਦੀ ਸੋਖ ਤੇ ਸਹੂਲੀਅਤ ਮੁਹੱਈਆ ਕਰਨ ਦੀ ਮੱਦ ਵੀ ਦਰਜ ਹੈ।

11. ਕੌਮੀ ਸਿੱਖਿਆ ਨੀਤੀ-2020 ਅੰਦਰ ਸਮੁੱਚੀ ਉਚੇਰੀ ਸਿੱਖਿਆ ਦੇ ਕੇਂਦਰੀਕਰਨ ਦੀ ਸਪਸ਼ਟ ਦਿਸ਼ਾ-ਸੇਧ ਹੈ। ਉਚੇਰੀ ਸਿੱਖਿਆ,



ਮੈਡੀਕਲ ਸਿੱਖਿਆ, ਤਕਨੀਕੀ ਸਿੱਖਿਆ ਆਦਿ ਦਾ ਸੰਚਾਲਨ ਕਰਨ ਵਾਲੇ ਪਹਿਲੇ ਕੇਂਦਰੀ ਅਦਾਰੇ-ਯੂ.ਜੀ.ਸੀ, ਮੈਡੀਕਲ ਕੌਂਸਲ, ਤਕਨੀਕੀ ਕੌਂਸਲ ਆਦਿ ਸਭ ਭੰਗ ਕਰ ਕੇ ਇੱਕੋ-ਇੱਕ ਸੰਚਾਲਨ ਅਦਾਰਾ 'ਕੌਮੀ ਉਚੇਰੀ ਸਿੱਖਿਆ ਸੰਚਾਲਕ ਕਮਿਸ਼ਨ' ਕਾਇਮ ਕੀਤਾ ਜਾਵੇਗਾ ਜਿਹੜਾ ਮੁਲਕ ਭਰ ਦੇ (ਸਮੇਤ ਸਭਨਾਂ ਰਾਜਾਂ ਦੇ) ਕਾਲਜ/ਯੂਨੀਵਰਸਿਟੀਆਂ ਦੀ ਸਿੱਖਿਆ, ਫੰਡਿੰਗ, ਮਾਨਤਾ, ਅਕਾਦਮਿਕ ਮਾਪ-ਦੰਡ ਆਦਿ ਸਭ ਕੁੱਝ ਦਾ ਸੰਚਾਲਨ ਕਰੇਗਾ। ਇੱਥੇ ਵੀ, ਸਿੱਖਿਆ ਸੰਵਿਧਾਨ ਦੀ ਸਮਵਰਤੀ ਸੂਚੀ 'ਚ ਹੋਣ ਦੇ ਬਾਵਜੂਦ, ਰਾਜਾਂ ਤੋਂ ਇਹ ਅਧਿਕਾਰ ਖੋਹ ਲਏ ਗਏ ਹਨ।

12 NEP-2020 ਅੰਦਰ, ਤਕਨਾਲੋਜੀ ਦੀ ਆੜ 'ਚ ਅਧਿਆਪਕ ਦੀ ਭੂਮਿਕਾ ਨੂੰ ਮਨਫ਼ੀ ਕਰਨ ਦੀ ਸਾਜ਼ਿਸ਼ ਵੀ ਹੈ। ਉਂਞ ਤਾਂ ਸਮੁੱਚੀ ਸਿੱਖਿਆ ਨੂੰ ਹੀ 'ਆਨ ਲਾਈਨ' ਵਿਧੀ ਵੱਲ ਮੋੜਾ ਦੇ ਕੇ ਅਧਿਆਪਕ ਦੀ ਅਹਿਮ ਭੂਮਿਕਾ ਨੂੰ ਘਟਾਉਣ ਦੀ ਦਿਸ਼ਾ-ਸੇਧ ਹੈ (ਜਿਸ ਦੀ ਕਵਾਇਦ ਕਰੋਨਾ ਦੇ ਬਹਾਨੇ ਕੀਤੀ ਜਾ ਰਹੀ ਹੈ) ਪਰੰਤੂ ਉਚੇਰੀ ਸਿੱਖਿਆ 'ਤੇ ਵਧੇਰੇ ਜ਼ੋਰ ਦਿੰਦਿਆਂ ਸਭ ਕਿਸਮ ਦੀਆਂ ਸੰਸਥਾਵਾਂ ਨੂੰ 'ਆਨ ਲਾਈਨ ਪ੍ਰੋਗਰਾਮ ਤੇ 'ਓਪਨ ਡਿਸਟੈਂਟ ਲਰਨਿੰਗ (**ਧ਼**)' ਚਲਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਤੇ ਆਖਿਰਕਾਰ ਅਰਬਾਂ-ਖਰਬਾਂ ਰੁਪਏ ਦੇ ਇਸ ਕਾਰੋਬਾਰ ਨੂੰ ਕਾਰਪੋਰੇਟ ਸੈਕਟਰ ਹੀ ਚਲਾਵੇਗਾ। ਇਸ ਦੀ ਝਲਕ ਇੱਥੋਂ ਮਿਲਦੀ ਹੈ ਕਿ ਕੇਂਦਰ ਸਰਕਾਰ ਨੇ ਸਿੱਖਿਆ ਨੀਤੀ ਜਾਰੀ ਕਰਨ ਤੋਂ ਪਹਿਲਾਂ ਹੀ 250 ਦੇ ਲਗਭਗ ਯੂਨੀਵਰਸਿਟੀਆਂ ਨੂੰ 'ਆਨ ਲਾਈਨ' ਪ੍ਰੋਗਰਾਮ ਚਾਲੂ ਕਰਨ ਦੀ ਆਗਿਆ ਦੇ ਦਿੱਤੀ ਹੈ।

13NEP-2020 ਅੰਦਰ ਅਧਿਆਪਕ ਦੀ ਭੂਮਿਕਾ ਦਾ ਜ਼ਿਕਰ ਕੋਰੇ ਬੱਚਿਆਂ ਅਤੇ ਰਾਸ਼ਟਰ ਦੇ ਭਵਿੱਖ-ਨਿਰਮਾਤਾ ਵਜੋਂ ਕਰਕੇ, ਉਸਦੀ ਭਰਤੀ ਦੀ ਯੋਗਤਾ ਤੇ ਸ਼ਰਤਾਂ ਤਾਂ ਪਹਿਲਾਂ ਨਾਲੋਂ ਕਰੜੀਆਂ ਕਰ ਦਿੱਤੀਆਂ ਗਈਆਂ ਹਨ ਪਰੰਤੂ ਅਧਿਆਪਕ ਦੀਆਂ ਸੇਵਾ ਸ਼ਰਤਾਂ ਤੇ ਉਸ ਦੇ ਤਨਖਾਹ ਢਾਂਚੇ ਦਾ ਕਿਧਰੇ ਵੀ ਜ਼ਿਕਰ ਨਹੀਂ ਹੈ। ਨਾ ਹੀ ਪਾਠਕ੍ਰਮ ਪ੍ਰਣਾਲੀ ਤੇ ਸਿੱਖਿਆ ਵਿਧੀ ਘੜਨ 'ਚ ਉਸ ਦੀ ਮਾੜੀ-ਮੋਟੀ ਸ਼ਮੂਲੀਅਤ ਕਰਵਾਉਣ ਦਾ ਕਿਤੇ ਨਾਂ-ਨਿਸ਼ਾਨ ਹੈ।

14. ਮੁਲਕ ਭਰ 'ਚ ਸਕੂਲੀ ਸਿੱਖਿਆ ਨਾਲ ਜੁੜੀਆਂ 10 ਲੱਖ ਦੇ ਲਗਭਗ ਅਧਿਆਪਕਾਂ ਦੀਆਂ ਖਾਲੀ ਪਈਆਂ ਪੋਸਟਾਂ ਨੂੰ ਭਰਨ ਅਤੇ ਠੇਕਾ/ਮਾਣ ਭੱਤੇ 'ਤੇ ਕੰਮ ਕਰ ਰਹੇ 6 ਲੱਖ ਦੇ ਲਗਭਗ ਅਧਿਆਪਕਾਂ ਨੂੰ ਰੈਗੂਲਰ ਕਰਨ ਬਾਰੇ ਇਹ ਸਿੱਖਿਆ ਨੀਤੀ ਚੁੱਪ ਹੈ। ਹਾਂ, ਉਚੇਰੀ ਸਿੱਖਿਆ ਅੰਦਰ ਜੋ ਭਰਤੀ ਦੀ ਗੱਲ ਕੀਤੀ ਗਈ ਹੈ ਉਹ ਵੀ ਸੰਸਥਾਵਾਂ ਦੇ 'ਬੋਰਡ ਆਫ ਡਾਇਰੈਕਟਰਜ਼' ਵੱਲੋਂ ਮਿੱਥੇ ਸਮੇਂ ਲਈ ਠੇਕੇ 'ਤੇ ਹੀ ਹੋਵੇਗੀ। ਅਸਲ 'ਚ 'ਭਾੜੇ 'ਤੇ ਰੱਖੋ ਤੇ ਕੱਢੋ' ਦੀ ਨੀਤੀ ਹੋਵੇਗੀ ਕਾਰਪੋਰੇਟ ਅਦਾਰਿਆਂ ਵਾਂਗ ਹੀ।

15. **'ਓਫ**-2020 ਅੰਦਰ ਜਿੱਥੇ ਅਧਿਆਪਨ-ਸਿੱਖਣ ਦੇ ਅਮਲ ਅੰਦਰ ਅਧਿਆਪਕ ਦੀ ਅਹਿਮ ਭੂਮਿਕਾ ਨੂੰ ਗੌਣ/ਮਨਫੀ ਕਰਨ ਦੇ ਜ਼ਾਹਰਾ ਸੰਕੇਤ ਝਲਕਦੇ ਹਨ ਉੱਥੇ ਅਧਿਆਪਕਾਂ ਦੀ ਆਕਾਰ-ਘਟਾਈ ਦੇ ਲੁਕਵੇਂ ਮਨਸੂਬਿਆਂ ਦੀ ਵੀ ਬੋਅ ਆਉਂਦੀ ਹੈ। 'ਸਰੋਤਾਂ ਦੀ ਕੁਸ਼ਲ ਵੰਡ ਅਤੇ ਕਾਰਗਰ ਪ੍ਰਬੰਧਨ' ਦੀ ਆੜ 'ਚ ਲਾਗੂ ਕੀਤਾ ਜਾ ਰਿਹਾ 'ਸਕੂਲ ਕੰਪਲੈਕਸ' ਦਾ ਸੰਕਲਪ, ਇਸੇ ਦਿਸ਼ਾ 'ਚ ਪੁੱਟਿਆ ਗਿਆ ਕਦਮ ਹੈ। 'ਸਕੂਲ ਕੰਪਲੈਕਸ' ਨਾਲ ਜੁੜੇ 10--15 ਕਿਲੋਮੀਟਰ ਤੱਕ ਦੇ ਘੇਰੇ ਵਾਲੇ ਸਾਰੇ ਸਕੂਲਾਂ 'ਚ ਨਾ ਹੀ ਸਾਰੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਲਾਏ ਜਾਣਗੇ ਅਤੇ ਨਾ ਹੀ ਅਧਿਆਪਨ-ਸਿੱਖਣ/ਖੇਡਣ ਦਾ ਮੂਲ ਢਾਂਚਾ ਮੁਹੱਈਆ ਕੀਤਾ ਜਾਵੇਗਾ। ਕੰਪਲੈਕਸ ਸਕੂਲ ਦੇ ਅਧਿਆਪਕ ਹੀ ਉਨ੍ਹਾਂ ਸਕੂਲਾਂ 'ਚ ਪੜ੍ਹਾਉਣ ਜਾਇਆ ਕਰਨਗੇ ਅਤੇ ਇਨ੍ਹਾਂ ਸਕੂਲਾਂ ਦੇ ਬੱਚੇ ਖੇਡ ਮੈਦਾਨ/ਲਾਇਬਰੇਰੀ/ ਕੰਪਿਊਟਰ ਆਦਿ ਦੀ ਵਰਤੋਂ ਲਈ 'ਕੰਪਲੈਕਸ ਸਕੂਲਾਂ' 'ਚ ਆਇਆ ਕਰਨਗੇ। ਆਕਾਰ-ਘਟਾਈ ਦੀ ਇਹ ਯੋਜਨਾ ਛੋਟੇ-ਮੋਟੇ ਸਕੂਲਾਂ ਦੇ ਖ਼ਾਤਮੇ ਤੱਕ ਜਾਵੇਗੀ।

16. **'ਓਫ**-2020 ਦੀ ਹੇਠਲੇ ਪੱਧਰ 'ਤੇ ਵੱਡ-ਆਕਾਰੀ 'ਸਕੂਲ ਕੰਪਲੈਕਸ' ਦੀ (ਕੁਟਲ) ਨੀਤੀ, ਅਸਲ 'ਚ ਸਮੁੱਚੀ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ/ਕਾਰਪੋਰੇਟੀਕਰਨ ਦਾ ਭਰੂਣ ਰੂਪ ਹੀ ਹੈ। 'ਸਕੂਲ ਕੰਪਲੈਕਸ' ਵਾਂਗ ਹੀ, ਉਚੇਰੀ ਸਿੱਖਿਆ ਦੀਆਂ ਵੱਡ-ਆਕਾਰੀ ਸੰਸਥਾਵਾਂ ਦੇ (ਮੋਦੀ ਸਰਕਾਰ ਦੇ ਸਭਨਾਂ ਖੇਤਰਾਂ ਦੇ ਮੁਕੰਮਲ ਨਿੱਜੀਕਰਨ ਦੇ ਚੱਲ ਰਹੇ ਏਜੰਡੇ ਮੁਤਾਬਕ) ਕਾਰਪੋਰੇਟ ਘਰਾਣਿਆਂ ਦੀ ਮਾਲਕੀ ਵਾਲੇ, ਪੀ.ਪੀ.ਪੀ ਦੇ ਨਾਂਅ ਹੇਠ ਵਿਸ਼ੇਸ਼ 'ਸਿੱਖਿਆ ਖਿੱਤੇ' ਬਣਾਏ ਜਾਣਗੇ। ਆਲੇ-ਦੁਆਲੇ ਦੇ ਸਭ ਛੋਟੇ-ਮੋਟੇ ਕਾਲਜ/ਯੂਨੀਵਰਸਿਟੀਆਂ ਦਾ ਭੋਗ ਪੈ ਜਾਵੇਗਾ ਤੇ 'ਸਿੱਖਿਆ ਵਿਚਾਰੀ, ਪਰ-ਉਪਕਾਰੀ' ਦੀ ਜਗ੍ਹਾ ਇੱਕ 'ਮੁਨਾਫਾ ਬਖ਼ਸ਼ ਕਾਰੋਬਾਰ' ਬਣ ਜਾਵੇਗੀ। ਸਾਮਰਾਜੀ ਵਿੱਤੀ ਸੰਸਥਾਵਾਂ, 'ਸੰਸਾਰ ਬੈਂਕ-ਮੁਦਰਾ ਕੋਸ਼-ਵਿਸ਼ਵ ਵਪਾਰ ਸੰਗਠਨ' ਦੀ ਤਿੱਕੜੀ ਦਾ ਹੀ ਹੈ ਇਹ ਏਜੰਡਾ ਜੋ ਲਾਗੂ ਕੀਤਾ ਜਾ ਰਿਹਾ ਹੈ।

17. **'ਓਫ**-2020 ਵੱਲੋਂ 'ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ' ਹੋਵੇ ਨੂੰ ਅਮਲੀ ਤੌਰ 'ਤੇ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਇਹ ਸਵੀਕਾਰ ਕਰ ਕੇ ਕਿ ਬੱਚੇ ਨੂੰ ਸੰਕਲਪਾਂ ਦੀ ਵਧੇਰੇ ਚੰਗੀ ਤਰ੍ਹਾਂ ਸਮਝ ਆਪਣੀ ਮਾਤ ਭਾਸ਼ਾ ਰਾਹੀਂ ਹੀ ਪੈਂਦੀ ਹੈ, ਸਿੱਖਿਆ ਦੇ ਮਾਧਿਅਮ ਵਜੋਂ ਮਾਤ ਭਾਸ਼ਾ ਕੇਵਲ ਗਰੇਡ 5 ਤੱਕ ਹੀ ਸੁਝਾਈ ਗਈ ਹੈ ਪਰ ਉਸ 'ਚ ਵੀ ਇਹ ਲਿਖ ਕੇ ਚੋਰ-ਮੋਰੀ ਰੱਖ ਲਈ ਗਈ ਹੈ ਕਿ 'ਜੇ/ਜਿੱਥੇ ਵੀ ਸੰਭਵ ਹੋਵੇ।' ਇਸ ਤੋਂ ਅੱਗੇ ਤਾਂ ਵੈਸੇ ਹੀ ਖੁੱਲ੍ਹ ਦੇ ਦਿੱਤੀ ਗਈ ਹੈ। ਗਰੇਡ 9 ਤੋਂ ਤਾਂ ਗਣਿਤ ਤੇ ਸਾਇੰਸ ਵਿਸ਼ਿਆਂ ਨੂੰ ਅੰਗਰੇਜ਼ੀ 'ਚ ਹੀ ਪੜ੍ਹਾਉਣ ਨੂੰ ਤਰਜੀਹ ਦਿੱਤੀ ਗਈ ਹੈ। ਇਸ ਤੋਂ ਬਿਨਾਂ ਮਾਤ ਭਾਸ਼ਾ ਨੂੰ 'ਘਰੇਲੂ ਭਾਸ਼ਾ/ਸਥਾਨਕ ਭਾਸ਼ਾ/ ਖੇਤਰੀ ਭਾਸ਼ਾ ਨਾਲ ਵੀ ਰਲ-ਗੱਡ ਕੀਤਾ ਗਿਆ ਹੈ।

18. **'ਓਫ**-2020, ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ 'ਦਾਨੀ ਸੰਸਥਾਵਾਂ' ਦੀ ਸ਼ਮੂਲੀਅਤ ਦੇ ਨਾਂ ਹੇਠ ਅਤੇ ਪੀਪੀਪੀ ਮਾਡਲ ਦੀ ਆੜ 'ਚ ਸਿੱਖਿਆ ਦੇ ਨਿੱਜੀਕਰਨ/ਵਪਾਰੀਕਰਨ/ ਕਾਰਪੋਰੇਟੀਕਰਨ ਨੂੰ ਹੱਲਾ-ਸ਼ੇਰੀ ਦਿੰਦੀ ਹੈ। ਸਰਕਾਰ ਪੂੰਜੀ ਨਿਵੇਸ਼ ਨੂੰ ਨਕਾਰਦੀ ਹੈ। ਸਿੱਖਿਆ ਉੱਪਰ ਜੀਡੀਪੀ ਦੇ 6% ਤੱਕ ਅਗਲੇ 10 ਸਾਲਾਂ ਤੱਕ ਪੂੰਜੀ ਨਿਵੇਸ਼ ਕਰਨ 'ਚ ਉਕਤ ਨਿੱਜੀ/ ਕਾਰਪੋਰੇਟ ਨਿਵੇਸ਼ ਵੀ ਸ਼ਾਮਲ ਹੈ।

19. ਇਸ ਨੀਤੀ ਦੀ ਜਿੱਥੇ ਇੱਕ ਦਿਸ਼ਾ ਸੇਧ, ਮੋਦੀ ਸਰਕਾਰ ਵੱਲੋਂ ਆਪਣੇ ਨਵ-ਉਦਾਰਵਾਦੀ ਆਰਥਿਕ ਏਜੰਡੇ 'ਚ ਢਾਲ ਕੇ ਸਿੱਖਿਆ ਨੂੰ ਕੇਂਦਰੀਕਰਨ/ ਨਿੱਜੀਕਰਨ ਰਾਹੀਂ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਦੀ ਹੈ ਉੱਥੇ ਦੂਜੀ ਦਿਸ਼ਾ-ਸੇਧ ਸਿੱਖਿਆ ਦੇ 'ਭਾਰਤੀਕਰਨ' ਦੇ ਨਾਂ ਹੇਠ, 'ਭਾਰਤੀ ਪੰਪਰਾਵਾਂ ਤੇ ਕਦਰਾਂ, ਭਾਰਤੀ ਲੋਕਾਚਾਰ, ਭਾਰਤੀ ਸੰਸਕ੍ਰਿਤੀ-ਦਰਸ਼ਨ, ਭਾਰਤੀ ਭਾਸ਼ਾ ਦੇ ਬਹਾਨੇ ਆਪਣਾ ਪੁਰਾਤਨ ਰੂੜ੍ਹੀਵਾਦੀ ਫਿਰਕੂ ਸਮਾਜੀ-ਸਭਿਆਚਾਰਕ ਏਜੰਡਾ ਠੋਸਣ ਦੀ ਹੈ। ਸੰਸਕ੍ਰਿਤ ਭਾਸ਼ਾ ਨੂੰ ਹਰ ਪੱਧਰ 'ਤੇ ਤਰਜੀਹ ਦੇਣਾ ਵੀ ਇਸੇ ਏਜੰਡੇ ਦਾ ਹਿੱਸਾ ਹੀ ਹੈ। ਇਸੇ ਦਿਸ਼ਾ-ਸੇਧ 'ਚ ਹੀ ਪਾਠਕ੍ਰਮ ਪ੍ਰਣਾਲੀ ਬਦਲੀ ਜਾ ਰਹੀ ਹੈ, ਸਿਲੇਬਸਾਂ ਵਿਚੋਂ 'ਕੁੱਝ' ਪਾਠ ਕੱਢੇ ਜਾ ਰਹੇ ਹਨ ਪਰ 'ਕੁੱਝ ਹੋਰ' ਪਾਏ ਵੀ ਜਾਣਗੇ। ਇਸ ਨੀਤੀ ਅੰਦਰ ਤਾਂ ਅਧਿਆਪਕ ਸਿਖਲਾਈ ਲਈ ਵੀ ਇਹ ਸ਼ਰਤ ਰੱਖੀ ਗਈ ਹੈ ਕਿ 'ਅਧਿਆਪਕ ਦਾ ਭਾਰਤੀ ਕਦਰਾਂ, ਭਾਸ਼ਾਵਾਂ, ਗਿਆਨ, ਲੋਕਾਚਾਰ ਤੇ ਪੰਪਰਾਵਾਂ ਨਾਲ ਜੁੜਿਆ ਹੋਣਾ ਲਾਜ਼ਮੀ ਹੈ।' ਇਸ ਨੀਤੀ ਅੰਦਰ 'ਮੁਢਲੀ ਬਾਲ ਸੰਭਾਲ ਤੇ ਸਿੱਖਿਆ' ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਵੱਡੀ ਪੱਧਰ 'ਤੇ ਚੋਰ-ਮੋਰੀ ਰਾਹੀਂ 'ਵਾਲੰਟੀਅਰ', 'ਸਮਾਜ ਸੇਵਾ' 'ਕੌਂਸਲਰ', 'ਨਾਮੀ ਸ਼ਖ਼ਸੀਅਤ' ਆਦਿ ਭਰਤੀ ਕਰਨ ਦੀ ਕੀਤੀ ਗਈ ਵਿਵਸਥਾ ਵੀ ਹਾਕਮ ਪਾਰਟੀ ਦੇ ਵਿਚਾਰਧਾਰਕ ਏਜੰਡੇ ਦੇ ਪਾਸਾਰ ਦੀ ਹੀ ਲੁਕਵੀਂ ਚਾਲ ਹੈ।

20. **'ਓਫ**-2020 ਦੀ ਤਿੰਨ ਪੰਨਿਆਂ ਦੀ ਭੂਮਿਕਾ 'ਚ ਇਸ ਨੀਤੀ ਨੂੰ 21ਵੀਂ ਸਦੀ ਦੀ ਸਿੱਖਿਆ ਨੀਤੀ ਕਿਹਾ ਗਿਆ ਹੈ ਜਿਸ ਰਾਹੀਂ 'ਮੁਲਕ ਦੇ ਵਿਕਾਸ ਦੀਆਂ ਵਧ ਰਹੀਆਂ ਲੋੜਾਂ' ਨੂੰ ਸੰਬੋਧਿਤ ਹੋਣਾ ਹੈ ਤੇ ਇਸ ਨੀਤੀ ਦੇ ਜਾਰੀ ਹੋਣ ਤੋਂ ਅਗਲੇ ਦਿਨ ਪ੍ਰਧਾਨ ਮੰਤਰੀ ਮੋਦੀ ਵੱਲੋਂ ਆਪਣੇ ਭਾਸ਼ਣ 'ਚ ਕਿਹਾ ਗਿਆ ਕਿ 'ਇਹ ਸਿੱਖਿਆ ਨੀਤੀ 'ਨਿਊ ਇੰਡਿਆ' ਦੀ ਨੀਤੀ ਹੈ' ਮੋਦੀ ਦੇ 'ਨਿਊ ਇੰਡਿਆ' ਤੇ 'ਵਿਕਾਸ' ਦੇ ਨਕਸ਼ ਕੀ ਹਨ ਜੋ ਉੱਘੜ ਕੇ ਦਿਸ ਰਹੇ ਹਨ; ਸੰਪੂਰਨ ਨਿੱਜੀਕਰਨ ਦੀ ਨੀਤੀ ਦੇ 'ਕਾਰਪੋਰੇਟ ਪੱਖੀ ਆਰਥਿਕ ਵਿਕਾਸ ਮਾਡਲ' ਦੀਆਂ ਨੀਹਾਂ 'ਤੇ ਉਸਰਿਆ, ਪੁਰਾਤਨ ਰੂੜ੍ਹੀਵਾਦੀ ਫਿਰਕੂ ਪੰਪਰਾਵਾਂ ਤੇ ਕਦਰਾਂ ਨੂੰ ਪ੍ਰਣਾਇਆ 'ਨਿਊ ਇੰਡਿਆ!'

ਅਮਰ ਸਿੰਘ ਚਮਕੀਲੇ ਦੇ ਇੱਕ ਗੀਤ ਦੇ ਬੋਲ ਹਨ 'ਮੈਂ ਰੀਠੇ ਖੇਡਣ ਲਾ ਤੀ ਕੰਤ ਨਿਆਣੇ ਨੇਂ'...ਇਸ ਦੋ ਅਰਥੀ ਗੀਤ ਦੀਆਂ ਦੋ ਸਤਰਾਂ

ਸੋਸ਼ਲ ਮੀਡੀਆ ਤੇ ਮਨੋਰੰਜਨ

ਵਾਲੀ ਸਥਿਤੀ 'ਪੰਜਾਬ' ਦੀ ਰਾਜਨੀਤੀ ਦੀ ਬਣੀ ਹੋਈ ਹੈ ਜਿੱਥੇ 'ਤਕਰੀਬਨ ਸਾਰੇ' ਹੀ ਅਵੱਲੀਆਂ ਸਵੱਲੀਆਂ ਮਾਰ ਰਹੇ ਆ, ਜਿਸਦਾ ਕਾਰਨ ਮੈਂ ਸੋਸ਼ਲ ਮੀਡੀਆ ਨੂੰ ਸਮਝਦਾਂ। ਰਾਜੇ ਵੜਿੰਗ ਨੂੰ ਪਹਾੜੇ ਨਹੀਂ ਆਉਂਦੇ...ਚੰਨੀ ਹੋਰ ਨਵੇਂ ਟੇਸ਼ਨ ਫੜ ਕੇ ਸਨਸਨੀਖੇਜ਼ ਬਿਆਨ ਸ਼ੁਰੂ ਕਰ ਲੈਂਦਾ...ਮੁੱਖ ਮੰਤਰੀ ਸਾਹਿਬ ਸਟੇਜ 'ਤੇ ਚੁਟਕਲਿਆਂ ਦਾ ਦੌਰ ਚਲਾ ਲੈਂਦੇ ਆ...ਅਕਾਲੀ ਦਲ ਦੇ ਗੈਰ-ਤਜਰਬੇਕਾਰ ਪ੍ਰਬੰਧਕ ਬੁਲਾਰਿਆਂ ਦੀ ਘਾਟ ਕਰਕੇ 'ਇੱਕ ਵਲੌਗਰ' ਨੂੰ ਸਟੇਜ 'ਤੇ ਮੁੱਖ ਬੁਲਾਰਿਆਂ 'ਚ ਸ਼ਾਮਲ ਕਰਕੇ ਆਪਣਿਆਂ ਤੋਂ ਹੀ ਲਾਹਨਤਾਂ ਲੈਣ ਦਾ ਕੰਮ ਕਰ ਬਹਿੰਦੇ ਹਨ, ਤੇ ਏਵੇਂ ਸੱਤਾਧਾਰੀ ਧਿਰ ਦੇ ਬੰਦੇ ਵੀ ਪੁੱਠਾ-ਸਿੱਧਾ ਬੋਲ ਕੇ ਕਿਸੇ ਨਾ ਕਿਸੇ ਮਨੋਰੰਜਕ ਮਸਲੇ ਦਾ ਗਲਾਵਾਂ ਗਲ 'ਚ ਪੁਆਈ ਰੱਖਦੇ ਆ...। ਸਿੱਟੇ ਵਜੋਂ ਸਾਡਾ ਸੋਸ਼ਲ ਮੀਡੀਏ ਵਾਲਿਆਂ ਦਾ ਚੰਗਾ ਮਨੋਰੰਜਨ ਚੱਲੀ ਜਾਂਦਾ।

ਮੇਰੀ ਸਮਝ ਮੁਤਾਬਿਕ ਲੋਕਾਂ ਦੇ ਸੋਸ਼ਲ ਮੀਡੀਏ 'ਤੇ ਹਲਕੇ ਪੱਧਰ ਦੇ ਮਨੋਰੰਜਨ ਦਾ ਚਲਨ ਬਹੁਤਾ ਹੀ ਜ਼ਿਆਦਾ ਹੋ ਗਿਆ ਤੇ ਕਿਸੇ ਵਿਕਾਸ ਜਾਂ ਸਿਆਣੀ ਸੁਹਿਰਦ ਗੱਲ ਤਾਂ ਜਵਾਂ ਹੀ ਨੀ ਸੁਣਦੇ। ਜਿਵੇਂ ਸਾਡੀ ਫੇਸਬੁੱਕੀਆਂ ਦੀ ਕੋਈ ਉਸਾਰੂ ਗੱਲ ਫੇਸਬੁੱਕ 'ਤੇ ਚਲਦੀ ਨੀ ਤੇ ਦਾਰੂ ਮੀਟ ਜਾਂ ਨਸ਼ੇ ਦੀ ਗੱਲ 'ਵੰਦੇ ਭਾਰਤ ਐਕਸਪ੍ਰੈਸ' ਵਾਂਗ ਚਲਦੀ, ਓਵੇਂ ਲੀਡਰ ਵੀ ਸਮਝੀ ਬੈਠੇ ਆ ਬਈ ਇਨ੍ਹਾਂ ਕੋਲ ਨੌਕਰੀਆਂ-ਨੁਕਰੀਆਂ ਜਾਂ ਡੂੰਘੇ ਹੁੰਦੇ ਪਾਣੀ ਜਾਂ ਕਿਸੇ ਮੁੱਦੇ ਦੀ ਗੱਲ ਕਰਨ ਦਾ ਕੋਈ ਫਾਇਦਾ ਨੀਂ ਬੱਸ ਇਨ੍ਹਾਂ ਨਾਲ 'ਚਵਲਭਰਪੂਰ' ਗੱਲ ਕਰੋ ਛੇਤੀ ਮਗਰ ਲੱਗਦੇ ਆ।

ਮੇਰਾ ਮਹਿਬੂਬ ਤੇ ਵਿਜਨਰੀ ਲੀਡਰ 'ਸੁਖਬੀਰ ਸਿੰਘ ਬਾਦਲ' ਮਾਘੀ ਮੇਲੇ ਤੋਂ ਪਹਿਲਾਂ ਕਹਿੰਦੈ 'ਸਾਡੀ ਕਾਨਫਰੰਸ ਛੇਤੀ ਖਤਮ ਹੋ ਜਾਣੀ, ਕਿਉਂਕਿ ਸਾਡੇ ਕੋਲ ਬੁਲਾਰੇ ਹੈਨੀ'... ਤੇ ਕਾਨਫਰੰਸ ਵਾਲੇ ਦਿਨ ਆਪ ਸਾਹਬ ਜਾਮ 'ਚ ਫਸ ਗਿਆ ਤੇ ਬੁਲਾਰਿਆਂ ਦੀ ਸਚਮੁੱਚ ਘਾਟ ਕਰਕੇ ਸਟੇਜ ਪ੍ਰਬੰਧਕਾਂ ਨੇ 'ਗੋਪੀ ਭਲਾਈਆਣਾ' ਨਾਂ ਦਾ ਵਲੌਗਰ ਸਟੇਜ 'ਤੇ ਚੜ੍ਹਾ ਲਿਆ, ਜੋ ਪੇਡ ਪ੍ਰਮੋਸ਼ਨਾਂ ਕਰਦਾ ਤੇ ਮਾਈਕ ਫੜ੍ਹਨ ਸਾਰ ਕਹਿੰਦਾ, 'ਪੰਜ ਮਿੰਟ ਲਈ ਮੈਨੂੰ ਚੇਅਰਮੈਨ' ਲਾ ਦਿਓ ਤੇ ਮੁੜਕੇ ਕਹਿੰਦਾ 'ਮੈਂ ਪਾਰਟੀ ਮਗਰ ਨੀਂ ਗਿਆ ਸੀ' ਜਿਸਦੀ ਟਰੋਲਿੰਗ ਨੇ ਲੋਕਾਂ ਦਾ ਚੰਗਾ ਮਨੋਰੰਜਨ ਕੀਤਾ। ਹੁਣ ਤੁਹਾਨੂੰ ਕੀ ਲੱਗਦਾ ਲੀਡਰਾਂ ਕੋਲ ਕੰਟੈਂਟ ਹੈਨੀਂ? ਇਹ ਵੀ ਨੀ ਕਹਿ ਸਕਦੇ ਆਪੋਜੀਸ਼ਨ ਵਿਚ ਰਹਿੰਦਿਆਂ ਲੀਡਰਾਂ ਦੀ ਮੱਤ ਵੱਜ ਗਈ, ਕਿਉਂਕਿ ਸੱਤਾਧਾਰੀ ਧਿਰ ਵਾਲਿਆਂ ਨੂੰ ਵੀ ਏਦਾਂ ਦੇ ਟਪਲੇ ਲੱਗੀ ਜਾਂਦੇ ਤੇ ਜਾਂ ਫਿਰ ਮਾਲ ਹੀ ਬਹੁਤਾ ਖਰਾ ਆਉਣ ਲੱਗ ਪਿਆ ਕਿਉਂਕਿ ਮਾਰਚ ਦੇ ਮਹੀਨੇ ਚਿਤੌੜ ਤੇ ਨੀਮਚ 'ਚ ਕੱਢੇ ਮਾਲ 'ਚ ਮੁਆਇਸਚਰ ਬਿਲਕੁਲ ਹੀ ਸੁੱਕ ਜਾਂਦਾ ਤੇ ਪੂਰਾ ਖਰਾ ਹੋ ਜਾਂਦਾ। ਜਿਸ ਬਾਰੇ ਰਾਜਾ ਵੜਿੰਗ ਇੰਟਰਵਿਊ ਵਿਚ ਕਹਿ ਰਿਹਾ ਕਿ ਕੈਮਰੇ 'ਤੇ ਕਿਵੇਂ ਕਹਿ ਦੇਈਏ ਕਿ ਖਾਂਦੇ ਹਾਂ? ਜਾਂ ਅਨਮੋਲ ਗਗਨ ਮਾਨ ਵਰਗੀ ਐਮ ਐਲ ਇਹ ਕਹੇ ਵਈ 'ਸਾਡਾ ਕੱਖ ਨਾ ਰਹੇ ਜੇ ਪਿੰਡਾਂ 'ਚੋਂ ਕੋਈ ਗਰਾਂਟ ਖਾਧੀ ਹੋਵੇ' ਮੈਡਮ ਜੀ ਜਾਂ ਤਾਂ ਸ਼ਹਿਰ ਵੀ ਵਿਚੇ ਕਹਿ ਦਿੰਦੇ ਨਹੀਂ ਤਾਂ ਲੋਕ ਜਾਣਦੇ ਹੀ ਆ। ਸੋ ਬਹੁਤਾ ਸੀਰੀਅਸ ਲੈਣ ਦੀ ਲੋੜ ਨੀਂ...ਮਨੋਰੰਜਨ ਠੀਕ ਚੱਲ ਰਿਹਾ ਲੋੜ ਮੁਤਾਬਿਕ ਆਪਣੇ ਕੰਮ ਧੰਦੇ ਕਰੋ ਤੇ ਆਨੰਦ ਲਓ...ਸੁਧਾਰ-ਸਧੁਰ ਵਾਲੀਆਂ ਗੱਲਾਂ ਦੀ ਲੋੜ ਜਦੋਂ ਸਾਨੂੰ ਨੀਂ ਤਾਂ ਲੀਡਰਾਂ ਨੇ ਕਿਉਂ ਕਰਨੀ...ਗਿਆਨ ਸਮਾਪਤ...।

-ਪੇਂਡੂ ਵਿਦਵਾਨ

ਮਨ ਵਿਚ ਵਸਿਆ ਕਿਲਾ ਰਾਇਪੁਰ ਦਾ ਖੇਡ ਮੇਲਾ

ਕਿਲਾ ਰਾਇਪੁਰ ਦੀਆਂ ਖੇਲ੍ਹਾਂ

ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜਦੋਂ ਕਿਲਾ ਰਾਇਪੁਰ ਦਾ ਖੇਡ ਮੇਲਾ ਆਉਂਦਾ ਹੈ ਤਾਂ ਮੇਰੇ ਮਨ 'ਚ ਪੁਰਾਣੀਆਂ ਯਾਦਾਂ ਜਾਗ ਉਠਦੀਆਂ ਹਨ। ਨਿੱਕਾ ਹੁੰਦਾ ਮੈਂ ਉਹ ਖੇਡ ਮੇਲਾ ਵੇਖਦਾ ਵੱਡਾ ਹੋਇਆ ਹਾਂ। ਮੈਂ ਸਮਝਦਾਂ ਮੈਨੂੰ ਖੇਡ ਲੇਖਕ ਬਣਾਉਣ 'ਚ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਦਾ ਵੀ ਯੋਗਦਾਨ ਹੈ। ਉਥੇ ਖੇਡ ਮੇਲੇ ਦੀ ਕੁਮੈਂਟਰੀ ਕਰਦੇ ਪੀਟੀ ਜੋਗਿੰਦਰ ਸਿੰਘ ਤੋਂ ਮੈਨੂੰ ਖੇਡਾਂ ਖਿਡਾਰੀਆਂ ਬਾਰੇ ਲਿਖਣ ਤੇ ਕਬੱਡੀ ਦੀ ਕੁਮੈਂਟਰੀ ਕਰਨ ਦੀ ਚੇਟਕ ਲੱਗੀ ਸੀ। ਜੋਗਿੰਦਰ ਸਿੰਘ ਧੂੜਾਂ ਉਡਾਉਂਦੀਆਂ ਬੈਲ ਗੱਡੀਆਂ, ਕਬੱਡੀਆਂ ਪਾਉਂਦੇ ਜੁਆਨਾਂ, ਰੱਸਾ ਖਿੱਚਦੇ ਬਾਬਿਆਂ, ਟ੍ਰੈਕ 'ਚ ਦੌੜਦੇ ਦੌੜਾਕਾਂ, ਘੁਕਾਟ ਪਾਉਂਦੇ ਸਾਈਕਲ ਸਵਾਰਾਂ ਤੇ ਬਾਜ਼ੀਗਰਾਂ ਦੇ ਕਰਤਬਾਂ ਨੂੰ ਕਮਾਲ ਦੀ ਸ਼ਬਦਾਵਲੀ 'ਚ ਪੇਸ਼ ਕਰਦਾ ਸੀ। ਹੁਣ ਬੁੱਢੇ-ਬਾਰੇ ਉਸ ਖੇਡ ਮੇਲੇ ਦੀਆਂ ਕੁਝ ਗੱਲਾਂ ਮੁੜ ਕਰਨ ਨੂੰ ਦਿਲ ਕਰ ਆਇਆ ਹੈ।

ਇਸ ਖੇਡ ਮੇਲੇ ਨੂੰ ਪੇਂਡੂ ਓਲੰਪਿਕਸ ਕਿਹਾ ਜਾਂਦਾ ਹੈ। ਇਹਦੀ ਮਸ਼ਹੂਰੀ ਦਾ ਇਹ ਹਾਲ ਸੀ ਕਿ 1970 ਵਿਚ ਇਹਦੀਆਂ ਫਿਲਮਾਂ ਜਰਮਨੀ ਤੇ ਇੰਗਲੈਂਡ ਜਾ ਪੁੱਜੀਆਂ ਸਨ। ਉਦੋਂ ਬੀਬੀਸੀ ਨੇ ਆਪਣੇ ਪ੍ਰੋਗਰਾਮ 'ਚ ਇਹਦਾ ਉਚੇਚਾ ਜ਼ਿਕਰ ਕੀਤਾ ਸੀ ਤੇ ਪੰਜ ਮਿੰਟ ਦੀ ਫਿਲਮ ਵਿਖਾਈ ਸੀ। ਅਜੀਤ ਅਖ਼ਬਾਰ ਦੇ ਬਾਨੀ ਸਾਧੂ ਸਿੰਘ ਹਮਦਰਦ, ਅਕਾਲੀ ਪੱਤ੍ਰਿਕਾ ਦੇ ਅਮਰ ਸਿੰਘ ਦੁਸਾਂਝ ਤੇ ਅੰਗਰੇਜ਼ੀ ਟ੍ਰਿਬਿਊਨ ਦੇ ਐੱਮ.ਐੱਲ. ਕਪੂਰ ਵਰਗੇ ਮੰਨੇ-ਦੰਨੇ ਪੱਤਰਕਾਰ ਖੇਡ ਮੈਦਾਨ 'ਚ ਟੇਢੇ ਪੈ ਕੇ ਖੇਡਾਂ ਵੇਖਿਆ ਕਰਦੇ ਸਨ ਤੇ ਆਪੋ ਆਪਣੇ ਅਖ਼ਬਾਰਾਂ ਵਿਚ ਖੇਲ੍ਹਾਂ ਦੀਆਂ ਗੱਲਾਂ ਮਸਾਲੇ ਲਾ ਕੇ ਪ੍ਰਕਾਸ਼ਿਤ ਕਰਿਆ ਕਰਦੇ ਸਨ। ਇਥੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਰਗੇ ਲੇਖਕ, ਜਸਵੰਤ ਸਿੰਘ ਕੰਵਲ ਵਰਗੇ ਨਾਵਲਕਾਰ ਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਕਵੀ ਆਉਂਦੇ ਰਹੇ। ਗੁਰਬਖ਼ਸ਼ ਸਿੰਘ ਨੇ ਤਾਂ ਇਨ੍ਹਾਂ ਖੇਡਾਂ ਬਾਰੇ ਇਕ ਪ੍ਰਸ਼ੰਸਾਮਈ ਲੇਖ ਵੀ ਪ੍ਰੀਤਲੜੀ ਵਿਚ ਛਾਪਿਆ ਸੀ। ਉਦੋਂ ਮੈਂ ਵੀ 'ਆਰਸੀ' ਵਿਚ ਲੇਖ ਲਿਖਿਆ ਸੀ:

ਕਿਲਾ ਰਾਇਪੁਰ ਦਾ ਪੇਂਡੂ ਖੇਡ ਮੇਲਾ ਪੰਜਾਬੀ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੁੰਦਾ ਹੈ ਜਿਥੇ ਖੇਡਦੇ ਮੱਲ੍ਹਦੇ, ਨੱਚਦੇ ਟੱਪਦੇ ਤੇ ਹੱਸਦੇ ਗਾਉਂਦੇ ਪੰਜਾਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਹੁੰਦੇ ਹਨ। ਉਥੇ ਬੈਲ ਗੱਡੀਆਂ ਦੀ ਦੌੜ ਤੋਂ ਲੈ ਕੇ ਗਿੱਧੇ, ਗਤਕੇ ਤੇ ਤਲੇ ਜਾਂਦੇ ਸਲੂਣੇ ਪਕੌੜਿਆਂ ਦੀ ਕਰਾਰੀ ਮਹਿਕ ਤਕ ਸਭ ਕੁਝ ਹੁੰਦਾ ਹੈ। ਉਥੇ ਧੂੜਾਂ ਉਡਦੀਆਂ ਹਨ, ਝੰਡੇ ਝੂਲਦੇ ਤੇ ਮੇਲੀ ਗੇਲੀ ਚਾਅ 'ਚ ਮੇਹਲਦੇ ਮਿਲਦੇ ਗਿਲਦੇ ਹਨ। ਮੁੜ੍ਹਕੋ-ਮੁੜ੍ਹਕੀ ਹੋਏ ਖਿਡਾਰੀਆਂ ਦੇ ਲਿਸ਼ਕਦੇ ਜੁੱਸੇ, ਗਿੱਧਾ ਪਾਉਂਦੀਆਂ ਮੁਟਿਆਰਾਂ ਦੇ ਹਾਰ ਸ਼ਿੰਗਾਰ, ਭੰਗੜੇ ਪਾਉਂਦੇ ਨੌਜੁਆਨਾਂ ਦੇ ਕੈਂਠੇ ਤੇ ਚਾਦਰੇ ਅਤੇ ਦਰਸ਼ਕ ਬਣੇ ਬਜ਼ੁਰਗਾਂ ਦੀਆਂ ਬੀਬੀਆਂ ਦਾੜ੍ਹੀਆਂ ਤੇ ਮਾਈਆਂ ਬੀਬੀਆਂ ਦੀਆਂ ਚੁੰਨੀਆਂ ਲਹਿਰਾਉਂਦੀਆਂ ਦਿਸਦੀਆਂ ਹਨ। ਉਥੇ ਰੰਗਲਾ ਪੰਜਾਬ ਸਤਰੰਗੀ ਪੀਂਘ ਵਾਂਗ ਛਾਇਆ ਨਜ਼ਰੀਂ ਪੈਂਦਾ ਹੈ।

ਜੀਹਨੇ ਪੰਜਾਬ ਦੀ ਰੂਹ ਦੇ ਦਰਸ਼ਨ ਕਰਨੇ ਹੋਣ ਉਹ ਕਿਲਾ ਰਾਇਪੁਰ ਦਾ ਖੇਡ ਮੇਲਾ ਵੇਖ ਲਵੇ। ਕਿਧਰੇ ਕਬੱਡੀ ਹੁੰਦੀ ਹੈ, ਕਿਧਰੇ ਨੇਜ਼ੇਬਾਜ਼ੀ, ਕਿਧਰੇ ਬਾਜ਼ੀਗਰਾਂ ਦੇ ਕਰਤਬ ਤੇ ਕੁੜੀਆਂ ਮੁੰਡਿਆਂ ਦੀ ਹਾਕੀ। ਵਿਚੇ ਭੰਗੜੇ ਪਈ ਜਾਂਦੇ ਹਨ, ਵਿਚੇ ਧਮਾਲਾਂ ਤੇ ਵਿਚੇ ਊਠਾਂ ਘੋੜਿਆਂ ਦੀ ਦੌੜ ਹੋਈ ਜਾਂਦੀ ਹੈ। ਕਿਧਰੇ ਸਾਨ੍ਹ ਤੇ ਬੰਦੇ ਦਾ ਭੇੜ ਹੁੰਦਾ ਹੈ ਤੇ ਸਿਖਾਏ ਸਿਧਾਏ ਵਹਿੜੇ ਮੰਜੀਆਂ ਟੱਪਦੇ ਹਨ। ਕੋਈ ਜੁਆਨ ਬੋਰੀ ਚੁੱਕਦਾ ਹੈ, ਕੋਈ ਮੁਗਦਰ ਤੇ ਕੋਈ ਬਾਬਾ ਮੂੰਗਲੀਆਂ ਹੀ ਫੇਰੀ ਜਾਂਦਾ ਹੈ। ਉਥੇ ਤੇਜ਼-ਤਰਾਰ ਤੇ ਲੰਮੀਆਂ ਦੌੜਾਂ ਲਾਉਣ ਵਾਲੇ ਅਥਲੀਟ ਟਰੈਕ ਨੂੰ ਸਾਹ ਨਹੀਂ ਲੈਣ ਦਿੰਦੇ। ਖੱਚਰ ਰੇਹੜੇ ਦੌੜਦੇ ਤੇ ਸੁਹਾਗਾ ਦੌੜਾਂ ਲੱਗਦੀਆਂ ਹਨ। ਕਿਧਰੇ ਊਠ 'ਤੇ ਖੜ੍ਹਾ ਸਵਾਰ ਪਾਣੀ ਦਾ ਛੰਨਾ ਹਥੇਲੀ 'ਤੇ ਟਿਕਾਈ ਜਾਂਦਾ ਦਿਸਦਾ ਹੈ ਤੇ ਕਿਧਰੇ ਕੋਈ ਨਿਹੰਗ ਸਿੰਘ ਦੋ ਘੋੜਿਆਂ ਉਤੇ ਚੜ੍ਹਿਆ ਘੋੜਿਆਂ ਦੀ ਜੋੜੀ ਨੂੰ ਬਰਾਬਰ ਉਡਾਈ ਜਾਂਦਾ ਜੈਕਾਰੇ ਛੱਡੀ ਜਾਂਦਾ ਹੈ। ਕੋਈ ਗੋਲ ਕੁੰਡਲ ਦੀਆਂ ਬਲਦੀਆਂ ਲਾਟਾਂ ਵਿਚ ਦੀ ਲੰਘਦਾ ਹੈ ਤੇ ਕਿਧਰੇ ਛੱਤਰਿਆਂ ਦਾ ਭੇੜ ਹੁੰਦਾ ਹੈ। ਕਿਸੇ ਪਾਸੇ ਬੱਗੀਆਂ ਦਾੜ੍ਹੀਆਂ ਵਾਲੇ ਬਾਬੇ ਰੱਸਾਕਸ਼ੀ ਕਰਦਿਆਂ ਹੌਂਕ ਰਹੇ ਹੁੰਦੇ ਹਨ। ਨਾਲ ਦੀ ਨਾਲ ਕੁਮੈਂਟਰੀ ਗੂੰਜਦੀ ਰਹਿੰਦੀ ਹੈ:

-ਲੈ ਬਈ ਮੁੰਡਿਆ ਲਾ ਛਾਲ ਕਿ ਤੈਨੂੰ ਵੀ ਕੋਈ ਢੋਲ-ਢੂਲ ਆਲਾ ਚਾਹੀਦੈ?

-ਹੁਣ ਗਾਉਣ ਵਾਲੇ ਵੀ ਸਟਾਰਟਿੰਗ ਲਾਈਨ 'ਤੇ ਆ ਜਾਣ।

-ਬੀਂਡੀ ਜੁੜਿਆ ਬਾਬਾ ਗੱਡੀ ਖੜ੍ਹਾ ਪੈਰ। ਲੈ ਇਹ ਨੀ ਹਿੱਲਦਾ ਹੁਣ।

-ਔਹ ਡਿੱਗ-ਪੀ ਝੰਡੀ। ਆਉਂਦੇ ਆ ਵਹਿੜੇ 'ਵਾ ਨੂੰ ਗੰਢਾਂ ਦਿੰਦੇ। ਪਰ੍ਹੇ-ਪਰ੍ਹੇ ਹੋ-ਜੋ ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋ-ਜੇ। ਗੱਡੀਆਂ ਵਾਲਿਆਂ ਦੇ ਬਰੇਕ ਨੀ ਹੁੰਦੇ।

-ਆਹ ਜੀਹਦਾ ਨਿਆਣਾ ਗੁਆਚਿਆ, ਆ ਕੇ ਸਟੇਜ 'ਤੋਂ ਲੈ ਜੇ।

-ਲੰਗਰ ਵੀ ਚੱਲ ਰਿਹੈ, ਜੀਹਨੇ ਪਰਸ਼ਾਦਾ ਛਕਣਾ ਛਕ ਲੇ।

-ਗਤਕੇ ਦੇ ਜੌਹਰ ਵਿਖਾਉਣ ਵਾਲੇ ਵੀ ਮੈਦਾਨ 'ਚ ਆ ਜਾਣ।

ਉਥੇ ਝੰਡੇ ਝੂਲਦੇ, ਬੈਂਡ ਵੱਜਦੇ ਤੇ ਗਾਇਕ ਪਾਰਟੀਆਂ ਦਾ ਗੀਤ ਸੰਗੀਤ ਹੁੰਦਾ ਹੈ। ਜਿਮਨਾਸਟ ਆਪਣੀਆਂ ਕਲਾਬਾਜ਼ੀਆਂ ਵਿਖਾਉਂਦੇ ਤੇ ਪੈਰਾ ਸੂਟਰ ਅਸਮਾਨ 'ਚ ਤੈਰਦੇ ਹਨ। ਨਿਸ਼ਾਨਚੀ ਅੱਖਾਂ ਬੰਨ੍ਹਾਅ ਕੇ ਤੀਰ ਚਲਾਉਂਦੇ ਤੇ ਨਿਸ਼ਾਨੇ ਲਾਉਂਦੇ ਹਨ। ਦੂਰ-ਦੂਰ ਤਕ ਹਰਿਆਵਲੀਆਂ ਕਣਕਾਂ ਵਿਚਾਲੇ ਖੁੱਲ੍ਹੇ ਸਟੇਡੀਅਮ 'ਚ ਅਸਚਰਜ ਤਮਾਸ਼ੇ ਤੇ ਖੇਡ ਮੁਕਾਬਲੇ ਹੁੰਦੇ ਹਨ। ਮੇਲੀਆਂ ਦੀਆਂ ਰੰਗ ਬਰੰਗੀਆਂ ਪੱਗਾਂ ਨਾਲ ਗੁਲਜ਼ਾਰ ਖਿੜ ਉਠਦੀ ਹੈ। ਆਏ ਸਾਲ ਰੰਗਾਂ ਦੀ ਅਜਿਹੀ ਲੀਲ੍ਹਾ ਰਚੀ ਜਾਂਦੀ ਹੈ ਜੀਹਦਾ ਨਜ਼ਾਰਾ ਫੇਰ ਸਾਲ ਭਰ ਨਹੀਂ ਭੁੱਲਦਾ।

ਇਸ ਖੇਡ ਮੇਲੇ ਦੀ ਸ਼ੁਰੂਆਤ 1934 'ਚ ਹੋਈ ਸੀ। ਪੜ੍ਹੇ-ਲਿਖੇ ਗਰੇਵਾਲਾਂ ਨੇ ਦੂਰ ਦੀ ਸੋਚ ਕੇ ਆਪਣੇ ਬੱਚਿਆਂ ਨੂੰ ਸਿਹਤਮੰਦ ਬਣਾਉਣ ਲਈ ਇਹ ਖੇਡ ਮੇਲਾ ਸ਼ੁਰੂ ਕੀਤਾ ਸੀ। ਪਹਿਲੇ ਸਾਲ ਹਾਕੀ ਦਾ ਹੀ ਟੂਰਨਾਮੈਂਟ ਹੋਇਆ ਸੀ ਜਿਸ ਲਈ ਛੋਟਾ ਜਿਹਾ ਜਿਸਤੀ ਕੱਪ ਇਨਾਮ ਰੱਖਿਆ ਗਿਆ ਸੀ। ਉਹ ਕੱਪ ਹੁਣ ਘਸਮੈਲਾ ਜਿਹਾ ਹੋਇਆ ਪਿਐ ਪਰ ਉਸ ਨੂੰ ਅਮੁੱਲ ਵਸਤੂ ਸਮਝ ਕੇ ਗਰੇਵਾਲ ਸਪੋਰਟਸ ਐਸੋਸੀਏਸ਼ਨ ਨੇ ਅੱਜ ਤਕ ਸੰਭਾਲਿਆ ਹੋਇਐ। ਉਸ ਵਿਚ ਇਕ ਨਿੱਕਾ ਜਿਹਾ ਮੇਰੂ ਪੈ ਗਿਆ ਸੀ ਜਿਸ ਨੂੰ ਟਾਂਕਾ ਲੁਆ ਕੇ ਬੈਂਕ ਲਾਕਰ ਵਿਚ ਰੱਖਿਆ ਹੋਇਐ। ਸਾਲਾਨਾ ਖੇਲ੍ਹਾਂ ਸਮੇਂ ਉਸ ਕੱਪ ਦੇ ਦਰਸ਼ਨ ਕਰਵਾਏ ਜਾਂਦੇ ਹਨ।

ਕਿਲਾ ਰਾਇਪੁਰ ਦੇ ਖੇਡ ਮੇਲੇ ਵਿਚ ਦਰੋਣਾਚਾਰੀਆ ਗੁਰਬਖ਼ਸ਼ ਸਿੰਘ ਸੰਧੂ, ਅਰਜਨਾ ਅਵਾਰਡੀ ਗੁਰਬਚਨ ਸਿੰਘ ਰੰਧਾਵਾ, ਓਲੰਪਿਕ ਚੈਂਪੀਅਨ ਅਲੈਕਸੀ ਸਿੰਘ ਗਰੇਵਾਲ, ਗੁਰਭਜਨ ਗਿੱਲ ਅਤੇ ਸਰਵਣ ਸਿੰਘ।

ਨਾਰੰਗਵਾਲ ਦੇ ਸ. ਪ੍ਰਹਿਲਾਦ ਸਿੰਘ ਗਰੇਵਾਲ ਦਾ ਪੁੱਤਰ ਅਫਰੀਕਾ ਵਿਚ ਡੁੱਬ ਕੇ ਗੁਜ਼ਰ ਗਿਆ ਸੀ। ਉਸ ਨੇ ਪੁੱਤਰ ਦੀ ਯਾਦ ਵਿਚ 100 ਤੋਲੇ ਸ਼ੁਧ ਸੋਨੇ ਦਾ ਭਗਵੰਤ ਮੈਮੋਰੀਅਲ ਕੱਪ ਗਰੇਵਾਲ ਸਪੋਰਟਸ ਐਸੋਸੀਏਸ਼ਨ ਨੂੰ ਭੇਟ ਕੀਤਾ ਸੀ। ਉਹ ਕੱਪ ਹਾਕੀ ਦੀ ਸਰਦਾਰੀ ਦਾ ਚਿੰਨ੍ਹ ਹੈ ਜਿਸ ਨੂੰ ਜਿੱਤਣ ਲਈ ਹਾਕੀ ਦੀਆਂ ਬਿਹਤਰੀਨ ਟੀਮਾਂ ਜੂਝਦੀਆਂ ਹਨ। ਹਾਕੀ ਦੀ ਖੇਡ ਲਈ ਏਡਾ ਵੱਡਾ ਖਾਲਸ ਸੋਨੇ ਦਾ ਕੱਪ ਭਾਰਤ ਵਿਚ ਸ਼ਾਇਦ ਹੀ ਕੋਈ ਹੋਰ ਹੋਵੇ।

ਜਿਵੇਂ ਹਰਗੋਬਿੰਦ ਖੁਰਾਣੇ ਨੇ ਅਮਰੀਕਾ ਜਾ ਕੇ ਨੋਬੇਲ ਪੁਰਸਕਾਰ ਜਿੱਤਿਆ ਉਵੇਂ ਨਾਰੰਗਵਾਲ ਦੇ ਅਲੈਕਸੀ ਸਿੰਘ ਗਰੇਵਾਲ ਨੇ ਲਾਸ ਏਂਜਲਸ-1984 ਦੀਆਂ ਓਲੰਪਿਕ ਖੇਡਾਂ 'ਚੋਂ ਸਾਈਕਲ ਦੌੜ 'ਚ ਸੋਨੇ ਦਾ ਤਗ਼ਮਾ ਜਿੱਤਿਆ। ਅਲੈਕਸੀ ਦੀ ਮਾਂ ਜਰਮਨ ਮੂਲ ਦੀ ਸੀ ਤੇ ਪਿਤਾ ਪੰਜਾਬ ਦਾ ਸਿੰਘ ਸਰਦਾਰ। ਗਰੇਵਾਲ ਸਪੋਰਟਸ ਐਸੋਸੀਏਸ਼ਨ ਨੇ ਅਲੈਕਸੀ ਸਿੰਘ ਗਰੇਵਾਲ ਨੂੰ ਆਪਣੇ ਖੇਡ ਮੇਲੇ ਉਤੇ ਪਧਾਰਨ ਲਈ ਸੱਦਾ ਪੱਤਰ ਭੇਜਿਆ ਤਾਂ ਸਿਖਲਾਈ ਦੌਰਾਨ ਉਹ ਆ ਨਾ ਸਕਿਆ। ਆਖ਼ਰ ਅਲੈਕਸੀ ਸਿੰਘ ਗਰੇਵਾਲ ਨੇ 4 ਫਰਵਰੀ 2018 ਨੂੰ ਕਿਲਾ ਰਾਇਪੁਰ ਦੇ 82ਵੇਂ ਖੇਡ ਮੇਲੇ 'ਚ ਸ਼ਮੂਲੀਅਤ ਕਰ ਹੀ ਲਈ ਜਿਥੇ ਮੈਨੂੰ ਵੀ ਉਹਦੇ ਦਰਸ਼ਨ ਨਸੀਬ ਹੋਏ।

1935 ਤੋਂ ਮੇਲੇ 'ਚ ਬੈਲ ਗੱਡੀਆਂ ਦੀ ਦੌੜ ਵੀ ਸ਼ਾਮਲ ਕੀਤੀ ਗਈ ਜਿਸ ਨੇ ਪੇਂਡੂ ਲੋਕਾਂ ਦੀ ਕਲਪਣਾ ਨੂੰ ਅਜਿਹਾ ਟੁੰਬਿਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਵੱਲ ਖਿੱਚੇ ਜਾਣ ਲੱਗੇ। ਇਲਾਕੇ ਦੇ ਲੋਕ ਖੇਡਾਂ ਨੂੰ ਖੇਲ੍ਹਾਂ ਕਹਿੰਦੇ ਸਨ ਇਸ ਲਈ ਖੇਡਾਂ ਦੀ ਥਾਂ ਖੇਲ੍ਹਾਂ ਨਾਂਅ ਮਸ਼ਹੂਰ ਹੋ ਗਿਆ। ਬੈਲ ਗੱਡੀਆਂ ਦੀ ਦੌੜ ਇਨ੍ਹਾਂ ਖੇਲ੍ਹਾਂ ਦੀ ਵਿਸ਼ੇਸ਼ ਖਿੱਚ ਬਣ ਗਈ। ਬੈਲ ਗੱਡੀਆਂ ਦੀ ਦੌੜ ਦਾ ਮੋਹਰੀ ਬਖਸ਼ੀਸ਼ ਸਿੰਘ ਸੀ ਜੀਹਦੇ ਬਾਰੇ ਇਹ ਟੱਪਾ ਪ੍ਰਚਲਤ ਹੋਇਆ:

-ਬਖਸ਼ੀ ਚਾਲਕ ਨੀ ਕਿਸੇ ਬਣ ਜਾਣਾ ਘਰ-ਘਰ ਪੁੱਤ ਜੰਮਦੇ।

ਉਹ ਪਤਲੇ ਜੁੱਸੇ ਦਾ ਮਾਲਕ ਇੰਜ ਲੱਗਦਾ ਜਿਵੇਂ ਗੱਡੀ ਉਤੇ ਭਾਰ ਪਾਏ ਬਿਨਾਂ ਹੀ ਹਵਾ ਨਾਲ ਗੱਲਾਂ ਕਰਦਾ ਜਾਂਦਾ ਹੋਵੇ। ਬੰਦੇ ਤਾਂ ਕੀ, ਇਲਾਕੇ ਦੇ ਰੁੱਖ-ਝਾੜ ਵੀ ਉਹਦੇ ਵਧੀਆ ਗੱਡੀ ਚਾਲਕ ਹੋਣ ਦੀਆਂ ਗਵਾਹੀਆਂ ਦਿੰਦੇ ਸਨ। ਫਿਰ ਖੇੜੀ ਦਾ ਪ੍ਰੀਤਮ ਸਿੰਘ ਸ਼ਾਹਸਵਾਰ ਬਣਿਆ। ਉਸ ਮਾਈ ਦੇ ਲਾਲ ਨੇ ਕਦੇ ਬੈਲਾਂ ਨੂੰ ਆਰ ਨਾ ਲਾਈ ਤੇ ਉਹਦੀਆਂ ਅੱਜ ਤਕ ਗੱਲਾਂ ਹੁੰਦੀਆਂ ਹਨ। ਸੁਹਾਗਾ ਦੌੜ ਦਾ ਮੋਹਰੀ ਨਿਰਮਲ ਸਿੰਘ ਸੀ। ਸੁਹਾਗੇ ਤੇ ਬੈਲ ਗੱਡੀਆਂ ਦੀ ਦੌੜ ਨੇ ਮੇਲੀਆਂ ਦਾ ਮਨੋਰੰਜਨ ਕਰਨ ਨਾਲ ਉਨ੍ਹਾਂ ਵਿਚ ਚੰਗੇ ਵਹਿੜਕੇ ਪਾਲਣ ਦੀ ਚੇਟਕ ਵੀ ਲਾਈ ਜਿਨ੍ਹਾਂ ਨੇ ਬਾਅਦ ਵਿਚ ਵਧੀਆ ਬਲਦ ਬਣ ਕੇ ਹਰੇ ਇਨਕਲਾਬ ਨੂੰ ਹੁੰਗਾਰਾ ਦਿੱਤਾ। 1935 ਵਿਚ ਚੋਟੀ ਦਾ ਵਹਿੜਕਾ ਤਿੰਨ ਸੌ ਨੂੰ ਵਿਕਿਆ ਸੀ। ਬੈਲ ਗੱਡੀਆਂ ਦੇ ਸ਼ੌਕ ਦੀ ਚੜ੍ਹਤ ਵੇਖੋ ਕਿ ਬਾਅਦ ਵਿਚ ਤੇਜ਼ ਦੌੜਨ ਵਾਲਾ ਬੈਲ ਲੱਖਾਂ ਰੁਪਈਆਂ 'ਚ ਵਿਕਦਾ ਰਿਹਾ।

1943 ਵਿਚ ਕਿਲਾ ਰਾਇਪੁਰ ਦਾ ਇਕ ਰਿਟਾਇਰ ਫੌਜੀ ਦਲੀਪ ਸਿੰਘ ਮੇਲੇ 'ਚ ਆਇਆ। ਉਹਦਾ ਕਲਕੱਤੇ ਟਰਾਂਸਪੋਰਟ ਦਾ ਤਕੜਾ ਕਾਰੋਬਾਰ ਸੀ। ਉਹ ਖਿਡਾਰੀਆਂ ਉਤੋਂ ਦੀ ਰੁਪਈਆਂ ਦਾ ਮੀਂਹ ਵਰ੍ਹਾਉਣ ਲੱਗਾ। ਉਨ੍ਹੀਂ ਦਿਨੀਂ ਜਦੋਂ ਕਈ ਪੇਂਡੂਆਂ ਨੇ ਸੌ ਦਾ ਨੋਟ ਵੇਖਿਆ ਵੀ ਨਹੀਂ ਸੀ ਉਹ ਕਬੱਡੀ ਦੇ ਇਕ ਪੁਆਇੰਟ ਉਤੇ ਸੌ ਦਾ ਨੋਟ ਇਨਾਮ ਦੇਣ ਲੱਗਾ। ਸੌ ਦਾ ਪਹਿਲਾ ਨੋਟ ਕਬੱਡੀ ਦੇ ਜਾਫੀ ਬਿੱਲੂ ਰਾਜੇਆਣੀਏਂ ਨੂੰ ਮਿਲਿਆ ਜਦੋਂ ਉਸ ਨੇ ਧਾਵੀ ਨੂੰ ਗੁੱਟੋਂ ਫੜ ਕੇ ਹੀ ਡੱਕ ਲਿਆ। ਉਦੋਂ ਜੋਗਿੰਦਰ ਸਿੰਘ ਪੀਟੀ ਖੇਡ ਮੁਕਾਬਲਿਆਂ ਦੀ ਕੁਮੈਂਟਰੀ ਕਰਦਾ ਹੁੰਦਾ ਸੀ। ਉਹਦੀਆਂ ਟਿੱਪਣੀਆਂ ਤੇ ਹਾਸਰਸੀ ਟੋਟਕੇ ਰੰਗ ਬੰਨ੍ਹੀ ਰੱਖਦੇ ਸਨ। ਜਦੋਂ ਬਿੱਲੂ ਨੇ ਗੁੱਟ ਫੜਨਾ ਤਾਂ ਪੀਟੀ ਨੇ ਕਹਿਣਾ, "ਲੈ ਆ-ਗੀ ਘੁਲਾੜੀ 'ਚ ਬਾਂਹ। ਲੱਗਗੇ ਜਿੰਦੇ। ਭਲਾ ਘੁਲਾੜੀ 'ਚੋਂ ਬਾਂਹ ਵੀ ਕਦੇ ਨਿਕਲੀ ਐ?"

ਮੰਦੇ ਦੇ ਉਨ੍ਹੀਂ ਦਿਨੀਂ ਕਈ ਖਿਡਾਰੀਆਂ ਨੇ ਉਥੋਂ ਹਜ਼ਾਰ-ਹਜ਼ਾਰ ਦੇ ਇਨਾਮ ਹਾਸਲ ਕੀਤੇ। ਕਬੱਡੀ ਦੀ ਕੁਮੈਂਟਰੀ ਕਿਲਾ ਰਾਇਪੁਰ ਦੀਆਂ ਖੇਲ੍ਹਾਂ 'ਚੋਂ ਜਨਮੀ ਹੈ। ਪੀਟੀ ਜੋਗਿੰਦਰ ਸਿੰਘ ਇਸ ਦਾ ਜਨਮਦਾਤਾ ਹੈ। ਉਹ ਕੁਮੈਂਟਰੀ ਕਰਦਿਆਂ ਲੋਕ ਗੀਤ, ਲਤੀਫੇ ਤੇ ਨਿੱਕੇ-ਨਿੱਕੇ ਪਰਸੰਗ ਸੁਣਾਉਂਦਾ ਲੋਕਾਂ ਦਾ ਮਨੋਰੰਜਨ ਕਰੀ ਜਾਂਦਾ ਸੀ ਤੇ ਵਿਚੇ ਗਰੇਵਾਲਾਂ ਨੂੰ ਵਡਿਆਈ ਜਾਂਦਾ ਸੀ। ਮੇਲੀ ਗੇਲੀ ਉਹਦੀਆਂ ਗੱਲਾਂ ਵੱਲ ਕੰਨ ਰੱਖਦੇ ਸਨ। ਉਹਦੇ ਅਨੇਕਾਂ ਲੋਕ ਗੀਤ ਕੰਠ ਸਨ ਜਿਨ੍ਹਾਂ ਦੀ ਉਹ ਕੁਮੈਂਟਰੀ 'ਚ ਵਰਤੋਂ ਕਰਦਾ ਰਹਿੰਦਾ। 70ਵਿਆਂ 'ਚ ਜਦੋਂ ਕੁਝ ਸਾਲਾਂ ਲਈ ਖੇਲ੍ਹਾਂ ਦੀ ਕਮੇਟੀ ਵਿਚ ਪਾਟਕ ਪਿਆ ਤੇ ਦੋ ਮੇਲੇ ਲੱਗਣ ਲੱਗੇ ਤਾਂ ਖੇਲ੍ਹਾਂ ਨੂੰ ਅਸਲੀ ਤੇ ਨਕਲੀ ਦੇ ਨਾਂਅ ਦਿੱਤੇ ਜਾਣ ਲੱਗੇ। ਆਮ ਲੋਕ ਕਹਿੰਦੇ, "ਜੇ ਤਾਂ ਬਈ ਉਹ ਪੀਟੀ ਓਥੇ ਓਵੇਂ ਈ ਟੋਟਕੇ ਸੁਣਾਉਂਦੈ ਤਾਂ ਖੇਲ੍ਹਾਂ ਅਸਲੀ ਆ, ਨਹੀਂ ਤਾਂ ਨਕਲੀ।"

ਪੀਟੀ ਬੈਲ ਗੱਡੀਆਂ ਦੀ ਦੌੜ ਸਮੇਂ ਲੋਕ ਗੀਤਾਂ ਦੇ ਟੱਪੇ ਸੁਣਾ ਕੇ ਮੇਲੇ ਨੂੰ ਨਿਹਾਲ ਕਰਦਾ ਰਹਿੰਦਾ ਸੀ:

-ਗੱਡੀ ਚੜ੍ਹਦੀ ਨੇ ਪਿੰਜਣੀ ਤੋੜੀ ਚਾਅ ਮੁਕਲਾਵੇ ਦਾ।

-ਤੈਨੂੰ ਕੀ ਮੁਕਲਾਵਾ ਤਾਰੂ ਰੋਂਦੇ ਯਾਰ ਛੱਡ ਗਈ।

-ਗੱਡੀ ਵਾਲਿਆ ਵੇ ਅੜਬ ਤਖਾਣਾਂ ਕੁੜੀਆਂ ਨੂੰ ਮਿਲ ਲੈਣ ਦੇ।

-ਗੱਡੀ ਵਿਚ ਮੈਂ ਰੋਵਾਂ ਮੇਰੀ ਕੱਤਣੀ 'ਚ ਰੋਣ ਗਲੋਟੇ।

ਇਕੇਰਾਂ ਬੈਲ ਗੱਡੀਆਂ ਦੀ ਦੌੜ 'ਚ ਗੱਡੀਆਂ ਭਿੜ ਗਈਆਂ ਤੇ ਇਕ ਬਲਦ ਦੀ ਮੌਤ ਹੋ ਗਈ। ਕਿਲਕਾਰੀਆਂ ਮਾਰਦਾ ਮੇਲਾ ਅਫਸੋਸ 'ਚ ਡੁੱਬ ਗਿਆ। ਪੀਟੀ ਨੇ ਜਜ਼ਬਾਤੀ ਰੌਂਅ 'ਚ ਕਿਹਾ, "ਲੋਕੋ ਇਹ ਬਲਦ ਨੀ ਮਰਿਆ, ਮੈਦਾਨੇ-ਜੰਗ 'ਚ ਲੜਦਾ ਸਿਪਾਹੀ ਸ਼ਹੀਦ ਹੋਇਐ। ਵੇਖਿਓ ਗੱਡੀਆਂ ਵਾਲਿਓ ਕਿਤੇ ਦਿਲ ਨਾ ਛੱਡ ਜਿਓ। ਇਕ ਜਹਾਜ਼ ਦਾ ਕਪਤਾਨ ਸਮੁੰਦਰੀ ਤੂਫ਼ਾਨ 'ਚ ਮਰ ਗਿਆ। ਮਗਰੋਂ ਉਹਦਾ ਪੁੱਤ ਕਪਤਾਨ ਬਣਿਆ ਤੇ ਉਹਦੀ ਮੌਤ ਵੀ ਸਮੁੰਦਰੀ ਤੂਫ਼ਾਨ 'ਚ ਹੋਈ। ਪਿੱਛੋਂ ਜਦੋਂ ਉਹਦਾ ਪੋਤਾ ਜਹਾਜ਼ ਦਾ ਕਪਤਾਨ ਬਣਿਆ ਤਾਂ ਇਕ ਬੰਦੇ ਨੇ ਆਖਿਆ, ਤੂੰ ਜਹਾਜ਼ ਨਾ ਚਲਾ, ਤੇਰਾ ਪਿਓ ਤੇ ਦਾਦਾ ਜਹਾਜ਼ 'ਚ ਮਰੇ ਨੇ। ਪੋਤਾ ਪੁੱਛਣ ਲੱਗਾ, ਤੇਰਾ ਪਿਓ ਕਿਥੇ ਮਰਿਆ ਸੀ? ਜਵਾਬ ਮਿਲਿਆ, ਮੰਜੇ ਉਤੇ। ਤੇ ਦਾਦਾ? ਜਵਾਬ ਫੇਰ ਉਹੀ ਸੀ ਅਖੇ ਮੰਜੇ ਉਤੇ। ਜਹਾਜ਼ੀ ਕਪਤਾਨ ਕਹਿਣ ਲੱਗਾ, ਫਿਰ ਤੁਸੀਂ ਮੰਜੇ ਕਿਉਂ ਨਹੀਂ ਛੱਡ ਦਿੰਦੇ? ਬਲਦ ਖੁਰਲੀ 'ਤੇ ਖੜ੍ਹਾ ਵੀ ਮਰ ਸਕਦਾ ਸੀ ਪਰ ਉਹਦੀਆਂ ਗੱਲਾਂ ਕਿਸੇ ਨਹੀਂ ਸੀ ਕਰਨੀਆਂ ਤੇ ਨਾ ਉਹਦੇ ਮਾਲਕ ਦਾ ਨਾਂਅ ਲੈਣਾ ਸੀ। ਆਓ ਆਪਾਂ ਇਸ ਬਲਦ ਦੇ ਮਾਲਕ ਦਾ ਦੁੱਖ ਵੰਡਾਈਏ।"

ਉਸੇ ਵੇਲੇ ਮੇਲੇ 'ਚੋਂ ਏਨੇ ਪੈਸੇ 'ਕੱਠੇ ਹੋ ਗਏ ਜਿਸ ਨਾਲ ਇਕ ਦੀ ਥਾਂ ਬਲਦਾਂ ਦੀ ਜੋੜੀ ਖਰੀਦੀ ਜਾ ਸਕਦੀ ਸੀ। ਉਸ ਪਿਛੋਂ ਬੈਲ ਗੱਡੀਆਂ ਵਾਲੇ ਹੋਰ ਵੀ ਸ਼ਿੱਦਤ ਨਾਲ ਮੇਲੇ 'ਚ ਢੁੱਕਣ ਲੱਗੇ। ਇਕ ਵਾਰ ਕਬੱਡੀ ਦੇ ਮੈਚ ਵਿਚ ਇਕ ਖਿਡਾਰੀ ਦੀ ਲੱਤ ਟੁੱਟ ਗਈ। ਸਬੱਬੀਂ ਹੱਡੀਆਂ ਦਾ ਪ੍ਰਸਿੱਧ ਡਾਕਟਰ ਕਰਮ ਸਿੰਘ ਗਰੇਵਾਲ ਮੇਲਾ ਵੇਖ ਰਿਹਾ ਸੀ। ਡਾ. ਗਰੇਵਾਲ ਖਿਡਾਰੀ ਦੀ ਮਦਦ ਲਈ ਮੈਦਾਨ ਵੱਲ ਵਧਿਆ ਤਾਂ ਸਟੇਜ ਤੋਂ ਆਵਾਜ਼ ਆਈ, "ਬਾਕੀ ਸਾਰੇ ਪਾਸੇ ਹੋ-ਜੋ, ਸਾਡੇ ਕੋਲ ਹੱਡੀਆਂ ਦਾ ਇਲਾਜ ਕਰਨ ਵਾਲਾ ਰੱਬ ਆਪ ਆ ਗਿਆ।" ਤੇ ਉਸ ਜੁਆਨ ਦਾ ਪੂਰਾ ਇਲਾਜ ਕਰਵਾ ਕੇ ਉਹਨੂੰ ਹੱਸਦਾ ਖੇਡਦਾ ਘਰ ਭੇਜਿਆ ਗਿਆ।

ਇਹ ਖੇਡ ਮੇਲਾ ਆਪਣੀਆਂ ਸਿਲਵਰ, ਗੋਲਡਨ ਤੇ ਡਾਇਮੰਡ ਜੁਬਲੀਆਂ ਮਨਾ ਚੁੱਕਾ ਹੈ। ਇਹਦੇ ਵਿਚ ਹਾਕੀ ਦੇ ਜਾਦੂਗਰ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਤੇ ਸੁਰਜੀਤ ਸਿੰਘ ਵਰਗੇ ਆਲਮੀ ਪ੍ਰਸਿੱਧੀ ਵਾਲੇ ਖਿਡਾਰੀ ਆਪਣੀ ਖੇਡ ਦੇ ਜੌਹਰ ਵਿਖਾਉਂਦੇ ਰਹੇ ਹਨ। ਓਲੰਪੀਅਨ ਕਰਨਲ ਗੁਰਚਰਨ ਸਿੰਘ ਤਾਂ ਸੀ ਹੀ ਕਿਲਾ ਰਾਇਪੁਰ ਦਾ। ਉਹਦੇ ਭਰਾ ਮਿਹਰ ਸਿੰਘ ਗਰੇਵਾਲ ਨੇ ਵੀ ਚੰਗੀ ਹਾਕੀ ਖੇਡੀ ਤੇ ਮੇਲੇ ਦੀ ਸ਼ਾਨ ਚਮਕਾਈ। ਦੇਸ ਭਰ 'ਚੋਂ ਚੋਟੀ ਦੇ ਅਥਲੀਟ ਇਹਦੇ ਟਰੈਕ ਵਿਚ ਦੌੜਦੇ ਰਹੇ ਨੇ। ਏਥੇ ਗੋਲੇ ਦਾ ਸੁਟਾਵਾ ਪ੍ਰਦੁੱਮਣ ਸਿੰਘ ਵੀ ਆਇਆ, ਡਿਸਕਸ ਵਾਲਾ ਬਲਕਾਰ ਸਿੰਘ ਵੀ ਤੇ ਹੈਮਰ ਵਾਲਾ ਪਰਵੀਨ ਕੁਮਾਰ ਵੀ। ਇਥੇ ਦਾਰਾ ਸਿੰਘ ਤੋਂ ਲੈ ਕੇ ਕਰਤਾਰ ਸਿੰਘ ਤਕ ਪਹਿਲਵਾਨ ਦਰਸ਼ਨ ਦਿੰਦੇ ਰਹੇ ਨੇ।

1953 'ਚ ਪਾਕਿਸਤਾਨ ਤੋਂ ਪੰਜਾਬ ਦੀ ਕਬੱਡੀ ਟੀਮ ਇਥੇ ਆਈ ਸੀ। ਉਦੋਂ ਬਿੱਲੂ, ਕਿਰਪਾਲ ਸਾਧ, ਮਾਲੜੀ ਤੇ ਤੋਖੀ ਹੋਰਾਂ ਦੀਆਂ ਚੜ੍ਹ ਮੱਚੀਆਂ ਸਨ। ਤੋਖੀ ਮੋਟਰ ਸਾਈਕਲ ਵਾਂਗ ਦੌੜਦਾ ਸੀ। 70ਵਿਆਂ 'ਚ ਇੰਗਲੈਂਡ ਦੀ ਕਬੱਡੀ ਟੀਮ ਵੀ ਇਥੇ ਢੁੱਕੀ। ਉਦੋਂ ਡੇਹਲੋਂ ਤੋਂ ਨਾਰੰਗਵਾਲ ਗੁੱਜਰਵਾਲ ਤਕ ਚਾਰ-ਚੁਫੇਰੇ ਰਾਹ ਅੱਟੇ ਗਏ ਸਨ। ਕਿਲਾ ਰਾਇਪੁਰ ਦੇ ਖੇਡ ਮੇਲੇ ਨੇ ਪੰਜਾਬ ਦੇ ਪਿੰਡਾਂ 'ਚ ਖੇਡ ਮੇਲਿਆਂ ਦੀ ਅਜਿਹੀ ਜਾਗ ਲਾਈ ਹੈ ਕਿ ਹੁਣ ਕੋਈ ਦਿਨ ਖਾਲੀ ਨਹੀਂ ਜਾਂਦਾ ਜਦੋਂ ਕਿਸੇ ਪਿੰਡ ਖੇਡਾਂ ਨਾ ਹੋ ਰਹੀਆਂ ਹੋਣ। ਖੇਡਾਂ ਦੇ ਨਾਲ ਇਸ ਨੇ ਪੰਜਾਬ ਦੇ ਪ੍ਰਸਿੱਧ ਨਾਚ ਭੰਗੜੇ ਨੂੰ ਵੀ ਤਕੜਾ ਹੁਲ੍ਹਾਰਾ ਦਿੱਤਾ। ਮਾਡਰਨ ਭੰਗੜੇ ਦਾ ਬਾਨੀ ਮਨੋਹਰ ਦੀਪਕ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਵਿਚ ਭੰਗੜਾ ਪਾਉਂਦਾ ਸਿਨਮੇ ਵਾਲਿਆਂ ਦੀਆਂ ਨਜ਼ਰਾਂ 'ਚ ਚੜ੍ਹਿਆ ਸੀ।

ਇਥੇ ਗੁੱਜਰਵਾਲੀਆਂ ਤੇਜਾ ਸਿੰਘ ਆਪਣੇ ਊਠ ਉਤੇ ਖੜ੍ਹ ਜਾਂਦਾ। ਕਦੇ ਉਹ ਸਿਰ 'ਤੇ ਘੜਾ ਰੱਖ ਲੈਂਦਾ ਤੇ ਕਦੇ ਹਥੇਲੀ ਉਤੇ ਪਾਣੀ ਦਾ ਛੰਨਾ। ਭੱਜੇ ਜਾਂਦੇ ਊਠ ਉਤੋਂ ਮਜਾਲ ਕੀ ਪਾਣੀ ਦੀ ਬੂੰਦ ਵੀ ਛਲਕ ਜਾਵੇ। ਮਗਰੋਂ ਕਿਲਾ ਰਾਇਪੁਰ ਦੇ ਸਿਕੰਦਰ ਸਿੰਘ ਤੇ ਪ੍ਰੀਤਮ ਸਿੰਘ ਵੀ ਤੇਜਾ ਸਿੰਘ ਦੀਆਂ ਰੀਸਾਂ ਕਰਦੇ ਰਹੇ।

2018 'ਚ ਬੀਬੀਸੀ ਪੰਜਾਬੀ ਚੈਨਲ ਦਾ ਬੁਲਾਰਾ ਦਲਜੀਤ ਅਮੀ ਮਿਲਿਆ ਜੋ ਜ਼ੋਰ ਦੇਣ ਲੱਗਾ ਕਿ 4 ਫਰਵਰੀ ਨੂੰ ਕਿਲਾ ਰਾਇਪੁਰ ਪਹੁੰਚ ਸਕੋਂ ਤਾਂ ਸਾਨੂੰ ਉਥੋਂ ਦੀਆਂ ਖੇਲ੍ਹਾਂ ਬਾਰੇ ਤੁਹਾਡਾ ਲਾਈਵ ਤਬਸਰਾ ਚਾਹੀਦੈ। ਮੈਂ ਮੇਲੇ 'ਚ ਪੁੱਜਾ ਤਾਂ ਸਾਬਕਾ ਓਲੰਪਿਕ ਚੈਂਪੀਅਨ ਅਲੈਕਸੀ ਸਿੰਘ ਗਰੇਵਾਲ, ਟੋਕੀਓ ਦੀਆਂ ਓਲੰਪਿਕ ਖੇਡਾਂ ਵਿਚ 110 ਮੀਟਰ ਅੜਿੱਕਾ ਦੌੜ 'ਚੋਂ ਪੰਜਵਾਂ ਸਥਾਨ ਹਾਸਲ ਕਰਨ ਵਾਲਾ ਗੁਰਬਚਨ ਸਿੰਘ ਤੇ ਮੁੱਕੇਬਾਜ਼ੀ ਦਾ ਦਰੋਣਾਚਾਰੀਆ ਗੁਰਬਖ਼ਸ਼ ਸਿੰਘ ਸੰਧੂ ਸਟੇਜ 'ਤੇ ਬਿਰਾਜਮਾਨ ਸਨ। ਉਨ੍ਹਾਂ ਨੂੰ ਜੀਵਨ ਭਰ ਦੀਆਂ ਖੇਡ ਪ੍ਰਾਪਤੀਆਂ ਲਈ ਉਚੇਚਾ ਸਨਮਾਨਿਆ ਜਾਣਾ ਸੀ।

ਮੈਂ ਅਕਸਰ ਕਹਿੰਦਾ ਹਾਂ ਕਿ ਜੀਹਨੇ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਨਹੀਂ ਵੇਖੀਆਂ ਉਹਨੇ ਅਜੇ ਖੇਡਾਂ ਵੇਖੀਆਂ ਹੀ ਨਹੀਂ। ਇਨ੍ਹਾਂ ਖੇਲ੍ਹਾਂ ਨੇ ਹੀ ਪੰਜਾਬ ਵਿਚ ਖੇਡ ਮੇਲਿਆਂ ਦੀ ਜਾਗ ਲਾਈ ਹੈ। ਜਿਵੇਂ ਕਬੱਡੀ ਨੂੰ ਪੰਜਾਬੀਆਂ ਦੀ ਮਾਂ ਖੇਡ ਕਿਹਾ ਜਾਂਦੈ ਉਵੇਂ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਨੂੰ ਪੰਜਾਬ ਦੇ ਖੇਡ ਮੇਲਿਆਂ ਦੀ ਮਾਂ ਕਿਹਾ ਜਾ ਸਕਦੈ। ਮੇਲਾ ਸ਼ੁਰੂ ਕਰਨ ਵਾਲੇ ਸੱਜਣ ਇਸ ਦੁਨੀਆਂ ਤੋਂ ਕੂਚ ਕਰ ਗਏ ਹਨ। ਦੂਜੀ ਪੀੜ੍ਹੀ 'ਚੋਂ ਵੀ ਕੋਈ ਹੀ ਜਿਉਂਦਾ ਹੈ। ਤੀਜੀ ਪੀੜ੍ਹੀ ਵੀ ਰਿਟਾਇਰ ਹੋ ਚੁੱਕੀ ਹੈ। ਇਸ ਖੇਡ ਮੇਲੇ ਦੀਆਂ ਲਗਾਮਾਂ ਹੁਣ ਚੌਥੀ ਪੀੜ੍ਹੀ ਦੇ ਹੱਥ ਹਨ। ਵੇਖਦੇ ਹਾਂ ਨਵੀਂ ਪੀੜ੍ਹੀ ਦੇ ਪੜ੍ਹੇ-ਲਿਖੇ ਨੌਜਵਾਨ ਕਿਲਾ ਰਇਪੁਰ ਦੀਆਂ ਖੇਲ੍ਹਾਂ ਨੂੰ ਕਿਥੋਂ ਤਕ ਲਿਜਾਂਦੇ ਹਨ?

ਸਰਬੱਤ-ਖਾਲਸਾ ਦਾ ਸਿੱਖ ਪ੍ਰਸੰਗ

ਪੰਜਾਬ ਦੀ ਵਰਤਮਾਨ ਸਥਿਤੀ ਵਿਚ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸਮੇਤ ਸਾਰੀਆਂ ਸਿੱਖ-ਸੰਸਥਾਵਾਂ, ਹੋ ਰਹੀ ਸਿਆਸਤ ਦੇ ਪੈਰੋਂ ਸਵਾਲਾਂ ਦੇ ਘੇਰੇ ਵਿਚ ਆ ਗਈਆਂ ਹਨ। ਸਿਆਸਤ ਨਾਲ ਜੁੜੇ ਹੋਏ ਸਵਾਲਾਂ-ਜਵਾਬਾਂ ਦੇ ਚੱਕਰ ਵਿਚ ਸਿੱਖ-ਸਿਧਾਂਤਕੀ ਅਤੇ ਸਿੱਖ-ਪਰੰਪਰਾਵਾਂ ਅੱਖੋਂ ਓਝਲ ਹੋ ਰਹੀਆਂ ਹਨ ਅਤੇ ਸਿੱਖ-ਹੱਲ, ਰਾਜਨੀਤੀ ਮੁਤਾਬਿਕ ਨਿਕਲਦੇ ਨਿਕਲਦੇ ਇਕ ਦੂਜੇ ਨਾਲ ਉਲਝਦੇ ਜਾ ਰਹੇ ਹਨ। ਸਰਬੱਤ-ਖਾਲਸਾ ਦੇ ਹਵਾਲੇ ਨਾਲ ਇਹ ਉਲਝਣ, ਅਜਿਹੀਆਂ ਵੰਗਾਰਾਂ ਨੂੰ ਜਨਮ ਦੇ ਰਹੀ ਹੈ, ਜਿਨ੍ਹਾਂ ਦੀ ਸੌਖਿਆਂ ਸਿਆਸਤ ਤਾਂ ਕੀਤੀ ਜਾ ਸਕਦੀ ਹੈ, ਪਰ ਸਿਧਾਂਤਕ ਪ੍ਰਸੰਗਕਤਾ ਵਿਚ ਕਿਸੇ ਤਰ੍ਹਾਂ ਦੀ ਸਹਿਜ-ਸਥਾਪਤੀ ਨਹੀਂ ਕੀਤੀ ਜਾ ਸਕਦੀ। ਇਸ ਸਿਆਸੀ ਘੜਮੱਸ ਨੇ ਆਮ ਸਿੱਖ ਨੂੰ ਬੌਂਦਲਾਇਆ ਪਿਆ ਹੈ। ਗੁਰਮਤਿ ਅਤੇ

ਬਲਕਾਰ ਸਿੰਘ ਪ੍ਰੋਫੈਸਰ
ਫੋਨ: +91-93163-01328

ਸਿੱਖ-ਸਿਆਸਤ, ਜਦੋਂ ਕਿਸੇ ਵੀ ਕਾਰਨ ਆਹਮੋ-ਸਾਹਮਣੇ ਹੋਈਆਂ ਹਨ, ਇਹੋ ਜਿਹੀ ਸਥਿਤੀ ਪੈਦਾ ਹੁੰਦੀ ਰਹੀ ਹੈ। ਸਿਆਸਤ ਦਾ ਸਿੱਖ-ਪ੍ਰਸੰਗ ਤਾਂ ਗੁਰੂ ਸਾਹਿਬਾਨ ਵੇਲੇ ਸਾਹਮਣੇ ਆਉਂਦਾ ਰਿਹਾ ਸੀ, ਪਰ ਸਿਆਸਤ ਦੇ ਪੰਥਕ-ਪ੍ਰਸੰਗ ਦੀ ਨੀਂਹ, ਬਾਬਾ ਬੰਦਾ ਸਿੰਘ ਬਹਾਦਰ ਵੇਲੇ ਰੱਖੀ ਗਈ ਸੀ। ਇਸ ਦਾ ਬਿਰਦ ਪਾਲਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹੀਦ ਹੋ ਜਾਣ ਤੱਕ ਭਰਾ-ਮਾਰੂ ਸਿਆਸਤ ਨਹੀਂ ਕੀਤੀ ਸੀ। ਇਹੀ ਪੰਥਕ-ਪਰੰਪਰਾ ਮਿਸਲਦਾਰਾਂ ਨੇ ਕਾਇਮ ਰੱਖੀ ਸੀ ਅਤੇ ਮਿਸਲਾਂ ਵੇਲੇ ਅੰਦਰੋਂ ਤੇ ਬਾਹਰੋਂ ਦਰਪੇਸ਼ ਸਿਆਸੀ-ਸਮੱਸਿਆਵਾਂ ਨਾਲ ਪੰਥਕ-ਸੁਰ ਵਿਚ ਨਿਪਟਣ ਵਾਸਤੇ ਸਰਬੱਤ-ਖਾਲਸਾ, ਸਿੱਖ-ਵਿਧੀ ਵਜੋਂ ਸਾਹਮਣੇ ਆ ਗਿਆ ਸੀ।

ਸਰਬੱਤ-ਖਾਲਸਾ, ਗੁਰੂ-ਕਿਰਤ ਨਹੀਂ ਹੈ, ਕਿਉਂਕਿ ਇਹ ਪੰਥਕ-ਕਿਰਤ ਹੈ। ਪੰਥ ਅੰਦਰ ਜਿਸ ਮਾਤਰਾ ਵਿਚ ਗੁਰੂ ਸ਼ਾਮਲ ਰਹਿੰਦਾ ਹੈ, ਉਸੇ ਮਾਤਰਾ ਵਿਚ ਪੰਥਕ-ਕਿਰਤ ਨੂੰ ਮਾਨਤਾ ਮਿਲਦੀ ਰਹੀ ਹੈ ਇਸ ਦਾ ਅਰਥ ਇਹ ਹੋਇਆ ਕਿ ਜਿਹੜੀਆਂ ਸਮੱਸਿਆਵਾਂ ਦਾ ਹੱਲ ਗੁਰਬਾਣੀ ਦੇ ਹਵਾਲੇ ਨਾਲ ਨਿਕਲ ਸਕਦਾ ਰਿਹਾ ਹੈ, ਉਸ ਨਾਲ ਸਿੱਖ-ਸਹਿਮਤੀ ਵੱਲ ਸੌਖਿਆਂ ਵਧਿਆ ਜਾ ਸਕਦਾ ਹੈ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਸਰਬੱਤ-ਖਾਲਸਾ, ਸਿਆਸੀ-ਲੋੜਾਂ ਵਾਸਤੇ ਗੁਰਬਾਣੀ ਦੀ ਰੌਸ਼ਨੀ ਵਿਚ ਸਿੱਖ-ਸਹਿਮਤੀ ਵਾਲੇ ਪੰਥਕ-ਹੱਲ ਵਜੋਂ ਸਾਹਮਣੇ ਆਇਆ ਸੀ। ਇਸ ਦੀ ਵਰਤੋਂ ਲੋੜ ਪੈਣ 'ਤੇ ਹੀ ਹੁੰਦੀ ਰਹੀ ਹੈ ਅਤੇ ਦੀਵਾਲੀ ਅਤੇ ਵੈਸਾਖੀ ਦੇ ਹਵਾਲੇ ਨਾਲ ਮਿਲਦੇ ਵੇਰਵੇ, ਇਕੱਠੇ ਹੋਏ ਸਿੱਖਾਂ ਨੂੰ ਸਰਬੱਤ ਖਾਲਸਾ ਕਹੇ ਬਗੈਰ ਸਿਆਸੀ ਲਾਹਾ ਲਿਆ ਜਾਂਦਾ ਰਿਹਾ ਸੀ। ਪਰ ਇਨ੍ਹਾਂ ਸਿੱਖ-ਇਕੱਠਾਂ ਨੂੰ ਵਿਧੀਵਤ ਢੰਗ ਨਾਲ ਸੱਦਿਆ ਹੋਇਆ ਸਰਬੱਤ-ਖਾਲਸਾ ਕਹਿਣਾ ਠੀਕ ਨਹੀਂ ਹੋਵੇਗਾ? ਸਿੱਖ-ਇਕੱਠਾਂ ਦਾ ਇਹੋ ਜਿਹਾ ਸਿਆਸੀ-ਲਾਹਾ ਤਾਂ ਸਿੱਖ-ਸਿਆਸਤਦਾਨ ਅੱਜ ਵੀ ਲੈਂਦੇ ਆ ਰਹੇ ਹਨ। ਪਰ ਇਸ ਤੇ ਇਸ ਤਰ੍ਹਾਂ ਕਦੇ ਇਤਰਾਜ਼ ਨਹੀਂ ਹੋਏ ਜਿਵੇਂ 10 ਨਵੰਬਰ 2025 ਨੂੰ ਪ੍ਰਸਤਾਵਿਤ ਸਰਬੱਤ-ਖਾਲਸਾ ਬਾਰੇ ਹੋ ਰਹੇ ਹਨ। ਇਹ ਸਾਰੇ ਇਤਰਾਜ਼ ਸਰਬੱਤ-ਖਾਲਸੇ ਦੀ ਸਿਆਸਤ ਨੂੰ ਲੈ ਕੇ ਹੋ ਰਹੇ ਹਨ। ਇਸ ਨਾਲ ਪਵਿਤਰ-ਅਵਸਰਾਂ ਦੀ ਸਿਆਸੀ ਵਰਤੋਂ ਵਿਰੁਧ ਆਵਾਜ਼ ਵੀ ਉਠ ਰਹੀ ਹੈ ਅਤੇ ਇਹ ਸੱਚ ਵੀ ਸਾਹਮਣੇ ਆ ਰਿਹਾ ਹੈ ਕਿ ਸਿਆਸੀ-ਇਕੱਠਾਂ ਨੂੰ ਸਰਬੱਤ-ਖਾਲਸਾ ਉਵੇਂ ਹੀ ਨਹੀਂ ਕਿਹਾ ਜਾ ਸਕਦਾ ਜਿਵੇਂ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ 'ਅਣਰੰਗੇ ਮਨਾਂ ਵਾਲੇ ਇਕੱਠ ਨੂੰ ਸੰਗਤ ਨਹੀਂ ਕਿਹਾ ਜਾ ਸਕਦਾ।' ਸਿੱਖ-ਸਿਆਸਤਦਾਨਾਂ ਦੇ ਸਿਆਸੀ-ਭੇੜ ਨਾਲ ਹੋਣ ਵਾਲੇ ਪੰਥਕ-ਨੁਕਸਾਨ ਨੂੰ ਰੋਕਣ ਲਈ ਤਾਂ ਸਰਬੱਤ-ਖਾਲਸਾ ਸੱਦਿਆ ਜਾ ਸਕਦਾ ਹੈ, ਪਰ ਸਿੱਖ-ਸਿਆਸਤਦਾਨਾਂ ਵਿਚਕਾਰ ਸਿਆਸੀ-ਕਬਜੇ ਵੱਲ ਸੇਧਤ ਬਦਲਾਵ ਦੀ ਸੌੜੀ ਸਿਆਸਤ ਵਾਸਤੇ ਸਰਬੱਤ-ਖਾਲਸਾ ਨਾ ਹੀ ਸੱਦਿਆ ਜਾ ਸਕਦਾ ਹੈ ਅਤੇ ਨਾ ਹੀ ਵਰਤਿਆ ਜਾ ਸਕਦਾ ਹੈ। ਇਸ ਕਰਕੇ ਗੁਰਬਾਣੀ ਦੇ ਹਵਾਲੇ ਨਾਲ ਅਤੇ ਪਰੰਪਰਕ ਸਿੱਖ-ਸੁਰ ਵਿਚ ਸਰਬੱਤ-ਖਾਲਸਾ ਬਾਰੇ ਗੱਲਾਂ ਤਾਂ ਕੀਤੀਆਂ ਜਾ ਸਕਦੀਆਂ ਹਨ, ਪਰ ਸਰਬੱਤ-ਖਾਲਸਾ ਨੂੰ ਸਿਆਸੀ ਵਿਧੀ ਵਜੋਂ ਉਸ ਤਰ੍ਹਾਂ ਸਥਾਪਤ ਨਹੀਂ ਕੀਤਾ ਜਾ ਸਕਦਾ, ਜਿਵੇਂ ਇਸ ਵੇਲੇ ਸਿੱਖ-ਸਿਆਸਤਦਾਨਾਂ ਵੱਲੋਂ ਸਮਝਿਆ ਅਤੇ ਵਰਤਿਆ ਜਾ ਰਿਹਾ ਹੈ। ਸਿਆਸਤ ਦੀ ਸਿੱਖ ਮੰਡੀ ਵਿਚ ਡਾਂਗ ਤੇ ਡੇਰੇ ਦੀ ਸਿਆਸਤ ਮੈਨੂੰ ਦਿਆਨਤਦਾਰੀ ਨਾਲ ਕੀਤਾ ਗਿਆ ਉਲਾਰ ਲੱਗਦਾ ਹੈ। ਉਲਾਰ, ਗੰਧਲਾਊ ਸਰੋਕਾਰਾਂ ਨੂੰ ਜਨਮ ਦੇਂਦਾ ਹੈ ਅਤੇ ਜੋੜਣ ਦੇ ਨਾਮ ਤੇ ਤੋੜਣ ਦੀ ਰਾਜਨੀਤੀ ਹੋ ਜਾਂਦਾ ਹੈ।

ਸਿਆਸੀ-ਵੰਗਾਰਾਂ ਦੇ ਧਾਰਮਿਕ-ਹੱਲ ਲੱਭਣ ਵਾਸਤੇ ਹੋਂਦ ਵਿਚ ਆਈ ਇਸ ਸੰਸਥਾ (ਸਰਬੱਤ-ਖਾਲਸਾ) ਦਾ ਸਿੱਖ-ਸੁਰ ਵਿਚ ਪੰਥਕ ਪ੍ਰਸੰਗ ਉਸ ਤਰ੍ਹਾਂ ਸਥਾਪਤ ਹੀ ਨਹੀਂ ਹੋਇਆ, ਜਿਸ ਤਰ੍ਹਾਂ ਮੰਨਿਆ ਜਾ ਰਿਹਾ ਹੈ। ਸਰਬੱਤ-ਖਾਲਸਾ ਦੇ ਸਿੱਖ ਪ੍ਰਸੰਗ ਨੂੰ ਸਮਝਣ ਅਤੇ ਸਮਝਾਉਣ ਵਾਲੇ ਪਾਸੇ ਤੁਰਨ ਦੀ ਥਾਂ, ਇਸ ਸੰਸਥਾ ਨੂੰ ਸਿਆਸੀ-ਸੰਦ ਵਜੋਂ ਵਰਤਣ ਦੇ ਰਾਹ ਕਿਸੇ ਨੂੰ ਵੀ ਨਹੀਂ ਪੈਣ ਦੇਣਾ ਚਾਹੀਦਾ। ਇਸ ਸੰਸਥਾ ਬਾਰੇ ਪ੍ਰਾਪਤ ਵੇਰਵੇ, ਇਕਵਾਰਗੀ-ਸੁਰ ਵਿਚ ਹੋਣ ਦੇ ਬਾਵਜੂਦ ਸਿੱਖ-ਸਿਧਾਂਤਕੀ ਨਾਲੋਂ ਵਿਛੜੇ ਹੋਏ ਨਜ਼ਰ ਆ ਜਾਂਦੇ ਹਨ ਅਤੇ ਪੰਥਕ ਚੇਤਾਵਨੀ ਵਾਂਗ ਚੇਤੇ ਕਰਵਾ ਰਹੇ ਲੱਗਦੇ ਹਨ ਕਿ ਰੂਹਾਨੀ-ਗੁਣਾਂ ਨਾਲੋਂ ਟੁੱਟੀ ਹੋਈ ਰਾਜਨੀਤੀ ਨੂੰ ਸਰਬੱਤ-ਖਾਲਸਾ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿੱਖ-ਸਿਧਾਂਤਕੀ ਦੀ ਨੀਂਹ ਤੇ ਉਸਰੀਆਂ ਸਿੱਖ-ਸੰਸਥਾਵਾਂ, ਇਸਲਾਮੀ-ਸਿਧਾਂਤਕੀ ਦੀ ਨੀਂਹ ਤੇ ਉਸਰੀਆਂ ਇਸਲਾਮੀ-ਸੰਸਥਾਵਾਂ ਦਾ ਬਦਲ ਵੀ ਉਸਾਰ ਰਹੀਆਂ ਸਨ ਅਤੇ ਸਿੱਖ-ਉਸਾਰ ਨੂੰ ਵਿਰਾਸਤੀ-ਧਰਾਤਲ ਤੇ ਖੜ੍ਹਾ ਵੀ ਕਰ ਰਹੀਆਂ ਸਨ। ਇਸ ਨਾਲ ਇਹ ਸਥਾਪਤ ਹੋ ਗਿਆ ਸੀ ਕਿ ਸੰਸਥਾਵਾਂ, ਸਿਧਾਂਤਕੀ ਅਤੇ ਸਿਧਾਂਤ ਦੇ ਜਗਿਆਸੂਆਂ ਜਾਂ ਪੈਰੋਕਾਰਾਂ ਵਿਚਕਾਰ ਪੁਲ ਦਾ ਕੰਮ ਦੇਂਦੀਆਂ ਹਨ ਅਤੇ ਆਮ ਮਾਨਸਿਕਤਾ ਨੂੰ ਨਾਲ ਲੈ ਕੇ ਤੁਰਨ ਵਾਸਤੇ ਮਾਰਗ-ਦਰਸ਼ਨ ਵੀ ਕਰਦੀਆਂ ਰਹਿੰਦੀਆਂ ਹਨ। ਅਕਾਲੀ-ਸਿਆਸਤਦਾਨਾਂ ਵਿਚਕਾਰ ਚੱਲ ਰਹੇ ਵਰਤਮਾਨ ਸਿਆਸੀ-ਭੇੜ ਨੇ ਸਿੱਖ-ਸਿਆਸਤਦਾਨਾਂ ਦਾ ਓਹੀ ਹਾਲ ਕਰ ਦਿੱਤਾ ਹੈ, ਜਿਹੋ ਜਿਹਾ ਧਰਮ ਅਤੇ ਸਿਆਸਤ ਵਿਚਕਾਰ ਵਿਗੜੇ ਹੋਏ ਸੰਤੁਲਨ ਕਰਕੇ ਗੁਰੂ ਸਾਹਿਬਾਨ ਦੇ ਸਮਕਾਲੀ ਹਾਕਮਾਂ ਦਾ ਹੋ ਗਿਆ ਸੀ। ਜਦੋਂ ਕਿਸੇ ਵੀ ਸਮਕਾਲ ਦੇ ਸਿਆਸਦਾਨਾਂ ਨੂੰ ਇਹੀ ਯਾਦ ਰਹਿ ਜਾਵੇ ਕਿ ਧਰਮ ਕਰਕੇ ਰਾਜ ਮਿਲਿਆ ਹੈ ਅਤੇ ਧਰਮ ਨੂੰ ਪਰਚਾਰਨ ਦੀ ਰਾਜਨੀਤੀ ਕਰਨ ਦਾ ਸਿਆਸਤਦਾਨ ਨੂੰ ਹੱਕ ਮਿਲ ਗਿਆ ਹੈ ਤਾਂ 'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ' (145) ਵਾਲੀ ਸਥਿਤੀ ਪੈਦਾ ਹੋ ਜਾਂਦੀ ਰਹੀ ਹੈ। ਇਸ ਨਾਲ ਸਬੰਧਤ ਇਹੋ ਜਿਹੇ ਹਵਾਲੇ ਵੀ ਮਿਲ ਜਾਂਦੇ ਹਨ ਕਿ ਇਕਬਾਲ ਦੇ ਸ਼ਬਦਾਂ ਵਿਚ 'ਦੀਨੀ-ਹਕੂਮਤ ਵਿਚ ਰੱਬੀ-ਹੁਕਮਾਂ ਨੂੰ ਹੀ ਪਹਿਲ ਪ੍ਰਾਪਤ ਰਹਿੰਦੀ ਹੈ ਅਤੇ ਧਾਰਮਿਕ ਆਗੂ ਅਣਦਿਸਦੇ ਰੱਬ ਦੇ ਪ੍ਰਤੀਨਿਧ ਬਣਦੇ ਰਹੇ ਹਨ।' ਧਰਮ-ਪਰਿਵਰਤਨ ਨਾਲ ਹੀ ਇਹ ਮੀਰਾਂ ਤੇ ਪੀਰਾਂ ਰਾਹੀਂ ਸੰਭਵ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਨਾਲ ਧਰਮ ਦੀ ਥਾਂ ਤੇ ਧਰਮ ਦੀ ਸਿਆਸਤ ਪ੍ਰਧਾਨ ਹੁੰਦੀ ਰਹੀ ਹੈ। ਇਸ ਦੇ ਅਲੋਚਨਾਤਮਕ-ਵਿਸ਼ਲੇਸ਼ਣ ਦਾ ਹਵਾਲਾ 'ਰਾਜੇ ਸ਼ੀਂਹ ਮੁਕਦਮ ਕੁੱਤੇ...' ਆਦਿ ਰਾਹੀਂ ਗੁਰਬਾਣੀ ਵਿਚੋਂ ਮਿਲ ਜਾਂਦਾ ਹੈ। ਗੁਰਮਤਿ ਵਿਚ ਏਥੋਂ ਕੀਤੀ ਹੋਈ ਸ਼ੁਰੂਆਤ (1499), ਸਿੱਖ ਤੋਂ ਗੁਰਸੰਗਤ ਅਤੇ ਗੁਰਸੰਗਤ ਤੋਂ ਖਾਲਸਾ ਤੱਕ ਦਾ ਸਫਰ (1708) ਤਹਿ ਕਰਦੀ ਹੋਈ, ਗ੍ਰੰਥ ਅਤੇ ਪੰਥ ਦੀ ਅਗਵਾਈ ਵਿਚ ਊਰਜਿਤ-ਵਿਧੀਆਂ ਰਾਹੀਂ ਬਲਵਾਨ ਸੁਰਤਿ ਅਤੇ ਚੜ੍ਹਦੀ ਕਲਾ ਵਾਲੀ ਮਾਨਸਿਕਤਾ ਨੂੰ ਸਾਹਮਣੇ ਲਿਆਉਂਦੀ ਰਹੀ ਹੈ। ਇਸ ਭਾਈਚਾਰਕ-ਸ਼ਸ਼ਕਤੀਕਰਣ ਵਾਸਤੇ ਗੁਰੂ-ਸਿਰਜਤ ਵਿਧੀਆਂ ਦੇ ਨਾਲ ਨਾਲ ਪੰਥ-ਸਿਰਜਤ ਵਿਧੀਆਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ। ਸਰਬੱਤ-ਖਾਲਸਾ, ਪੰਥ-ਸਿਰਜਤ ਵਿਧੀਆਂ ਵਿਚੋਂ ਇਕ ਹੈ ਅਤੇ ਇਸ ਦੀ ਵਰਤੋਂ ਸਿਆਸਤ ਵਾਸਤੇ ਵੀ ਸੰਗਤੀ ਸੁਰ ਵਿਚ ਰਹਿਣ ਕਰਕੇ ਧੜੇਬੰਦੀ ਦੀ ਸਿਆਸਤ ਤੋਂ ਮੁਕਤ ਰਹੀ ਹੈ। ਚੱਬੇ ਵਾਲੇ ਸਰਬੱਤ ਖਾਲਸਾ ਅਤੇ 26 ਜਨਵਰੀ 2026



ਵਾਲੇ ਸਰਬੱਤ ਖਾਲਸਾ ਨੂੰ ਧੜਿਆਂ ਦਾ ਇਕੱਠ ਹੋਣ ਕਰਕੇ ਕਿਸੇ ਤਰ੍ਹਾਂ ਵੀ ਸੰਗਤੀ ਇਕੱਠ ਨਹੀਂ ਕਿਹਾ ਜਾ ਸਕਦਾ।

ਸਰਬੱਤ-ਖਾਲਸਾ ਦੀ ਵਰਤੋਂ ਮਿਸਲਦਾਰੀਆਂ ਵੇਲੇ ਸ਼ੁਰੂ ਹੋਈ ਸੀ ਅਤੇ ਇਸ ਨਾਲ ਮਿਸਲ-ਮੁਖੀ, ਪੰਥਕ-ਸਰੋਕਾਰਾਂ ਨੂੰ ਨੁਕਸਾਨ ਪਹੁੰਚਾਣ ਵਾਲੀ ਮਿਸਲਦਾਰੀ-ਸਿਆਸਤ ਨਾਲ ਨਜਿੱਠਨ ਵਾਸਤੇ ਲੋੜੀਂਦੀ ਆਪਸੀ-ਸਹਿਮਤੀ ਵਾਲੀ ਸਾਂਝੀ-ਸਮਝ ਬਨਾਉਂਦੇ ਰਹੇ ਸਨ। ਮਿਸਲਦਾਰੀ-ਸਿਆਸਤ ਦੀ ਨਿਰੰਤਰਤਾ ਵਿਚ ਸਿੱਖ-ਸਿਆਸਤ ਨਾਲ ਹੋ ਰਹੇ ਪੰਥਕ-ਨੁਕਸਾਨ ਵਾਸਤੇ ਸਰਬੱਤ-ਖਾਲਸਾ ਸੱਦਿਆ ਜਾ ਸਕਦਾ ਹੈ ਅਤੇ ਸੱਦਿਆ ਵੀ ਜਾਣਾ ਚਾਹੀਦਾ ਹੈ। ਸੱਦਣ ਵੇਲੇ ਸੱਦਣ ਦੀ ਪਰੰਪਰਕ-ਵਿਧੀ ਧਿਆਨ ਵਿਚ ਰਹਿਣੀ ਚਾਹੀਦੀ ਹੈ ਅਤੇ ਇਸ ਨੂੰ ਇਸ ਤਰ੍ਹਾਂ ਨਹੀਂ ਸੱਦਿਆ ਜਾਣਾ ਚਾਹੀਦਾ ਜਿਵੇਂ ਸਿੱਖ-ਸਿਆਸਤਦਾਨਾਂ ਦੇ ਧੜਿਆਂ ਵੱਲੋਂ ਸੱਦਿਆ ਜਾ ਚੁੱਕਾ ਹੈ। ਸਾਡੇ ਕੋਲ ਸਰਬੱਤ-ਖਾਲਸੇ ਦੀ ਪਰੰਪਰਾ ਹੈ ਅਤੇ ਇਸ ਪਰੰਪਰਾ ਵਿਚ ਪੰਥਕ-ਸਹਿਮਤੀ ਨਾਲ ਪੰਥਕ ਸੁਰ ਵਿਚ ਵਾਧੇ-ਘਾਟੇ ਵੀ ਕੀਤੇ ਜਾ ਸਕਦੇ ਹਨ। ਪਰ ਕਿਸੇ ਇਕ ਸਿਆਸੀ ਧੜਿਆਂ ਨੂੰ ਪਰੰਪਰਾ ਦਾ ਅਪਹਰਣ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਇਹ ਸਮੱਸਿਆ ਇਸ ਲਈ ਪੈਦਾ ਹੋ ਗਈ ਹੈ, ਕਿਉਂਕਿ ਸਿੱਖ-ਸਿਆਸਤਦਾਨ, ਸਰਬੱਤ-ਖਾਲਸੇ ਦੀ ਸੰਸਥਾ ਨੂੰ ਆਪਣੇ-ਆਪਣੇ ਹੱਕ ਵਿਚ ਵਰਤਣ ਲਈ ਤਾਂ ਕਾਹਲੇ ਹਨ, ਪਰ ਸਰਬੱਤ-ਖਾਲਸਾ ਨੂੰ ਸਮਝਣ ਅਤੇ ਸਥਾਪਤ ਕਰਨ ਵਾਸਤੇ ਲੋੜੀਂਦੀ ਸੁਜੱਗਤਾ ਦੇ ਸਨਮੁਖ ਹੋਣ ਲਈ ਤਿਆਰ ਨਹੀਂ ਹਨ।

ਸਰਬੱਤ-ਖਾਲਸਾ ਬਾਰੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਚੁੱਪ ਹਨ। ਇਸ ਨਾਲ ਇਹ ਨੁਕਤਾ ਸਾਹਮਣੇ ਲਿਆ ਰਿਹਾ ਹਾਂ ਕਿ ਸਰਬੱਤ-ਖਾਲਸਾ ਬਾਰੇ ਜੋ ਕੁਝ ਪ੍ਰਾਪਤ ਹੈ, ਉਹ ਏਨਾ ਥੋੜ੍ਹਾ ਹੈ ਕਿ ਸਾਂਝੀ-ਸਮਝ ਬਨਾਉਣ ਵਾਸਤੇ ਕੰਮ ਹੀ ਨਹੀਂ ਆਉਂਦਾ। ਬਦੇਸ਼ੀ ਲੇਖਕਾਂ ਨੇ ਸਰਬੱਤ-ਖਾਲਸੇ ਅਤੇ ਗੁਰਮਤੇ ਨੂੰ ਇਕੋ ਸਮਝ ਲਿਆ ਸੀ, ਕਿਉਂਕਿ ਇਹ ਦੋਵੇਂ ਇਕ-ਦੂਜੇ ਨਾਲ ਜੁੜੇ ਹੋਏ ਹਨ। ਮੈਲਕਮ ਨੇ ਤਾਂ ਇਹ ਸਮਝ ਲਿਆ ਕਿ ਕੁਨਕਾ (ਪ੍ਰਸ਼ਾਦ) ਖਾਣ ਤੋਂ ਬਾਅਦ ਸਿੱਖ ਲਏ ਹੋਏ ਫੈਸਲਿਆਂ ਨੂੰ ਮੰਨਣ ਦੇ ਪਾਬੰਦ ਹੋ ਜਾਂਦੇ ਹਨ। ਮੈਕਲੋਡ ਨੇ ਇਸ ਨੂੰ 18ਵੀਂ ਸਦੀ ਦੀ ਸਿੱਖ-ਸਿਆਸਤ ਅਤੇ ਸਿੱਖ-ਸੈਨਿਕਤਾ ਨਾਲ ਜੋੜ ਕੇ ਜੱਟ-ਸਿੱਖਾਂ ਦੇ ਉਧੜਧੁੰਮੀਏ ਜਥੇ ਕਹਿ ਦਿੱਤਾ ਹੈ ਅਤੇ ਇਨ੍ਹਾਂ ਜਥਿਆਂ ਵੱਲੋਂ ਆਪਸੀ ਝਗੜਿਆਂ ਨੂੰ ਨਿਪਟਾਉਣ ਵਾਸਤੇ ਕੀਤੇ ਗਏ ਇਕੱਠ ਨੂੰ ਸਰਬੱਤ-ਖਾਲਸਾ ਕਹਿ ਦਿੱਤਾ ਹੈ। ਇਹ ਟਿਪਣੀਨੁਮਾ ਧਾਰਨਾਵਾਂ ਬੇਸ਼ੱਕ ਠੀਕ ਨਹੀਂ ਹਨ। ਪਰ ਜਿਸ ਤਰ੍ਹਾਂ ਵਰਤਮਾਨ ਵਿਚ ਸਰਬੱਤ-ਖਾਲਸਾ ਕੀਤਾ ਗਿਆ ਹੈ, ਕੀ ਇਸ ਨਾਲ ਏਸੇ ਦੀ ਪੁਸ਼ਟੀ ਤਾਂ ਨਹੀਂ ਹੋ ਜਾਵੇਗੀ? ਮੈਕਲੋਡ ਦੀ ਧਾਰਨਾ ਨੂੰ ਜਗਤਾਰ ਸਿੰਘ ਗਰੇਵਾਲ ਨੇ ਠੀਕ ਕਰਣ ਦੀ ਕੋਸ਼ਿਸ਼ ਕਰਦਿਆਂ ਸਰਬੱਤ-ਖਾਲਸਾ ਨੂੰ ਪੰਥਕ-ਸੁਰ ਵਿਚ ਨੀਮ-ਪਾਰਲੀਮੈਂਟਰੀ ਸੈਸ਼ਨ ਕਿਹਾ ਹੋਇਆ ਹੈ। ਇਸ ਨਾਲ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਸਿਆਸੀਆਂ ਨੂੰ ਖਾਸ ਕਰਕੇ ਅਤੇ ਗੁਰੂਕਿਆਂ ਨੂੰ ਆਮ ਕਰਕੇ ਓਹੋ ਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਨੁਕਸਾਨ ਵੱਧ ਹੁੰਦਾ ਹੋਵੇ ਅਤੇ ਭਲਾ ਘੱਟ? ਨਹੀਂ ਸੰਭਲਾਂਗੇ ਤਾਂ ਟਪਲਾ ਖਾਧੀ ਸਿਆਸਤ ਦਾ ਸ਼ਿਕਾਰ ਹੁੰਦੇ ਰਹਾਂਗੇ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਰਬਤ-ਖਾਲਸੇ ਦੇ ਆਸਰੇ ਨਾਲ ਮਿਸਲਾਂ ਦੇ ਆਪਸੀ ਝਗੜੇ ਬਿਨਾਂ ਨੁਕਸਾਨ ਨਜਿੱਠੇ ਜਾਂਦੇ ਰਹੇ ਸਨ। ਪਰ ਕੀ ਵਰਤਮਾਨ ਸਰਬੱਤ-ਖਾਲਸੇ ਨਾਲ ਆਪਸੀ ਝਗੜਿਆਂ ਨੂੰ ਨਜਿੱਠਣਾ ਸੰਭਵ ਹੋ ਸਕੇਗਾ? ਪਰੰਪਰਕ ਸੁਰ ਵਿਚ ਸਰਬਤ-ਖਾਲਸਾ ਵਿਚ ਖਤਰੇ ਜਾਂ ਮੁਹਿੰਮ ਵੇਲੇ ਸਾਰੇ ਸਿਆਸੀ-ਮੁਖੀਏ ਧਾਰਮਿਕ ਭਾਵਨਾ ਵਿਚ ਇਕੱਠੇ ਹੋ ਜਾਂਦੇ ਸਨ ਅਤੇ ਸਾਰੇ ਵਿਅਕਤੀਗਤ ਮਸਲੇ ਇਕ ਪਾਸੇ ਰੱਖ ਕੇ ਕੌਮ ਅਤੇ ਭਾਈਚਾਰੇ ਦੇ ਹੱਕ ਵਿਚ ਭੁਗਤਣ ਵਾਲੇ ਫੈਸਲੇ ਲੈਂਦੇ ਸਨ।

ਸਰਬੱਤ-ਖਾਲਸਾ ਦਾ ਉਰਜਿਤ-ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਰਹਿੰਦਾ ਸੀ ਅਤੇ ਇਸ ਤਰ੍ਹਾਂ ਲਏ ਹੋਏ ਫੈਸਲੇ ਦੇ ਵਿਰੋਧ ਨੂੰ ਪੰਥ ਵਿਰੋਧੀ ਵਰਤਾਰਾ ਸਮਝਿਆ ਜਾਂਦਾ ਸੀ। ਸਰਬੱਤ-ਖਾਲਸਾ, ਧਾਰਮਿਕ ਮਸਲਿਆਂ ਬਾਰੇ ਬਹੁਤ ਘਟ ਹੁੰਦਾ ਰਿਹਾ ਹੈ ਅਤੇ ਇਸ ਦਾ ਸਬੰਧ ਸਮੇਂ ਦੀ ਸਿੱਖ-ਸਿਆਸਤ ਨਾਲ ਹੀ ਰਿਹਾ ਹੈ। ਪਰ ਅਕਾਲ ਤਖਤ ਸਾਹਿਬ ਦੀ ਸਿੱਖ-ਮਾਨਤਾ ਨੇ ਇਸ ਨੂੰ ਸਥਾਨਗਤ ਵੀ ਕੀਤਾ ਹੋਇਆ ਸੀ ਅਤੇ ਧਾਰਮਿਕ-ਸੁਰ ਵਿਚ ਵੀ ਰੱਖਿਆ ਹੋਇਆ ਸੀ। ਇਸ ਨਾਲ ਕਿਸੇ ਧੜੇ ਨੂੰ ਆਪਣੇ ਹਿਤਾਂ ਵਲ ਸੇਧਤ ਸਿਆਸਤ ਕਰਨ ਦਾ ਮੌਕਾ ਨਹੀਂ ਸੀ ਮਿਲ ਸਕਦਾ, ਕਿਉਂਕਿ ਇਸ ਵਿਚ ਸਾਰੀਆਂ ਧਿਰਾਂ ਦਾ ਸ਼ਾਮਲ ਹੋਣਾ ਜ਼ਰੂਰੀ ਸੀ।

ਗੁਰੂ-ਪੰਥ ਦਾ ਵਰਤਾਰਾ 1708 ਤੋ ਪਿੱਛੋਂ ਖਾਲਸੇ ਦੀ ਸਾਂਝੀ-ਸਮਝ ਵਜੋਂ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆਉਂਦਾ ਰਿਹਾ ਹੈ ਅਤੇ ਇਸ ਦੀ ਮਾਨਤਾ ਅਤੇ ਸ਼ਕਤੀ, ਸਰਬੱਤ-ਖਾਲਸਾ ਦੇ ਗੁਰਮਤੇ ਨਾਲ ਹੀ ਕਾਇਮ ਰੱਖੀ ਜਾਂਦੀ ਰਹੀ ਹੈ। ਅਕਾਲੀ-ਸਿਆਸਤ (1920 ਵਾਲੀ) ਵਿਚ ਪੰਥਕ ਆਗੂਆਂ ਵਜੋਂ ਅੱਗੇ ਆ ਜਾਣ ਨਾਲ ਸਿਆਸਤਨੁਮਾ-ਧਰਮੀਆਂ ਵੱਲੋਂ ਸਾਰੇ ਫੈਸਲੇ ਧਾਰਮਿਕ ਦੀ ਥਾਂ ਸਿਆਸੀ-ਸੁਰ ਵਿਚ ਲਏ ਜਾਂਦੇ ਰਹੇ ਹਨ। ਸਾਰੀਆਂ ਸੰਸਥਾਵਾਂ ਹੌਲੀ ਹੌਲੀ ਅਕਾਲੀਆਂ ਦੀਆਂ ਮੁਸ਼ਕਲਾ ਦਾ ਹੱਲ ਲੱਭਣ ਵਾਸਤੇ ਹੀ ਵਰਤੀਆਂ ਜਾਣ ਲਗ ਪਈਆਂ ਹਨ। ਇਸ ਨਾਲ ਪੈਦਾ ਹੋਣ ਵਾਲੀਆਂ ਸਿਆਸੀ-ਦੁਸ਼ਵਾਰੀਆਂ ਦਾ ਹਿੱਸਾ ਹੋ ਗਿਆ ਹੈ, ਵਰਤਮਾਨ ਵਿਚ ਸੱਦਿਆ ਗਿਆ ਸਰਬੱਤ-ਖਾਲਸਾ। ਪ੍ਰਾਪਤ ਵੇਰਵੇ ਇਹ ਹਨ ਕਿ ਜਿਵੇਂ-ਜਿਵੇਂ ਬਾਹਰੋਂ ਹਮਲਿਆਂ ਦੇ ਖਤਰੇ ਘਟਦੇ ਗਏ, ਤਿਵੇਂ-ਤਿਵੇਂ ਸਰਬਤ-ਖਾਲਸਾ ਦੀ ਲੋੜ ਵੀ ਘਟਦੀ ਗਈ ਅਤੇ ਆਪਸੀ ਸਿਆਸੀ-ਵਿਰੋਧ ਵਧਦੇ ਗਏ ਸਨ।

ਮਹਾਰਾਜਾ ਰਣਜੀਤ ਸਿੰਘ ਵੇਲੇ ਸਰਬੱਤ-ਖਾਲਸਾ ਦੀ ਲੋੜ ਹੀ ਨਹੀਂ ਸਮਝੀ ਗਈ ਅਤੇ ਅਜੇ ਤੱਕ ਉਵੇਂ ਹੀ ਚੱਲੀ ਜਾ ਰਿਹਾ ਹੈ ਕਿ ਸੱਤਾ ਵਿਚ ਰਹਿੰਦਿਆਂ ਸਰਬੱਤ-ਖਾਲਸਾ ਦੀ ਲੋੜ ਨਹੀਂ ਹੈ। ਸਰਬੱਤ-ਖਾਲਸਾ, ਸਿੱਖ-ਸਿਆਸਤਦਾਨਾਂ ਵਿਚਕਾਰ ਸੰਵਾਦ ਵਾਸਤੇ ਸਥਾਨ ਤੇ ਅਵਸਰ ਮੁਹੱਈਆ ਕਰਦਾ ਸੀ। ਰਾਏ ਦੇ ਵਿਰੋਧ ਨੂੰ ਦੁਸ਼ਮਨੀ ਸਮਝਣ ਵਾਲੀ ਵਰਤਮਾਨ ਸਿਆਸਤ ਨਾਲ ਇਹ ਰੁਝਾਣ ਪੈਦਾ ਹੋ ਗਿਆ ਹੈ ਕਿ ਭਾਈਚਾਰਕ-ਸੰਵਾਦ ਦੀ ਲੋੜ ਹੀ ਨਹੀਂ ਰਹੀ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਨਾਲ ਲੈ ਕੇ ਵੱਖ-ਵੱਖ ਰੰਗਾਂ ਦੇ ਸਿੱਖ-ਸਿਆਸਤਦਾਨਾਂ ਨੂੰ ਹੀ ਸਿੱਖ-ਮੁਖੀਏ ਸਮਝਿਆ ਜਾਣ ਲੱਗ ਪਿਆ ਹੈ। ਇਸ ਨਾਲ ਸਿਆਸਤ ਅਤੇ ਧਰਮ, ਪਹਿਲਾਂ ਸਮਾਨਾਂਤਰਤਾ ਵਿਚ ਆਉਂਦਾ ਗਿਆ ਅਤੇ ਹੌਲੀ-ਹੌਲੀ ਧਰਮਨੁਮਾ-ਸਿਆਸਤ ਅਤੇ ਸਿਆਸਤਨੁਮਾ-ਧਰਮ ਦੇ ਅਪਵਿਤਰ ਗੱਠਜੋੜ ਵਾਲੇ ਸਿਆਸੀ ਵਰਤਾਰੇ ਵਜੋਂ ਸਾਹਮਣੇ ਆਉਣ ਲੱਗ ਪਿਆ ਹੈ।

ਹਵਾਲੇ ਵਿਚਲੀ ਇਸ ਵਰਤਮਾਨ ਸਥਿਤੀ ਵਿਚੋਂ ਸਰਬੱਤ-ਖਾਲਸਾ ਅਤੇ ਗੁਰਮਤੇ ਰਾਹੀਂ ਨਹੀਂ ਨਿਕਲਿਆ ਜਾ ਸਕਦਾ, ਕਿਉਂਕਿ ਇਹ ਸੰਸਥਾਵਾਂ ਜਿਹੋ ਜਿਹੇ ਹਾਲਾਤ ਵਿਚ ਨਤੀਜੇ ਕੱਢਦੀਆਂ ਰਹੀਆਂ ਹਨ, ਅੱਜ ਦੇ ਹਾਲਾਤ ਉਸ ਨਾਲੋਂ ਬਹੁਤ ਬਦਲ ਗਏ ਹਨ। ਏਸੇ ਕਰਕੇ ਸਿੱਖ-ਸਿਆਸਤਦਾਨਾਂ ਦੀ ਅਗਵਾਈ ਵਿਚ ਸਾਰੀਆਂ ਸਿੱਖ-ਸੰਸਥਾਵਾਂ, ਸਿਆਸੀ-ਅਪਹਰਣ ਦਾ ਸ਼ਿਕਾਰ ਹੋ ਗਈਆਂ ਹਨ। ਇਸ ਨਾਲ ਇਕ ਦੂਜੇ ਨੂੰ ਫੇਲ੍ਹ ਕਰਨ ਦੀ ਸਿਆਸਤ ਵਿਚ ਸਿੱਖ-ਭਾਈਚਾਰਾ ਲਗਾਤਾਰ ਉਲਝਦਾ ਜਾ ਰਿਹਾ ਹੈ। ਸਿੱਖ-ਸੰਸਥਾਵਾਂ ਪ੍ਰਤੀ ਸਤਿਕਾਰ ਸਿੱਖਾਂ ਦੇ ਲਹੂ ਵਿਚ ਰਮਿਆ ਹੋਣ ਕਰਕੇ ਸਿੱਖ-ਯਾਦਾਂ ਵਿਚ ਟਿਕਿਆ ਹੋਇਆ ਹੈ। ਇਸ ਨੂੰ ਸਿੱਖ-ਜਾਗ੍ਰਿਤੀ ਰਾਹੀਂ ਸਰਗਰਮ ਅਤੇ ਸਕਰਮਕ ਕਰੇ ਬਿਨਾਂ ਇੱਛਤ-ਅਪਹਰਣ ਦੀ ਸਿਆਸਤ ਤੋਂ ਨਹੀਂ ਬਚਿਆ ਜਾ ਸਕਦਾ। ਆਮ ਸਿੱਖ ਤੱਕ ਇਹ ਸੱਚ ਪਹੁੰਚਾਏ ਜਾਣ ਦੀ ਲੋੜ ਹੈ ਕਿ ਰੂਹਾਨੀਅਤ ਨਾਲੋਂ ਟੁੱਟੀ ਹੋਈ ਰਾਜਨੀਤੀ ਦਾ ਸਰਬੱਤ-ਖਾਲਸਾ ਨਾਲ ਕੋਈ ਸਬੰਧ ਨਹੀਂ ਹੋਣਾ ਚਾਹੀਦਾ।

ਸਰਬੱਤ-ਖਾਲਸਾ, ਗੁਰੂ-ਬਖਸ਼ੀ ਪੰਥਕਤਾ ਨੂੰ ਸਿੱਖ-ਵਰਤਾਰੇ ਵਿਚ ਲਿਆਉਣ ਵਾਸਤੇ ਨਿੱਜੀ ਹਿਤਾਂ ਦੀ ਕੁਰਬਾਨੀ ਹੈ ਅਤੇ ਇਹ ਭਾਵਨਾ ਸਿੱਖ-ਯਾਦ ਵਿਚ 'ਪੰਥ ਵੱਸੇ ਮੈਂ ਉਜੜਾਂ ਮਨ ਚਾਉ ਘਨੇਰਾ' ਵਾਂਗ ਵੱਸੀ ਹੋਈ ਹੈ। ਸੇਵਾ-ਅਵਸਰਾਂ ਨੂੰ ਪ੍ਰਭੂਸੱਤਾ ਸਮਝ ਲੈਣ ਦੀ ਸਿਆਸਤ ਨੇ ਸਿੱਖੀ ਦਾ ਕੁਝ ਸਵਾਰਿਆ ਤਾਂ ਨਹੀਂ, ਪਰ ਸਿੱਖ-ਸੰਸਥਾਵਾਂ ਵਾਸਤੇ ਪੰਥਕ-ਪ੍ਰਤੀਨਿਧ ਹੋ ਸਕਣ ਦੀਆਂ ਸੰਭਾਵਨਾਵਾਂ ਦਾ ਰਾਹ ਜ਼ਰੂਰ ਰੋਕ ਦਿੱਤਾ ਹੈ। ਸਿੱਖ-ਸੰਸਥਾਵਾਂ, ਇਸ ਵੇਲੇ ਜਿਸ ਤਰ੍ਹਾਂ ਪੂਜੀਆਂ ਜਾ ਰਹੀਆਂ ਹਨ ਜਾਂ ਵਰਤੀਆਂ ਜਾ ਰਹੀਆਂ ਹਨ ਉਸ ਨਾਲ ਸੰਸਥਾਵਾਂ ਦਾ ਸਿਆਸੀਕਰਣ ਹੁੰਦਾ ਜਾ ਰਿਹਾ ਹੈ। ਇਸ ਨਾਲ ਸਿੱਖ-ਵਿਰਾਸਤ ਅਤੇ ਸਿੱਖ-ਵਾਰਸਾਂ ਵਿਚਕਾਰ ਸਿੱਖ-ਸਿਆਸਤ ਆ ਗਈ ਹੈ ਅਤੇ ਸਿਆਸੀ ਬਾਂਦਰ ਵੰਡ ਨੂੰ ਸਿਆਸਤ ਸਮਝਿਆ ਜਾਣ ਲੱਗ ਪਿਆ ਹੈ। ਅੰਦਰੋਂ ਲੱਗ ਰਹੇ ਇਸ ਖੋਰੇ ਨੇ ਸਿੱਖ-ਭਾਈਚਾਰੇ ਨੂੰ ਪਿੱਛਲ-ਪੈਰੀਂ ਤੋਰ ਦਿੱਤਾ ਹੈ ਅਤੇ ਸਿੱਟੇ ਵਜੋਂ ਗੁਰੂਕਿਆਂ ਨੂੰ ਵੋਟ-ਬੈਂਕ ਹੋ ਜਾਣ ਦੀ ਹੋਣੀ ਭੁਗਤਣੀ ਪੈ ਰਹੀ ਹੈ। ਇਸ ਵੇਲੇ ਦੀ ਲੋੜ, ਲਗਾਤਾਰ ਖੁਰਦੀ ਜਾ ਰਹੀ ਗੁਰਮਤਿ-ਊਰਜਾ ਨੂੰ ਸਿਆਸੀ-ਸ਼ੜਯੰਤਰਾਂ ਤੋਂ ਬਚਾਏ ਜਾਣ ਦੀ ਹੈ। ਇਸ ਦੀ ਸ਼ੁਰੂਆਤ ਸਿਆਸੀ-ਧੜੇਬਾਜ਼ੀਆਂ ਤੋਂ ਉਪਰ ਉਠ ਕੇ ਹੀ ਹੋ ਸਕਦੀ ਹੈ।

ਜੇ ਸੱਦੇ ਹੋਏ ਸਰਬੱਤ-ਖਾਲਸਾ ਨਾਲ ਕਿਸੇ ਵੀ ਕਾਰਨ ਸਿੱਖ-ਭਾਈਚਾਰੇ ਵਿਚਕਾਰ ਤਨਾਓ ਪੈਦਾ ਹੁੰਦਾ ਹੈ, ਤਾਂ ਇਸ ਨੂੰ ਨਾ ਹੀ ਸਰਬੱਤ-ਖਾਲਸਾ ਕਹਿਣਾ ਚਾਹੀਦਾ ਹੈ ਅਤੇ ਨਾ ਹੀ ਇਸ ਨਾਲ ਸਰਬੱਤ-ਖਾਲਸਾ ਦੀਆਂ ਪਰੰਪਰਕ ਸੰਭਾਵਨਾਵਾਂ ਦਾ ਰਾਹ ਰੋਕਣਾ ਚਾਹੀਦਾ ਹੈ। ਮੈਨੂੰ ਆਮ ਸਿੱਖ ਦੇ ਭਲੇ ਵਿਚ ਭੁਗਤਣ ਵਾਲਾ ਸਰਬੱਤ-ਖਾਲਸਾ, ਪੜ੍ਹਦਿਆਂ ਲਿਖਦਿਆਂ ਏਸੇ ਤਰ੍ਹਾਂ ਸਮਝ ਆਇਆ ਹੈ। ਸਿਆਸਤ ਦੀ ਵਿਵਹਾਰਕਤਾ ਨੂੰ ਸਿਧਾਂਤ ਦੀ ਪ੍ਰਸੰਗਕਤਾ ਨਾਲੋਂ ਨਿਖੇੜ ਕੇ ਵੇਖੇ ਜਾਣ ਦੀ ਲੋੜ ਹੈ। ਸਿਆਸਤ ਦੇ ਭੇੜ ਵਿਚ ਗੁਰਮਤਿ ਦਾ ਦੀਵਾ ਜਗਦਾ ਰੱਖਣ ਦੇ ਸਿੱਖ ਮਾਡਲ ਨੂੰ ਸਿਆਸੀ ਸੌੜੇਪਨ ਤੋਂ ਬਚਾ ਕੇ ਰੱਖੇ ਜਾਣ ਨਾਲ ਜੋੜ ਕੇ ਸਰਬੱਤ ਖਾਲਸਾ ਦਾ ਸਿੱਖ ਪ੍ਰਸੰਗ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

'ਨਿੱਜੀਕਰਨ' ਦਾ ਮਸਲਾ ਤੇ ਸੋਧਵਾਦ

ਭਾਰਤ, ਖਾਸ ਕਰਕੇ ਪੰਜਾਬ 'ਚ ਅੱਜ-ਕੱਲ੍ਹ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਖ਼ਿਲਾਫ਼, ਸੰਘਰਸ਼ ਕਰਨ ਦੀ ਲੋੜ ਬਾਰੇ ਚਰਚਾ ਜ਼ੋਰਾਂ 'ਤੇ ਹੈ ਜੋ ਕਿ ਚੰਗੀ ਗੱਲ ਹੈ। ਪਰ ਮਹੱਤਵਪੂਰਨ ਮਸਲਾ ਇਹ ਹੈ ਕਿ ਇਹ ਸੰਘਰਸ਼ ਲੜਿਆ ਕਿਸ ਪੈਂਤੜੇ ਤੋਂ ਜਾਵੇ? ਭਾਵ ਇਨਕਲਾਬੀ ਜਾਂ ਸੋਧਵਾਦੀ ਪੈਂਤੜੇ ਤੋਂ? ਮੇਰੀ ਸੀਮਤ ਸਮਝ ਅਤੇ ਜਾਣਕਾਰੀ ਮੁਤਾਬਕ ਤਾਂ ਪ੍ਰਭਾਵ ਇਹੀ ਬਣਦਾ ਹੈ ਕਿ ਪੰਜਾਬ ਦੀਆਂ ਇਨਕਲਾਬੀ ਧਿਰਾਂ ਵੱਲੋਂ ਜੋ ਸਰਗਰਮੀ ਹੋ ਰਹੀ ਹੈ, ਉਹ ਸੋਧਵਾਦੀ ਪਾਰਟੀਆਂ ਦੇ ਪੈਰ ਚਿੰਨ੍ਹਾਂ 'ਤੇ, ਅਤੇ ਸੋਧਵਾਦੀ ਪੈਂਤੜੇ ਤੋਂ ਹੋ ਹੀ ਹੋ ਰਹੀ ਹੈ।



ਪਰਮਜੀਤ ਰੋਡੇ

ਨਕਸਲਬਾੜੀ ਦੀ ਘਟਨਾ ਸਮੇਂ, ਕਮਿਊਨਿਸਟ ਇਨਕਲਾਬੀਆਂ ਨੇ ਸੋਧਵਾਦ ਨਾਲੋਂ ਸਿਰਫ ਭਾਰਤੀ ਇਨਕਲਾਬ ਦੇ ਰਾਹ ਸਬੰਧੀ ਹੀ ਨਖੇੜੇ ਦੀ ਲਕੀਰ ਨਹੀਂ ਸੀ ਖਿੱਚੀ? ਉਨ੍ਹਾਂ ਨੇ ਸੋਧਵਾਦ ਦੀਆਂ ਸਮੁੱਚੀਆਂ ਨੀਤੀਆਂ ਜਿਨ੍ਹਾਂ 'ਚ ਇਕ; ਪਬਲਿਕ ਸੈਕਟਰ ਅਤੇ ਪ੍ਰਾਈਵੇਟ ਸੈਕਟਰ ਦੇ ਗੋਰਖਧੰਦੇ ਬਾਰੇ ਵੀ ਸੀ, ਸਪੱਸ਼ਟ ਲਕੀਰ ਖਿੱਚੀ ਸੀ।

ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 19 ਜੁਲਾਈ 1969 ਨੂੰ ਦੇਸ਼ ਦੀਆਂ 14 ਵੱਡੀਆਂ ਪ੍ਰਾਈਵੇਟ ਤੇ ਕਮਰਸ਼ੀਅਲ ਬੈਂਕਾਂ ਦਾ ਕੌਮੀਕਰਨ ਕਰ ਦਿੱਤਾ। ਭਾਰਤ ਅਤੇ ਰੂਸ ਦੇ ਸੋਧਵਾਦੀਆਂ ਨੇ ਇੰਦਰਾ ਗਾਂਧੀ ਦੇ ਗੁਣ ਗਾਉਂਦਿਆਂ ਇਸ ਨੂੰ ਅਗਾਂਹਵਧੂ ਤੇ ਸਮਾਜਵਾਦ ਪੱਖੀ ਕਦਮ ਦੱਸਿਆ, ਜਦੋਂ ਕਿ ਨਕਸਲਵਾਦੀ ਇਨਕਲਾਬੀਆਂ ਨੇ ਕਿਹਾ ਕਿ ਇਹ ਇੱਕ ਛਲਾਵਾ ਹੈ। ਉਨ੍ਹਾਂ ਨੇ ਕਲਕੱਤੇ 'ਤੋਂ ਛਪਦੇ ਇੱਕ ਇਨਕਲਾਬੀ ਮੈਗਜ਼ੀਨ 'ਲਿਬਰੇਸ਼ਨ' 'ਚ 'Fraud of bank nationalization' (ਬੈਂਕਾਂ ਦੇ ਕੌਮੀਕਰਨ ਦਾ ਕਪਟ) ਨਾਮ ਦਾ ਲੇਖ ਛਾਪ ਕੇ ਇਸ ਦਾ ਭਾਂਡਾ-ਫੋੜ ਦਿੱਤਾ।

ਜਦੋਂ ਤੁਸੀਂ ਨਿੱਜੀਕਰਨ ਦਾ ਵਿਰੋਧ ਕਰਦੇ ਹੋ ਤਾਂ ਇਸ ਦਾ ਸਪਸ਼ਟ ਅਰਥ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਸਬੰਧਤ ਮਹਿਕਮੇ, ਪ੍ਰਾਈਵੇਟ ਸੈਕਟਰ ਦੀ ਥਾਂ ਪਬਲਿਕ ਸੈਕਟਰ 'ਚ ਹੀ ਰਹਿਣੇ ਜਾਂ ਹੋਣੇ ਚਾਹੀਦੇ ਹਨ! ਪਰ ਸਾਨੂੰ ਸਭ ਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਜਿਸ ਪਬਲਿਕ ਤੇ ਪ੍ਰਾਈਵੇਟ ਸੈਕਟਰ ਦੀ ਗੱਲ ਹੋ ਰਹੀ ਹੈ, ਉਹ ਦੋਵੇਂ ਸੈਕਟਰ ਕਿਸੇ ਨਵ-ਜਮਹੂਰੀ ਜਾਂ ਸਮਾਜਵਾਦੀ ਦੇਸ਼ 'ਚ ਨਹੀਂ, ਇੱਕ ਪਿਛਾਖੜੀ ਸਰਮਾਏਦਾਰ ਦੇਸ਼ 'ਚ ਅਪਰੇਟਰ ਕਰ ਰਹੇ ਹਨ, ਅਤੇ ਤੱਤ ਪੱਖੋਂ ਇਹ ਦੋਵੇਂ ਹੀ ਕੈਪੀਟਲਿਸਟ ਹਨ; ਇੱਕ ਹੈ ਰਾਜਕੀ ਸਰਮਾਏਦਾਰੀ (state capitalism) ਹੈ ਅਤੇ ਦੂਜਾ ਹੈ ਪ੍ਰਾਈਵੇਟ ਸਰਮਾਏਦਾਰੀ।

ਸੋਵੀਅਤ ਯੂਨੀਅਨ ਦੇ ਪਿਛਲਮੋੜੇ ਤੋਂ ਬਾਅਦ ਸੋਧਵਾਦੀ ਜੁੰਡਲੀ ਜਦੋਂ ਰਾਜ-ਭਾਗ 'ਤੇ ਕਾਬਜ਼ ਹੋ ਗਈ ਤਾਂ ਉਸ ਵਕਤ ਦੇਸ਼ ਦੀ ਸਮੁੱਚੀ ਆਰਥਿਕਤਾ, ਸਟੇਟ ਦੇ ਕੰਟਰੋਲ (ਪਬਲਿਕ ਸੈਕਟਰ) 'ਚ ਹੀ ਸੀ। ਰੂਸ ਦੀ ਸੋਸ਼ਲਵਾਦੀ ਜੁੰਡਲੀ ਅਤੇ ਦੁਨੀਆ ਭਰ ਦੇ ਸੋਧਵਾਦੀ, ਰੂਸ ਨੂੰ ਅਜੇ ਵੀ ਸਮਾਜਵਾਦੀ ਦੇਸ਼ ਕਹਿ ਰਹੇ ਸਨ, ਪਰ ਸਮਾਜਵਾਦੀ ਚੀਨ ਅਤੇ ਦੁਨੀਆ ਭਰ ਦੇ ਕਮਿਊਨਿਸਟ ਇਨਕਲਾਬੀਆਂ ਨੇ ਇਸ ਨੂੰ 'ਸਟੇਟ ਕੈਪੀਟਲਿਜ਼ਮ' ਅਤੇ 'ਸਮਾਜਿਕ ਸਾਮਰਾਜ' (social imperialism) ਦਾ ਨਾਮ ਦਿੱਤਾ ਸੀ! ਅਤੇ ਉਨ੍ਹਾਂ ਦਾ ਇਹ ਵਿਸ਼ਲਪ ਬਿਲਕੁਲ ਠੀਕ ਸੀ।

ਇਸ ਹਕੀਕਤ ਦੇ ਬਾਵਜੂਦ ਕਿ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਚੱਲਣ ਵਾਲਾ 'ਪਬਲਿਕ ਸੈਕਟਰ', ਤੱਤ ਅਤੇ ਸੁਭਾ ਪੱਖੋਂ ਸਰਮਾਏਦਾਰ ਅਦਾਰਾ ਹੈ ਪਰ ਫਿਰ ਵੀ ਆਰਥਿਕਤਾ, ਸਿਵਲ ਸੇਵਾਵਾਂ ਤੇ ਰਾਜ-ਪ੍ਰਬੰਧ ਦੇ ਵੱਖ-ਵੱਖ ਵਿਭਾਗ ਜੇ ਪਬਲਿਕ ਸੈਕਟਰ ਦੇ ਅਧੀਨ ਰਹਿੰਦੇ ਹਨ ਤਾਂ ਲੋਕਾਂ ਨੂੰ ਆਰਥਿਕ ਤੇ ਸੇਵਾਵਾਂ ਪੱਖੋਂ ਕਾਫੀ ਰਾਹਤ ਮਿਲੇਗੀ, ਖਾਸ ਕਰਕੇ ਵਿੱਦਿਅਕ ਤੇ ਸਿਹਤ ਸਹੂਲਤਾਂ ਦੇ ਮਾਮਲੇ 'ਚ! ਬਾਕੀ ਵਿਭਾਗ ਵੀ ਜਿਵੇਂ ਬਿਜਲੀ ਬੋਰਡ ਵਗੈਰਾ, ਜੇ ਇਸ ਸੈਕਟਰ 'ਚ ਰਹਿੰਦੇ ਹਨ ਤਾਂ ਲੋਕਾਂ ਨੂੰ ਮਹਿੰਗਾਈ ਪੱਖੋਂ ਰਾਹਤ ਮਿਲੇਗੀ ਪਰ ਸਾਨੂੰ ਅਤੇ ਸਾਰੇ ਲੋਕਾਂ ਨੂੰ ਵੀ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਲੋਕਾਂ ਦੇ ਟੈਕਸ ਦੇ ਪੈਸਿਆਂ ਨਾਲ ਚੱਲਣ ਵਾਲਾ ਇਹ 'ਪਬਲਿਕ ਸੈਕਟਰ' ਭ੍ਰਿਸ਼ਟਾਚਾਰ 'ਚ ਗ਼ਰਕਿਆ ਪਿਆ ਹੈ! ਹੇਠਾਂ ਤੋਂ ਲੈ ਕੇ ਉਪਰ ਤੱਕ ਹਰ ਇਕ ਮੁਲਾਜ਼ਮ, ਜੀਹਦਾ ਜਿੱਥੇ ਤੇ ਜਿਨ੍ਹਾਂ ਵੀ ਦਾਅ ਲੱਗਦਾ ਹੈ, ਇਹਨੂੰ ਚੂੰਡ-ਚੂੰਡ ਖਾ ਰਿਹਾ ਹੈ! ਮਹਿੰਗੇ ਇਲਾਕਿਆਂ 'ਚ ਅਫਸਰਾਂ ਦੀਆਂ ਮਹਿਲ-ਨੁਮਾ ਕੋਠੀਆਂ, ਲਗਜ਼ਰੀ ਕਾਰਾਂ ਅਤੇ ਪਰਿਵਾਰਕ ਅਯਾਸ਼ੀ, ਨੌਕਰੀ ਤੋਂ ਮਿਲਣ ਵਾਲੀਆਂ ਤਨਖਾਹਾਂ ਦੀ ਬਦੌਲਤ ਨਹੀਂ? ਇਹ ਲੋਕਾਂ ਦੇ ਪੈਸੇ ਨਾਲ ਚੱਲਣ ਵਾਲੇ ਅਖੌਤੀ ਪਬਲਿਕ ਸੈਕਟਰ 'ਚ ਕੀਤਾ ਭ੍ਰਿਸ਼ਟਾਚਾਰ ਤੇ ਅੰਨ੍ਹੀ ਲੁੱਟ ਦੀ ਵਜ੍ਹਾ ਕਰਕੇ ਹੈ! ਇਹੀ ਹਕੀਕਤ ਹੈ, ਜੀਹਨੇ ਪਬਲਿਕ ਸੈਕਟਰ ਪ੍ਰਤੀ ਸਾਡੇ ਰਵੱਈਏ, ਸਾਡੀ ਸਰਗਰਮੀ ਦੇ ਪੈਂਤੜੇ, ਅਤੇ ਕਮਿਊਨਿਸਟ ਇਨਕਲਾਬੀਆਂ ਤੇ ਸੋਧਵਾਦੀਆਂ ਵਿਚਲੇ ਫਰਕ ਨੂੰ ਤਹਿ ਤੇ ਉਜਾਗਰ ਕਰਨਾ ਹੈ।

ਇਸੇ ਕਰਕੇ ਕਮਿਊਨਿਸਟ ਇਨਕਲਾਬੀ, ਨਿੱਜੀਕਰਨ ਦਾ ਵਿਰੋਧ ਕਰਦਿਆਂ ਆਪਣੇ ਆਪ ਨੂੰ ਸਿਰਫ਼ ਇਹ ਬੋਲਣ ਤੱਕ ਸੀਮਤ ਨਹੀਂ ਕਰਨਗੇ ਕਿ ਮਹਿਕਮੇ ਦਾ ਨਿੱਜੀਕਰਨ ਕਰਕੇ ਸਰਕਾਰ ਕਾਰਪੋਰੇਸ਼ਨਾਂ ਜਾਂ ਅੰਬਾਨੀ-ਅਡਾਨੀ ਨੂੰ ਲਾਭ ਪਹੁੰਚਾਉਣਾ ਚਾਹੁੰਦੀ ਹੈ! ਕਿਉਂਕਿ ਇਨਕਲਾਬੀਆਂ ਨੇ ਆਪਣੀ ਹਰ ਸਰਗਰਮੀ, ਆਪਣੇ ਇਨਕਲਾਬੀ ਪ੍ਰੋਗਰਾਮ ਦੀ ਰੋਸ਼ਨੀ 'ਚ, ਅਤੇ ਇਨਕਲਾਬੀ ਲਹਿਰ ਦਾ ਅੰਗ ਬਣਾਉਣ ਵੱਲ ਸੇਧਤ ਰੱਖਣੀ ਹੁੰਦੀ ਹੈ? ਇਸ ਲਈ ਉਹ ਪਬਲਿਕ ਸੈਕਟਰ ਦੇ ਭ੍ਰਿਸ਼ਟਾਚਾਰ ਬਾਰੇ ਵੀ ਵੱਧ ਤੋਂ ਵੱਧ ਬੋਲਣਗੇ ਅਤੇ ਲੋਕਾਂ ਨੂੰ ਇਹ ਵੀ ਦੱਸਣਗੇ ਕਿ ਪਬਲਿਕ ਸੈਕਟਰ ਦਾ ਨਾਮ ਹੀ ਪਬਲਿਕ ਹੈ, ਕੰਟਰੋਲ ਤਾਂ ਇਸਦਾ ਸਰਮਾਏਦਾਰ ਲਾਣੇ ਦੇ ਹੱਥ ਹੈ। ਉਹ ਇਹ ਵੀ ਦੱਸਣਗੇ ਕਿ ਭ੍ਰਿਸ਼ਟਾਚਾਰ ਖਤਮ ਕਰਨ ਲਈ ਇਸਦੀ ਕਮਾਂਡ ਲੋਕਾਂ ਹੱਥ ਹੋਣੀ ਚਾਹੀਦੀ ਹੈ ਜੋ ਕਿ ਇਨਕਲਾਬ ਤੇ ਇਨਕਲਾਬੀ ਤਬਦੀਲੀ ਨਾਲ ਹੀ ਸੰਭਵ ਹੈ! ਪਰ ਸੋਧਵਾਦੀ ਅਜਿਹਾ ਨਹੀਂ ਕਰਨਗੇ। ਕਾਰਪੋਰੇਸ਼ਨਾਂ ਦੀ ਲੁੱਟ ਦੀ ਗੱਲ ਤਾਂ ਉਹ ਵੀ ਕਰਨਗੇ ਪਰ ਇਨਕਲਾਬੀ ਤਬਦੀਲੀ ਦੀ ਨਹੀਂ ਕਿਉਂਕਿ ਇਨਕਲਾਬ ਉਨ੍ਹਾਂ ਦਾ ਏਜੰਡਾ ਹੀ ਨਹੀਂ, ਉਹ ਤਾਂ ਇਸ ਰਾਜ ਪ੍ਰਬੰਧ ਦੇ ਵਿਚ-ਵਿਚ ਹੀ ਕੁਝ ਸੁਧਾਰ ਚਾਹੁੰਦੇ ਹਨ।

ਨਿੱਜੀਕਰਨ ਦਾ ਤਾਜ਼ਾ ਮਾਮਲਾ, ਜੀਹਦੇ 'ਤੇ ਇਨਕਲਾਬੀ ਤੇ ਸੋਧਵਾਦੀ ਦੋਵੇਂ ਸਰਗਰਮੀ ਕਰ ਰਹੇ ਹਨ, ਉਹ ਹੈ ਸਰਕਾਰ ਵੱਲੋਂ ਬਿਜਲੀ ਮਹਿਕਮੇ ਨੂੰ ਪਬਲਿਕ ਸੈਕਟਰ 'ਚੋਂ ਕੱਢ ਕੇ ਪ੍ਰਾਈਵੇਟ ਸੈਕਟਰ 'ਚ ਲੈ ਕੇ ਜਾਣਾ। ਪਰ ਇਨਕਲਾਬੀਆਂ ਦੀ ਸਰਗਰਮੀ ਤੇ ਸੰਘਰਸ਼ ਦੀ ਸਫਲਤਾ ਇਸ ਗੱਲ ਤੋਂ ਗਿਣੀ ਜਾਣੀ ਹੈ ਕਿ ਇਸ ਦੌਰਾਨ ਉਹ ਨਿੱਜੀਕਰਨ ਤੇ ਪਬਲਿਕ ਸੈਕਟਰ ਬਾਰੇ ਉਪਰੋਕਤ ਸਮਝ ਨੂੰ ਕਿਸ ਹੱਦ ਤੱਕ ਲੋਕਾਂ 'ਚ ਲਿਜਾਂਦੇ ਤੇ ਉਨ੍ਹਾਂ ਦੀ ਚੇਤਨਤਾ ਦਾ ਹਿੱਸਾ ਬਣਾ ਲੈਂਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਕੋਈ ਵੀ ਸਰਗਰਮੀ ਨਾ ਤਾਂ ਇਨਕਲਾਬੀ ਹੈ ਅਤੇ ਨਾ ਹੀ ਲੋਕ-ਪੱਖੀ! ਜਨਤਕ ਜਥੇਬੰਦੀਆਂ ਇਹ ਸਭ ਕੁਝ ਕਿਵੇਂ ਕਰਨਗੀਆਂ? ਇਹ ਕਾਰਜਨੀਤੀ ਤਾਂ ਉਹ ਜਾਂ ਉਨ੍ਹਾਂ ਦੇ ਲੀਡਰ ਹੀ ਘੜ ਸਕਦੇ ਹਨ ਪਰ ਇਨਕਲਾਬੀ ਮੈਗਜ਼ੀਨ ਜੇ ਅਜਿਹਾ ਕਰਨਾ ਚਾਹੁੰਨ, ਤਾਂ ਇਹ ਸਭ ਕੁਝ ਉਹ ਬਗੈਰ ਕਿਸੇ ਦਿੱਕਤ ਦੇ ਕਰ ਸਕਦੇ ਹਨ।

ਰੂਸ ਦੇ ਸਮਾਜਵਾਦ ਦੇ ਖਾਤਮੇ ਅਤੇ ਰਾਜ-ਭਾਗ 'ਤੇ ਸੋਧਵਾਦੀ ਜੁੰਡਲੀ ਦੇ ਕਬਜ਼ੇ ਤੋਂ ਬਾਅਦ ਇਹ ਜੁੰਡਲੀ; ਸੋਧਵਾਦੀ ਨੀਤੀਆਂ ਦਾ ਪਾਲ਼ੰਦਾ ਲੈ ਕੇ ਆਈ ਸੀ, ਜਿਨ੍ਹਾਂ 'ਚੋਂ ਇੱਕ ਦਾ ਨਾਮ ਸੀ 'ਸਮਾਜ ਦੇ ਵਿਕਾਸ ਦਾ ਗੈਰ-ਸਰਮਾਏਦਾਰੀ ਰਾਹ'। ਸੋਧਵਾਦੀਆਂ ਨੇ ਸਮਾਜਵਾਦੀ ਤੇ ਸਰਮਾਏਦਾਰੀ ਰਾਹ ਦੇ ਵਿਚਕਾਰ ਇਕ ਹੋਰ ਗੈਰ-ਵਿਗਿਆਨਕ ਟਰਮ ਲੱਭ ਲਈ ਸੀ, ਜਿਸ ਦਾ ਮਤਲਬ ਸੀ ਕਿ ਜਿਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨਾਲ ਰੂਸ ਦੇ ਵਧੀਆ ਸਬੰਧ ਹਨ ਅਤੇ ਉਨ੍ਹਾਂ ਦੇਸ਼ਾਂ 'ਚ ਮਜ਼ਬੂਤ ਕਮਿਊਨਿਸਟ ਪਾਰਟੀਆਂ ਵੀ ਹਨ ਤਾਂ ਬਾਹਰੀ ਤੇ ਅੰਦਰੂਨੀ ਦਬਾਅ- ਬਾਹਰੋਂ ਰੂਸੀ ਸਰਕਾਰ ਦਾ ਦਬਾਅ ਤੇ ਅੰਦਰੋਂ ਉਨਾਂ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਦੇ ਸੰਘਰਸ਼ ਦਾ ਦਬਾਅ ਪਾ ਕੇ ਉਨ੍ਹਾਂ ਸਰਕਾਰਾਂ ਨੂੰ, ਗੈਰ-ਸਰਮਾਏਦਾਰ ਰਾਹ 'ਤੇ ਤੋਰਿਆ ਜਾ ਸਕਦਾ ਹੈ। ਉਦਾਹਰਨ ਵਜੋਂ ਜਿਵੇਂ ਕਿ ਇੰਦਰਾ ਗਾਂਧੀ ਦੀ ਸਰਕਾਰ ਵੱਲੋਂ 14 ਵੱਡੀਆਂ ਬੈਂਕਾਂ ਦਾ ਕੌਮੀਕਰਨ ਕਰਨਾ ਉਨ੍ਹਾਂ ਨੂੰ ਇਸੇ ਨੀਤੀ ਦੀ ਪ੍ਰਾਪਤੀ ਲੱਗਦਾ ਸੀ। ਮੇਰੇ ਇੱਕ ਸਵਾਲ ਦੇ ਜਵਾਬ 'ਚ ਇਹ ਵਿਆਖਿਆ ਮੈਨੂੰ 'ਤੇਜਾ ਸਿੰਘ ਸੁਤੰਤਰ' ਨੇ ਦਿੱਤੀ ਸੀ। ਉਸ ਸਮੇਂ ਮੈਂ ਉਸ ਨਾਲ ਬਹਿਸ ਕਰਨ ਦੇ ਤਾਂ ਸਮਰੱਥ ਨਹੀਂ ਸੀ, ਇਸ ਲਈ ਮੈਂ ਸਿਰਫ਼ ਇਨਾ ਹੀ ਕਹਿ ਸਕਿਆ ਕਿ ਮੈਂ ਇਸ ਨਾਲ ਸਹਿਮਤ ਨਹੀਂ! ਤਾਂ ਸੁਤੰਤਰ ਜੀ ਦਾ ਕਹਿਣਾ ਸੀ ਕਿ ਤੂੰ ਸਹਿਮਤ ਹੋ ਜਾਂ ਨਾ, ਪਰ ਇਸ ਪਾਲਸੀ ਦਾ ਮਤਲਬ ਇਹ ਹੀ ਹੈ, ਜੋ ਮੈਂ ਤੈਨੂੰ ਦੱਸਿਆ ਹੈ। ਉਸ ਵਕਤ ਸਾਡੇ ਕੋਲ ਬੈਠਾ ਕਾਮਰੇਡ ਦੇਵਾ ਸਿੰਘ ਮਾਹਲਾ ਮੁਸਕਰਾਇਆ, ਪਰ ਮੈਨੂੰ ਇਹ ਨਹੀਂ ਪਤਾ ਲੱਗ ਸਕਿਆ ਕਿ ਉਹ ਸੁਤੰਤਰ ਦੀ ਗੱਲ 'ਤੇ ਮੁਸਕਰਾਇਆ ਸੀ ਕਿ ਮੇਰੀ ਗੱਲ 'ਤੇ? ਚਲੋ!

ਭਾਰਤ ਦੀਆਂ ਸੋਧਵਾਦੀ ਕਮਿਊਨਿਸਟ ਪਾਰਟੀਆਂ ਅੱਜ ਵੀ ਰੂਸ ਵੱਲੋਂ ਲਿਆਂਦੀ ਇਸੇ ਪਾਲਿਸੀ ਅਤੇ ਇਸ 'ਤੇ ਅਧਾਰਿਤ ਵਿਛਾਏ ਗਏ ਟਰੈਕ ਤੇ ਹੀ ਚੱਲ ਰਹੀਆਂ ਹਨ। ਕਮਿਊਨਿਸਟ ਇਨਕਲਾਬੀ ਗਰੁਪਾਂ ਨਾਲ ਸਬੰਧਤ ਜਥੇਬੰਦੀਆਂ 'ਨਿੱਜੀਕਰਨ' ਦੇ ਮਸਲੇ 'ਤੇ ਸੋਧਵਾਦੀਆਂ ਨਾਲੋਂ ਕਿੱਥੇ, ਕਿੰਨਾ 'ਕੁ ਅਤੇ ਕਿਵੇਂ ਫਰਕ ਪਾਕੇ ਚੱਲ ਰਹੀਆਂ ਹਨ,ਜਾਂ ਫਿਰ ਅਜਿਹਾ ਕਰ ਵੀ ਰਹੀਆਂ ਹਨ ਕਿ ਨਹੀਂ? ਇਸ ਬਾਰੇ ਮੈਨੂੰ ਬਹੁਤਾ ਕੁਝ ਨਹੀਂ ਪਤਾ ਪਰ ਫੇਸਬੁੱਕ 'ਤੇ ਇੱਕ ਇਨਕਲਾਬੀ ਕੁੜੀ ਦੀ, ਇਸ ਮਸਲੇ ਸਬੰਧੀ ਲੰਮੀ ਸਪੀਚ ਸੁਣਨ ਨੂੰ ਮਿਲੀ! ਰੂਪਕ ਪੱਖੋਂ ਇਹ ਇੱਕ ਵਧੀਆ ਸਪੀਚ ਹੋਣ ਦੇ ਬਾਵਜੂਦ, ਇਨਕਲਾਬੀ ਸਿਆਸਤ ਪੱਖੋਂ ਇੱਕ ਨਿਰਾਸ਼ਾਜਨਕ ਸਪੀਚ ਸੀ!!

ਅੰਗਰੇਜ਼ੀ ਸਾਮਰਾਜ ਵੇਲੇ ਤਵਾਰੀਖ ਨੂੰ ਨਵਾਂ ਮੋੜ ਦੇਣ ਵਾਲੀ ਕੂਕਾ ਲਹਿਰ

ਇਤਿਹਾਸ ਵਿਚ ਮੇਰੀ ਦਿਲਚਸਪੀ ਬਹੁਤ ਸੀ ਪਰ ਜਿਸ ਤਰ੍ਹਾਂ ਸਕੂਲਾਂ ਵਿਚ ਇਤਿਹਾਸ ਪੜ੍ਹਾਇਆ ਜਾਂਦਾ ਸੀ, ਉਸ ਨੇ ਕਦੇ ਇਤਿਹਾਸ ਨਾਲ ਜੁੜਨ ਹੀ ਨਾ ਦਿੱਤਾ। ਰੱਟੇ ਲਗਾ ਕੇ ਇਮਤਿਹਾਨ ਦੇਣ ਤਕ ਸੀਮਤ ਰੱਖਣ ਵਾਲੇ ਇਸ ਵਿਦਿਅਕ ਸਿਸਟਮ ਦੀ ਬਦੌਲਤ ਇਤਿਹਾਸ ਮੇਰੇ ਲਈ ਪੁੱਜ ਕੇ ਬੋਰਿੰਗ ਵਿਸ਼ਾ ਬਣ ਗਿਆ। ਇਸ ਲਈ ਜਦ ਕਦੇ ਕਿਸੇ ਰਾਜੇ ਬਾਰੇ ਵੱਡੇ-ਛੋਟੇ ਪ੍ਰਸ਼ਨਾਂ ਦੇ ਉੱਤਰ ਯਾਦ ਕਰਨ ਨੂੰ ਕਿਹਾ ਜਾਂਦਾ, ਤਾਂ ਉਨ੍ਹਾਂ ਰਾਜਿਆਂ ਨੂੰ ਬਹੁਤ ਗਾਲ੍ਹਾਂ ਕਢਦੇ ਤੇ ਆਖਦੇ: ਇਹ ਏਨੇ ਰਾਜੇ ਜੰਮੇ ਕਾਹਤੋਂ ਸੀ? ਘੱਟ ਜੰਮਦੇ ਤਾਂ ਘੱਟ ਰੱਟਾ ਲਾਉਣਾ ਪੈਂਦਾ। ਇਹ ਤਾਂ ਮੁੱਕਣ 'ਚ ਹੀ ਨਹੀਂ ਆਉਂਦੇ ਸੀ। ਇਸ ਤੋਤਾ ਮਾਰਕਾ ਪੜ੍ਹਾਈ ਦਾ ਸਿੱਟਾ ਇਹ ਨਿਕਲਿਆ ਕਿ ਇਤਿਹਾਸ ਨੂੰ ਸਮਝਣ ਵਿਚ ਅਨੇਕ ਖੱਪੇ ਰਹਿ ਗਏ। ਟੁੱਟਵੇਂ ਇਤਿਹਾਸ ਦੀਆਂ ਅਧੂਰੀਆਂ ਤੰਦਾਂ ਨੇ ਕਦੇ ਇਤਿਹਾਸ ਦੀ ਮੁਕੰਮਲ ਤਸਵੀਰ ਨਾ ਬਣਨ ਦਿੱਤੀ।

ਕੁਲਦੀਪ ਸਿੰਘ ਦੀਪ (ਡਾ.)
ਫੋਨ: 98768-20600

ਫੇਰ ਜਦ ਆਪ ਪੜ੍ਹਨ ਜੋਗੇ ਹੋਏ ਤਾਂ ਟੁੱਟਵੇਂ ਇਤਿਹਾਸ ਦੇ ਖੱਪੇ ਭਰਨ ਦਾ ਸਿਲਸਿਲਾ ਸ਼ੁਰੂ ਹੋਇਆ। ਫੇਰ ਸਮਝ ਆਇਆ, ਇਤਿਹਾਸ ਉਹੀ ਨਹੀਂ ਜੋ ਸਾਡੇ ਪਾਠਕ੍ਰਮ ਦੀਆਂ ਕਿਤਾਬਾਂ ਵਿਚ ਦਰਜ ਹੈ ਬਲਕਿ ਇਨ੍ਹਾਂ ਕਿਤਾਬਾਂ ਵਿਚ ਸ਼ਾਮਿਲ ਇਤਿਹਾਸ ਤੋਂ ਪਰ੍ਹੇ ਵਕਤ ਦੇ ਸੀਨਿਆਂ 'ਤੇ ਬਹੁਤ ਕੁਝ ਅਜਿਹਾ ਉਕਰਿਆ ਹੋਇਆ ਅਣਫੋਲਿਆ ਪਿਆ ਸੀ ਜਿਸ ਨੇ ਆਪਣੇ ਸਮਿਆਂ ਵਿਚ ਤਵਾਰੀਖ ਨੂੰ ਨਵੇਂ ਮੋੜ ਦਿੱਤੇ ਸੀ।

ਸਭ ਤੋਂ ਵੱਡੀ ਗੱਲ ਇਹ ਸਮਝ ਆਈ ਕਿ ਇਤਿਹਾਸ ਦੇ ਸਿਰਜਕ ਤਾਂ ਕਿਰਤੀ ਤੇ ਮਜ਼ਦੂਰ ਹੁੰਦੇ ਹਨ ਜਾਂ ਉਹ ਲੋਕ ਹੁੰਦੇ ਹਨ ਜੋ ਸਿਰ ਤਲੀਆਂ 'ਤੇ ਧਰ ਕੇ ਤਾਜਾਂ ਤੇ ਸਮਾਰਾਜਾਂ ਨੂੰ ਚੁਣੌਤੀਆਂ ਦਿੰਦੇ ਹਨ। ਉਦੋਂ ਇਹ ਗੱਲ ਸਮਝ ਆਈ ਕਿ ਜਿਹੜੇ ਲੋਕ ਮੂੰਹਾਂ ਵਿਚ ਚਾਂਦੀ ਦੇ ਚਮਚ ਜਾਂ ਸਿਰਾਂ 'ਤੇ ਤਾਜ ਲੈ ਕੇ ਜੰਮਦੇ ਹਨ ਉਹ ਸਾਰੀ ਉਮਰ ਜਾਂ ਤਾਂ ਤਾਜ ਹੰਢਾਉਂਦੇ ਹਨ ਜਾਂ ਖੁੱਸੇ ਹੋਏ ਤਾਜ ਦੀ ਤਲਾਸ਼ ਕਰਦੇ ਹਨ ਤੇ ਜਾਂ ਫਿਰ ਤਾਜ ਨੂੰ ਬਚਾਉਣ ਲਈ ਦਰਿੰਦਗੀ ਦੀ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਪਰ ਜਦ ਸੰਕਟ ਦਾ ਦੌਰ ਆਉਂਦਾ ਹੈ ਤਾਂ ਤਾਜਾਂ ਵਾਲੇ ਪਾਸੇ ਹੋ ਜਾਂਦੇ ਹਨ।

- ਕਿਉਂਕਿ ਤਾਜਾਂ ਤੇ ਕੁਰਬਾਨੀਆਂ ਦਾ ਬਹੁਤਾ ਸਬੰਧ ਨਹੀਂ ਹੁੰਦਾ।
- ਤਾਜ ਵਾਲੇ ਸਿਰ ਦਿੰਦੇ ਨਹੀਂ ਹੁੰਦੇ...ਉਹ ਤਾਂ ਤਾਜ ਲਈ ਸਿਰ ਲੈਂਦੇ ਹੁੰਦੇ ਹਨ...ਇਸ ਲਈ
- ਜਦ ਕਿਸੇ ਕੌਮ ਜਾਂ ਕਿਸੇ ਖਿੱਤੇ ਦੀ ਅਜ਼ਮਤ ਦਾਅ ਤੇ ਲਗਦੀ ਹੈ...
- ਜਦ ਤਵਾਰੀਖ ਵਿਚ ਕਿਤੇ ਸਿਆਹ ਦੌਰ ਆਉਂਦਾ ਹੈ...
- ਜਦ ਕਿਧਰੇ ਆਰ ਜਾਂ ਪਾਰ ਦਾ ਯੁੱਧ ਹੁੰਦਾ ਹੈ....
- ਜਦ ਜ਼ਿੰਦਗੀ ਨੂੰ ਬਚਾਉਣ ਲਈ ਮੌਤ ਵਿਆਹੁਣੀ ਹੁੰਦੀ ਹੈ
- ਤਦ ਉਸ ਖਿੱਤੇ ਦੀ ਮਿੱਟੀ 'ਚੋਂ ਕੋਈ ਬੇਨਾਮ ਮਰਜੀਵੜਾ ਉਠਦਾ ਹੈ ਅਤੇ ਸਿਰ ਧੜ ਦੀ ਬਾਜ਼ੀ ਲਾ ਦਿੰਦਾ ਹੈ।

ਮਾਇਨੇ ਇਹ ਨਹੀਂ ਰਖਦਾ ਉਹ ਜਿਤਦਾ ਹੈ ਕਿ ਹਾਰਦਾ ਹੈ, ਮਾਇਨੇ ਇਹ ਰਖਦਾ ਹੈ ਕਿ ਉਹ ਹਨੇਰੇ ਨੂੰ ਨੰਗੇ ਧੜ ਹੋ ਕੇ ਲਲਕਾਰਦਾ ਹੈ...

ਵਿਸ਼ਵ ਦਾ ਇਤਿਹਾਸ ਗਵਾਹ ਹੈ ਕਿ ਤਵਾਰੀਖ ਦੇ ਵੱਖ-ਵੱਖ ਦੌਰਾਂ ਵਿਚ ਆਪਣੇ ਖਿੱਤੇ ਜਾਂ ਆਪਣੇ ਲੋਕਾਂ ਦੇ ਗੁਆਚੇ ਗੌਰਵ ਨੂੰ ਬਹਾਲ ਕਰਨ ਲਈ ਅਨੇਕ ਲਹਿਰਾਂ ਉੱਠੀਆਂ ਹਨ।

- ਕਿਤੇ ਕੋਈ ਭਾਈ ਮਹਾਰਾਜ ਸਿੰਘ ਵਰਗਾ ਸੂਰਮਾ ਆਪਣੀ ਮਿੱਟੀ ਦੀ ਸਰਦਾਰੀ ਬਹਾਲ ਕਰਨ ਲਈ ਸਿਰ 'ਤੇ ਕਫ਼ਨ ਬੰਨ੍ਹ ਕੇ ਤੁਰ ਪੈਂਦਾ ਹੈ ਤੇ ਜਲਾਵਤਨ ਹੋ ਕੇ ਸਿੰਘਾਪੁਰ ਪਹੁੰਚਾ ਦਿੱਤਾ ਜਾਂਦਾ ਹੈ ਅਤੇ ਆਪਣੀ ਸ਼ਹਾਦਤ ਦੇ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਪਹਿਲਾ ਸ਼ਹੀਦ ਬਣ ਜਾਂਦਾ ਹੈ।
- ਕਦੇ ਸਾਂਦਲ ਬਾਰ ਦਾ ਸਰਦਾਰ ਅਹਿਮਦ ਖਾਂ ਖਰਲ ਆਪਣੀ ਮਿੱਟੀ ਦੀ ਰਾਖੀ ਕਰਨ ਲਈ ਅਸਮਾਨ ਜਿੱਡੀ ਸਲਤਨਤ ਨਾਲ ਮੱਥਾ ਲਾ ਲੈਂਦਾ ਹੈ। ਆਪਣੀ ਗ਼ੈਰਤ ਲਈ ਜਾਨ ਦੇ ਦਿੰਦਾ ਹੈ, ਪਰ ਸਲਤਨਤ ਦੀ ਈਨ ਕਬੂਲ ਨਹੀਂ ਕਰਦਾ।
- ਕਦੇ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ 65 ਕੂਕੇ ਮਲੇਰਕੋਟਲੇ ਦੀ ਧਰਤੀ ਤੇ ਤੋਪਾਂ ਮੂਹਰੇ ਛਾਤੀਆਂ ਕਰਕੇ ਖੜ੍ਹ ਜਾਂਦੇ ਹਨ। ਤੋਪਾਂ ਹਾਰ ਜਾਂਦੀਆਂ ਹਨ ਪਰ ਸੂਰਮਿਆਂ ਦਾ ਸਿਦਕ ਉਸੇ ਤਰ੍ਹਾਂ ਜਿਉਂਦਾ ਰਹਿੰਦਾ ਹੈ।

ਮਹਾਤਮਾ ਗਾਂਧੀ ਤੋਂ ਲਗਭਗ ਛੇ ਦਹਾਕੇ ਪਹਿਲਾਂ ਕੂਕਿਆ ਨੇ ਨਾ-ਮਿਲਵਰਤਣ ਲਹਿਰ ਸ਼ੁਰੂ ਕੀਤੀ। ਬਾਬਾ ਰਾਮ ਸਿੰਘ ਜਾਣਦੇ ਸਨ ਕਿ ਅੰਗਰੇਜ਼ ਹਕੂਮਤ ਨਾਲ ਅਸੀਂ ਹਥਿਆਰਾਂ ਨਾਲ ਨਹੀਂ ਭਿੜ ਸਕਦੇ, ਇਸ ਲਈ ਉਨ੍ਹਾਂ ਅੰਗਰੇਜ਼ ਵਿਰੁੱਧ ਨਾ-ਮਿਲਵਰਤਨ ਤੇ ਸਵਦੇਸ਼ੀ ਦਾ ਹਥਿਆਰ ਵਰਤਿਆ।

ਦਿੱਲੀ ਵਿਚ ਕੂਕਿਆਂ ਦੇ ਸਾਲਾਨਾ ਸਮਾਗਮ ਵਿਚ ਕੂਕਾ ਲਹਿਰ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ।

- ਜਿਸ ਨਾਲ ਜਾਗ੍ਰਿਤ ਹੋ ਚੁੱਕੇ ਲੋਕਾਂ ਨੇ ਅੰਗਰੇਜ਼ੀ ਸਕੂਲਾਂ, ਅਦਾਲਤਾਂ, ਡਾਕ ਘਰਾਂ, ਅੰਗਰੇਜ਼ ਦੀਆਂ ਮਿੱਲਾਂ ਦੇ ਬਣੇ ਕੱਪੜੇ ਦਾ ਬਾਈਕਾਟ ਕਰ ਦਿੱਤਾ।
- ਰੇਲਾਂ ਦਾ ਬਾਈਕਾਟ ਕਰਕੇ ਰੇਲਾਂ 'ਤੇ ਚੜ੍ਹਨਾ ਬੰਦ ਕਰ ਦਿੱਤਾ।
- ਅੰਗਰੇਜ਼ ਸਰਕਾਰ ਦੀਆਂ ਨੌਕਰੀਆਂ ਕਰਦੇ ਕੂਕਾ ਅੰਦੋਲਨ ਵਿਚ ਸਰਗਰਮ ਲੋਕਾਂ ਨੇ ਨੌਕਰੀਆਂ ਤੋਂ ਅਸਤੀਫੇ ਦੇ ਦਿੱਤੇ।
- ਅਦਾਲਤੀ ਫੈਸਲਿਆਂ ਦੀ ਥਾਂ ਪੰਚਾਇਤੀ ਫੈਸਲੇ ਹੋਣ ਲੱਗੇ, ਜਿਸ ਲਈ ਸੂਬਾ ਗਿਆਨੀ ਰਤਨ ਸਿੰਘ ਨੂੰ ਜੱਜ ਨਿਯੁਕਤ ਕਰ ਦਿੱਤਾ।
- ਸੂਬਾ ਸਾਹਿਬ ਸਿੰਘ ਦੀ ਕਮਾਨ ਹੇਠ ਡਾਕ ਪ੍ਰਬੰਧ ਅਤੇ ਵਿਦੇਸ਼ੀ ਸੰਪਰਕ, ਸ. ਹੀਰਾ ਸਿੰਘ ਸਢੌਰਾ ਦੀ ਕਮਾਨ ਹੇਠ ਕੂਕਾ ਪਲਟਨ ਕਾਇਮ ਕੀਤੀ।
- ਸੂਬਾ ਕਾਹਨ ਸਿੰਘ ਨਿਹੰਗ ਅਤੇ ਸੂਬਾ ਬਿਸ਼ਨ ਸਿੰਘ ਨੂੰ ਦੇਸੀ ਰਿਆਸਤਾਂ ਦੇ ਰਾਜਿਆਂ ਅਤੇ ਸਰਹੱਦੀ ਰਾਜਾਂ ਨਾਲ ਭਾਰਤ ਦੀ ਆਜ਼ਾਦੀ ਲਈ ਰਾਬਤਾ ਕਾਇਮ ਕਰਨ ਲਈ ਰਾਜਦੂਤ ਨਿਯੁਕਤ ਕਰ ਦਿੱਤਾ।
- ਗੁਰੂ ਰਾਮ ਸਿੰਘ ਦੇ ਦੂਤ ਸੂਬਿਆਂ ਨੇ ਰੂਸ, ਕਸ਼ਮੀਰ, ਨੇਪਾਲ, ਹੈਦਰਾਬਾਦ, ਲਖਨਊ ਦੇ ਰਾਜਿਆਂ ਨਾਲ ਆਜ਼ਾਦੀ ਸੰਬੰਧੀ ਚਰਚਾ ਸ਼ੁਰੂ ਕਰ ਦਿੱਤੀ।
- ਪੜ੍ਹਾਈ ਡੇਰਿਆਂ ਅਤੇ ਧਰਮਸ਼ਾਲਾਵਾਂ ਵਿਚ ਹੋਣ ਲੱਗੀ।
- ਰੇਲ ਗੱਡੀਆਂ ਦੀ ਥਾਂ ਲੋਕ ਊਠਾਂ, ਗੱਡਿਆਂ, ਘੋੜਿਆਂ ਅਤੇ ਤਾਂਗਿਆਂ ਦੀ ਸਵਾਰੀ ਕਰਨ ਲੱਗੇ।
- ਨਾਮਧਾਰੀ ਜਥੇਦਾਰਾਂ ਪ੍ਰਚਾਰਕਾਂ ਨੇ ਪਿੰਡਾਂ ਵਿਚ ਲੱਗਦੇ ਦਿਵਾਨਾਂ ਵਿਚ ਹੱਲੇ ਦੇ ਅਜਿਹੇ ਸ਼ਬਦ ਗਾਉਣੇ ਸ਼ੁਰੂ ਕਰ ਦਿੱਤੇ-

'ਇੱਥੋਂ ਚੁੱਕ ਲੈ ਫਰੰਗੀਆ ਡੇਰਾ ਖਾਲਸੇ ਨੇ ਰਾਜ ਕਰਨਾ।'

ਕੂਕਿਆਂ ਬਾਰੇ ਤਿੰਨ ਧਾਰਨਾਵਾਂ ਸਥਾਪਤ ਹਨ:

- ਕੂਕਾ ਸ਼ਰਾਬ ਨਹੀਂ ਪੀਂਦਾ
- ਕੂਕਾ ਝੂਠ ਨਹੀਂ ਬੋਲਦਾ
- ਕੂਕਾ ਅੰਗਰੇਜ਼ ਦਾ ਵਫਾਦਾਰ ਨਹੀਂ ਹੋ ਸਕਦਾ।

ਉਨ੍ਹਾਂ ਸਮਿਆਂ ਵਿਚ ਅੰਗਰੇਜ਼ੀ ਬਸਤੀਵਾਦ ਦਾ ਵਿਰੋਧ ਏਨਾ ਸ਼ਸਕਤ ਹੋਵੇ ਕਿ ਕਿਸੇ ਧਿਰ ਦੀ ਰਹਿਤ-ਮਰਿਆਦਾ ਦਾ ਹਿੱਸਾ ਬਣ ਜਾਵੇ ਇਹ ਵੀ ਇਤਿਹਾਸ ਦੇ ਉਨ੍ਹਾਂ ਸਮਿਆਂ ਵਿਚ ਸ਼ਾਇਦ ਕਿਤੇ ਹੋਰ ਨਾ ਹੋਇਆ ਹੋਵੇ।

ਲਖਵੀਰ ਸਿੰਘ ਨਾਮਧਾਰੀ ਲਿਖਦਾ ਹੈ ਕਿ ਅੰਗਰੇਜ਼ ਅਧਿਕਾਰੀ ਐਡਵਾਰਡ ਬੇਲੀ ਆਪਣੀ ਜੁਲਾਈ 1870 ਈਸਵੀ ਦੀ ਇੱਕ ਰਿਪੋਰਟ ਵਿਚ ਲਿਖਦਾ ਹੈ-

(ਗੁਰੂ) ਰਾਮ ਸਿੰਘ ਬਹੁਤ ਹੀ ਖਤਰਨਾਕ ਵਿਅਕਤੀ ਹੈ, ਸ਼ਾਇਦ ਹੁਣ ਭਾਰਤ ਵਿਚ ਸਭ ਤੋਂ ਵੱਧ ਖਤਰਨਾਕ। ਬ੍ਰਿਟਿਸ਼ ਸਾਮਰਾਜ ਬਸਤੀਵਾਦੀ ਅੰਗਰੇਜ਼ਾਂ ਦਾ ਵਪਾਰੀ ਸਾਮਰਾਜ ਸੀ। ਕੂਕਾ ਅੰਦੋਲਨ ਦੀ ਨਾ-ਮਿਲਵਰਤਨ ਲਹਿਰ ਕਾਰਨ ਅੰਗਰੇਜ਼ ਸਾਮਰਾਜ ਨੂੰ ਉਨ੍ਹਾਂ ਸਮਿਆਂ ਵਿਚ ਪਹਿਲੇ ਸਾਲ ਹੀ ਆਪਣੇ ਵਪਾਰ ਵਿਚ 83,92,000 ਰੁਪਏ ਦਾ ਵੱਡਾ ਘਾਟਾ ਪਿਆ। ਪੈ ਰਹੇ ਘਾਟੇ ਦੇ ਖੱਪਿਆਂ ਨੂੰ ਪੂਰਾ ਕਰਨ ਲਈ ਅੰਗਰੇਜ਼ ਸਰਕਾਰ ਨੇ ਖੇਤੀਬਾੜੀ ਦੀਆਂ ਫ਼ਸਲਾਂ, ਕਪਾਹ, ਪਟਸਨ, ਨੀਲ-ਚਾਹ ਤੋਂ ਬਾਅਦ ਮਾਸ ਦੇ ਵਪਾਰ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ ਅਧਿਕਾਰੀਆਂ ਨੇ ਗਊ ਮਾਸ ਵੇਚਣ ਦੇ ਨਿਯਮ ਵੀ ਈਜ਼ਾਦ ਕਰ ਦਿੱਤੇ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗੇਟ 'ਤੇ ਗਵਰਨਰ ਹੈਨਰੀ ਲਾਰੰਸ ਦਾ 1847 ਈਸਵੀ ਦਾ ਤਾਂਬੇ ਦਾ ਲਾਇਆ ਉਹ ਪੱਤਰ ਵੀ ਲਾਹ ਦਿੱਤਾ ਜਿਸ 'ਤੇ ਲਿਖਿਆ ਹੋਇਆ ਸੀ- 'ਕੋਈ ਵੀ ਆਦਮੀ ਦਰਬਾਰ ਸਾਹਿਬ ਅਤੇ ਗੁਰਦੁਆਰਿਆਂ ਅੰਦਰ ਜੁੱਤੀ ਪਾ ਕੇ ਨਹੀਂ ਜਾ ਸਕੇਗਾ ਅਤੇ ਪੰਜਾਬ ਵਿਚ ਗਊ ਬੱਧ ਦੀ ਮਨਾਹੀ ਹੈ।' ਅੰਗਰੇਜ਼ਾਂ ਵੱਲੋਂ ਲੋਕਾਂ ਨੂੰ ਬੁੱਚੜਖਾਨੇ ਖੋਲ੍ਹਣ ਲਈ ਮੁਫਤ ਜਗ੍ਹਾ, ਰਿਆਇਤਾਂ ਅਤੇ ਪੈਸੇ ਵੀ ਦਿੱਤੇ ਗਏ ਅਤੇ ਗਊ ਮਾਸ ਟੋਕਰੀਆਂ ਵਿਚ ਪਾ ਕੇ ਹੋਕੇ ਦੇ-ਦੇ ਗਲੀ-ਮਹੱਲਿਆਂ ਵਿਚ ਵਿਕਣ ਲੱਗਾ।

ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲਾ ਵਿਚ ਬੁੱਚੜਖਾਨਿਆਂ ਉੱਪਰ ਕੀਤੇ ਹਮਲਿਆਂ ਤੋਂ ਬ੍ਰਿਟਿਸ਼ ਬਸਤੀਵਾਦ ਏਨਾ ਕੁ ਡਰਿਆ ਸੀ ਕਿ ਉਨ੍ਹਾਂ ਨੂੰ ਪਹਿਲਾਂ ਇਲਾਹਾਬਾਦ ਤੇ ਫਿਰ ਰੰਗੂਨ ਭੇਜ ਦਿੱਤਾ ਗਿਆ। ਇਸ ਜਲਾਵਤਨੀ ਦੌਰਾਨ ਹੀ ਉਨ੍ਹਾਂ ਸ਼ਹਾਦਤ ਦਾ ਜਾਮ ਪੀਤਾ।

ਅਜਿਹੀਆਂ ਸ਼ਹਾਦਤਾਂ ਦੀ ਬਦੌਲਤ ਹੀ ਅਗਲੇ ਸਮਿਆਂ ਵਿਚ ਬ੍ਰਿਟਿਸ਼ ਬਸਤੀਵਾਦ ਦੀ ਨੀਂਦ ਹਰਾਮ ਹੋਈ ਤੇ ਆਖਰ ਉਨ੍ਹਾਂ ਨੂੰ ਭਾਰਤ ਛੱਡ ਕੇ ਜਾਣਾ ਪਿਆ। ਉਹ ਚਲੇ ਗਏ ਪਰ ਸਾਡਾ ਕੁਰਬਾਨੀਆਂ ਦਾ ਵਿਰਸਾ ਹਮੇਸ਼ਾ ਸਾਡੇ ਨਾਲ ਰਹੇਗਾ।

ਕੰਮ ਦੀਆਂ ਗੱਲਾਂ

ਅੱਧ ਨੰਗੀਆਂ ਔਰਤਾਂ ਨੂੰ ਦੇਖਣਾ ਕਿਸਨੂੰ ਪਸੰਦ ਹੈ? ਇੱਕ ਦਿਨ, ਆਂਢ-ਗੁਆਂਢ ਵਿਚ ਇੱਕ ਖਾਸ ਮੌਕੇ 'ਤੇ ਔਰਤਾਂ ਦੀ ਮੀਟਿੰਗ ਹੋਈ। ਇਕੱਠ ਵਿਚ ਜ਼ਿਆਦਾਤਰ ਔਰਤਾਂ ਸਨ ਅਤੇ ਘੱਟ ਤੋਂ ਘੱਟ ਮਰਦ ਸਨ।

ਸਟੇਜ 'ਤੇ, ਲਗਭਗ ਪੱਚੀ ਸਾਲ ਦੀ ਇੱਕ ਸੁੰਦਰ ਮੁਟਿਆਰ, ਆਧੁਨਿਕ ਕੱਪੜਿਆਂ ਵਿਚ ਸਜੀ ਹੋਈ, ਮਾਈਕ੍ਰੋਫ਼ੋਨ ਫੜੀ, ਮਰਦ-ਪ੍ਰਧਾਨ ਸਮਾਜ ਨੂੰ ਕੋਸ ਰਹੀ ਸੀ।

ਉਹੀ ਪੁਰਾਣਾ ਪਰਹੇਜ਼...ਘੱਟ ਅਤੇ ਛੋਟੇ ਕੱਪੜਿਆਂ ਨੂੰ ਜਾਇਜ਼ ਠਹਿਰਾ ਰਿਹਾ ਸੀ, ਅਤੇ ਕੁਝ ਵੀ ਪਹਿਨਣ ਦੀ ਆਜ਼ਾਦੀ ਦਾ ਬਚਾਅ ਕਰ ਰਿਹਾ ਸੀ, ਜਦੋਂ ਕਿ ਮਰਦਾਂ ਨੂੰ, ਉਨ੍ਹਾਂ ਦੀ ਗੰਦੀ ਸੋਚ ਅਤੇ ਮਾੜੇ ਇਰਾਦਿਆਂ ਲਈ ਦੋਸ਼ੀ ਠਹਿਰਾ ਰਿਹਾ ਸੀ...

ਫਿਰ ਅਚਾਨਕ, ਇਕੱਠ ਵਿਚੋਂ...ਲਗਭਗ ਬੱਤੀ ਸਾਲ ਦਾ ਇੱਕ ਨੌਜਵਾਨ, ਸੱਭਿਅਕ, ਸਲੀਕੇਦਾਰ ਅਤੇ ਆਕਰਸ਼ਕ, ਖੜ੍ਹਾ ਹੋ ਗਿਆ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਇਜਾਜ਼ਤ ਮੰਗੀ।

ਇਜਾਜ਼ਤ ਸਵੀਕਾਰ ਕਰਦੇ ਹੋਏ, ਮਾਈਕ੍ਰੋਫ਼ੋਨ ਉਸਨੂੰ ਦੇ ਦਿੱਤਾ ਗਿਆ...ਜਿਵੇਂ ਹੀ ਉਸਦੇ ਹੱਥਾਂ ਵਿਚ ਮਾਈਕ੍ਰੋਫ਼ੋਨ ਸੀ, ਉਸਨੇ ਬੋਲਣਾ ਸ਼ੁਰੂ ਕਰ ਦਿੱਤਾ।

'ਮਾਵਾਂ, ਭੈਣਾਂ ਅਤੇ ਭਰਾਵੋ, ਮੈਂ ਤੁਹਾਨੂੰ ਸਾਰਿਆਂ ਨੂੰ ਨਹੀਂ ਜਾਣਦਾ, ਅਤੇ ਤੁਸੀਂ ਮੈਨੂੰ ਨਹੀਂ ਜਾਣਦੇ, ਮੈਂ ਕਿਹੋ ਜਿਹਾ ਇਨਸਾਨ ਹਾਂ...??

ਪਰ ਮੇਰੇ ਰੂਪ ਅਤੇ ਪਹਿਰਾਵੇ ਤੋਂ, ਤੁਹਾਨੂੰ ਕੀ ਲੱਗਦਾ ਹੈ ਕਿ ਮੈਂ ਚੰਗਾ ਦਿਖਦਾ ਹਾਂ, ਇੱਕ ਬਦਮਾਸ਼ ਜਾਂ ਇੱਕ ਚੰਗਾ ਇਨਸਾਨ?

ਦਰਸ਼ਕਾਂ ਵਿਚ ਕਈ ਆਵਾਜ਼ਾਂ ਗੂੰਜੀਆਂ...ਤੁਹਾਡੀ ਦਿੱਖ ਅਤੇ ਬੋਲੀ ਤੋਂ, ਤੁਸੀਂ ਚੰਗੇ ਦਿਖਦੇ ਹੋ...ਤੁਸੀਂ ਚੰਗੇ ਦਿਖਦੇ ਹੋ...ਤੁਸੀਂ ਚੰਗੇ ਦਿਖਦੇ ਹੋ...?

ਇਹ ਸੁਣ ਕੇ, ਉਸਨੇ ਅਚਾਨਕ ਕੁਝ ਅਜੀਬ ਕੀਤਾ...ਉਸਨੇ ਸਟੇਜ 'ਤੇ ਆਪਣੇ ਸਾਰੇ ਕੱਪੜੇ ਉਤਾਰ ਦਿੱਤੇ, ਸਿਰਫ਼ ਆਪਣਾ ਅੰਡਰਵੀਅਰ, ਹਾਫ ਪੈਂਟ ਦਾ ਜੋੜਾ ਛੱਡ ਦਿੱਤਾ...?

ਇਹ ਦੇਖ ਕੇ...ਸਾਰੇ ਦਰਸ਼ਕ ਗੁੱਸੇ ਵਿਚ ਭੜਕ ਉਠੇ। 'ਇਸਨੂੰ ਮਾਰੋ, ਉਹ ਇੱਕ ਠੱਗ ਹੈ, ਇੱਕ ਬਦਮਾਸ਼ ਹੈ, ਬੇਸ਼ਰਮ ਹੈ, ਇਸਨੂੰ ਕੋਈ ਸ਼ਰਮ ਨਹੀਂ ਹੈ...ਇਸਨੂੰ ਆਪਣੀ ਮਾਂ ਅਤੇ ਭੈਣ ਦਾ ਕੋਈ ਸਤਿਕਾਰ ਨਹੀਂ ਹੈ, ਇਹ ਇੱਕ ਘਿਣਾਉਣਾ ਇਨਸਾਨ ਹੈ, ਇਸਨੂੰ ਜਾਣ ਨਾ ਦਿਓ...।

ਇਹ ਗੁੱਸਾ ਸੁਣ ਕੇ...ਉਹ ਅਚਾਨਕ ਮਾਈਕ੍ਰੋਫ਼ੋਨ ਵਿਚ ਗਰਜਿਆ...

'ਰੁਕੋ...ਪਹਿਲਾਂ ਮੇਰੀ ਗੱਲ ਸੁਣੋ, ਫਿਰ ਤੁਸੀਂ ਮੈਨੂੰ ਮਾਰ ਸਕਦੇ ਹੋ, ਜੇ ਤੁਸੀਂ ਚਾਹੋ, ਤਾਂ ਤੁਸੀਂ ਮੈਨੂੰ ਜ਼ਿੰਦਾ ਸਾੜ ਵੀ ਸਕਦੇ ਹੋ...।

ਹੁਣੇ...ਇਹ ਭੈਣ ਘੱਟ ਕੱਪੜਿਆਂ, ਤੰਗ, ਪ੍ਰਗਟ ਕਰਨ ਵਾਲੇ ਕੱਪੜਿਆਂ, ਅਤੇ ਆਜ਼ਾਦੀ ਦੀ ਵਕਾਲਤ ਕਰ ਰਹੀ ਸੀ, ਇਹ ਸਭ ਕੁਝ 'ਗਲਤ ਇਰਾਦਿਆਂ ਅਤੇ ਸੋਚ' ਵੱਲ ਇਸ਼ਾਰਾ ਕਰਦੇ ਹੋਏ...? ਤੁਸੀਂ ਸਾਰੇ ਸਹਿਮਤੀ ਨਾਲ ਤਾੜੀਆਂ ਵਜਾ ਰਹੇ ਸੀ...ਫਿਰ ਮੈਂ ਕੀ ਕੀਤਾ ਹੈ...?

ਮੈਂ ਸਿਰਫ਼ ਕੱਪੜਿਆਂ ਦੀ ਆਜ਼ਾਦੀ ਦਿਖਾਈ ਹੈ...ਕੋਈ ਗਲਤ ਇਰਾਦਾ ਅਤੇ ਸੋਚ ਨਹੀਂ ਹੈ, ਠੀਕ ਹੈ? ਅਤੇ ਮੈਂ ਤੁਹਾਨੂੰ ਸਾਰਿਆਂ ਨੂੰ ਮਾਂ, ਭੈਣ ਅਤੇ ਭਰਾ ਕਹਿ ਕੇ ਸੰਬੋਧਿਤ ਕੀਤਾ...ਫਿਰ ਜਿਵੇਂ ਹੀ ਮੈਂ ਅੱਧਾ ਨੰਗਾ ਹੋ ਗਿਆ...ਤੁਹਾਡੇ ਵਿਚੋਂ ਕਿਸੇ ਨੂੰ ਮੇਰੇ ਵਿਚ 'ਭਰਾ ਅਤੇ ਪੁੱਤਰ' ਕਿਉਂ ਨਹੀਂ ਦਿਖਾਈ ਦਿੱਤਾ...ਤੁਸੀਂ ਮੇਰੇ ਵਿਚ ਗਲਤ ਇਰਾਦੇ ਕਿਵੇਂ ਵੇਖੇ...ਤੁਸੀਂ ਮੇਰੇ ਵਿਚ ਸਿਰਫ਼ ਇੱਕ 'ਆਦਮੀ' ਕਿਉਂ ਵੇਖਿਆ? ਤੁਸੀਂ ਇੱਕ ਭਰਾ, ਇੱਕ ਪੁੱਤਰ, ਜਾਂ ਇੱਕ ਦੋਸਤ ਕਿਉਂ ਨਹੀਂ ਵੇਖਿਆ? ਤੁਹਾਡੇ ਵਿਚੋਂ ਕਿਸੇ ਦਾ ਵੀ ਕੋਈ ਗਲਤ ਇਰਾਦਾ ਨਹੀਂ ਸੀ...ਫਿਰ ਇਹ ਅਜਿਹਾ ਕਿਉਂ ਹੈ?? '

ਸੱਚ ਇਹ ਹੈ ਕਿ 'ਪਹਿਰਾਵਾ' ਅਤੇ 'ਪਹਿਰਾਵਾ' ਮਾਇਨੇ ਨਹੀਂ ਰੱਖਦੇ...। ਅਸਲੀਅਤ ਇਹ ਹੈ ਕਿ ਇਹ ਮਨੁੱਖੀ ਸੁਭਾਅ ਹੈ ਕਿ ਜੇਕਰ ਅਸੀਂ ਕਿਸੇ ਨੂੰ ਜਨਤਕ ਤੌਰ 'ਤੇ ਬਿਨਾਂ ਕਿਸੇ 'ਕਵਰ' ਦੇ ਦੇਖਦੇ ਹਾਂ ਤਾਂ ਮਨ ਵਿਚ ਕਾਮੁਕਤਾ ਜਾਗਦੀ ਹੈ...।

ਰੂਪ, ਸੁਆਦ, ਆਵਾਜ਼, ਗੰਧ, ਛੋਹ-ਇਹ ਬਹੁਤ ਪ੍ਰਭਾਵਸ਼ਾਲੀ ਕਾਰਕ ਹਨ। ਇਨ੍ਹਾਂ ਦੇ ਪ੍ਰਭਾਵ ਕਾਰਨ, 'ਵਿਸ਼ਵਾਮਿੱਤਰ' ਵਰਗੇ ਰਿਸ਼ੀ ਦੇ ਮਨ ਵਿਚ ਵਿਕਾਰ ਪੈਦਾ ਹੋਇਆ, ਜਦੋਂ ਕਿ ਉਸਨੇ ਸਿਰਫ ਰੂਪ ਕਾਰਕ ਦੇਖਿਆ...ਆਮ ਲੋਕਾਂ ਦੀ ਵਿਸ਼ਾਲਤਾ ਕਿੱਥੇ ਹੈ...?

ਦੁਰਗਾ ਸਪਤਸ਼ਤੀ ਦੇ ਦੇਵਯਾ ਕਵਚ ਦੇ 38ਵੇਂ ਸ਼ਲੋਕ ਵਿਚ, ਭਗਵਤੀ ਨੂੰ ਇਨ੍ਹਾਂ ਕਾਰਕਾਂ ਤੋਂ ਬਚਾਉਣ ਲਈ ਬੇਨਤੀ ਕੀਤੀ ਗਈ ਹੈ।

'ਰਾਸੇ ਰੂਪ ਚ ਗੰਧੇ ਚ ਸ਼ਬਦੇ ਸਪਰਸ਼ੇ ਚ ਯੋਗਿਨੀ।

ਸਤਵਮ ਰਾਜਸਤਮਾਸ਼ਚੈਵ ਰਾਕਸ਼ੇਨਾਰਾਇਣੀ ਸਦਾ।'

ਯੋਗਿਨੀ ਦੇਵੀ ਤੁਹਾਨੂੰ ਇਨ੍ਹਾਂ ਵਿਸ਼ਿਆਂ: ਸੁਆਦ, ਰੂਪ, ਗੰਧ, ਸ਼ਬਦ, ਛੋਹ, ਦਾ ਅਨੁਭਵ ਕਰਦੇ ਹੋਏ ਤੁਹਾਡੀ ਰੱਖਿਆ ਕਰੇ, ਅਤੇ ਦੇਵੀ ਨਾਰਾਇਣੀ ਸਤਵਗੁਣ, ਰਜੋਗੁਣ ਅਤੇ ਤਮੋਗੁਣ ਦੇ ਗੁਣਾਂ ਦੀ ਰੱਖਿਆ ਕਰੇ। ਅੱਜ ਦੇ ਸਮਾਜ ਦੀ ਸੋਚ ਇਹ ਹੈ ਕਿ ਧੀਆਂ ਆਪਣੇ ਸਰੀਰ ਨੂੰ ਢੱਕ ਸਕਦੀਆਂ ਹਨ ਜਾਂ ਨਹੀਂ, ਪਰ ਨੂੰਹਾਂ ਨੂੰ ਆਪਣੇ ਚਿਹਰੇ ਨੂੰ ਛੁਪਾ ਕੇ, ਪਰਦਾ ਪਾਉਣਾ ਚਾਹੀਦਾ ਹੈ। ਅੱਜ ਦੇ ਸਮਾਜ ਵਿਚ ਸਰੀਰ ਨੂੰ ਢੱਕਣਾ ਜ਼ਰੂਰੀ ਨਹੀਂ ਹੈ, ਪਰ ਚਿਹਰਾ ਢੱਕਣਾ ਜ਼ਰੂਰੀ ਹੈ। ਜਿਵੇਂ ਅੱਜ ਦੇ ਸਮਾਜ ਵਿਚ ਪਰਦੇ ਲਈ ਕੋਈ ਜਗ੍ਹਾ ਨਹੀਂ ਹੈ, ਉਸੇ ਤਰ੍ਹਾਂ ਇਨ੍ਹਾਂ ਅਰਧ-ਨਗਨ ਕੱਪੜਿਆਂ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ।

ਐਪਸਟਾਇਨ ਫਾਈਲਾਂ, ਨਾਂਵਾਂ ਦੀ ਗੂੰਜ ਅਤੇ ਸਿਆਸਤ ਦਾ ਭੰਬਲਭੂਸਾ

ਗੁਰਪ੍ਰੀਤ ਬਿਲਿੰਗ

ਹਾਲੀਆ ਦਿਨਾਂ ਵਿਚ ਦੁਨੀਆਵੀ ਮੀਡੀਆ ਅਤੇ ਸੋਸ਼ਲ ਮੀਡੀਆ 'ਚ ਇੱਕ ਵਾਰ ਫਿਰ ਐਪਸਟਾਇਨ ਮਾਮਲੇ ਨੇ ਅੱਗ ਫੜ ਲਈ ਹੈ। ਨਵੀਂ ਤਰ੍ਹਾਂ ਸਾਹਮਣੇ ਆਈਆਂ ਈਮੇਲਾਂ ਅਤੇ ਦਸਤਾਵੇਜ਼ਾਂ ਨੇ ਸਿਆਸਤ, ਸਿਨੇਮਾ ਅਤੇ ਅਲੀਟ ਵਰਗ ਦੇ ਕਈ ਨਾਂਵਾਂ ਨੂੰ ਚਰਚਾ 'ਚ ਲਿਆ ਖੜ੍ਹਾ ਕੀਤਾ ਹੈ। ਇਸੇ ਸੰਦਰਭ 'ਚ ਜ਼ੋਹਰਾਨ ਮਮਦਾਨੀ ਅਤੇ ਪ੍ਰਸਿੱਧ ਫ਼ਿਲਮ ਨਿਰਦੇਸ਼ਕਾ ਮੀਰਾ ਨਾਇਰ ਦੇ ਨਾਂਵਾਂ ਦੀ ਗੂੰਜ ਨੇ ਲੋਕ ਪ੍ਰਤੀਕਿਰਿਆਵਾਂ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਨ੍ਹਾਂ ਈਮੇਲਾਂ 'ਚ Jeffrey Epstein ਨਾਲ ਜੁੜੇ ਸੰਪਰਕਾਂ ਦੇ ਹਵਾਲੇ ਮਿਲਣ 'ਤੇ, ਬਿਨਾਂ ਪੂਰੀ ਜਾਂਚ ਅਤੇ ਸੰਦਰਭ ਸਮਝੇ, ਕਈ ਥਾਵਾਂ 'ਤੇ ਨਤੀਜੇ ਕੱਢ ਲਏ ਗਏ। ਇੱਥੇ ਸਭ ਤੋਂ ਅਹਿਮ ਗੱਲ ਇਹ ਹੈ ਕਿ ਨਾਂ ਦਾ ਜ਼ਿਕਰ ਹੋਣਾ ਅਤੇ ਦੋਸ਼ੀ ਠਹਿਰਾਉਣਾ—ਇਹ ਦੋਵੇਂ ਵੱਖਰੇ ਮਾਮਲੇ ਹਨ। ਕਾਨੂੰਨੀ ਤੌਰ 'ਤੇ ਵੀ ਅਤੇ ਨੈਤਿਕ ਤੌਰ 'ਤੇ ਵੀ।

ਸਿਆਸਤ 'ਚ ਸਰਗਰਮ ਲੋਕਾਂ ਲਈ ਇਹ ਮਾਮਲਾ ਹੋਰ ਵੀ ਸੰਵੇਦਨਸ਼ੀਲ ਬਣ ਜਾਂਦਾ ਹੈ। ਜ਼ੋਹਰਾਨ ਮਮਦਾਨੀ ਦੇ ਮਾਮਲੇ 'ਚ ਪ੍ਰਦਰਸ਼ਨ ਅਤੇ ਨਾਰਾਜ਼ਗੀ ਇਹ ਦਰਸਾਉਂਦੀ ਹੈ ਕਿ ਅੱਜ ਦੀ ਰਾਜਨੀਤੀ 'ਚ ਧਾਰਣਾ (perception) ਕਿੰਨੀ ਤੇਜ਼ੀ ਨਾਲ ਹਕੀਕਤ ਦੀ ਥਾਂ ਲੈ ਲੈਂਦੀ ਹੈ। ਦੂਜੇ ਪਾਸੇ, ਮੀਰਾ ਨਾਇਰ ਵਰਗੀ ਅੰਤਰਰਾਸ਼ਟਰੀ ਪਹਿਚਾਣ ਵਾਲੀ ਕਲਾਕਾਰਾ ਲਈ ਇਹ ਗੱਲ ਜ਼ਰੂਰੀ ਹੈ ਕਿ ਉਨ੍ਹਾਂ ਦੇ ਕੰਮ, ਵਿਚਾਰ ਅਤੇ ਕਲਾ ਨੂੰ ਅਫ਼ਵਾਹਾਂ ਦੀ ਭੇਟ ਨਾ ਚੜ੍ਹਾਇਆ ਜਾਵੇ।



ਇਹ ਸਾਰਾ ਮਾਮਲਾ ਮੀਡੀਆ ਦੀ ਭੂਮਿਕਾ 'ਤੇ ਵੀ ਸਵਾਲ ਖੜ੍ਹਾ ਕਰਦਾ ਹੈ। ਸਨਸਨੀਖ਼ੇਜ਼ ਸਿਰਲੇਖ, ਅਧੂਰੀ ਜਾਣਕਾਰੀ ਅਤੇ 'ਵਾਇਰਲ' ਹੋਣ ਦੀ ਦੌੜ—ਇਹ ਸਭ ਮਿਲ ਕੇ ਸੱਚ ਨੂੰ ਧੁੰਦਲਾ ਕਰ ਦਿੰਦੇ ਹਨ। ਜਦੋਂ ਤੱਕ ਕਿਸੇ ਵਿਅਕਤੀ ਖ਼ਿਲਾਫ਼ ਸਪਸ਼ਟ, ਕਾਨੂੰਨੀ ਤੌਰ 'ਤੇ ਸਾਬਤ ਦੋਸ਼ ਸਾਹਮਣੇ ਨਾ ਆਉਣ, ਤਦ ਤੱਕ ਨੈਤਿਕ ਸੰਜਮ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਅਖ਼ੀਰ 'ਚ ਸਵਾਲ ਸਿਰਫ਼ ਇਹ ਨਹੀਂ ਕਿ ਕੌਣ ਕਿਸ ਈਮੇਲ 'ਚ ਸੀ, ਸਵਾਲ ਇਹ ਹੈ ਕਿ ਅਸੀਂ—ਪਾਠਕ, ਦਰਸ਼ਕ ਅਤੇ ਵੋਟਰ—ਕਿੰਨੀ ਸਮਝਦਾਰੀ ਨਾਲ ਜਾਣਕਾਰੀ ਨੂੰ ਪਰਖਦੇ ਹਾਂ। ਕੀ ਅਸੀਂ ਅਦਾਲਤ ਤੋਂ ਪਹਿਲਾਂ ਫ਼ੈਸਲੇ ਸੁਣਾਉਂਦੇ ਹਾਂ? ਜਾਂ ਸੱਚ ਦੇ ਪੂਰੇ ਸਾਹਮਣੇ ਆਉਣ ਦੀ ਉਡੀਕ ਕਰਦੇ ਹਾਂ?

ਸੱਚ ਧੀਰਜ ਮੰਗਦਾ ਹੈ, ਸਨਸਨੀ ਨਹੀਂ।

ਇਸੇ ਧੀਰਜ ਨਾਲ ਹੀ ਸਮਾਜ, ਕਲਾ ਅਤੇ ਸਿਆਸਤ ਅੱਗੇ ਵਧ ਸਕਦੇ ਹਨ।

ਕਾਵਿ-ਕਿਆਰੀ

ਬੁੱਲ੍ਹੇ ਦੀ ਦਰਗਾਹ

(ਕੱਟੜਪੰਥੀ ਅਨਸਰਾਂ ਨੇ 24 ਜਨਵਰੀ, 2026 ਨੂੰ ਮਸੂਰੀ (ਉੱਤਰਾਖੰਡ) 'ਚ ਪੰਜਾਬੀ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਦੀ ਦਰਗਾਹ ਦੀ ਭੰਨ-ਤੋੜ ਕੀਤੀ, ਜਿਸ ਨੂੰ ਸਮਰਪਿਤ ਹੈ ਇਹ ਕਵਿਤਾ)

ਇਹ ਕੈਸਾ ਕਰਮ ਕਮਾ ਰਹੇ ਓਂ?
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓਂ?
ਕਿਓਂ ਕੱਟੜਵਾਦ ਕੁਹਾੜੇ ਨੂੰ
ਮਨੁੱਖਤਾ 'ਤੇ ਤੁਸੀਂ ਚਲਾ ਰਹੇ ਓਂ?
ਥੋਡੀ ਤਾਰ ਨੇ ਜੋ ਖੜਕਾ ਰਹੇ
ਉਨਾਂ ਸੁਪਨੇ ਫਾਸ਼ੀ ਆ ਰਹੇ
ਥੋਨੂੰ ਉਸੇ ਤਰਜ਼ ਨਚਾ ਰਹੇ।
ਮਨੁੱਖਤਾ ਸੰਗ ਟੱਕਰਾ ਕੇ ਇਓਂ
ਖ਼ੁਦਕਸ਼ੀਆਂ ਤੁਸੀਂ ਕਮਾ ਰਹੇ ਓਂ?
ਇਹ ਕੈਸਾ ਕਰਮ ਕਮਾ ਰਹੇ ਜਦ
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓਂ?

ਉੱਥੇ ਭੂਤ 'ਚ ਕੀ ਕਰੇਦੇਂ ਓਂ?
ਨਿਜ਼ਾਮ ਦੀ ਕਬਰ ਖੋਦਦੇਂ ਓਂ?
ਜਾਂ ਹਿਟਲਰ ਤਾਈਂ ਢੂੰਡੇਦੇ ਓਂ?
ਜ਼ੁਲਮਾਂ ਦੇ ਇਤਿਹਾਸ ਜ਼ੁਬਾਨੋਂ
ਬਾਬਰ ਤਾਈਂ ਬੁਲਾ ਰਹੇ ਓਂ?
ਇਹ ਕੈਸਾ ਕਰਮ ਕਮਾ ਰਹੇ ਜਦ
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓਂ?
ਬੁਲ੍ਹੇ ਗੀਤ ਮਨੁੱਖਤਾ ਗਾਇਆ ਸੀ
ਕੱਟੜਵਾਦ ਸ਼ਰਮ 'ਚ ਲਾਇਆ ਸੀ
ਨਾ ਮੋਲਿਆ, ਪੰਡਤਾਂ ਭਾਇਆ ਸੀ।
ਨਿਜ਼ਾਮ ਦੇ ਭੂਤ-ਕਰਿੰਦੇ ਓਂ
ਇਤਿਹਾਸ ਮਿਟਾਉਣਾ ਚਾਹ ਰਹੇ ਓਂ?
ਇਹ ਕੈਸਾ ਕਰਮ ਕਮਾ ਰਹੇ ਜਦ
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓਂ?

ਚੰਗੇਜ਼ ਤੇ ਹਿਟਲਰ ਆਏ ਗਏ
ਨਾ ਬਾਬਰ ਨਾਦਰ ਔਰੰਗ ਰਹੇ
ਪਰ ਹੱਕ-ਸੱਚ ਸਦਾ ਬੁਲੰਦ ਰਹੇ।
ਹੈ ਸਫ਼ਰ ਬੇ-ਰੋਕ ਮਨੁੱਖਤਾ ਦਾ
ਮਿਟ ਜਾਓਗੇ ਲੱਤ ਅੜਾ ਰਹੇ ਓਂ?
ਇਹ ਕੈਸਾ ਕਰਮ ਕਮਾ ਰਹੇ ਜਦ
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓਂ?
ਇਤਿਹਾਸ-ਏ-ਮਨੁੱਖਤਾ ਖੇਲ੍ਹ ਨਹੀਂ
ਅਸਮਾਨੀਂ ਥੋਡੀ ਝੇਲ ਨਹੀਂ
ਧਰਤੀ ਨੇ ਦੇਣਾ ਵੇਹਲ ਨਹੀਂ।
ਧਰਮ ਕੱਟੜਤਾ ਵਾਲਾ ਫਾਹਾ
ਆਪਣੇ ਗਲ ਖ਼ੁਦ ਪਾ ਰਹੇ ਓਂ।
ਇਹ ਕੈਸਾ ਕਰਮ ਕਮਾ ਰਹੇ ਜਦ
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓਂ?

ਜਿਹੜਾ ਸਮਝੋ ਬੁੱਲ੍ਹਾ ਡੱਕਿਆ ਏ
ਉਹ ਤਾਂ ਝਲਕ ਦੇ ਸੂਰਜ ਵਸਿਆ ਏ
ਥੋਨੂੰ 'ਡੱਕੋ ਡੱਕੋ' ਕਹਿ ਡਟਿਆ ਏ।
ਤੁਸੀਂ ਉੱਥੇ ਪਰਖਿਆ ਪੁੱਜਣਾ ਨਹੀਂ
ਜੋ ਭੂਤ 'ਚ ਧੱਕੇ ਖਾ ਰਹੇ ਓਂ।
ਇਹ ਕੈਸਾ ਕਰਮ ਕਮਾ ਰਹੇ ਜਦ
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓ?

ਇਹ ਕੈਸਾ ਕਰਮ ਕਮਾ ਰਹੇ ਓ?
ਦਰਗਾਹ ਬੁੱਲ੍ਹੇ ਦੀ ਢਾਹ ਰਹੇ ਓ?
ਕਿਓਂ ਕੱਟੜਵਾਦ ਕੁਹਾੜੇ ਨੂੰ
ਮਨੁੱਖਤਾ 'ਤੇ ਤੁਸੀਂ ਚਲਾ ਰਹੇ ਓਂ?

-ਡਾ. ਸੁਖਪਾਲ ਸੰਘੇੜਾ ਉਰਫ਼ 'ਪਰਖ਼'

ਵਿਦੇਸ਼ਾਂ ਦੀ ਚਮਕ

ਕੰਮਕਾਰ ਸਭ ਮੰਦੇ ਹੋ ਗਏ,
ਫੇਲ੍ਹ ਹੋਈ ਨੀਤੀ-ਸਰਕਾਰ,
ਜਿਧਰ ਦੇਖੋ ਗਭਰੂ ਘੁੰਮਦੇ,
ਪੜ੍ਹੇ-ਲਿਖੇ ਹਨ ਬੇਰੁਜ਼ਗਾਰ।
ਜੀਣਾ ਚੰਗਾ ਹਰੇਕ ਲੋਚਦਾ,
ਨ ਭਵਿੱਖ ਘੋਰ ਅੰਧਿਆਰ,
ਤੁਰ ਪਏ ਸੱਭ ਵੱਲ ਬਿਦੇਸ਼ਾਂ,
ਲੈ ਕੇ ਸੁਫ਼ਨੇ ਦਿਲ ਹਜ਼ਾਰ।

ਮੁੱਛ-ਫੁੱਟ ਲੂਟੇ ਬੜੇ ਕਾਹਲੇ,
ਕਰੀ ਆਈਲੈਟਸ ਬੇਕਰਾਰ,
ਕੁੜੀਆਂ ਵੀ ਨ੍ਹੀਂ ਘੱਟ ਕਿਤੇ,
ਬੰਨ੍ਹੀਂ ਫਿਰਦੀਆਂ ਨੇ ਕਤਾਰ।
ਛੱਡ ਨੈਤਿਕ ਕਦਰ-ਕੀਮਤਾਂ,
ਜਾਹਲੀ ਵਿਆਹ ਬੇਸ਼ੁਮਾਰ,
ਪਰਾਈ ਧਰਤੀ ਲੋਕ ਪਰਾਏ,
ਨੱਠਦੀਆਂ ਨੇ ਮਾਰ ਉਡਾਰ।

ਪਹੁੰਚ ਵਿਦੇਸ਼ੀਂ ਭੱਜੇ ਫਿਰਦੇ,
ਜਿਉਂ ਚਾਬੀ ਦੇ ਛੱਡੀ ਕਾਰ,
ਦਿਨੇ ਕਾਲਜ ਰਾਤ ਫੈਕਟਰੀ,
ਉਨੀਂਦਰੇ ਧੱਕੇ ਖਾਂਦੇ ਯਾਰ।
ਲੂਰ ਲੂਰ ਕਰਦੇ ਭੋਲੇ ਚਿਹਰੇ,
ਚੇਤੇ ਕਰਦੇ ਮਾਪੇ ਪਿਆਰ,
ਫਿਰ ਨਾਨੀ ਹੈ ਯਾਦ ਆਂਵਦੀ,
ਹੁੰਦੇ ਜਦੋਂ ਖੱਜਲ ਖੁਆਰ।

ਬੇਬੇ ਬਾਪੂ ਵਤਨੀਂ ਛੱਡ 'ਕੱਲੇ,
ਸੋਚੇ ਖ਼ੁਆਬ ਹੋਣ ਸਾਕਾਰ,
ਵਾਂਗ ਮੋਮਬੱਤੀ ਜਲੇ ਦੋ ਕੰਨੀਂ,
ਨਾਲ਼ ਮੁਸ਼ੱਕਤਾਂ ਬੇੜਾ ਪਾਰ।
ਖੇਡਣ ਦੀ ਉਮਰੇ ਪਏ ਮਾਮਲੇ,
ਲਾਹੁਣੇ ਕਰਜ਼ੇ ਸਿਰੋਂ ਭਾਰ,
ਕੱਚ-ਕੁਆਰੇ ਰਿਸ਼ਤੇ ਟੁੱਟ'ਗੇ,
ਡੁੱਬੇ ਸੋਹਣੀ ਜਿਉਂ ਮੰਝਧਾਰ।

ਨਾ ਕੋਈ ਛੱਡੇ ਦੇਸ ਪਿਆਰਾ,
ਜੇ ਕੰਮ-ਧੰਧੇ ਦੇਵੇ ਸਰਕਾਰ,
ਨਾਂਹੀ ਬੁਢਾਪਾ ਰੁਲੇ ਬੇਕਦਰਾ,
ਹੱਸਦਾ ਵਸਦਾ ਹੋਵੇ ਪ੍ਰਵਾਰ।
ਨਾਲ਼ ਇੱਜ਼ਤ ਹੋਣ ਕਮਾਈਆਂ,
ਨਾ ਸਹਿਣਾ ਪਵੇ ਤ੍ਰਿਸਕਾਰ,
ਸਭ ਮਜਬੂਰੀਆਂ ਦੀ ਹੈ ਚੂਰੀ,
ਖਾਣੀ ਪਵੇ ਸਦਾ ਮਨ ਮਾਰ।

-ਸੇਵਾ ਸਿੰਘ 'ਨੂਰਪੁਰੀ'

ਸ਼ੀਸ਼ਾ

ਸਿੱਕਿਆਂ ਨਾਲ ਬੰਦੇ ਤੁਲਦੇ ਨੇ,
ਖਾਲੀ ਖੀਸਿਆਂ ਦਾ ਮੁੱਲ ਕੋਈ ਨਹੀਂ।

ਸੂਰਤ ਹੀ ਵੇਖੀ ਜਾਂਦੀ ਹੈ,
ਪਰ ਸੀਰਤ ਦਾ ਮੁੱਲ ਕੋਈ ਨਹੀਂ।

ਸੱਚ ਨਾ ਆਉਂਦਾ ਹੋਵੇ ਜੇ ਤੈਨੂੰ,
ਮੇਰੀ ਗਲੀ ਆ ਕੇ ਵੇਖ ਲਵੀਂ,

ਕੁਝ ਪਲ ਤੂੰ, ਮੈਂ ਬਣ ਵੇਖ ਲਈਂ,
ਤੈਨੂੰ ਜਾਪੇਗਾ ਮੁੱਲ ਕੋਈ ਨਹੀਂ।
ਕੀ ਆਖਿਆ 'ਸਬਰ ਦਾ ਫ਼ਲ ਮਿੱਠਾ'?
ਦੇਰ ਹੁੰਦੀ ਏ ਪਰ 'ਨ੍ਹੇਰ ਨਹੀਂ'?

ਮੈਂ ਸਾਰੀ ਉਮਰ ਗੁਆ ਬੈਠਾ,
ਪਿਆ ਉਮਰਾ ਦਾ ਮੁੱਲ ਕੋਈ ਨਹੀਂ।

ਇਹ ਦੁਨੀਆਂ ਬੜੀ ਅਜੀਬ ਜਿਹੀ,
ਅੰਦਰੋਂ ਕੁਝ ਬਾਹਰੋਂ ਹੋਰ ਦਿਸੇ।

ਮੇਰੇ ਅੰਦਰੋਂ ਨਿਕਲੇ ਬੋਲਾਂ ਦਾ,
ਬਾਹਰ ਪੈਂਦਾ ਏ ਮੁੱਲ ਕੋਈ ਨਹੀਂ।

ਨਾ ਜਾਣੀਂ ਨਿੱਜੀ ਨਾਕਾਮੀਆਂ ਦਾ
ਮੜ੍ਹ ਦੋਸ਼ ਸੁਰਖ਼ਰੂ ਹੋਣਾ ਲੋਚਾਂ ਮੈਂ,

ਉਹ ਬੇ-ਪਰਦ ਤਾਂ ਹੋਣਾ ਜ਼ਰੂਰੀ ਹੈ,
ਜਿਹਨੂੰ ਤੱਕਣ ਦੀ ਖੁੱਲ੍ਹ ਕੋਈ ਨਹੀਂ।

ਮੇਰੇ ਆਸ-ਪਾਸ ਦੇ ਲੋਕਾਂ ਨੂੰ,
ਸਿਖਰਾਂ ਦਾ ਤਾਪ ਹੈ ਦੰਮਾਂ ਦਾ।

ਮੇਰੀ ਕਲਮ ਨੇ ਲਿਖ-ਲਿਖ ਮਾਰੇ ਜੋ,
ਉਨ੍ਹਾਂ ਹਰਫ਼ਾਂ ਦਾ ਮੁੱਲ ਕੋਈ ਨਹੀਂ।

-ਗੁਰਬਖ਼ਸ਼ ਸਿੰਘ 'ਨਾਕਾਮ'
+1 864 318 5500

ਪਰਦੇਸੀਆਂ ਦੀ ਜ਼ਿੰਦਗੀ

ਪੰਛੀ ਉੱਡ'ਗੇ ਨੇ ਬਾਗਾਂ ਦੇ
ਹਲ ਤੇ ਸੁਹਾਗੇ ਛੱਡ ਕੇ,
ਪੁੱਤ ਚੜ੍ਹ'ਗੇ ਜਹਾਜ਼ਾਂ 'ਤੇ
ਅੱਗ ਹਿਜਰਾਂ ਦੀ ਸੇਕਦੀਆਂ
ਪੁੱਤਾਂ ਨੂੰ ਕਨੇਡਾ ਭੇਜ ਕੇ,
ਮਾਵਾਂ ਕੰਧਾਂ ਵੱਲ ਵੇਖਦੀਆਂ।

ਨਾ ਫਿਕਰਾਂ 'ਚ ਸੌਂਦਾ ਏ
ਗਲ਼ ਲੱਗ ਬਲਦਾਂ ਦੇ,
ਬਾਪੂ ਪੈਲੀਆਂ 'ਚ ਰੋਂਦਾ ਏ
ਤੱਕ ਬੁੱਢੀਆਂ ਹਥੇਲੀਆਂ ਨੂੰ
ਬੇਬੇ-ਬਾਪੂ ਬੇਰੀ ਤੋੜਦੇ,
ਚੇਤੇ ਕਰਦੇ ਹਵੇਲੀਆਂ ਨੂੰ
ਰੇਲ ਸਭ ਦੀ ਬਣਾਈ ਫਿਰਦਾ।

ਕਨੇਡਾ ਵਾਲਾ ਘਰ ਮਿੱਤਰੋ,
ਸਾਰਾ ਟੱਬਰ ਭਜਾਈ ਫਿਰਦਾ
ਚੱਲੇ ਦਿਲ ਉੱਤੇ ਆਰੀ ਮਿੱਤਰੋ
ਮੁੰਡਿਆਂ ਦਾ ਦਿਲ ਟੁੱਟਦਾ,
ਜਦੋਂ ਟੁੱਟਦੀ ਦਿਹਾੜੀ ਮਿੱਤਰੋ
ਕੰਮ ਕਰਦੇ ਆ ਫਾਰਮਾਂ 'ਤੇ
ਡੱਕਾ ਜਿਨ੍ਹਾਂ ਤੋੜਿਆ ਨਹੀਂ,
ਇੱਥੇ ਉੱਠਦੇ ਅਲਾਰਮਾਂ 'ਤੇ।

ਮੁੰਡਾ ਲਗਦਾ ਏ ਸਅਦ ਮਿੱਤਰੋ
ਚੱਲਿਆ ਦਿਹਾੜੀ ਲਾਣ ਨੂੰ,
ਟੰਗ ਮੋਢੇ ਉੱਤੇ ਬੈਗ ਮਿੱਤਰੋ
ਕਹਿੰਦੇ ਲੱਭਦੀ ਨੀ ਮੌਜ ਮਿੱਤਰੋ
ਇੱਕ ਬੇਸਮੈਂਟ ਨਾ ਮਿਲੇ,
ਦੂਜਾ ਲੱਭਦੀ ਨੀ ਜੌਬ ਮਿੱਤਰੋ।

ਗੱਦਾ ਥੱਲੇ ਈ ਲਗਾ ਲਿਆ ਏ
ਫਿਕਰ ਕਰੀਂ ਨਾ ਅੰਮੀਏ,
ਮੈਂ ਟਿਫਨ ਲਵਾ ਲਿਆ ਏ
ਮਾਲਕਾਂ ਦੇ ਹੱਥੋਂ ਧੀਆਂ ਦਾ,
ਇੱਥੇ ਹੁੰਦਾ ਏ ਅਬੁਸਏ ਬਾਬਲਾ
ਨਿੱਤ ਕੰਮ ਉੱਤੇ ਜਾਣੇ ਆਂ
ਮਾਂ ਦੀ ਪੱਕੀ ਖਾਂਦੇ ਹੁੰਦੇ ਸੀ,
ਹੁਣ ਧੱਕੇ ਇੱਥੇ ਖਾਣੇ ਆਂ।

ਕਿੱਥੇ ਫਸ'ਗੀ ਆ ਜਿੰਦ ਮਿੱਤਰੋ
ਉੰਞ ਭਾਵੇਂ 'ਰਹਿਏ ਵੱਸੀਏ,
ਰੂਹ ਵੱਸਦੀ ਆ ਪਿੰਡ ਮਿੱਤਰੋ
ਭੱਠੀ ਹੌਲੀ ਹੌਲੀ ਮਘਦੀ ਏ
ਪੱਟ ਲਏ ਬੂਟੇ ਦੀ,
ਜੜ੍ਹ ਹੌਲੀ ਹੌਲੀ ਲਗਦੀ ਏ।

'ਸਹੋਤਿਆ' ਤੂੰ ਰੱਖ ਹੌਸਲਾ,
ਹਵਾ ਤੇਰੇ ਵੱਲ ਵਗਦੀ ਏ
ਟੈਮ ਲੱਗੂ ਸਿਟ ਹੋਣ ਨੂੰ,
ਵਾਰੀ ਆਉਣੀ ਇੱਥੇ ਸਭ ਦੀ ਏ।

-ਕੁਲਵੀਰ ਸਿੰਘ ਡਾਨਸੀਵਾਲ
ਫੋਨ: 778 863 2472

ਮਕਬੂਲ ਗੀਤਾਂ ਦਾ ਰਚੇਤਾ - ਦਵਿੰਦਰ ਖੰਨੇ ਵਾਲਾ

ਜਿਥੇ ਸਰਦੂਲ ਸਿਕੰਦਰ, ਅਮਰ ਨੂਰੀ, ਲਾਭ ਜੰਜੂਆ ਵਰਗੇ ਅਨੇਕਾਂ ਕਲਾਕਾਰਾਂ ਨੇ ਖੰਨਾ ਸ਼ਹਿਰ ਨੂੰ ਦੁਨੀਆ ਦੇ ਨਕਸ਼ੇ 'ਤੇ ਚਮਕਾਇਆ ਉੱਥੇ ਦਵਿੰਦਰ ਖੰਨੇ ਵਾਲਾ ਦੀ ਕਲਮ ਵੀ ਲੰਬੇ ਸਮੇਂ ਤੋਂ ਪੰਜਾਬੀ ਸੰਗੀਤ ਇੰਡਸਟਰੀ ਦੀ ਸ਼ਾਨ ਬਣੀ ਹੋਈ ਹੈ। 1999 ਤੋਂ ਲੈ ਕੇ 2015 ਤੱਕ ਦਵਿੰਦਰ ਖੰਨੇ ਵਾਲਾ ਦਾ ਗੀਤਕਾਰੀ ਦੇ ਖੇਤਰ ਪੂਰਾ ਸਿੱਕਾ ਚੱਲਿਆ। ਗੁਰਦਾਸ ਮਾਨ ਨੇ ਹੀ ਉਸ ਨੂੰ ਦਵਿੰਦਰ ਖੰਨੇ ਵਾਲਾ ਨਾਮ ਦਿੱਤਾ ਸੀ।

ਦਵਿੰਦਰ ਦੀ ਕਲਮ ਤੋਂ ਉੱਕਰਿਆ

ਪਹਿਲਾ ਗੀਤ 'ਚਿੱਠੀ ਲਿਖ ਲਈ ਮੈਂ ਸਾਰੀ' ਗੁਰਦਾਸ ਮਾਨ ਨੇ ਗਾਇਆ। ਉਕਤ ਗਾਣੇ ਦੇ ਆਖਰੀ ਪੈਰ੍ਹੇ 'ਚ ਦਵਿੰਦਰ ਨੇ ਆਪਣਾ ਅਤੇ ਸ਼ਹਿਰ ਖੰਨੇ ਦਾ ਨਾਂ ਬੜੇ ਸੁਚੱਜੇ ਢੰਗ ਨਾਲ ਕਲਮਬੱਧ ਕੀਤਾ ਸੀ।

ਦਵਿੰਦਰ ਖੰਨੇ ਵਾਲਾ ਆਪਣੀ ਕਾਮਯਾਬੀ ਦਾ ਸਿਹਰਾ ਗੁਰਦਾਸ ਮਾਨ ਨੂੰ ਹੀ ਦਿੰਦਾ ਹੈ। ਦਵਿੰਦਰ ਦੀ ਸੰਗੀਤਕਾਰ ਚਰਨਜੀਤ ਆਹੂਜਾ ਨਾਲ ਮੁਲਾਕਾਤ ਵੀ ਗੁਰਦਾਸ ਮਾਨ ਨੇ ਹੀ ਕਰਵਾਈ ਸੀ। ਦਵਿੰਦਰ ਖੰਨੇ ਵਾਲੇ ਦੀ ਕਲਮ ਤੋਂ ਉਪਜੇ ਗੀਤ ਅੱਜ ਵੀਂ ਵਿਆਹਾਂ 'ਤੇ ਡੀਜੇ ਉੱਤੇ ਲੋਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੰਦੇ ਹਨ, ਜੋ ਸਦਾ ਬਹਾਰ ਹਨ, ਜਿਵੇਂ: 'ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ', 'ਹੁਸਨਾਂ ਦੇ ਮਾਲਕੋ ਸਤਾਇਆ ਨਾ ਕਰੋ'। ਇਸ ਤਰ੍ਹਾਂ ਦਵਿੰਦਰ ਖੰਨੇ ਵਾਲੇ ਦੀ ਕਲਮ ਤੋਂ ਉਪਜੇ ਸੈਂਕੜੇ ਗੀਤ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਗੁਣਗੁਣਾਉਂਦੇ ਮਿਲਣਗੇ। ਮੁੱਕਦੀ ਗੱਲ ਦਵਿੰਦਰ ਖੰਨੇ ਵਾਲਾ ਅਜਿਹਾ ਨਾਂਅ ਹੈ ਜਿਸ ਨੇ ਅਣਗਿਣਤ ਗੀਤ ਲਿਖੇ, ਜਿਨ੍ਹਾਂ ਨੂੰ ਚੋਟੀ ਦੇ ਪੰਜਾਬੀ ਕਲਾਕਾਰਾਂ ਨੇ ਆਵਾਜ਼ ਦਿੱਤੀ। ਗੁਰਦਾਸ ਮਾਨ ਤੋਂ ਇਲਾਵਾ ਮਰਹੂਮ ਗਾਇਕ ਸਰਦੂਲ ਸਿਕੰਦਰ, ਅਮਰ ਨੂਰੀ, ਹੰਸ ਰਾਜ ਹੰਸ, ਮਨਮੋਹਨ ਵਾਰਸ, ਰਾਜ ਬਰਾੜ, ਕਮਲ ਹੀਰ, ਗੁਰਪਾਲ ਮੁਟਿਆਰ ਵਰਗੇ ਗਾਇਕਾਂ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ।



ਦਵਿੰਦਰ ਨੇ ਪੰਜਾਬੀ ਸਾਹਿਤ ਦੀ ਝੋਲੀ ਅਨੇਕਾਂ ਗੀਤ ਪਾਏ। ਜਿਨ੍ਹਾਂ ਨੂੰ ਲੋਕ ਹੁਣ ਵੀ ਬਹੁਤ ਪਸੰਦ ਕਰਦੇ ਹਨ। ਚਰਨਜੀਤ ਆਹੂਜਾ ਤੋਂ ਇਲਾਵਾ ਤੇਜਵੰਤ ਕਿੱਟੂ ਤੇ ਸੁਰਿੰਦਰ ਬਚਨ ਨੇ ਦਵਿੰਦਰ ਦੇ ਗੀਤਾਂ ਨੂੰ ਸੰਗੀਤਬੱਧ ਕੀਤਾ। ਵਿਸ਼ੇਸ਼ ਗੱਲ ਇਹ ਕਿ ਉਸਦੀ ਲਿਖਣ ਸ਼ੈਲੀ ਬਿਲਕੁਲ ਸਾਦੀ, ਸਰੋਤਿਆਂ ਦੇ ਮੂੰਹ 'ਤੇ ਚੜ੍ਹਨ ਵਾਲੀ ਤੇ ਸੱਭਿਆਚਾਰਕ ਰਹੀ ਹੈ। ਉਹ ਲੱਚਰਤਾ ਤੋਂ ਕੋਹਾਂ ਦੂਰ ਹੋ ਕੇ ਕਲਮ ਚਲਾਉਂਦਾ ਪੰਜਾਬੀ ਸੱਭਿਆਚਾਰ ਦੀ ਸੇਵਾ ਕਰ ਰਿਹਾ ਹੈ। ਬੇਸ਼ੱਕ ਉਸ ਦੀ ਕਲਮ 'ਚ ਥੋੜ੍ਹਾ ਠਹਿਰਾਅ ਆਇਆ ਹੈ ਪਰ ਹੁਣ ਤੱਕ ਉਸ ਨੇ ਜੋ ਲਿਖਿਆ, ਉਸ 'ਤੇ ਕੋਈ ਉਂਗਲ ਨਹੀਂ ਚੁੱਕ ਸਕਦਾ। ਇਹੋ ਉਸ ਦੀ ਕਲਮ ਦੀ ਵੱਡੀ ਖੂਬੀ ਹੈ।

ਕਲਾ ਪਰਿਕਰਮਾ

ਪੁਰਾਤਨ ਦੋਗਾਣਾ ਗਾਇਕੀ ਦਾ ਧੁਰਾ ਗੁਰਦਿਆਲ ਨਿਰਮਾਣ

ਗੁਰਦਿਆਲ ਨਿਰਮਾਣ ਪੁਰਾਤਨ ਗਾਇਕੀ ਦੇ ਸੁਨਹਿਰੀ ਹਰਫ਼ਾਂ ਵਿਚ ਲਿਖਿਆ ਉਹ ਨਾਂ ਹੈ ਜਿਸ ਨੇ ਆਪਣੀ ਕਲਾ ਦੇ ਨਾਲ

ਸਰੂਪ ਸਿੰਘ ਚੌਧਰੀ ਮਾਜਰਾ

ਸੱਭਿਆਚਾਰ ਦੇ ਵਿਹੜੇ ਨੂੰ ਰੁਸ਼ਨਾਇਆ। ਖੁੱਲ੍ਹੇ ਅਖਾੜਿਆਂ ਅਤੇ ਰਿਕਾਰਡਿੰਗ ਦੇ ਦੌਰ ਸਮੇਂ ਆਪਣੇ ਨਾਂ ਦੀ ਪਛਾਣ ਸਥਾਪਿਤ ਕਰਨ ਵਾਲੇ ਗੁਰਦਿਆਲ ਨਿਰਮਾਣ ਦਾ ਜਨਮ ਧੂਰੀ ਦੇ ਨੇੜਲੇ ਪਿੰਡ ਜਖ਼ਲਾਂ ਵਿਚ 1936 ਨੂੰ ਹੋਇਆ। ਪਿੰਡੋਂ ਹੀ ਮੁੱਢਲੀ ਪੜ੍ਹਾਈ ਦਾ ਸਫ਼ਰ ਸ਼ੁਰੂ ਕਰ ਕੇ ਸੰਗਰੂਰ ਦੇ ਰਣਬੀਰ ਕਾਲਜ ਤੋਂ ਐਫਸੀਏ ਤੇ ਗਿਆਨੀ ਦੀ ਪੜ੍ਹਾਈ ਕੀਤੀ। ਨਿਰਮਾਣ ਨੇ ਖ਼ੁਦਾ ਦੀ ਬਖ਼ਸ਼ੀ ਹੋਈ ਸੋਝੀ ਮੁਤਾਬਿਕ ਸੁਰਾਂ ਦੀਆਂ ਸਰਗਮਾਂ ਨੂੰ ਛੇੜ ਕੇ ਆਪਣੇ ਨਾਂ ਦੀ ਪੱਕੀ ਮੋਹਰ ਲਗਵਾਈ।

ਸ਼ੁਰੂਆਤੀ ਦਿਨਾਂ 'ਚ ਇਸ ਨੇ ਅਖਾੜਿਆਂ ਦੇ ਜ਼ਰੀਏ ਆਪਣੀ ਗਾਇਕੀ ਦਾ ਆਗ਼ਾਜ਼ ਕੀਤਾ ਤੇ ਧੂਰੀ 'ਚ ਪੈਂਦੇ ਪਿੰਡ ਮੀਮਸੇ ਦੇ ਲੱਗਣ ਵਾਲੇ ਭਰਵੇਂ ਮੇਲੇ 'ਚ ਇਕ ਦਿਨ 'ਚ ਦੋ ਅਤੇ ਜੂਨ 1974 ਵਿਚ ਇਸ ਨੇ ਪਿੰਡ ਕੋਟੜਾ, ਸ਼ੇਰੋਂ, ਭਲਵਾਨ ਤੇ ਸੰਗਰੂਰ ਸ਼ਹਿਰ ਵਿਚ ਇਕੋ ਦਿਨ ਚਾਰ ਅਖਾੜੇ ਲਾ ਕੇ ਆਪਣੇ ਨਾਂ ਦੀ ਵੱਖਰੀ ਮਿਸਾਲ ਕਾਇਮ ਕੀਤੀ। ਅਖਾੜਿਆਂ ਦੇ ਬਾਦਸ਼ਾਹ ਇਸ ਕਲਾਕਾਰ ਨੇ 1970'ਚ ਗੀਤਕਾਰੀ ਦੇ ਭੀਸ਼ਮ ਪਿਤਾਮਾ ਗੁਰਦੇਵ ਸਿੰਘ ਮਾਨ ਦੇ ਅਸ਼ੀਰਵਾਦ ਸਦਕਾ ਨਰਿੰਦਰ ਬੀਬਾ ਦੇ ਨਾਲ ਚਤਰ ਸਿੰਘ ਪਰਵਾਨਾ ਦਾ ਲਿਖਿਆ ਆਪਣਾ ਪਹਿਲਾਂ ਦੋਗਾਣਾ ''ਪੇਕੇ ਛੱਡਦੇ ਮਹੀਨਾ ਇਕ ਹੋਰ ਮੁੰਡਿਆ'' ਰਿਕਾਰਡ ਕਰਵਾ ਕੇ ਬਤੌਰ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ, ਇਹ ਦੋਗਾਣਾ ਇੰਨਾ ਸੁਪਰਹਿੱਟ ਹੋਇਆ ਕਿ ਉਸ ਨੇ ਮੁੜ ਪਿੱਛੇ ਨਾ ਦੇਖਦਿਆਂ ਹੋਇਆਂ ਅਨੇਕਾਂ ਹੀ ਹੋਰ ਦੋਗਾਣੇ ਜਿਵੇਂ ਕਿ: ਇਕ ਅਧੀਆ ਹੋਰ, ਜੇਠ ਮੇਰਾ ਮਰ ਗਿਆ ਲੋਕੋ, ਖੱਟੀ ਮਿਹਨਤ ਦੀ, ਰਾਣੀ ਦਾ ਰੱਬ ਰਾਖਾ, ਕੱਚਰੇ ਵਰਗੀ ਰੰਨ, ਠੇਕੇ ਉੱਤੇ ਜਾਣਾ ਛੱਡ ਦੇ,ਘੁੰਡ ਚੱਕੀ ਨਾ ਗੱਭਰੂਆ

ਸਾਰਾ, ਬੁੱਢਾ ਹੋ ਗਿਆ ਗੱਡੀਆਂ ਚਲਾਉਂਦਾ, ਹੱਥੋਪਾਈ ਕਰਿਆ ਨਾ ਕਰ, ਤੂੰ ਕੁੜੀ ਫਰੂਟੀ ਵਰਗੀ ਤੇ ਮੌਜਾਂ ਲੈਣਗੇ ਸਾਧ ਦੇ ਚੇਲੇ ਵਰਗੇ ਗੀਤ ਰਿਕਾਰਡ ਕਰਵਾ ਕੇ ਆਪਣੇ ਨਾਂ ਨੂੰ ਪ੍ਰਸਿੱਧ ਗਾਇਕਾਂ ਦੀ ਸੂਚੀ 'ਚ ਸ਼ਾਮਿਲ ਕੀਤਾ। ਨਿਰਮਾਣ ਨੇ 30-35 ਸਾਲਾਂ ਦੇ ਗਾਇਕੀ ਦੇ ਸਫ਼ਰ ਦੌਰਾਨ ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਬੀਬਾ, ਵਰਗੀਆਂ ਗਾਇਕਾਵਾਂ ਦੇ ਨਾਲ ਗੀਤ ਗਾ ਕੇ ਨਾਮਣਾ ਖੱਟਿਆ। ਇਨ੍ਹਾਂ ਦਾ ਲਾਡਲਾ ਸਪੁੱਤਰ ਲਵਲੀ ਨਿਰਮਾਣ ਵੀ ਅੱਜ ਦੇ ਸਿਰਮੌਰ ਗਾਇਕਾਂ 'ਚ ਗਿਣਿਆ ਜਾਣ ਵਾਲਾ ਵਿਸ਼ੇਸ਼ ਨਾਂ ਹੈ। ਰਿਕਾਰਡਾਂ ਦੇ ਯੁੱਗ 'ਚ ਗਾਇਕੀ ਦਾ ਨਿਰਮਾਣ ਕਰਨ ਵਾਲਾ ਗੁਰਦਿਆਲ ਨਿਰਮਾਣ ਅੱਜ-ਕੱਲ੍ਹ ਪੰਜਾਬੀ ਸਾਹਿਤ ਸਭਾ ਧੂਰੀ ਦੇ ਜਰਨਲ ਸਕੱਤਰ ਅਹੁਦੇ 'ਤੇ ਬਿਰਾਜਮਾਨ ਹੋ ਕੇ ਸਾਹਿਤ ਦੇ ਖੇਤਰ 'ਚ ਸੇਵਾਵਾਂ ਨਿਭਾ ਰਿਹਾ ਹੈ।

ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਫਰਵਰੀ 2026 ਹੈ। -ਸੰਪਾਦਕ

ਕੈਪਸ਼ਨ ਮੁਕਾਬਲਾ-728

ਹਿੰਮਤ, ਹੌਸਲਾ ਨਾਲ ਦ੍ਰਿੜ ਇਰਾਦੇ, ਮੰਜ਼ਿਲ ਨੂੰ ਜੋ ਹੱਥ ਪਾ ਲੈਂਦੇ ਨੇ,
ਦੇਖੇ ਅਰਜਨ ਮੱਛੀ ਦੀ ਅੱਖ ਜਿਉਂ, ਨਿਸ਼ਾਨਾ ਖਿੱਚ ਕੇ ਲਾ ਲੈਂਦੇ ਨੇ।
ਜੰਗਲੀ ਬੱਕਰਾ ਹੈ ਜ਼ੋਰ ਲਗਾਉਂਦਾ, ਪਾਰ ਕਿਸੇ ਤਰ੍ਹਾਂ ਖੱਡ ਹੋ ਜਾਵੇ,
ਪਿੱਠ 'ਤੇ ਬੈਠਾ ਮੇਮਣਾ ਮੈਂ ਮੈਂ ਕਰਦੈ, ਅੰਤਿਮ ਬੱਕਰਾ ਛਾਲ ਲਗਾਵੇ।

ਕੈਪਸ਼ਨ ਮੁਕਾਬਲਾ-726

ਖੇਤ ਦੇ ਵਿਚ ਜਿੰਮ ਬਣਾ ਲਈ,
ਬੱਚੇ ਆਪਣਾ ਦਿਮਾਗ ਲੜਾ ਕੇ
ਇਕ ਪੈਰ ਉਸ ਟਾਇਰ ਤੇ ਰੱਖਿਆ,
ਦੂਜਾ ਸਿਰ ਦੇ ਉਤੋਂ ਘੁਮਾ ਕੇ
ਬੁਲੰਦ ਹੌਸਲੇ ਬਾਲ ਨਿਆਣਾ,
ਤਨ-ਮਨ ਨੂੰ ਦੇਖੇ ਅਜ਼ਮਾ ਕੇ
ਤਾਜ਼ੀ ਹਵਾ 'ਚ ਕਰਦਾ ਕਸਰਤ,
ਖੜ੍ਹ ਗਿਆ ਪੋਜ਼ ਬਣਾ ਕੇ
ਕਮਰ ਕਸੇ ਕਰ ਜੋ ਨੇ ਤੁਰਦੇ,
ਮੰਜ਼ਲ ਆਪਣੀ ਸਿਰੇ ਨੇ ਲਾਂਦੇ
ਕਰਕੇ ਤੁਰਨ ਬੁਲੰਦ ਹੌਸਲੇ,
ਚੀਰ ਪਰਬਤਾਂ ਨੂੰ ਲੰਘ ਜਾਂਦੇ।

-ਮਾ: ਪ੍ਰੀਤਮ ਸਿੰਘ ਲੰਮੇਂ

ਹੀਰਾ ਉਦੋਂ ਹੀ ਜਾਣੀਐ
ਜੇ ਜੌਹਰੀ ਕਰੇ ਪਛਾਣ,
ਨਹੀਂ ਤਾਂ ਵਿੱਚ ਗੋਦੜੀ
ਕਾਹਦਾ ਉਹ ਕਰੇ ਮਾਣ।
ਸਰਕਾਰ ਨੇ ਪੱਲੇ ਝਾੜ ਦਿੱਤੇ
ਕੋਈ ਨ ਬਚੇ ਤਾਣ,
ਖੁਦ ਹੀ ਸਰੀਰ ਤੋੜ ਕੇ
ਗਰੀਬ ਬਣਾਵੇ ਪਹਿਚਾਣ।

-ਸੇਵਾ ਸਿੰਘ 'ਨੂਰਪੁਰੀ'

ਨਾ ਜਿੰਮ, ਨਾ ਜਿਮਨਾਸਟਿਕ
ਪਹੀ ਖੇਤ ਦੀ ਖੇਡ ਮੈਦਾਨ।
ਨਾ ਕੋਚ, ਨਾ ਖਾਧ-ਖੁਰਾਕਾਂ
ਨਾ ਕੋਈ ਟ੍ਰੈਕ-ਸੂਟ ਦੀ ਸ਼ਾਨ।
ਕੋਚ ਕੋਈ ਨਾ ਨੇੜੇ ਤੇੜੇ
ਖੁਦ ਹੀ ਲਾਵੇ ਆਪਣੀ ਜਾਨ।
ਨਹੀਂ ਰੀਸਾਂ ਓਏ ਚੋਬਰਾ
ਲੱਖਾਂ ਦਿਲ ਤੇਰੇ ਤੋਂ ਕੁਰਬਾਨ।

-ਜਗਮੀਤ ਸਿੰਘ ਪੰਧੇਰ

ਜਾਨ ਤਲੀ 'ਤੇ ਧਰ ਕੇ
ਕਰਤੱਬ ਦਿਖਾਉਣ ਦੀ ਕਲਾ
ਸਾਡੇ ਹਿੱਸੇ ਆਈ।
ਚਾਲਾ ਜੇ ਆ ਜਾਵੇ ਲੋਟ
ਰੋਣੇ ਧੋਣੇ ਦੀ ਕਰ ਦੇਈਏ ਧੁਲਾਈ।
ਜਾਨ ਹੂਲ ਕੇ, ਟਾਇਰ 'ਤੇ ਖੜ੍ਹੀਏ
ਸਾਧਨਾ ਸਾਧੀਏ, ਨਾਲੇ ਮਨੋਰੰਜਨ ਕਰੀਏ
ਗਰੀਬਾਂ ਦੀ ਜ਼ਿੰਦਗੀ 'ਚ
ਉਤਰਾਅ ਚੜ੍ਹਾਅ ਆਉਂਦੇ ਰਹਿੰਦੇ
ਫਿਰ ਵੀ ਹੌਸਲੇ ਬੁਲੰਦ ਰਹਿੰਦੇ।

-ਅਮਰਜੀਤ ਸਿੰਘ ਤੂਰ

ਬੋਲ ਬੋਲ ਵੇ ਰਾਝਣਾਂ,
ਤੂੰ ਬੋਲ ਅੜਿਆ ਕੁਝ ਬੋਲ।
ਚੁੱਪ ਕਿਉਂ ਧਾਰੀ ਮੁੱਖ 'ਤੇ,
ਗੰਢ ਜੋ ਦਿਲ ਦੀ ਖੋਲ੍ਹ।
ਮੇਰੇ ਚਾਅ ਕੁਆਰਿਆਂ,
ਇੰਜ ਨਾ ਸੋਹਣਿਆ ਰੋਲ।
ਵੇਖ ਤੈਨੂੰ ਉਦਾਸਿਆ,
ਮੇਰੇ ਦਿਲ 'ਚ ਪੈਣ ਵੇ ਡੋਲ।
ਚੰਨ ਤੋਂ ਸੋਹਣੀ ਮੇਰੀਏ,
ਨਾ ਦਿਲੇ 'ਚ ਕੋਈ ਮਲਾਲ।
ਲੱਖਾਂ ਵਿਚ ਕੋਈ ਇਕ ਏਂ,
ਲੈ ਆਂਦੀ ਤੂੰ ਮੈਂ ਭਾਲ।
ਸੂਰਜ ਚੰਨ ਅਕਾਸ਼ ਦੇ,
ਝੱਲ ਸਕਣ ਨਾ ਤੇਰੀ ਝਾਲ।
ਉਡੀਕਦਿਆਂ ਬੱਸ ਹੋ ਗਈ,
ਬਸ ਬੱਸ ਦਾ ਇੱਕ ਸਵਾਲ।

-ਗੁਰਬਖਸ਼ ਸਿੰਘ 'ਨਾਕਾਮ'

ਪੰਜਾਬੀ ਕਲਚਰ ਦਾ ਸ਼ਾਹਜਹਾਨ ਐਮ ਐਸ ਰੰਧਾਵਾ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

2 ਫਰਵਰੀ 2026 ਤੋਂ 7 ਫਰਵਰੀ 2026 ਤੱਕ ਚੰਡੀਗੜ੍ਹ ਦੇ 16 ਸੈਕਟਰ ਵਾਲੇ ਕਲਾ ਭਵਨ ਵਿਚ ਮਹਿੰਦਰ ਸਿੰਘ ਰੰਧਾਵਾ ਸਾਹਿਤ ਕਲਾ ਉਤਸਵ ਮਨਾਇਆ ਜਾ ਰਿਹਾ ਹੈ। ਉਦਘਾਟਨੀ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਐਮ ਐਸ ਗੋਸਲ ਵਾਈਸ ਚਾਂਸਲਰ ਪੰਜਾਬ ਐਗਰੀਕਲਚਰਲ ਯੂਨੀਵਰਸਟੀ ਲੁਧਿਆਣਾ ਕਰਨਗੇ ਜਿਸ ਵਿਚ ਮੇਰੇ ਸਵਰਗਵਾਸੀ ਮਿੱਤਰ ਡਾ. ਹਰਿਭਜਨ ਸਿੰਘ ਦਾ ਕਲਾਪ੍ਰੇਮੀ ਸਪੁਤਰ ਮਦਨ ਗੋਪਾਲ ਸਿੰਘ ਮੁੱਖ ਭਾਸ਼ਣ ਦੇਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਕੈਬਿਨੇਟ ਮੰਤਰੀ ਸਭਿਆਚਾਰਕ ਮਾਮਲੇ, ਪੇਂਡੂ ਵਿਕਾਸ, ਤੇ ਪੰਚਾਇਤਾਂ ਹੋਣਗੇ ਤੇ ਸਮਾਪਤੀ ਵਾਸਤੇ ਨਿਵੇਦਿਤਾ ਸਿੰਘ ਦਾ ਵਿਰਾਸਤੀ ਸੰਗੀਤ ਵਿਉਂਤਿਆ ਗਿਆ ਹੈ। ਉਦਘਾਟਨੀ ਪ੍ਰੋਗਰਾਮ ਉਪਰੰਤ ਪੰਜਾਬ ਦੀਆਂ ਹਰੀ ਕ੍ਰਾਂਤੀ ਤੋਂ ਸਭਿਆਚਾਰਕ ਕ੍ਰਾਂਤੀ ਤੱਕ ਦੀਆਂ ਮੱਲਾਂ ਦੇ ਵਿਸ਼ੇ ਉਤੇ ਸੈਮੀਨਾਰ ਵਿਉਂਤਿਆ ਗਿਆ ਹੈ ਜਿਸ ਵਿਚ ਅਮਰਜੀਤ ਗਰੇਵਾਲ, ਆਰ.ਐਸ. ਘੁੰਮਣ ਤੇ ਗਗਨਦੀਪ ਸ਼ਰਮਾ ਵਿਚਾਰ ਪੇਸ਼ ਕਰਨਗੇ ਤੇ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਕਰਨਗੇ। ਏਸ ਪ੍ਰੋਗਰਾਮ ਦੇ ਮੰਚ ਸੰਚਾਲਕ ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ ਦੇ ਡਾਇਰੈਕਟਰ ਜਸਵੰਤ ਜ਼ਫਰ ਹੋਣਗੇ।

ਮਹਿੰਦਰ ਸਿੰਘ ਰੰਧਾਵਾ ਉਤਸਵ ਵਿਚ ਪੰਜਾਬ ਕਲਾ ਪ੍ਰੀਸ਼ਦ ਦੀ ਸਿਨੇਮਾ ਅਤੇ ਡਿਜੀਟਲ ਆਰਟ ਨੂੰ ਪਰਨਾਈ ਨਵੀਂ ਅਕਾਡਮੀ ਸਮੇਤ ਕਲਾ ਪ੍ਰੀਸ਼ਦ ਦੀਆਂ ਸਾਹਿਤ, ਲਲਿਤ ਕਲਾ ਤੇ ਸੰਗੀਤ ਨਾਟਕ ਨਾਲ ਸਬੰਧਤ ਤਿੰਨੋਂ ਅਕਾਡਮੀਆਂ ਆਪੋ ਆਪਣੇ ਪ੍ਰੋਗਰਾਮ ਪੇਸ਼ ਕਰਨਗੀਆਂ ਜਿੱਥੇ 'ਚੌਰਾਹੇ 'ਤੇ ਖੜ੍ਹਾ ਰੰਗ ਮੰਚ: ਭਵਿੱਖ ਤੇ ਚਿੰਤਾਵਾਂ' ਵਾਲੇ ਸੈਮੀਨਾਰ ਵਿਚ ਰਾਣੀ ਬਲਬੀਰ ਕੌਰ, ਨੀਲਮ ਮਾਨ ਸਿੰਘ, ਮਹਿੰਦਰ ਕੁਮਾਰ, ਸਾਹਿਬ ਸਿੰਘ ਤੇ ਕੇਵਲ ਧਾਲੀਵਾਲ ਬੁਲਾਰੇ ਹੋਣਗੇ ਤੇ ਇਹਦੇ ਵਰਗੇ ਹੀ ਇੱਕ ਹੋਰ ਸੈਮੀਨਾਰ ਵਿਚ ਹਰਿਭਜਨ ਸਿੰਘ ਭਾਟੀਆ ਤੇ ਈਸ਼ਵਰ ਦਿਆਲ ਗੌੜ ਮੁੱਖ ਬੁਲਾਰੇ ਹੋਣਗੇ। ਪਿਛੋਂ ਹੋਣ ਵਾਲੀ ਬਹਿਸ ਵਿਚ

ਡਾ. ਯੋਗ ਰਾਜ, ਡਾ. ਪਰਵੀਨ, ਤੇ ਗੁਰਬੀਰ ਸਿੰਘ ਬਰਾੜ ਸ਼ਿਰਕਤ ਕਰਨਗੇ।

ਸਿਨੇਮਾ ਤੇ ਡਿਜੀਟਲ ਆਰਟ ਨੂੰ ਪਰਨਾਈ ਅਕਾਡਮੀ ਵਾਲਾ ਪ੍ਰੋਗਰਾਮ ਭਾਵੇਂ ਅੰਤਲੇ ਦੌਰ ਲਈ ਉਲੀਕਿਆ ਗਿਆ ਹੈ ਪਰ ਇਸ ਵਿਚ ਚਰਚਾ ਦਾ ਵਿਸ਼ਾ ਪੰਜਾਬੀ ਸਿਨੇਮਾ ਦੇ ਵੱਖ-ਵੱਖ ਰੂਪਾਂ ਨੂੰ ਆਧਾਰ ਬਣਾ ਕੇ ਗੁਰਵਿੰਦਰ ਸਿੰਘ ਦੀ ਕਲਾਤਮਕ ਪ੍ਰਾਪਤੀ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਡਾਕਟਰ ਗੁਰਮੁਖ ਸਿੰਘ ਦੇ ਸ਼ਬਦਾਂ ਵਿਚ ਇਹ 'ਖਾਮੋਸ਼ੀ ਦੀ ਜ਼ੁਬਾਨ' ਹੈ ਜਿੱਥੇ ਸਥਾਨਕਤਾ ਤੋਂ ਆਲਮੀ ਮੰਚਾਂ ਤੱਕ ਦੇ ਵੱਡੇ ਵਿਸ਼ੇ ਨੂੰ ਵਿਚਾਰੇ ਜਾਣ ਦੀ ਵਿਉਂਤ ਹੈ। ਖੁਲ੍ਹੀ ਚਰਚਾ ਕਰਨ ਲਈ ਜਸਬੀਰ ਮੰਡ ਸਮੇਤ ਗੁਰਵਿੰਦਰ ਸਿੰਘ, ਸੈਮੂਅਲ ਜੌਨ, ਵਿਵੇਕ ਸਚਦੇਵਾ ਤੇ ਜਸਦੀਪ ਸਿੰਘ ਦੇ ਹਾਜ਼ਰ ਹੋਣ ਦੀ ਸੰਭਾਵਨਾ ਹੈ। ਏਸ ਚਰਚਾ ਦੇ ਮੁਖ ਮਹਿਮਾਨ ਸ੍ਰੀ ਸੰਜੀਵ ਅਰੋੜਾ, ਕੈਬਿਨੇਟ ਮੰਤਰੀ ਸਥਾਨਕ ਸਰਕਾਰਾਂ, ਉਦਯੋਗ, ਵਣਜ ਤੇ ਐਨ ਆਰ ਆਈ ਮਾਮਲੇ ਹੋਣਗੇ ਤੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਗਦੀਪ ਸਿੱਧੂ ਨੂੰ ਸੌਂਪੀ ਗਈ ਹੈ ਪਰ ਸਾਰੇ ਮਸਲੇ ਦਾ ਸਾਰ-ਅੰਸ਼ ਪ੍ਰੀਤਮ ਰੁਪਾਲ ਆਪਣੇ ਧੰਨਵਾਦੀ ਸ਼ਬਦਾਂ ਵਿਚ ਪੇਸ਼ ਕਰੇਗਾ।

ਪੰਜਾਬ ਕਲਾ ਪ੍ਰੀਸ਼ਦ ਦੀ ਲਲਿਤ ਕਲਾ ਅਕਾਦਮੀ ਸ਼ਾਖਾ ਦੇ ਮੁਖੀ ਗੁਰਦੀਪ ਧੀਮਾਨ ਨੇ ਵੀ ਸੁਮੀਤ ਦੂਆ ਤੇ ਸਤਵੰਤ ਸੁਮੇਲ ਨਾਲ ਮਿਲ ਕੇ ਖੁੱਲ੍ਹਾ ਕੈਲੀਗ੍ਰਾਫੀ ਮੁਕਾਬਲਾ 2026 ਤੋਂ ਬਿਨਾ ਫੋਟੋ ਪ੍ਰਦਰਸ਼ਨੀ ਵੀ ਵਿਉਂਤ ਰੱਖੀ ਹੈ ਜਿਸ ਬਾਰੇ ਚਰਚਾ ਲਈ ਯੋਗ ਰਾਜ, ਤੇ ਅਮਰਜੀਤ ਗਰੇਵਾਲ ਹਾਜ਼ਰ ਹੋਣਗੇ ਤੇ ਉਸ ਤੋਂ ਪਿੱਛੋਂ ਲਈ ਵਿਉਂਤੇ ਗਏ ਪੇਂਟਿੰਗ ਸਲਾਈਡ ਸ਼ੋਅ ਬਾਰੇ ਮਦਨ ਲਾਲ ਤੇ ਸੁਭਾਸ਼ ਪਰਿਹਾਰ ਚਾਨਣਾ ਪਾਉਣਗੇ।

ਇਸ ਉਤਸਵ ਵਿਚ ਇੱਕ ਬੈਠਕ ਕਵੀ ਦਰਬਾਰ ਵਿਉਂਤਿਆ ਗਿਆ ਹੈ ਜਿਸ ਵਿਚ ਸਵਰਨਜੀਤ ਸਵੀ, ਅਮਰਜੀਤ ਗਰੇਵਾਲ, ਗੁਰਤੇਜ ਕੁਹਾਰਵਾਲਾ, ਵਿਜੇ ਵਿਵੇਕ, ਗੁਰਭਜਨ ਗਿੱਲ, ਮਨਜੀਤ ਇੰਦਰਾ, ਪਾਲ ਕੌਰ, ਜਸਵੰਤ ਜ਼ਫ਼ਰ, ਤ੍ਰੈਲੋਚਨ ਲੋਚੀ, ਨੀਤੂ, ਮਨਜਿੰਦਰ ਧਨੋਆ, ਹਰਮੀਤ ਵਿਦਿਆਰਥੀ, ਸੁਰਪ੍ਰੀਤ ਮਾਨਸਾ, ਅਮਰਜੀਤ ਕੌਂਕੇ, ਸੁਰਿੰਦਰ ਬੀਰ, ਅਰਤਿੰਦਰ ਸੰਧੂ, ਜਗਦੀਪ ਸਿਧੂ, ਬਲਵਿੰਦਰ ਸੰਧੂ, ਡਾਕਟਰ ਜਸਲੀਨ, ਵਾਹਿਦ, ਵਿਪਨ ਪ੍ਰੀਤ, ਗੁਰਜੰਟ ਰਾਜੇਆਣਾ, ਬਲਵਿੰਦਰ ਚਹਿਲ, ਸੰਦੀਪ ਜਸਵਾਲ, ਜਸਪ੍ਰੀਤ ਤੇ ਰਣਜੀਤ ਕੌਰ ਸਵੀ ਤੋਂ ਬਿਨਾ ਅਜਿਹੇ ਕਵੀ ਸਾਹਿਬਾਨ ਦੇ ਸ਼ਿਰਕਤ ਕਰਨ ਦੀ ਸੰਭਾਵਨਾ ਹੈ ਜਿਹੜੇ ਕਿਸੇ ਬਿੱਧ ਮੌਕੇ ਉੱਤੇ ਹਾਜ਼ਰ ਹੋਣਗੇ।

ਮਹਿੰਦਰ ਸਿੰਘ ਰੰਧਾਵਾ ਅਖੰਡ ਹਿੰਦੁਸਤਾਨ ਦਾ ਅਜਿਹਾ ਸਪੂਤ ਸੀ ਜਿਸਨੇ ਕੁੱਲੂ, ਕਾਂਗੜਾ ਤੇ ਹਰਿਆਣਾ ਸਮੇਤ ਸਮੁੱਚੇ ਪੰਜਾਬ ਦੇ ਸਾਹਿਤ ਤੇ ਸਭਿਆਚਾਰ ਨੂੰ ਆਪਣੇ ਦੇਸ਼ ਵਿਚ ਹੀ ਨਹੀਂ ਬਾਹਰਲੇ ਦੇਸ਼ਾਂ ਵਿਚ ਵੀ ਪਹੁੰਚਾਇਆ। ਅੱਜ ਦੇ ਦਿਨ ਉਸਦਾ ਗੁਣਗਾਇਨ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਵਿਚ ਹੀ ਨਹੀਂ ਯੂਟਿਊਬ ਦੇ ਪ੍ਰੋਗਰਾਮਾਂ ਵਿਚ ਵੀ ਹੋ ਰਿਹਾ ਹੈ। ਜੇ ਸਤਿੰਦਰ ਸਰਤਾਜ ਉਹਦੇ ਬਾਰੇ ਫਿਲਮ ਬਣਾ ਰਿਹਾ ਹੈ ਤਾਂ ਦਿੱਲੀ ਨਿਵਾਸੀ ਪਬਲਿਕ ਰਿਲੇਸ਼ਨਜ਼ ਨੂੰ ਪਰਨਾਇਆ ਤਰਲੋਚਨ ਸਿੰਘ ਉਹਦੇ ਵਲੋਂ 1947 ਵਿਚ ਦਿੱਲੀ ਦੀ ਸੰਭਾਲ ਤੇ ਉਸ ਤੋਂ ਪਿਛੋਂ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਮੁੜ ਵਸੇਬੇ ਲਈ ਚੁੱਕੇ ਗਏ ਇਤਿਹਾਸਕ ਕਦਮਾਂ ਦੀ ਬਾਤ ਪਾ ਰਿਹਾ ਹੈ। ਉਸਨੂੰ ਪੰਜਾਬੀ ਕਲਚਰ ਦਾ ਸ਼ਾਹਜ਼ਮਾਨੀ ਕਿਹਾ ਜਾਣਾ ਉਸਦੇ ਅਮਲਾਂ ਦੀ ਠੀਕ ਤਰਜਮਾਨੀ ਕਰਦਾ ਹੈ।

ਏਥੇ ਹੀ ਬੱਸ ਨਹੀਂ ਉਸਨੇ 1947 ਵਿਚ ਨਵੀਂ ਦਿੱਲੀ ਦਾ ਡੀ.ਸੀ. ਹੁੰਦਿਆਂ ਗੁਰਬਖਸ਼ ਸਿੰਘ ਪ੍ਰੀਤ ਲੜੀ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਭਾਪਾ ਪ੍ਰੀਤਮ ਸਿੰਘ ਤੇ ਅਜੀਤ ਕੌਰ ਨੂੰ ਦਿੱਲੀ ਵਿਚ ਵਸਾ ਕੇ ਨਾਮਣਾ ਖਟਿਆ ਤੇ ਫੇਰ ਚੰਡੀਗੜ੍ਹ ਦਾ ਚੀਫ ਕਮਿਸ਼ਨਰ ਬਣਦੇ ਸਾਰ ਛੋਟੇ-ਵੱਡੇ ਫ਼ੌਜੀ ਅਫਸਰਾਂ ਦਾ ਇਕੱਠ ਕਰਕੇ ਉਨ੍ਹਾਂ ਨੂੰ ਚੰਡੀਗੜ੍ਹ ਵਿਚ ਪਲਾਟ ਅਲਾਟ ਕਰਨ ਸਮੇਂ ਉਨ੍ਹਾਂ ਦੀ ਦੇਸ਼ ਲਈ ਮਰ ਮਿਟਣ ਵਾਲੀ ਰੁਚੀ ਨੂੰ ਤਾਂ ਸਲਾਹਿਆ ਪਰ ਸੇਵਾ ਮੁਕਤੀ ਉਪ੍ਰੰਤ ਚੰਡੀਗੜ੍ਹ ਵਰਗੇ ਸੁਹਣੇ ਸ਼ਹਿਰ ਵਿਚ ਵਸਣ ਲਈ ਪ੍ਰੇਰਦਿਆਂ ਬਹੁਤ ਸਸਤੇ ਪਲਾਟ ਅਲਾਟ ਕੀਤੇ।

ਉਹੀਓ ਸੀ ਜਿਸਨੇ 15 ਅਗਸਤ, 1947 ਨੂੰ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਲਾਲ ਕਿਲੇ ਦੀ ਫਸੀਲ ਤੋਂ ਤਿਰੰਗਾ ਲਹਿਰਾਉਣ ਦੀ ਰਸਮ ਨੂੰ ਮੌਕੇ ਉੱਤੇ ਹਾਜ਼ਰ ਹੋ ਕੇ ਨਿਰਵਿਘਨ ਨੇਪਰੇ ਚੜ੍ਹਾਇਆ। ਉਸਦਾ ਸਾਨੀ ਹੋਣਾ ਸੌਖਾ ਨਹੀਂ। ਜ਼ਿੰਦਾਬਾਦ!

ਚੀਨੀ ਡੋਰ ਦੀਆਂ ਕਰਤੂਤਾਂ

ਚਾਈਨਾ ਡੋਰ ਵਜੋਂ ਜਾਣੀ ਜਾਂਦੀ ਪਤੰਗਾਂ ਦੀ ਡੋਰ ਕਿਵੇਂ ਅਚਾਨਕ ਹੀ ਆਪਣੀ ਲਪੇਟ ਵਿਚ ਲੈ ਕੇ ਵਿਅਕਤੀ ਦੀ ਜਾਨ ਲੈ ਜਾਂਦੀ ਹੈ। ਇਸਦਾ ਚਰਚਾ ਕਿਸੇ ਨੂੰ ਭੁੱਲਿਆ ਨਹੀਂ। ਜਦ ਤੱਕ ਕੇਂਦਰ ਤੇ ਰਾਜ ਸਰਕਾਰਾਂ ਇਸ ਬਾਰੇ ਸਾਰਥਕ ਅਮਲ ਨਹੀਂ ਲੈਂਦੀਆਂ ਮੇਰੇ ਇੱਕ ਮਿੱਤਰ ਨੇ ਸਾਈਕਲ ਤੇ ਸਕੂਟਰ ਚਲਾਉਣ ਵਾਲਿਆਂ ਲਈ ਸੁਝਾਅ ਦਿੱਤਾ ਹੈ ਕਿ ਉਹ ਆਪਣੀ ਜੇਬ ਵਿਚ ਹਰ ਵੇਲੇ ਨੇਲ ਕਟਰ (ਨਾਖ਼ੁਨ ਕਟਣ ਵਾਲਾ ਹਥਿਆਰ) ਜ਼ਰੂਰ ਰੱਖਣ ਜਿਹੜਾ ਚਾਈਨਾ ਡੋਰ ਨੂੰ ਕਟਣ ਵਿਚ ਫੋਰਾ ਨਹੀਂ ਲਾਉਂਦਾ।

ਅੰਤਿਕਾ

ਧਨੀ ਰਾਮ ਚਾਤ੍ਰਿਕ॥
ਕਿਸਮਤ ਕਿਸਮਤ ਆਖ ਕੇ
ਢਿੱਲੜ ਚਿਲਾਂਦੇ
ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ।

ਤਕਨਾਲੋਜੀ ਦੀ ਵਿਸ਼ੇਸ਼ ਖਿੜਕੀ ਖੋਲ੍ਹਦੀ ਹੈ ਕਿਤਾਬ - 'ਤਕਨੌਲੋਜੀ'

ਲੇਖਕ: ਇੰ. ਈਸ਼ਰ ਸਿੰਘ, ਬਰੈਂਪਟਨ, ਕੈਨੇਡਾ

ਪ੍ਰਿੰਟਰ: ਫਾਇਲ ਪ੍ਰਿੰਟਰਜ਼, ਲੁਧਿਆਣਾ।

ਇੰਜ. ਈਸ਼ਰ ਸਿੰਘ ਦੀ ਪਹਿਲੀ ਕਿਤਾਬ, 'ਤਕਨੌਲੋਜੀ, ਕੰਨਾਂ ਨੂੰ ਖਾ ਰਿਹਾ ਸੋਨਾ' ਜਨਵਰੀ 2026 ਵਿਚ ਛਪ ਕੇ ਸਾਹਮਣੇ ਆਈ ਹੈ, ਜੋ ਆਪਣੇ ਆਪ ਵਿਚ ਇੱਕ ਨਿਵੇਕਲਾ ਯਤਨ ਹੈ। ਇਸ ਕਿਤਾਬ ਦੀ ਗੰਭੀਰ ਪਰਖ ਪੜਚੋਲ ਪਿੱਛੋਂ ਇਹ ਅਨੁਭਵ ਹੁੰਦਾ ਹੈ ਜਿਵੇਂ ਲੇਖਕ ਸੰਸਾਰ ਭਰ ਦੇ ਅਜੋਕੇ ਵਿਦਵਾਨਾਂ, ਵਿਗਿਆਨੀਆਂ, ਮਨੋਵਿਗਿਆਨੀਆਂ,

ਕਿਰਪਾਲ ਸਿੰਘ ਪੰਨੂੰ
ਫੋਨ: +91-76578-09404
+1 365-994-8850

ਫਿਲਾਸਫਰਾਂ ਵਲੋਂ ਪ੍ਰਗਟਾਈ ਕੀਮਤੀ ਜਾਣਕਾਰੀ ਉੱਤੇ ਦੂਰਬੀਨੀ ਅੱਖ ਰੱਖਦਾ ਹੈ ਅਤੇ ਉਸ ਦਾ ਨਿਚੋੜ ਆਸਾਨ ਭਾਸ਼ਾ ਰਾਹੀਂ ਅਗਾਂਹ ਪੰਜਾਬੀਆਂ ਅੱਗੇ ਪੇਸ਼ ਕਰੀ ਜਾ ਰਿਹਾ ਹੈ। ਸੰਸਾਰ ਭਰ ਦੇ ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਆਪਣੀ ਮਾਂ ਬੋਲੀ ਦਾ ਰੂਪ ਦੇ ਕੇ, ਹੋਰ ਵੀ ਬਹੁਤ ਸਾਰੇ ਸਤਿਕਾਰਯੋਗ ਪੰਜਾਬੀਆਂ ਨੇ ਮਾਂ ਦੇ ਦੁੱਧ ਦਾ ਕਰਜ਼ ਉਤਾਰਿਆ ਹੈ, ਉਹ ਵੀ ਸ਼ਲਾਘਾਯੋਗ ਹਨ। ਇੰਜ. ਈਸ਼ਰ ਸਿੰਘ ਸਾਇੰਸ ਦਾ ਵਿਦਿਆਰਥੀ ਹੋਣ ਕਰਕੇ ਪੰਜਾਬੀਆਂ ਅੱਗੇ ਤਕਨਾਲੋਜੀ ਦੀ ਵਿਸ਼ੇਸ਼ ਖਿੜਕੀ ਖੋਲ੍ਹਦਾ ਹੈ।

ਇਸ 2 ਕੁ ਸੌ ਪੰਨਿਆਂ ਦੀ ਕਿਤਾਬ ਵਿਚ 30 ਕੁ ਲੇਖਾਂ ਦੇ ਚੌਕਠੇ ਵਿਚ ਲੇਖਕ, ਤਕਨਾਲੋਜੀ, ਸਿਹਤ, ਧਰਮ, ਬੌਧਕ ਲੁੱਟ-ਖਸੁੱਟ ਆਦਿ ਉੱਤੇ ਵਿਸਥਾਰ ਨਾਲ਼ ਵਿਚਾਰ ਵਟਾਂਦਰਾ ਕਰਦਾ ਹੈ, ਅਤੇ ਥਾਂ-ਥਾਂ ਉੱਤੇ ਸਬੰਧਤ ਵਿਦਵਾਨਾਂ ਦੇ ਹਵਾਲੇ ਦਿੰਦਾ ਹੈ। ਇਸ ਕਿਤਾਬ ਨੂੰ ਪਬਲਿਸ਼ਰ/ਪ੍ਰਿੰਟਰ ਨੇ ਬੜੀ ਰੀਝ ਨਾਲ਼ ਹਾਰਡ ਬਾਊਂਡ ਜਿਲਦ ਵਿਚ ਤਿਆਰ ਕੀਤਾ ਹੈ। ਇਹ ਕਿਤਾਬ ਕੇਵਲ ਪੜ੍ਹਨ ਵਾਲ਼ੀ ਹੀ ਨਹੀਂ, ਸਗੋਂ ਸੰਭਾਲ਼ ਕੇ ਰੱਖਣ ਵਾਲ਼ੀ ਹੈ। ਵਿਦਿਆਰਥੀਆਂ ਲਈ ਤਾਂ ਇਹ ਸਦਾ ਹੀ ਮਾਰਗ-ਦਰਸ਼ਕ ਸਿੱਧ ਹੋ ਸਕਦੀ ਹੈ। ਇਸ ਕਿਤਾਬ ਦੀਆਂ ਰਚਨਾਵਾਂ ਅਤੇ ਰਚਨਾਕਾਰ ਸਬੰਧੀ ਤਿੰਨਾਂ ਲੜੀਆਂ ਵਿਚ ਵਿਸਥਾਰ ਨਾਲ਼ ਗੱਲ ਕੀਤੀ ਜਾਵੇਗੀ। ਪਾਠਕਾਂ ਅਤੇ ਪਾਰਖੂਆਂ ਦੇ ਕੀਮਤੀ ਵਿਚਾਰਾਂ ਨੂੰ ਜੀ ਆਇਆਂ ਆਖਿਆ ਜਾਵੇਗਾ।

(ਲੜੀ: 1/3)

ਇੱਕ ਵਰਦਾਨ

ਇੰਜਨੀਅਰ ਈਸ਼ਰ ਸਿੰਘ ਮਾਨਵੀ ਵਿਹੜੇ ਦਾ ਤਕਨੀਕੀ ਚਾਨਣ ਹੈ। ਚਾਨਣ ਵੰਡਣ ਤੋਂ ਪਹਿਲੋਂ ਦੀਵੇ ਨੂੰ ਆਪ ਲਾਟ ਬਣ ਕੇ ਬ਼ਲਣਾ ਪੈਂਦਾ ਹੈ। ਬ਼ਲ ਓਹੋ ਹੀ ਸਕਦਾ ਹੈ ਜਿਸ ਵਿਚ ਗਿਆਨ ਦਾ ਤੇਲ ਹੋਵੇ ਅਤੇ ਕੁੱਝ ਚੰਗਾ ਕਰ ਸਕਣ ਦੀ ਭਾਵਨਾ ਹੋਵੇ। ਈਸ਼ਰ ਸਿੰਘ ਤਾਂ ਇਨ੍ਹਾਂ ਕੁਦਰਤੀ ਗੁਣਾਂ ਦਾ ਖ਼ਜ਼ਾਨਾ



ਲੇਖਕ: ਇੰ. ਈਸ਼ਰ ਸਿੰਘ

ਹੈ। ਵਿੱਦਿਆ ਵਿਚ ਉਸਦੀ ਬਚਪਨ ਤੋਂ ਹੀ ਰੁਚੀ ਰਹੀ ਹੈ। ਛੋਟੀ ਉਮਰ ਵਿਚ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠੀ ਬਣਨ ਤੋਂ ਬਾਅਦ, ਉਹ ਲਾਗਲੇ ਪਿੰਡ ਦੇ ਸਰਕਾਰੀ ਸਕੂਲ 'ਚ ਦਾਖ਼ਲ ਹੋਇਆ। ਪੇਂਡੂ ਵਾਤਾਵਰਨ ਵਿਚ ਕਈ ਵੇਰ ਤੇਜ਼ ਬੁੱਧੀ, ਬੇ-ਪਰਵਾਹੀ ਦਾ ਕਾਰਨ ਵੀ ਬਣ ਜਾਂਦੀ ਹੈ। ਬਚਪਨ ਵਿਚ ਉਹ ਵੀ ਆਪਣੀ ਪੜ੍ਹਾਈ ਵਿਚ ਅਵੇਸ਼ਲਾ ਹੋ ਜਾਂਦਾ ਰਿਹਾ, ਪਰ ਹਾਣੀਆਂ ਦੀਆਂ ਵੱਧੀਆਂ ਹੋਈਆਂ ਮਾਨਸਿਕ ਚੂੰਢੀਆਂ ਉਸ ਦੀਆਂ ਸੋਚਾਂ ਨੂੰ ਮੁੜ ਪੱਬਾਂ-ਭਾਰ ਕਰ ਦਿੰਦੀਆਂ। ਉਹ ਜਦੋਂ ਵੀ ਨਿੱਠ ਕੇ ਆਪਣੀ ਪੜ੍ਹਾਈ ਵੱਲ ਹੋਇਆ ਤਾਂ ਸਿੱਟੇ ਵੀ ਵਧੀਆ ਪ੍ਰਾਪਤ ਹੋਏ। ਉਸ ਨੇ ਚੰਗੇ ਨੰਬਰਾਂ ਵਿਚ ਦਸਵੀਂ ਪਾਸ ਕਰ ਲਈ, ਪਰ ਘਰ ਦਾ ਆਰਥਕ ਵਾਤਾਵਰਨ ਨੌਕਰੀ ਕਰ ਲੈਣ ਦੇ ਪੱਖ ਵਿਚ ਸੀ ਜਦਕਿ ਉਸਦੀ ਆਪਣੀ ਰੁਚੀ ਅੱਗੇ ਹੋਰ ਪੜ੍ਹਾਈ ਕਰਨ ਦੀ ਸੀ। ਦੁਵਿਧਾ ਵਿਚ ਫਸੇ ਨੂੰ ਮੌਕਾ-ਮੇਲ ਨੇ ਉਚੇਰੀ ਪੜ੍ਹਾਈ ਦੇ ਰਾਹ ਪਾ ਦਿੱਤਾ ਅਤੇ ਈਸ਼ਰ ਸਿੰਘ ਨੇ ਵੀ ਆਪਣਾ ਪੂਰਾ ਤਨ-ਮਨ ਇਸੇ ਪਾਸੇ ਝੋਕ ਦਿੱਤਾ। ਉਸ ਨੇ ਥਾਪਰ ਇੰਜਨੀਅਰਿੰਗ ਕਾਲਜ ਪਟਿਆ਼ਲਾ ਤੋਂ ਇਲੈਕਟ੍ਰੀਕਲ ਦੀ ਡਿਗਰੀ ਪ੍ਰਾਪਤ ਕਰ ਲਈ ਅਤੇ ਪੰਜਾਬ ਸਟੇਟ ਬਿਜਲੀ ਬੋਰਡ ਵਿਚ ਐਸ.ਡੀ.ਓ. ਭਰਤੀ ਹੋ ਗਿਆ।

ਸਰਵਿਸ ਸਮੇਂ ਈਸ਼ਰ ਸਿੰਘ ਨੇ ਆਪਣੀ ਬੁੱਧੀ ਤੇ ਮਿਹਨਤੀ ਸੁਭਾਅ ਦਾ ਪੂਰਾ ਪ੍ਰਕਾਸ਼ ਕੀਤਾ। ਬਿਜਲੀ ਬੋਰਡ ਦੇ ਸੀਨੀਅਰ ਅਫਸਰਾਂ ਨੇ ਵੀ ਉਸ ਦੀ ਯੋਗਤਾ ਦਾ ਪੂਰਾ ਲਾਭ ਲਿਆ ਅਤੇ ਉਸ ਨੂੰ ਬਿਜਲੀ ਦੇ ਟੈਕਨੋ-ਲੀਗਲ ਖੇਤਰ ਦੀਆਂ ਖਾਸ ਮੁਹਾਰਤਾਂ ਹਾਸਿਲ ਕਰਨ ਦੇ ਮੌਕੇ ਮਿਲਦੇ ਰਹੇ, ਜਿਨ੍ਹਾਂ ਸਦਕਾ ਅਕਸਰ ਉਸ ਨੂੰ ਆਪਣੇ ਨਿਯਮਿਤ ਅਹੁਦੇ ਦੇ ਨਾ਼ਲ-ਨਾ਼ਲ ਵਾਧੂ ਜ਼ਿੰਮੇਵਾਰੀਆਂ ਵੀ ਸੌਂਪੀਆਂ ਜਾਂਦੀਆਂ ਰਹੀਆਂ। ਉਸ ਨੇ ਹਰ ਵਾਰੀ ਆਪਣੇ ਸੀਨੀਅਰ ਅਫਸਰਾਂ ਦੀਆਂ ਆਸਾਂ ਉੱਤੇ ਖਰਾ ਉੱਤਰ ਕੇ ਦਿਖਾਇਆ। ਮਹਿਕਮੇ ਬਾਰੇ ਆਪਣੇ ਬਹੁ-ਪੱਖੀ ਗਿਆਨ ਕਰ ਕੇ ਉਸ ਨੂੰ ਯੂ.ਐਨ.ਓ. ਦੀ ਇੱਕ ਖਾਸ ਸਕੀਮ ਅਧੀਨ ਇੰਗਲੈਂਡ ਅਤੇ ਹਾਲੈਂਡ 'ਚ 'ਇਨ-ਹਾਊਸ ਮੈਨੇਜਮੈਂਟ ਕਲਸੀਟੈਂਸੀ' ਦੀ ਉੱਚ ਟ੍ਰੇਨਿੰਗ ਦਿੱਤੀ ਗਈ। ਇਸ ਰਾਹੀਂ ਉਸ ਨੇ ਮਹਿਕਮੇ ਦੀਆਂ ਤਿੰਨ ਗੁੰਝ਼ਲਦਾਰ ਸਮਸਿਆਵਾਂ ਦਾ ਹੱਲ ਕੀਤਾ, ਜਿਸ ਕਰ ਕੇ ਉਸ ਨੂੰ ਖਾਸ ਤੌਰ 'ਤੇ ਸਨਮਾਨਿਆ ਗਿਆ। ਇਸ ਸਮੇਂ ਦੌਰਾਨ ਹੀ ਉਸ ਨੇ ਆਈ.ਐਲ.ਓ. ਦੀ ਇੱਕ ਪ੍ਰਸਿੱਧ ਮੈਨੇਜਮੈਂਟ ਕਿਤਾਬ ਦਾ ਪੰਜਾਬੀ 'ਚ ਅਨੁਵਾਦ ਕੀਤਾ ਅਤੇ ਨਾਮਣਾ ਖੱਟਿਆ। ਉਹ ਚੀਫ ਇੰਜਨੀਅਰ ਦੇ ਅਹੁਦੇ ਤੋਂ ਰਿਟਾਇਰ ਹੋਇਆ।

ਉਹ ਇੱਕ ਧਾਰਮਕ ਸੰਸਥਾ ਨਾ਼ਲ ਬਚਪਨ ਤੋਂ ਹੀ ਜੁੜਿਆ ਹੋਇਆ ਹੈ ਅਤੇ ਉਸ ਵਿਚ ਪੂਰੀ ਆਸਥਾ ਰੱਖਦਾ ਹੈ। ਉਸ ਸੰਸਥਾ ਦੀ ਸੇਵਾ ਵਿਚ ਉਸ ਨੇ ਆਪਣੀਆਂ ਯਥਾ-ਯੋਗ ਸੇਵਾਵਾਂ ਅਰਪਨ ਕਰ ਰੱਖੀਆਂ ਹਨ। ਪਰ ਉਸ ਨੇ ਆਪਣੇ ਤੌਰ 'ਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ 'ਚ ਬਹੁਤ ਖੋਜ ਕੀਤੀ ਹੈ ਅਤੇ ਸਾਰੇ ਹੀ ਮੁੱਖ ਧਰਮਾਂ ਨੂੰ ਸਮਝਣ ਲਈ ਦੀਰਘ ਸੋਚ-ਵਿਚਾਰ ਕੀਤੀ ਹੈ। ਇਸੇ ਕਾਰਨ ਉਸਦੇ ਹਰ ਕਾਰ-ਵਿਹਾਰ, ਹਰ ਰਚਨਾ ਵਿਚ, ਅਧਿਆਤਮਵਾਦ ਦੀ ਝਲਕ ਦਿਖਾਈ ਦਿੰਦੀ ਹੈ। ਜੀਵਨ ਵਿਚ ਉਤਾਰ-ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ ਹਨ। ਸਮੇਂ ਦੀਆਂ ਸਥਿਤੀਆਂ ਦੇ ਇਮਤਿਹਾਨ ਵਿਚ ਈਸ਼ਰ ਸਿੰਘ ਸਫਲ ਹੋ ਕੇ ਹੀ ਨਿਕਲ਼ਿਆ ਹੈ। ਗਿਆਨ ਪ੍ਰਾਪਤੀ ਦੀ ਚੇਟਕ ਤਾਂ ਸਦਾ ਹੀ ਉਸ ਦੇ ਅੰਗ-ਸੰਗ ਰਹੀ ਹੈ। ਰਿਟਾਇਰ ਹੋ ਕੇ, ਉਸ ਨੇ ਕੰਪਿਊਟਰ ਨਾ਼ਲ ਨੇੜਤਾ ਵਧਾ ਲਈ ਅਤੇ ਲੋੜ ਅਨੁਸਾਰ ਉਸ ਦੇ ਦਾਅ-ਪੇਚ ਸਿੱਖ ਲਏ। ਜਦੋਂ ਉਸ ਦੀ ਲਗਨ ਸਿਹਤ-ਉਸਾਰੀ ਨਾ਼ਲ ਜੁੜ ਗਈ ਤਾਂ ਉਸ ਨੇ ਇਸ ਪਾਸੇ ਵੀ ਆਪਣੇ ਨਵੇਂ ਕੀਰਤੀਮਾਨ ਬਣਾਏ, ਹੋਰਾਂ ਨੂੰ ਵੀ ਇਸ ਪਾਸੇ ਤੋਰਿਆ ਅਤੇ ਇਸ ਸਬੰਧੀ ਪ੍ਰੇਰਨਾਦਾਇਕ ਆਰਟੀਕਲ ਲਿਖੇ। ਅੱਜ-ਕਲ੍ਹ ਵੀ ਉਹ ਆਪਣੀਆਂ ਸਰੀਰਕ ਗਤੀ-ਵਿਧੀਆਂ ਨੂੰ ਸਹੀ ਢੰਗ ਨਾ਼ਲ ਬਰਕਰਾਰ ਰੱਖ ਰਿਹਾ ਹੈ।

ਈਸ਼ਰ ਸਿੰਘ ਦਾ ਅੰਗਰੇਜ਼ੀ ਨਾ਼ਲ ਖਾਸ ਮੋਹ ਹੈ। ਇਹ ਉਸਦੀ ਵਡਿਆਈ ਹੈ। ਅੰਗਰੇਜ਼ੀ ਨੂੰ ਸਮਝਣਾ ਅਤੇ ਅੰਗਰੇਜ਼ੀ ਵਿਚ ਸਮਝਾਉਣਾ ਉਸਦਾ ਮਨ-ਭਾਉਂਦਾ ਕਸਬ ਹੈ। ਮਾਂ-ਭਾਸ਼ਾ ਤਾਂ ਹਰ ਬੁੱਧੀਮਾਨ ਨੂੰ ਆ ਹੀ ਜਾਂਦੀ ਹੈ। ਸਗੋਂ ਆਪੇ ਸਿੱਖਿਆਂ ਵਿਚ, ਆਪਣੇ ਵਿਚਾਰ ਪਰਸਾਰਨ ਲੱਗਿਆਂ ਮਾਂ-ਬੋਲੀ ਦੀਆਂ ਪੰਡਤਾਂ ਵਾ਼ਲੀਆਂ ਗੁੰਝਲਾਂ ਅਤੇ ਚਤਰਾਈਆਂ ਨਹੀਂ ਆਉਂਦੀਆਂ। ਸਰਲ ਭਾਸ਼ਾ ਸਰਬੋਤਮ ਭਾਸ਼ਾ ਹੁੰਦੀ ਹੈ, ਜਿਸ ਦੀ ਇੱਕ ਵਧੀਆ ਉਦਾਹਰਣ ਇੰਜ. ਈਸ਼ਰ ਸਿੰਘ ਦੀ ਇਸ ਕਿਤਾਬ 'ਕੰਨਾਂ ਨੂੰ ਖਾ ਰਿਹਾ ਸੋਨਾ - ਤਕਨੌਲੋਜੀ' ਵਿਚ ਦੇਖੀ ਜਾ ਸਕਦੀ ਹੈ।

ਇਸ ਅਨਮੋਲ ਕਿਤਾਬ ਦਾ ਕੋਈ ਮੁੱਲ ਨਹੀਂ। ਇਹ ਲੇਖਕ ਇੰ. ਈਸ਼ਰ ਸਿੰਘ, ਬਰੈਂਪਟਨ, ਕੈਨੇਡਾ ਅਤੇ ਪਬਲਿਸ਼ਰ ਫਾਇਲ ਪ੍ਰਿੰਟਰਜ਼, ਲੁਧਿਆਣਾ ਕੋਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕਿਤਾਬ ਲੈਣ ਲਈ ਲੇਖਕ ਨਾਲ ਮੋਬਾਈਲ ਨੰਬਰ 647-640-2014 ਜਾਂ ਈਮੇਲ ishersingh44@hotmail.com **ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।**

ਆਪਣੇ ਮਨ-ਭਾਉਂਦੇ ਵਿਸ਼ਿਆਂ ਦੀਆਂ ਅੰਗਰੇਜ਼ੀ ਭਾਸ਼ਾ ਦੀਆਂ ਤਾਜ਼ਾ ਛਪੀਆਂ ਸਰਬੋਤਮ ਕਿਤਾਬਾਂ ਬਾਰੇ ਓਹ ਪੂਰੀ ਜਾਣਕਾਰੀ ਰਖਦਾ ਹੈ। ਕਨੇਡਾ 'ਚ ਲਾਇਬ੍ਰੇਰੀ ਦੀਆਂ ਵਧੀਆ ਸਹੂਲਤਾਂ ਕਰ ਕੇ ਉਸ ਦੀ ਚਹੇਤੀ ਨਵੀਂ ਕਿਤਾਬ ਦਿਨਾਂ 'ਚ ਹੀ ਉਸ ਦੇ ਹੱਥਾਂ ਵਿਚ ਪਹੁੰਚ ਜਾਂਦੀ ਹੈ ਅਤੇ ਉਹ ਉਸਨੂੰ ਪੂਰੀ ਤਰ੍ਹਾਂ ਨਾ਼ਲ ਘੋਖ-ਵਿਚਾਰ ਲੈਂਦਾ ਹੈ। ਫਿਰ ਸਮੇਂ-ਸਮੇਂ ਉਸ ਕਿਤਾਬ ਦੇ ਵਿਚਾਰਾਂ ਦਾ ਕੀਮਤੀ ਨਿਚੋੜ ਲੈ ਕੇ ਉਹ ਪੰਜਾਬੀ ਪਾਠਕਾਂ ਦੇ ਰੂਬਰੂ ਹੁੰਦਾ ਰਹਿੰਦਾ ਹੈ।

ਇੰਜ. ਈਸ਼ਰ ਸਿੰਘ ਬਾਰੇ ਹੋਰ ਬੜਾ ਕੁੱਝ- ਉਹ ਵੀ ਸਹੀ ਅਤੇ ਸਾਰਥਕ- ਲਿਖਿਆ ਜਾ ਸਕਦਾ ਹੈ। ਮੈਂ, ਉਸ ਦੇ ਜਿਸ ਗੁਣ ਦਾ ਸਭ ਤੋਂ ਵੱਧ ਆਸ਼ਿਕ ਹਾਂ, ਉਹ ਹੈ ਔਖੀ ਅੰਗਰੇਜ਼ੀ ਵਿਚ ਸੰਸਾਰ ਦੇ ਵਿਦਵਾਨਾਂ ਦੇ ਉੱਚ ਵਿਚਾਰਾਂ ਦੇ ਫੁੱਲਾਂ ਦਾ ਹਾਰ, ਸੌਖੀ ਪੰਜਾਬੀ ਵਿਚ ਪਰੋਅ ਕੇ ਪੰਜਾਬੀ ਪਾਠਕਾਂ ਦੇ ਰੂ-ਬਰੂ ਕਰਨਾ। ਮੇਰੀ ਸੋਚ ਅਨੁਸਾਰ ਇਹ ਉਸ ਦਾ ਵੱਡਾ ਪਰਉਪਕਾਰ ਹੈ। ਇਹ ਗੁਣੀ ਬੰਦਾ, ਪੰਜਾਬੀ ਸੰਸਾਰ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਵਰਣਨਯੋਗ ਵਿਅਕਤੀਆਂ ਦੀ ਜਾਣ-ਪਛਾਣ ਅੰਗਰੇਜ਼ੀ ਸੰਸਾਰ ਨਾ਼ਲ ਵੀ ਕਰਾਉਂਦਾ ਰਹਿੰਦਾ ਹੈ। ਬਿਨਾਂ ਝਿਜਕ, ਯੂ.ਐਨ.ਓ. ਜਾਂ ਕਿਸੇ ਵੀ ਹੋਰ ਵੱਡੇ ਸਰਕਾਰੀ ਜਾਂ ਗੈਰ-ਸਰਕਾਰੀ ਅਦਾਰੇ ਨਾ਼ਲ ਅੰਗਰੇਜ਼ੀ ਵਿਚ ਸੰਪਰਕ ਬਣਾਉਣਾ ਉਸ ਦੇ ਖੱਬੇ ਹੱਥ ਦਾ ਕੰਮ ਹੈ।

ਗੱਲ ਕੀ ਇੰਜਨੀਅਰ ਈਸ਼ਰ ਸਿੰਘ, ਪੰਜਾਬੀ ਭਾਈਚਾਰੇ ਲਈ ਇੱਕ ਵਰਦਾਨ ਹੈ। ਸ਼ਾਲਾ! ਉਸਦੀ ਲੰਬੀ ਉਮਰ ਹੋਵੇ ਅਤੇ ਉਸ ਦੀ ਕਲਮ ਦੀ ਉਮਰ ਉਸ ਤੋਂ ਵੀ ਲੰਬੀ ਹੋਵੇ।

ਜਦੋਂ ਕਾਮਰੇਡਾਂ ਦੀ ਯਾਰੀ ਨੇ ਠਾਣੇ ਵਿਚ ਰਾਤ ਕਟਵਾਈ

ਸਾਲ 1982 ਵਿਚ ਮੈਂ ਥਾਪਰ ਪਾਲੀਟੈਕਨਿਕ ਵਿਚੋਂ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਮੁਕੰਮਲ ਕੀਤਾ ਹੀ ਸੀ ਕਿ ਹੱਥੋ-ਹੱਥ ਕੋਆਪਰੇਟਿਵ ਦੇ ਮਹਿਕਮੇ ਵਿਚ ਨੌਕਰੀ ਮਿਲ ਗਈ। ਚੰਡੀਗੜ੍ਹ ਵਿਚ ਟਰੇਨਿੰਗ ਚਲ ਰਹੀ ਸੀ ਪਰ ਅਜੇ ਰਿਹਾਇਸ਼ ਪਾਸੀ ਰੋਡ ਦੇ ਮੋਦੀ ਮੰਦਰ ਦੇ ਨਜਦੀਕ ਹੀ ਸੀ।

ਪੰਜਾਬ ਸਟੇਟ ਕੋਆਪਰੇਟਿਵ ਬੈਂਕ ਨੂੰ ਪੰਜਾਬ ਸਰਕਾਰ ਰਾਹੀਂ ਸੰਸਾਰ ਬੈਂਕ (ੂੰਧ ਭਓਂਖ) ਤੋਂ ਪਿੰਡਾਂ ਦੀਆਂ

ਹਰਜੀਤ ਸਿੰਘ ਗਿੱਲ
ਫੋਨ:647-542-0007 (ਕਨੇਡਾ)
+9198889-45127 (ਭਾਰਤ)

ਕੋਆਪਰੇਟਿਵ ਸੁਸਾਇਟੀਆਂ ਵਾਸਤੇ ਖਾਦ, ਬੀਜ ਅਤੇ ਖੇਤੀ ਨਾਲ ਸੰਬੰਧਤ ਹੋਰ ਸਾਜੋ ਸਮਾਨ ਰੱਖਣ ਲਈ ਸਾਰੇ ਪੰਜਾਬ ਵਿਚ ਲੋੜ੍ਹ ਅਨੁਸਾਰ ਇੱਕ ਸੋ ਮੀਟਰਿਕ ਤੋਂ ਪੰਜ ਸੋ ਮੀਟਰਿਕ ਟਨ ਦੇ ਗੁਦਾਮ ਬਣਾਉਣ ਲਈ ਕਰਜ਼ਾ ਮਿਲਿਆ ਸੀ। ਉਸ ਤਰ੍ਹਾਂ ਉਸਾਰੀ ਦਾ ਕੰਮ ਮਾਰਕਫੈਡ ਅਤੇ ਪੰਚਾਇਤੀ ਰਾਜ ਦੇ ਸਿਵਲ ਇੰਜੀਨੀਅਰਿੰਗ ਉਸਾਰੀ ਵਿਭਾਗ ਕੋਲ ਸੀ ਪਰ ਸਟੇਟ ਕੋਆਪਰੇਟਿਵ ਬੈਂਕ ਨੇ ਉਸਾਰੀ ਦੀ ਗੁਣਵੱਤਾ ਬਣਾਈ ਰੱਖਣ ਲਈ ਆਪਣਾ ਇੱਕ ਨਿਗਰਾਨੀ ਤਕਨੀਕੀ ਵਿੰਗ (ੌੀ-ਠੌਂਘ ਠਓਛੀਛਓ ੈਘ) ਬਣਾਉਣ ਦਾ ਨਿਰਣਾ ਕੀਤਾ। ਇਸ ਦਾ ਮੁਖੀ ਇੱਕ ਨਿਗਰਾਨ ਇੰਜੀਨੀਅਰ ਨੂੰ ਬਣਾਇਆ ਗਿਆ ਜੋ ਲੋਕ ਨਿਰਮਾਣ ਵਿਭਾਗ ਵਿਚੋ ਡੈਪੂਟੇਸ਼ਨ 'ਤੇ ਸੀ ਜਿਸ ਦੇ ਅਧੀਨ ਇੱਕ ਕਾਰਕਜਕਾਰੀ ਇੰਜੀਨੀਅਰ ਐਕਸੀਅਨ ਅਤੇ ਸੱਤ ਨਵੇਂ-ਨਵੇਲੇ ਜੂਨੀਅਰ ਇੰਜੀਨੀਅਰ ਭਰਤੀ ਕੀਤੇ ਸਨ।

ਮੈ ਉਨ੍ਹੀਂ ਦਿਨੀਂ ਆਪਣੇ ਅਧਿਆਪਕ ਪ੍ਰੋਫੈਸਰ ਮੇਹਰ ਚੰਦ ਭਾਰਦਵਾਜ ਦੇ ਚੰਗੇ ਪ੍ਰਭਾਵ ਹੇਠ ਸੀ ਜੋ ਇੱਕ ਵਿਦਵਾਨ ਵੱਜੋਂ ਆਪਣੀ ਪਛਾਣ ਬਣਾ ਚੁੱਕੇ ਸਨ। ਬਾਅਦ ਵਿਚ ਉਹ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਲੌਂਗੋਵਾਲ ਦੇ ਸਲਾਹਕਾਰ ਬਣੇ ਅਤੇ ਆਨੰਦਪੁਰ ਦੇ ਮਤੇ ਨੂੰ ਸੌਖੀ ਭਾਸ਼ਾ ਵਿਚ ਪੁਨਰ ਲੇਖਣ (ਓ -ੀਠਓ) ਰਾਹੀਂ ਫ਼ੈਡਰਲ ਢਾਂਚੇ ਦੀ ਮੰਗ ਦੱਸਦਿਆਂ ਅਨੰਦਪੁਰ ਦਾ ਮਤਾ ਬਨਾਮ ਰਾਜਾਂ ਨੂੰ ਵੱਧ ਅਧਿਕਾਰ ਦੇ ਸਿਰਲੇਖ ਹੇਠ ਲਿਖਿਆ ਸੀ। ਉਹ ਸੁਰਜੀਤ ਸਿੰਘ ਬਰਨਾਲਾ ਦੀ ਮਨਿਸਟਰੀ ਦੇ ਸਮੇਂ ਵਿਚ ਖਾਦੀ ਅਤੇ ਗਰਾਮ ਉਦਯੋਗ ਦੇ ਚੇਅਰਮੈਨ ਵੀ ਰਹੇ ਸਨ। ਉਨ੍ਹਾਂ ਨਾਲ ਮੇਰਾ ਰਿਸ਼ਤਾ ਦੋਸਤੀ ਵਾਲਾ ਬਣ ਚੁੱਕਾ ਸੀ। ਇਸ ਰਿਸ਼ਤੇ ਦੀ ਬਦੌਲਤ ਮੈ ਉਨ੍ਹਾਂ ਨਾਲ ਸਾਹਿਤਕ ਅਤੇ ਰਾਜਨੀਤਿਕ ਸਰਗਰਮੀਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲੱਗ ਪਿਆ। ਛੋਟੀ ਅਤੇ ਸਿੱਖਣ ਦੀ ਉਮਰੇ ਮੈਨੂੰ ਕਈ ਵੱਡੇ ਕੱਦ ਦੇ ਨੇਤਾਵਾਂ ਨਾਲ ਮਿਲਣ ਦੇ ਵੀ ਮੌਕੇ ਮਿਲਦੇ ਰਹੇ। ਇਸੇ ਤਰ੍ਹਾਂ ਹੀ ਮੈਂ ਜਮਹੂਰੀ ਅਧਿਕਾਰ ਸਭਾ ਪਟਿਆਲਾ ਦਾ ਸਰਗਰਮ ਮੈਂਬਰ ਬਣਿਆ ਜਿਸ ਵਿਚ ਉਸ ਸਮੇਂ ਵੱਡੇ ਨਾਂਅ ਵਾਲੇ ਬਹੁਤ ਸਾਰੇ ਵਿਦਵਾਨ ਬੁਧੀਜੀਵੀ ਲੋਕ ਸ਼ਾਮਲ ਸਨ। ਜਿਨ੍ਹਾਂ ਵਿਚ ਪ੍ਰਸਿੱਧ ਅਰਥ ਸ਼ਾਸ਼ਤਰੀ ਡਾ. ਸੁੱਚਾ ਸਿੰਘ ਗਿੱਲ, ਡਾ. ਅਮਰ ਸਿੰਘ ਅਜ਼ਾਦ, ਡਾ. ਪਿਆਰੇ ਲਾਲ ਗਰਗ ਅਤੇ ਖੁਦ ਪ੍ਰੋਫੈਸਰ ਭਾਰਦਵਾਜ ਸ਼ਾਮਲ ਸਨ। ਇਸ ਸੰਸਥਾ ਦੀ ਅਗਵਾਹੀ ਪ੍ਰੋਫੈਸਰ ਜਗਮੋਹਨ ਸਿੰਘ ਜੋ ਸ਼ਹੀਦ ਭਗਤ ਸਿੰਘ ਦੇ ਭਾਣਜੇ ਅਤੇ ਬੀਬੀ ਅਮਰ ਕੌਰ ਦੇ ਸਪੁੱਤਰ ਹਨ ਕਰਦੇ ਸਨ। ਇਨ੍ਹਾਂ ਵਿਚੋਂ ਵਧੇਰੇ ਖੱਬੀਆਂ ਪਾਰਟੀਆਂ ਦੀ ਲੋਕ ਪੱਖੀ ਸਿਆਸਤ ਨਾਲ ਜੁੜੇ ਹੋਏ ਸਨ।

ਉਸ ਉਮਰ ਵਿਚ ਹਰ ਇੱਕ ਦਾ ਕੁਝ ਕਰਨ ਦਾ ਜਜ਼ਬਾ ਠਾਠਾਂ ਮਾਰਦਾ ਹੁੰਦਾ ਹੈ ਅਤੇ ਉਸ ਤਰ੍ਹਾਂ ਵੀ ਮੇਰੇ ਪਿੰਡ ਦੇ ਬਹੁਤੇ ਮੇਰੀ ਉਮਰ ਦੇ ਨੌਜਵਾਨ ਉਸ ਸਮੇਂ ਬਲਦੇਵ ਮਾਨ ਦੀ ਅਗਵਾਈ ਵਾਲੇ ਨਕਸਲੀ ਗਰੁੱਪ ਨਾਲ ਜੁੜੇ ਹੋਏ ਸਨ ਅਤੇ ਨੌਜਵਾਨ ਭਾਰਤ ਸਭਾ ਵਿਚ ਸਰਗਰਮ ਸਨ। ਪਟਿਆਲਾ ਵਿਚ ਵੀ ਉਸ ਸਮੇਂ ਲਹਿਰ ਦਾ ਬੋਲ ਬਾਲਾ ਸੀ ਜਿੱਥੇ ਇਕਬਾਲ ਗੱਜਣ, ਪੰਜਾਬੀ ਯੂਨੀਵਰਸਿਟੀ ਵਿਚ ਜਗਤਾਰ (ਨਾਗਾ ਰੈਡੀ ਗਰੁੱਪ) ਪ੍ਰੋ. ਬਾਵਾ ਸਿੰਘ (ਜੋ ਬਾਅਦ ਵਿਚ ਘੱਟ ਗਿਣਤੀ ਕਮਿਸ਼ਨ ਵਿਚ ਰਹੇ) ਦਰਸ਼ਨਪਾਲ (ਕ੍ਰਾਂਤੀਕਾਰੀ ਕਿਸਾਨ ਸਭਾ ਪੰਜਾਬ) ਅਤੇ ਜਗਮੋਹਣ (ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ) ਨਾਲ ਕੁਝ ਮੇਲ-ਜੋਲ ਹੋਇਆ ਅਤੇ ਸੀ ਪੀ ਆਈ ਐਮ ਦੇ ਕੁਝ ਵਰਕਰ ਮਿਲਦੇ ਰਹੇ। ਇਸ ਤਰ੍ਹਾਂ ਸੁਭਾਵਕ ਹੀ ਮੇਰਾ ਝੁਕਾ ਵੀ ਇਸ ਰਾਜਨੀਤੀ ਵੱਲ ਹੋ ਗਿਆ ਸੀ। ਮੇਰਾ ਇੱਕ ਗੂੜ੍ਹਾ ਮਿੱਤਰ ਗੋਬਿੰਦਰ ਮੋਹੀ ਵੀ ਸੀ ਜੋ ਕਿਸੇ ਸਮੇਂ ਅਮੋਲਕ ਹੁਰਾਂ ਦੇ ਧੜੇ ਨਾਲ ਰਿਹਾ ਸੀ ਉਸ ਦਾ ਪਿੰਡ ਕੋਰਜੀਵਾਲਾ ਹੈ ਜੋ ਸੰਜੋਗਵੱਸ ਡਾ. ਦਰਸ਼ਨਪਾਲ ਦਾ ਵੀ ਪਿੰਡ ਸੀ। ਗੋਬਿੰਦਰ ਮੋਹੀ ਦੀ ਦਾਦੀ ਬੀਬੀ ਰਜਿੰਦਰ ਕੌਰ ਭੱਠਲ ਦੀ ਭੂਆ ਸੀ, ਸੋ ਇਸ ਨਾਤੇ ਬੀਬੀ ਉਨ੍ਹਾਂ ਦੀ ਭੂਆ ਲੱਗਦੀ ਸੀ। ਮੋਦੀ ਮੰਦਰ ਨਾਲ ਲਗਦੇ ਕਮਰੇ ਵਿਚ ਉਹ ਮੇਰਾ ਰੂਮ-ਮੇਟ (ਕਮਰੇ ਦਾ ਸਾਥੀ) ਵੀ ਸੀ। ਗੋਬਿੰਦਰ ਮੋਹੀ ਬਿਜਲੀ ਬੋਰਡ ਵਿਚ ਕੰਮ ਕਰਦਾ ਸੀ ਬਿਜਲੀ ਬੋਰਡ ਦੀ ਵਾਲੀਵਾਲ ਟੀਮ ਦਾ ਚੰਗਾ ਖਿਡਾਰੀ ਹੋਣ ਦੇ ਨਾਲ ਨਾਲ ਉਸ ਦੀ ਭੰਗੜੇ ਦੀ ਟੀਮ ਦਾ ਵੀ ਉੱਘਾ ਮੈਂਬਰ ਸੀ ਅਤੇ ਚੰਗੀ ਆਵਾਜ਼ ਦਾ ਮਾਲਕ ਹੋਣ ਕਾਰਨ ਬੋਲੀਆਂ ਪਾਉਣ ਅਤੇ ਗੀਤ ਸੰਗੀਤ ਦਾ ਵੀ ਰਸੀਆ ਸੀ। ਇਨੇ ਸਾਰੇ ਗੁਣਾਂ ਦੇ ਨਾਲ ਨਾਲ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਹੋਣ ਕਾਰਨ ਬਿਜਲੀ ਬੋਰਡ ਮਨਿਸਟੀਰੀਅਲ ਯੂਨੀਅਨ (ਕਲਰਕਾਂ ਦੀ ਜਥੇਬੰਦੀ) ਦਾ ਆਗੂ ਵੀ ਸੀ। ਕਾਮਰੇਡਾਂ ਦੇ ਨਿੱਕੇ-ਮੋਟੇ ਵਿਵਾਦ ਨਿਪਟਾਉਣ ਲਈ ਅਤੇ ਹੋਰ ਸਰਗਰਮੀਆਂ ਲਈ ਸਾਡਾ ਕਮਰਾ ਸਾਂਝੀ ਢੁਕਵੀਂ ਥਾਂ ਸੀ। ਉਹ ਮਜਾਕ ਵਿਚ ਮੈਨੂੰ ਆਪਣੇ ਨਾਲ ਜੋੜ ਕੇ ਦੋ ਮੈਂਬਰੀ ਹਾਈ ਪਾਵਰ ਕਮੇਟੀ ਦਾ ਨਾਂ ਦਿੰਦਾ ਸੀ।

ਜਿਵੇਂ ਮੈ ਉਪਰ ਵਰਨਣ ਕੀਤਾ ਹੈ ਕਿ ਮੇਰੀ ਨਵੀਂ ਨਵੀਂ ਨੌਕਰੀ ਲੱਗੀ ਸੀ ਅਤੇ ਹਾਲੇ ਟਰੇਨਿੰਗ ਹੀ ਚੱਲ ਰਹੀ ਸੀ। ਮੈ ਸ਼ਨੀਵਾਰ ਅਤੇ ਐਤਵਾਰ ਦੀ ਛੁੱਟੀ ਹੋਣ ਕਾਰਨ ਹਫਤੇ ਬਾਅਦ ਸ਼ੁੱਕਰਵਾਰ ਸ਼ਾਮ ਨੂੰ ਪਟਿਆਲਾ ਆਪਣੇ ਕਮਰੇ ਵਿਚ ਪਹੁੰਚਿਆ ਸੀ। ਉਸ ਸਮੇਂ ਮੋਬਾਈਲ ਫ਼ੋਨ ਅਜੇ ਆਏ ਨਹੀਂ ਸਨ, ਸੋ ਸਾਡਾ ਆਪਸ ਵਿਚ ਸੰਪਰਕ ਨਾ ਹੋ ਸਕਿਆ। ਪ੍ਰੋ. ਭਾਰਦਵਾਜ ਨਜਦੀਕ ਹੀ ਪੰਜਾਬੀ ਬਾਗ ਵਿਚ 154 ਨੰਬਰ ਘਰ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਮੇਰੇ ਆਉਣ ਦੀ ਖ਼ਬਰ ਮਿਲੀ ਤਾਂ ਉਹ ਆਪਣੀ ਪਤਨੀ ਭੈਣ ਜੀ ਸਲੋਚਨਾ ਨਾਲ ਸੈਰ ਕਰਦੇ ਹੋਏ ਮੈਨੂੰ ਮਿਲਣ ਲਈ ਆ ਗਏ ਅਤੇ ਅਸੀਂ ਗੱਲਾਂ-ਬਾਤਾਂ ਵਿਚ ਰੁਝ ਗਏ। ਗੱਲਾਂ ਕਰਦਿਆਂ ਕਾਫੀ ਰਾਤ ਬੀਤ ਚੁੱਕੀ ਸੀ। ਕੋਈ ਗਿਆਰਾਂ ਵਜੇ ਦਾ ਸਮਾਂ ਹੋਵੇਗਾ ਕਿ ਅਚਾਨਕ ਪੁਲੀਸ ਦਾ ਰੇਡ ਹੋ ਗਿਆ ਅਤੇ 6-7 ਪੁਲੀਸ ਦੇ ਸਿਪਾਹੀ ਅਤੇ ਇੱਕ ਥਾਣੇਦਾਰ ਸਾਡੇ ਘਰ ਵਿਚ ਆਣ ਵੜੇ ਅਤੇ ਮੇਰੇ ਰੂਮ-ਮੇਟ ਗੋਬਿੰਦਰ ਮੋਹੀ ਬਾਰੇ ਪੁੱਛ ਗਿੱਛ ਕਰਨ ਲੱਗੇ। ਚੰਗਾ ਇਹ ਹੋਇਆ ਕਿ ਪ੍ਰੋਫੈਸਰ ਭਾਰਦਵਾਜ ਅਤੇ ਉਨ੍ਹਾਂ ਦੀ ਪਤਨੀ ਮੌਜੂਦ ਸਨ ਅਤੇ ਪੁਲਿਸ ਦੇ ਤੇਵਰ ਕੁਝ ਨਰਮ ਰਹੇ। ਸਾਨੂੰ ਉਸ ਸਮੇਂ ਹੀ ਪੁਲਿਸ ਕੋਲੋਂ ਪਤਾ ਲੱਗਾ ਕਿ ਬਿਜਲੀ ਬੋਰਡ ਦੀ ਯੂਨੀਅਨ ਦੀ ਚੋਣ ਹੋ ਰਹੀ ਹੈ ਅਤੇ ਗੋਬਿੰਦਰ ਮੋਹੀ ਦੀ ਧਿਰ ਵੱਲੋਂ ਵਿਰੋਧੀ ਧਿਰ ਨਾਲ ਕੋਈ ਪੰਗਾ (ਝਗੜਾ) ਹੋਇਆ ਹੈ ਅਤੇ ਪੁਲਿਸ ਉਸ ਦੀ ਤਲਾਸ਼ ਵਿਚ ਆਈ ਹੈ। ਇਸ ਤੋਂ ਪਹਿਲਾ ਮੈਂ ਅਤੇ ਪ੍ਰੋਫੈਸਰ ਸਾਹਿਬ ਇਸ ਘਟਨਾ ਬਾਰੇ ਕੁਝ ਵੀ ਨਹੀਂ ਸੀ ਜਾਣਦੇ। ਪ੍ਰੋਫੈਸਰ ਦੇ ਯਕੀਨ ਦਿਵਾਉਣ ਉਤੇ ਕਿ ਅਸੀਂ ਗੋਬਿੰਦਰ ਮੋਹੀ ਨੂੰ ਕੱਲ ਪੁਲਿਸ ਸਟੇਸ਼ਨ ਪੇਸ਼ ਕਰ ਦੇਵਾਂਗੇ, ਪੁਲੀਸ ਵਾਲੇ ਵਾਪਸ ਚਲੇ ਗਏ ਅਤੇ ਅਸੀਂ ਸੁਖ ਦਾ ਸਾਹ ਲਿਆ। ਪਰ ਗੱਲ ਏਥੇ ਹੀ ਨਹੀਂ ਸੀ ਮੁੱਕੀ, ਮੈਂ ਆਪਣੇ ਮਿੱਤਰ ਪ੍ਰੋਫੈਸਰ ਜੋੜੇ ਨੂੰ ਰੁਖ਼ਸਤ ਕਰਨ ਲਈ ਬਾਹਰ ਆਇਆ ਸੀ ਕਿ ਇੰਨੇ ਨੂੰ ਪੁਲਿਸ ਵਾਲੇ ਫਿਰ ਆ ਗਏ ਅਤੇ ਉਹ ਮੈਨੂੰ ਨਾਲ ਲੈ ਕੇ ਜਾਣ ਦੀ ਜਿਦ ਕਰਨ ਲੱਗੇ। ਦਰਅਸਲ ਗੋਬਿੰਦਰ ਦੀ ਵਿਰੋਧੀ ਧਿਰ ਦਾ ਸਿਆਸੀ ਜ਼ੋਰ ਲੱਗਾ ਹੋਇਆ ਸੀ, ਕਿਉਂਕਿ ਉਸ ਦੇ ਮੁਕਾਬਲੇ ਵਿਚ ਖੜ੍ਹਾ ਸੁਰਿੰਦਰ ਸਿੰਘ ਵਾਲੀਆ ਅਕਾਲੀ ਦਲ ਦੇ ਸਾਬਕਾ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਵਾਲੀਆ ਦਾ ਛੋਟਾ ਭਰਾ ਸੀ, ਦੂਸਰਾ ਪੁਲਿਸ ਵਾਲੇ ਸ਼ਰਾਬੀ ਹਾਲਤ ਵਿਚ ਸਨ। ਸੋ ਸਾਡੀ ਪੁਲਿਸ ਵਾਲਿਆਂ ਨਾਲ ਬਹਿਸ ਸ਼ੁਰੂ ਹੋ ਗਈ। ਜਿਸ ਕਮਰੇ ਵਿਚ ਬਹਿਸਾ-ਬਹਿਸੀ ਚੱਲ ਰਹੀ ਸੀ ਉਸ ਦੀ ਦੀਵਾਰ ਤੇ ਮਾਰਕਸ, ਲੈਨਿਨ ਅਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਵੀ ਅਸੀਂ ਲਗਾ ਰੱਖੀ ਸੀ। ਠਾਣੇਦਾਰ ਮੈਨੂੰ ਕਹਿਣ ਲੱਗਾ ਇਹ ਕੌਣ ਹਨ? ਅਤੇ ਤੇਰੇ ਕੀ ਲੱਗਦੇ ਹਨ? ਪ੍ਰੋ. ਭਾਰਦਵਾਜ਼ ਜੋ ਮੇਰੀ ਤਰਫ਼ਦਾਰੀ ਕਰਦਿਆਂ ਠਾਣੇਦਾਰ ਨੂੰ ਪੁੱਛਿਆ ਕਿ ਤੂੰ ਕਿੰਨਾਂ ਦਾ ਮੁੰਡਾ ਹੈਂ? ਉਸ ਨੇ ਰੋਹਬ ਨਾਲ ਕਿਹਾ ਕਿ ਜੱਟ ਹਾਂ। ਪ੍ਰੋ. ਭਾਰਦਵਾਜ਼ ਨੇ ਕਿਹਾ ਕਿ ਫਿਰ ਤਾਂ ਤੂੰ ਇਨ੍ਹਾਂ ਸਾਰਿਆਂ ਨੂੰ ਜਾਣਦਾ ਹੀ ਹੋਵੇਂਗਾ। ਪਰ ਇੱਕ ਪੁਲੀਸ ਦੀ ਵਰਦੀ ਦਾ ਰੋਹਬ ਅਤੇ ਦਬਦਬਾ ਦੂਸਰਾ ਸ਼ਰਾਬ ਦਾ ਸਰੂਰ ਅਤੇ ਉਪਰ ਤੋਂ ਸਿਆਸੀ ਸ਼ਹਿ, ਸਾਡੀ ਕੋਈ ਦਲੀਲ ਕੰਮ ਨਾ ਆਈ ਅਤੇ ਆਖਰ ਨੂੰ ਮੈਂ ਪੁਲਿਸ ਨਾਲ ਜਾਣ ਲਈ ਮਜ਼ਬੂਰ ਹੋ ਗਿਆ। ਉਹ ਮੈਨੂੰ ਮੋਟਰ ਸਾਈਕਲ ਦੇ ਵਿਚਕਾਰ ਬਿਠਾਅ ਕੇ ਮੁਲਜ਼ਮ ਬਣਾ ਕੇ ਸਿਵਲ ਲਾਇਨ ਪੁਲੀਸ ਸਟੇਸ਼ਨ ਲੈ ਗਏ।

ਪੁਲੀਸ ਠਾਣੇ ਵਿਚ ਉਸ ਰਾਤ ਹੋਰ ਵੀ ਮੇਰੀ ਉਮਰ ਦੇ 8-10 ਲੜਕੇ ਲਿਆਂਦੇ ਹੋਏ ਸਨ ਅਤੇ ਸਾਰੇ ਹੀ ਵਰਾਂਡੇ ਵਿਚ ਬਿਠਾਏ ਹੋਏ ਸਨ। ਉਨ੍ਹਾਂ ਕੋਲੋਂ ਪਤਾ ਲੱਗਾ ਕਿ ਉਹ ਮੋਦੀ ਕਾਲਜ਼ ਦੇ ਵਿਦਿਆਰਥੀ ਹਨ ਅਤੇ ਮੁੰਡਿਆਂ ਦਾ ਕੋਈ ਆਪਸੀ ਝਗੜਾ ਹੋਇਆ ਹੈ। ਪਰ ਮੈਨੂੰ ਉਮੀਦ ਸੀ ਕਿ ਮੇਰੇ ਪਿੱਛੇ ਪ੍ਰੋ. ਭਾਰਦਵਾਜ਼ ਕੁਝ ਹੋਰ ਸੱਜਣਾਂ ਨੂੰ ਨਾਲ ਲੈ ਕੇ ਪਹੁੰਚਣਗੇ ਅਤੇ ਮੇਰੀ ਜਾਨ ਖਲਾਸੀ ਹੋ ਜਾਵੇਗੀ। ਮੈ ਬਾਕੀ ਬਚੀ ਸਾਰੀ ਰਾਤ ਇਸ ਉਮੀਦ ਵਿਚ ਜਾਗਦਾ ਹੀ ਰਿਹਾ, ਪਰ ਅਜਿਹਾ ਕੁਝ ਵੀ ਨਾ ਵਾਪਰਿਆ। ਪ੍ਰੋ. ਸਾਹਿਬ ਘਰ ਜਾ ਕੇ ਸੌਂ ਗਏ ਕਿ ਹੁਣ ਸਵੇਰੇ ਵੇਖਾਂਗੇ। ਪਰ ਇੱਕ ਹੋਰ ਵਰਤਾਰਾ ਇਹ ਹੋਇਆ ਕਿ ਪੁਲੀਸ ਪਾਰਟੀ ਨਾਲ ਗਿਆ ਇੱਕ ਹੌਲਦਾਰ ਮੇਰੇ 'ਤੇ ਮਿਹਰਬਾਨ ਹੋਇਆ ਕਿਉਂਕਿ ਪ੍ਰੋ. ਭਾਰਦਵਾਜ਼ ਨਾਲ ਹੋਏ ਬਹਿਸ-ਮੁਬਾਸੇ ਵਿਚ ਉਹ ਜਾਣ ਗਿਆ ਸੀ ਕਿ ਮੇਰਾ ਕੋਈ ਕਸੂਰ ਨਹੀਂ ਅਤੇ ਮੈ ਥਾਪਰ ਦਾ ਪੜ੍ਹਿਆ ਅਤੇ ਠੀਕ-ਠਾਕ ਨੌਕਰੀ 'ਤੇ ਹਾਂ। ਉਹ ਮੈਨੂੰ ਵਰਾਂਡੇ ਵਿਚੋਂ ਬੁਲਾ ਕੇ ਨਾਲ ਲੱਗਦੀ ਆਪਣੀ ਬੈਰਕ ਵਿਚ ਲੈ ਗਿਆ ਜਿਥੇ ਪੁਲਿਸ ਮੁਲਾਜਮਾਂ ਦੇ ਅਰਾਮ ਕਰਨ ਲਈ ਬਿਸਤਰੇ ਲੱਗੇ ਹੋਏ ਸਨ। ਉਸ ਨੇ ਮੈਨੂੰ ਆਪਣਾ ਬਿਸਤਰ ਦੇ ਦਿੱਤਾ ਅਤੇ ਆਪ ਕਿਸੇ ਹੋਰ ਮੰਜੇ 'ਤੇ ਜਾ ਪਿਆ। ਉਸ ਹੌਲਦਾਰ ਦਾ ਵਤੀਰਾ ਬਹੁਤ ਹੀ ਸਦਭਾਵਨਾ ਵਾਲਾ ਸੀ, ਜਿਸ ਦੀ ਸੰਭਾਵਨਾ ਅਤੇ ਉਮੀਦ ਪੁਲੀਸ ਦੇ ਕਿਰਦਾਰ ਤੋਂ ਬਿਲਕੁਲ ਹੀ ਵੱਖਰੀ ਕਿਸਮ ਦੀ ਸੀ। ਸਵੇਰੇ ਸਵਖਤੇ ਮੈਨੂੰ ਤੋਲੀਆ ਅਤੇ ਸਾਬਣ ਵੀ ਦੇ ਦਿੱਤਾ ਅਤੇ ਬੈਰਕ ਦੇ ਗੁਸਲਖਾਨੇ ਵਿਚ ਜਾ ਕੇ ਨਹਾਉਣ ਦੀ ਸੁਵਿਧਾ ਵੀ ਦਿੱਤੀ। ਜਦ ਮੈ ਬਾਥ ਰੂਮ ਵਿਚ ਨਹਾ ਰਿਹਾ ਸੀ ਤਾਂ ਪਹਿਰੇ ਦੀ ਡਿਊਟੀ ਵਾਲਾ ਸੰਤਰੀ ਬਾਹਰ ਚੀਕਦਾ ਹੋਇਆ ਗਾਲ ਕੱਢ ਕੇ ਬੋਲਿਆ ਬਾਹਰ ਆ ਤੈਨੂੰ ਦੱਸਦਾਂ ਪਤਾ! ਦੇਨਾ ਤੈਨੂੰ ਲੂਣ! ਇਹ ਥਾਣਾ ਹੈ, ਤੂੰ ਨਾਨਕੇ ਨਹੀਂ ਆਇਆ ਕਿ ਮਜੇ ਨਾਲ ਨਹਾਉਣ ਲੱਗਾ ਹੈਂ। ਦਿਆਲੂ ਹੌਲਦਾਰ ਨੇ ਉਸ ਨੂੰ ਸ਼ਾਂਤ ਕੀਤਾ ਅਤੇ ਆਪਣੀ ਜਿੰਮੇਵਾਰੀ ਲਈ। ਇਸ ਦਾ ਅਸਰ ਇਹ ਜਰੂਰ ਹੋਇਆ ਕਿ ਹੁਣ ਮੈਨੂੰ ਬੈਰਕ ਵਿਚ ਜਾਣ 'ਤੋਂ ਰੋਕ ਦਿੱਤਾ ਗਿਆ ਅਤੇ ਠਾਣੇ ਦੇ ਅਹਾਤੇ ਵਿਚ ਬਾਕੀ ਲੜਕਿਆਂ ਦੇ ਨਾਲ ਬੈਠਣ ਲਈ ਭੇਜ ਦਿੱਤਾ।

ਥੋੜੀ ਦੇਰ ਬਾਅਦ ਹਿੱਲਜੁਲ ਸ਼ੁਰੂ ਹੋ ਗਈ ਅਤੇ ਸਾਨੂੰ ਸਾਰਿਆਂ ਨੂੰ ਵਿਹੜੇ ਵਿਚ ਇੱਕ ਕਤਾਰ ਵਿਚ ਖੜ੍ਹਾ ਕਰ ਲਿਆ ਗਿਆ। ਵੱਡਾ ਥਾਣੇਦਾਰ ਐਸ.ਐਚ.ਓ. ਆ ਗਿਆ ਸੀ, ਜੋ ਸਫੈਦ ਦਾਹੜੀ ਵਾਲਾ ਰੋਹਬਦਾਰ ਆਦਮੀ ਲੱਗਦਾ ਸੀ। ਜੇ ਮੈਂ ਭੁੱਲਦਾ ਨਹੀਂ ਤਾਂ ਉਸ ਦਾ ਨਾਂ ਸੁਖਦੇਵ ਸਿੰਘ ਸੀ। ਉਹ ਦੋ ਸਿਪਾਹੀਆਂ ਨੂੰ ਨਾਲ ਲੈ ਕੇ ਇਕ ਸਿਰੇ ਤੋਂ ਸਭ ਨੂੰ ਦੋ-ਦੋ ਥੱਪੜ ਰਸੀਦ ਕਰਦਾ ਮੇਰੇ ਤੀਕ ਪਹੁੰਚ ਗਿਆ। ਉਸ ਨੇ ਸਿਪਾਹੀ ਨੂੰ ਪੁੱਛਿਆ ਇਸ ਨੂੰ ਕਿਸ ਕੇਸ ਵਿਚ ਲਿਆਂਦਾ ਗਿਆ ਹੈ? ਤਾਂ ਸਿਪਾਹੀ ਨੇ ਫ਼ੌਰਨ ਕਿਹਾ ਕਿ ਕੁੜੀਆਂ ਨੂੰ ਛੇੜਨ ਦੇ ਕੇਸ ਵਿਚ! ਇਹ ਮੇਰੇ ਲਈ ਹੋਰ ਵੀ ਜਿੱਲਤ ਅਤੇ ਨਮੋਸ਼ੀ ਦਾ ਮਾਮਲਾ ਸੀ। ਮੈ ਇਸ ਬਾਰੇ ਕੁਝ ਬੋਲਦਾ, ਇਸ ਤੋਂ ਪਹਿਲਾਂ ਹੀ ਐਸ.ਐਚ.ਓ. ਨੇ ਮੇਰੇ ਮੂੰਹ ਤੇ ਏਨਾ ਜ਼ੋਰਦਾਰ ਥੱਪੜ ਜੜ੍ਹਿਆ ਕਿ ਮੈਨੂੰ ਭੰਬਰਤਾਰੇ ਨਜ਼ਰ ਆਉਣ ਲੱਗੇ। ਮੇਰੀ ਪਗੜੀ ਸਿਰੋਂ ਲਹਿ ਕੇ ਹੇਠਾਂ ਡਿੱਗ ਪਈ। ਮੈਂ ਝੂਠੇ ਇਲਜ਼ਾਮ ਦੀ ਨਮੋਸ਼ੀ ਅਤੇ ਜੜ੍ਹੇ ਗਏ ਥੱਪੜ ਦੀ ਪੀੜ ਵਿਚ ਕੁਰਲਾ ਉਠਿਆ। ਪੱਗ ਹੇਠਾਂ ਤੋਂ ਚੁੱਕੀ ਤੇ ਸਾਹਮਣੇ ਵੇਖਿਆ ਪ੍ਰੋ. ਭਾਰਦਵਾਜ ਨਾਸ਼ਤੇ ਦਾ ਟਿਫਨ ਫੜੀ ਖੜੇ ਸਨ। ਪਰ ਮੈਨੂੰ ਨਾਸ਼ਤਾ ਕਿੱਥੋਂ ਸੁੱਝਣਾ ਸੀ? ਦੂਸਰਾ ਪ੍ਰੋਫੈਸਰ ਨੇ ਥੱਪੜ ਵਾਲਾ ਦ੍ਰਿਸ਼ ਵੀ ਵੇਖ ਲਿਆ ਸੀ। ਉਪਰੋਂ ਮੈਨੂੰ ਪ੍ਰੋਫੈਸਰ 'ਤੇ ਗੁੱਸਾ ਕਿ ਉਹ ਘਰ ਜਾ ਕੇ ਕਿਉਂ ਸੌਂ ਗਿਆ, ਰਾਤ ਹੀ ਮੇਰੀ ਖਲਾਸੀ ਦੇ ਯਤਨ ਕਰਨੇ ਚਾਹੀਦੇ ਸਨ। ਮੈ ਸੋਚਦਾ ਸੀ ਕਿ ਪ੍ਰੋਫੈਸਰ ਹੋਰ ਸਾਥੀਆਂ ਨੂੰ ਇਕੱਠੇ ਕਰਕੇ ਮੇਰੇ ਪਿੱਛੇ ਆਵੇਗਾ। ਉਹ ਕਾਮਰੇਡ ਬਲਵੰਤ ਸਿੰਘ ਰਾਜਪੁਰਾ ਐਮ.ਐਲ.ਏ. ਨੂੰ ਜਾਣਦਾ ਸੀ, ਘੱਟੋ-ਘੱਟ ਉਸ ਕੋਲੋਂ ਫ਼ੋਨ ਕਰਵਾਏਗਾ, ਪਰ ਉਸ ਨੇ ਇਸ ਨੂੰ ਹਲਕੇ ਵਿਚ ਲਿਆ, ਜਿਸ ਕਰਕੇ ਮੈਨੂੰ ਇਹ ਜਿੱਲਤ ਝੱਲਣੀ ਪਈ। ਉਹ ਜਲਦੀ

(ਬਾਕੀ ਅਗਲੇ ਸਫੇ 'ਤੇ)

ਬਸੰਤ ਬਹਾਰ: ਕੁਦਰਤ ਦਾ ਸ਼ਿੰਗਾਰ ਅਤੇ ਜੀਵਨ ਦੀ ਨਵੀਂ ਸੰਭਾਵਨਾ

ਜਦੋਂ ਮਾਘ ਦੀ ਠੰਢੀ ਖਾਮੋਸ਼ੀ ਅਲਵਿਦਾ ਕਹਿ ਕੇ ਰੁਖ਼ਸਤ ਹੁੰਦੀ ਹੈ ਅਤੇ ਫੱਗਣ ਦੀਆਂ ਨਰਮ, ਸੁਗੰਧੀ ਭਰੀਆਂ ਹਵਾਵਾਂ ਧਰਤੀ ਨੂੰ ਛੂੰਹਦੀਆਂ ਹਨ, ਤਦ ਸਮਝੋ ਕਿ ਬਸੰਤ ਨੇ ਆਪਣੇ ਕੋਮਲ ਕਦਮਾਂ ਨਾਲ ਦਸਤਕ ਦੇ ਦਿੱਤੀ ਹੈ। ਬਸੰਤ ਸਿਰਫ਼ ਇੱਕ ਰੁੱਤ ਨਹੀਂ, ਇਹ ਮਨੁੱਖੀ ਚੇਤਨਾ ਦੀ ਨਵੀਨਤਾ,

ਹਰਦਮ ਮਾਨ
ਫੋਨ:+1-604-308-6663

ਕੁਦਰਤ ਦੇ ਪੁਨਰ-ਜਨਮ ਅਤੇ ਸੱਭਿਆਚਾਰਕ ਮੇਲਿਆਂ ਦਾ ਜੀਵੰਤ ਪ੍ਰਤੀਕ ਹੈ। ਪੰਜਾਬੀ ਜੀਵਨ-ਦਰਸ਼ਨ ਵਿਚ ਬਸੰਤ ਸਦਾ ਤੋਂ ਹੀ ਆਸ, ਉਤਸ਼ਾਹ ਅਤੇ ਰੰਗੀਨਤਾ ਦਾ ਦੂਜਾ ਨਾਮ ਰਿਹਾ ਹੈ।

ਪੱਤਝੜ ਦੀ ਉਦਾਸੀ ਤੋਂ ਬਾਅਦ ਜਦੋਂ ਸੁੱਕੀਆਂ ਟਾਹਣੀਆਂ 'ਤੇ ਨਰਮ ਹਰੀਆਂ ਕਰੂੰਬਲਾਂ ਮੁਸਕਰਾਉਂਦੀਆਂ ਹਨ ਤਾਂ ਇਹ ਸਿਰਫ਼ ਪੱਤਿਆਂ ਦਾ ਫੁੱਟਣਾ ਨਹੀਂ ਹੁੰਦਾ, ਇਹ ਜੀਵਨ ਦੇ ਮੁੜ ਜਾਗ ਪੈਣ ਦੀ ਨਿਸ਼ਾਨੀ ਹੁੰਦੀ ਹੈ। ਬਸੰਤ ਨਾਲ ਫ਼ਿਜ਼ਾਅ ਵਿਚ ਇਕ ਅਜਿਹੀ ਮਸਤਾਨੀ ਮਹਿਕ ਘੁਲ ਜਾਂਦੀ ਹੈ ਜੋ ਮਨੁੱਖੀ ਮਨ ਦਾ ਬੋਝ ਹਲਕਾ ਕਰ ਕੇ ਉਸਨੂੰ ਸਕੂਨ ਦੀ ਗੋਦ ਵਿਚ ਬਿਠਾ ਦਿੰਦੀ ਹੈ। ਵਿਗਿਆਨਕ ਤੌਰ 'ਤੇ ਵੀ ਇਹ ਸਮਾਂ ਬਨਸਪਤੀ ਅਤੇ ਜੀਵ-ਜੰਤੂਆਂ ਦੇ ਪ੍ਰਜਣਨ ਅਤੇ ਵਿਕਾਸ ਲਈ ਸਭ ਤੋਂ ਅਨੁਕੂਲ ਮੰਨਿਆ ਜਾਂਦਾ ਹੈ, ਜਿਵੇਂ ਕੁਦਰਤ ਖ਼ੁਦ ਜੀਵਨ ਨੂੰ ਨਵਾਂ ਆਦੇਸ਼ ਦੇ ਰਹੀ ਹੋਵੇ।

ਬਸੰਤ ਆਪਣੇ ਨਾਲ ਰੰਗਾਂ ਦੀ ਇੱਕ ਅਦਭੁਤ ਕਵਿਤਾ ਲੈ ਕੇ ਆਉਂਦੀ ਹੈ। ਹਰੇ, ਪੀਲੇ, ਗੁਲਾਬੀ, ਲਾਲ, ਨੀਲੇ ਅਤੇ ਹੋਰ ਅਨੇਕ ਰੰਗ ਧਰਤੀ ਨੂੰ ਨਵੀਂ ਵਿਆਹੀ ਦੁਲਹਨ ਵਾਂਗ ਸਜਾ ਦਿੰਦੇ ਹਨ। ਮਨੋਵਿਗਿਆਨੀਆਂ ਅਨੁਸਾਰ, ਇਹ ਚਮਕਦਾਰ ਰੰਗ ਮਨੁੱਖੀ ਦਿਮਾਗ ਵਿਚ ਖ਼ੁਸ਼ੀ ਦੇ ਹਾਰਮੋਨ 'ਡੋਪਾਮਾਈਨ' ਨੂੰ ਸਰਗਰਮ ਕਰਦੇ ਹਨ, ਜਿਸ ਨਾਲ ਮਨ ਪ੍ਰਸੰਨਤਾ ਅਤੇ ਊਰਜਾ ਨਾਲ ਭਰ ਜਾਂਦਾ ਹੈ। ਫੁੱਲਾਂ 'ਤੇ ਮੰਡਰਾਉਂਦੀਆਂ ਤਿਤਲੀਆਂ ਅਤੇ ਹਰੀ ਮਖ਼ਮਲੀ ਘਾਹ ਦੀ ਚਾਦਰ ਕੁਦਰਤ ਦੇ ਬੇਅੰਤ ਸੁਹੱਪਣ ਦਾ ਅਹਿਸਾਸ ਕਰਵਾਉਂਦੀਆਂ ਹਨ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਵੀ ਬਸੰਤ ਨਾਲ ਨਵੀਂ ਸਾਹ ਲੈਂਦੀ ਹੈ। ਸਰ੍ਹੋਂ ਦੇ ਪੀਲੇ ਫੁੱਲ ਜਦੋਂ ਦੂਰ ਤੱਕ ਖੇਤਾਂ ਵਿਚ ਲਹਿਰਾ ਰਹੇ ਹੁੰਦੇ ਹਨ ਤਾਂ ਲੱਗਦਾ ਹੈ ਜਿਵੇਂ ਅਸਮਾਨ ਨੇ ਆਪਣਾ ਸੋਨਾ ਧਰਤੀ 'ਤੇ ਲੁੱਟਾ ਦਿੱਤਾ ਹੋਵੇ। ਕਣਕਾਂ ਦਾ ਨਿਸਰਣਾ ਕਿਸਾਨ ਦੀਆਂ ਅੱਖਾਂ ਵਿਚ ਚਮਕ ਪੈਦਾ ਕਰ ਦਿੰਦਾ ਹੈ। ਅੰਬਾਂ ਦੇ ਬਾਗਾਂ ਵਿਚ ਕੋਇਲ ਦੀ ਮਿੱਠੀ ਕੂਕ ਅਤੇ ਤੋਤਿਆਂ ਦੀ ਚਹਿਚਹਾਟ ਪੇਂਡੂ ਜੀਵਨ ਨੂੰ ਇੱਕ ਅਲੌਕਿਕ ਮਿਠਾਸ ਬਖ਼ਸ਼ਦੀ ਹੈ। ਇਹ ਰੁੱਤ ਕਿਸਾਨ ਲਈ ਸਿਰਫ਼ ਫਸਲ ਨਹੀਂ ਸਗੋਂ ਖ਼ੁਸ਼ਹਾਲੀ ਦਾ ਸੁਪਨਾ ਹੁੰਦੀ ਹੈ।

ਪੰਜਾਬ ਸਮੇਤ ਸਮੁੱਚੇ ਭਾਰਤ ਵਿਚ ਬਸੰਤ ਦੀ ਪਹਿਚਾਣ ਪਤੰਗਬਾਜ਼ੀ ਨਾਲ ਅਟੁੱਟ ਜੁੜੀ ਹੋਈ ਹੈ। ਨੀਲੇ ਅਸਮਾਨ ਵਿਚ ਤੈਰਦੀਆਂ ਰੰਗ-ਬਿਰੰਗੀਆਂ ਪਤੰਗਾਂ ਅਤੇ ਉਨ੍ਹਾਂ ਦੇ ਪੇਚੇ ਸਿਰਫ਼ ਖੇਡ ਨਹੀਂ, ਇਹ ਸਮਾਜਿਕ ਸਾਂਝ ਅਤੇ ਮੁਕਾਬਲੇ ਦੀ ਸੁੰਦਰ ਮਿਸਾਲ ਹਨ। ਪੀਲੇ ਕੱਪੜੇ, ਮਿੱਠੇ ਚਾਵਲ ਅਤੇ ਹਾਸੇ-ਠੱਠੇ ਬਸੰਤ ਨੂੰ ਲੋਕਧਾਰਾ ਨਾਲ ਜੋੜਦੇ ਹਨ। ਪਤੰਗਾਂ ਦੇ ਪੇਚਿਆਂ ਦੀ ਤਣਾਅ ਭਰੀ ਲੜਾਈ ਵੀ ਸਾਨੂੰ ਇਹ ਸਿਖਾਉਂਦੀ ਹੈ ਕਿ ਮੁਕਾਬਲਾ ਕਿੰਨਾ ਵੀ ਸਖਤ ਹੋਵੇ ਪਰ ਮਨੁੱਖੀ ਮੁਹੱਬਤ ਦੀ ਡੋਰ ਕਦੇ ਨਹੀਂ ਟੁੱਟਣੀ ਚਾਹੀਦੀ।

ਬਸੰਤ ਦਾ ਰੰਗ ਸਿਰਫ਼ ਖ਼ੁਸ਼ੀ ਨਹੀਂ ਇਹ ਕੁਰਬਾਨੀ ਅਤੇ ਅਣਖ ਦਾ ਵੀ ਪ੍ਰਤੀਕ ਹੈ। ਹਕੀਕਤ ਰਾਏ ਦੀ ਸ਼ਹਾਦਤ ਤੋਂ ਲੈ ਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬਸੰਤੀ ਚੋਲੇ ਤੱਕ, ਇਹ ਰੰਗ ਇਨਕਲਾਬੀ ਚੇਤਨਾ ਨਾਲ ਰੰਗਿਆ ਹੋਇਆ ਹੈ। ਬਸੰਤ ਮਨਾਉਂਦੇ ਹੋਏ ਸਾਨੂੰ ਉਨ੍ਹਾਂ ਸੂਰਬੀਰਾਂ ਨੂੰ ਵੀ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਦੀਆਂ ਕੁਰਬਾਨੀਆਂ ਬਿਨਾਂ ਅਸਲ ਬਹਾਰ ਅਧੂਰੀ ਹੈ। ਨਾਲ ਹੀ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਸਲ ਬਸੰਤ ਤਾਂ ਉਦੋਂ ਆਵੇਗੀ ਜਦੋਂ ਅਸੀਂ ਉਨ੍ਹਾਂ ਦੇ ਸੁਪਨਿਆਂ ਦਾ ਇਨਸਾਫ਼ ਪਸੰਦ ਅਤੇ ਮਨੁੱਖੀ ਸਮਾਜ ਸਿਰਜਾਂਗੇ।

ਗਲੋਬਲ ਵਾਰਮਿੰਗ ਅਤੇ ਪ੍ਰਦੂਸ਼ਣ ਕਾਰਨ ਜਦੋਂ ਰੁੱਤਾਂ ਦਾ ਕੁਦਰਤੀ ਸੰਤੁਲਨ ਡੋਲ ਰਿਹਾ ਹੈ ਤਦ ਬਸੰਤ ਸਾਨੂੰ ਚਿਤਾਵਨੀ ਵੀ ਦਿੰਦੀ ਹੈ। ਰੁੱਖਾਂ ਦੀ ਅੰਧਾਧੁੰਦ ਕਟਾਈ ਅਤੇ ਪ੍ਰਦੂਸ਼ਿਤ ਹਵਾ ਬਸੰਤ ਦੀ ਮਿਆਦ ਨੂੰ ਸੁੰਗੇੜ ਰਹੀਆਂ ਹਨ। ਲੋੜ ਹੈ ਕਿ ਅਸੀਂ ਕੁਦਰਤ ਨਾਲ ਸਾਂਝ ਪਾਈਏ, ਵੱਧ ਤੋਂ ਵੱਧ ਰੁੱਖ ਲਾਈਏ ਅਤੇ ਧਰਤੀ ਨੂੰ ਆਉਣ ਵਾਲੀਆਂ ਨਸਲਾਂ ਲਈ ਸੁਰੱਖਿਅਤ ਛੱਡੀਏ।

ਬਸੰਤ ਬਹਾਰ ਸਾਨੂੰ ਸਿਖਾਉਂਦੀ ਹੈ ਕਿ ਹਰ ਪੱਤਝੜ ਤੋਂ ਬਾਅਦ ਨਵੀਂ ਕੋਪਲ ਜ਼ਰੂਰ ਫੁੱਟਦੀ ਹੈ। ਇਹ ਰੁੱਤ ਖ਼ੁਸ਼ੀ, ਸਾਂਝ ਅਤੇ ਕੁਦਰਤ ਪ੍ਰਤੀ ਸਤਿਕਾਰ ਦੀ ਜੀਵਨ-ਸ਼ੈਲੀ ਦਾ ਸੰਦੇਸ਼ ਦਿੰਦੀ ਹੈ। ਆਓ, ਇਸ ਬਸੰਤ ਆਪਣੇ ਮਨਾਂ ਦੇ ਵਿਹੜੇ ਵਿਚ ਵੀ ਮੁਹੱਬਤ, ਇਨਸਾਨੀਅਤ ਅਤੇ ਆਸ ਦੇ ਫੁੱਲ ਖਿੜਾਈਏ ਤਾਂ ਜੋ ਸਾਡੀ ਦੁਨੀਆ ਹੋਰ ਵੀ ਰੰਗੀਨ, ਸੁੰਦਰ ਅਤੇ ਰਹਿਣ ਯੋਗ ਬਣ ਸਕੇ।

ਯੂਜੀਸੀ ਐਕਟ 2026 ਬਨਾਮ ਸੁਪਰੀਮ ਕੋਰਟ ਦੀ ਰੋਕ, ਸਹੀ ਜਾਂ ਗਲਤ...?

ਭਾਰਤ ਵਿਚ ਉੱਚ ਸਿੱਖਿਆ ਪ੍ਰਣਾਲੀ ਵਿਚ ਵਿਤਕਰੇ ਨੂੰ ਰੋਕਣ ਅਤੇ ਸਮਾਨਤਾ ਨੂੰ ਯਕੀਨੀ ਬਣਾਉਣ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ 13 ਜਨਵਰੀ 2026 ਨੂੰ ਨਵੇਂ ਨਿਯਮਾਂ ਨੂੰ ਨੋਟੀਫਾਈ ਕੀਤਾ ਸੀ। ਇਹ ਨਿਯਮ ਯੂਜੀਸੀ (ਉੱਚ ਸਿੱਖਿਆ ਸੰਸਥਾਵਾਂ ਵਿਚ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਾਲੇ ਨਿਯਮ) ਰੈਗੂਲੇਸ਼ਨਜ਼ 2026 ਵਜੋਂ ਜਾਣੇ ਜਾਂਦੇ ਹਨ। ਭਾਜਪਾ ਸਰਕਾਰ ਵੱਲੋਂ ਲਾਗੂ ਕੀਤੇ ਗਏ ਇਸ ਐਕਟ ਦਾ ਮੁੱਖ ਉਦੇਸ਼ ਅਨੁਸੂਚਿਤ ਜਾਤੀਆਂ (ਐਸਸੀ), ਅਨੁਸੂਚਿਤ ਜਨਜਾਤੀਆਂ (ਐਸਟੀ) ਅਤੇ ਹੋਰ ਪੱਛੜੀਆਂ

ਸੰਦੀਪ ਕੁਮਾਰ
ਫੋਨ: 70098-07121

ਜਮਾਤਾਂ (ਓਬੀਸੀ) ਨਾਲ ਸਬੰਧਤ ਵਿਦਿਆਰਥੀਆਂ ਨੂੰ ਵਿਤਕਰੇ ਤੋਂ ਬਚਾਉਣਾ ਸੀ। ਪਰ 28 ਜਨਵਰੀ 2026 ਨੂੰ ਸੁਪਰੀਮ ਕੋਰਟ ਨੇ ਇਸ ਐਕਟ ਉੱਤੇ ਰੋਕ ਲਗਾ ਦਿੱਤੀ। ਅਦਾਲਤ ਨੇ ਇਸ ਨੂੰ ਬਹੁਤ ਵਿਆਪਕ ਅਤੇ ਅਸਪੱਸ਼ਟ ਮੰਨਦੇ ਹੋਏ ਕਿਹਾ ਕਿ ਇਹ ਨਿਯਮ ਦੁਰਵਰਤੋਂ ਲਈ ਸੰਭਾਵੀ ਹਨ ਅਤੇ ਆਮ ਵਰਗ ਨੂੰ ਸੁਰੱਖਿਆ ਨਹੀਂ ਪ੍ਰਦਾਨ ਕਰਦੇ। ਇਸ ਫੈਸਲੇ ਨੇ ਦੇਸ਼ ਭਰ ਵਿਚ ਚਰਚਾ ਛੇੜ ਦਿੱਤੀ ਹੈ। ਇੱਕ ਪਾਸੇ ਇਸ ਐਕਟ ਦੀ ਨੀਅਤ ਨੂੰ ਸਲਾਹੁੰਦੇ ਹੋਏ ਇਸ ਨੂੰ ਸਮਾਜ ਵਿਚ ਸਮਾਨਤਾ ਲਿਆਉਣ ਵਾਲਾ ਮੰਨਿਆ ਜਾ ਰਿਹਾ ਹੈ, ਜਦਕਿ ਦੂਜੇ ਪਾਸੇ ਇਸ ਦੀ ਦੁਰਵਰਤੋਂ ਦੇ ਖਦਸ਼ੇ ਕਾਰਨ ਵਿਰੋਧ ਨੂੰ ਵਾਜਬ ਠਹਿਰਾਇਆ ਜਾ ਰਿਹਾ ਹੈ।

ਯੂਜੀਸੀ ਐਕਟ 2026 ਦੀ ਨੀਅਤ ਬੇਹੱਦ ਚੰਗੀ ਹੈ। ਭਾਰਤ ਵਿਚ ਉੱਚ ਸਿੱਖਿਆ ਸੰਸਥਾਵਾਂ ਵਿਚ ਵਿਤਕਰਾ ਗੰਭੀਰ ਮਸਲਾ ਰਿਹਾ ਹੈ। ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਪੱਛੜੀਆਂ ਜਮਾਤਾਂ ਨਾਲ ਸਬੰਧਤ ਵਿਦਿਆਰਥੀ ਅਕਸਰ ਜਾਤੀਵਾਦੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ। ਇਹ ਵਿਤਕਰਾ ਨਾ ਸਿਰਫ਼ ਉਨ੍ਹਾਂ ਦੀ ਸਿੱਖਿਆ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਉਨ੍ਹਾਂ ਦੀ ਮਾਨਸਿਕ ਸਿਹਤ ਅਤੇ ਸਮਾਜਿਕ ਵਿਕਾਸ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਰਾਸ਼ਟਰੀ ਵਿਦਿਅਕ ਨੀਤੀ 2020 ਦੇ ਅਧਾਰ 'ਤੇ ਬਣਾਏ ਗਏ ਇਸ ਐਕਟ ਵਿਚ ਕਈ ਮਹੱਤਵਪੂਰਨ ਪ੍ਰਬੰਧ ਕੀਤੇ ਗਏ ਹਨ। ਮਿਸਾਲ ਵਜੋਂ, ਹਰ ਉੱਚ ਸਿੱਖਿਆ ਸੰਸਥਾ ਨੂੰ ਵਿਤਕਰੇ ਵਿਰੋਧੀ ਸੈੱਲ ਬਣਾਉਣਾ ਲਾਜ਼ਮੀ ਹੈ ਜੋ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਨੂੰ ਸੁਣੇਗਾ ਅਤੇ ਨਿਆਂ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਓਮਬਡਸਪਰਸਨ ਨੂੰ ਨਿਯੁਕਤ ਕਰਨਾ ਭਾਵ ਇੱਕ ਅਧਿਕਾਰੀ ਨੂੰ ਨਿਯੁਕਤ ਕਰਨਾ ਅਤੇ ਵਿਤਕਰੇ ਨੂੰ ਰੋਕਣ ਲਈ ਜਾਗਰੂਕਤਾ ਪ੍ਰੋਗਰਾਮ ਚਲਾਉਣੇ ਵੀ ਜ਼ਰੂਰੀ ਹਨ। ਇਹ ਨਿਯਮ ਵਿਦਿਆਰਥੀਆਂ ਨੂੰ ਪ੍ਰਵੇਸ਼, ਮੁਲਾਂਕਣ, ਹੋਸਟਲ ਅਲਾਟਮੈਂਟ ਅਤੇ ਸਕਾਲਰਸ਼ਿਪ ਵਿਚ ਵਿਤਕਰੇ ਤੋਂ ਬਚਾਉਣ ਲਈ ਤਿਆਰ ਕੀਤੇ ਗਏ ਹਨ। ਇਸ ਐਕਟ ਨਾਲ ਉਮੀਦ ਕੀਤੀ ਜਾਂਦੀ ਹੈ ਕਿ ਪਿਛੜੇ ਵਰਗਾਂ ਨੂੰ ਸਿੱਖਿਆ ਵਿਚ ਵਧੇਰੇ ਮੌਕੇ ਮਿਲਣਗੇ ਅਤੇ ਸਮਾਜ ਵਿਚ ਸਮਾਨਤਾ ਵਧੇਗੀ। ਭਾਜਪਾ ਸਰਕਾਰ ਨੇ ਇਸ ਨੂੰ ਲਾਗੂ ਕਰਕੇ ਆਪਣੀ ਵਚਨਬੱਧਤਾ ਦਰਸਾਈ ਹੈ ਕਿ ਉਹ ਵਿਕਾਸਸ਼ੀਲ ਭਾਰਤ ਵਿਚ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨਾ ਚਾਹੁੰਦੀ ਹੈ।

ਹਾਲਾਂਕਿ, ਇਸ ਐਕਟ ਦੀ ਨੀਅਤ ਚੰਗੀ ਹੋਣ ਨਾਲ ਵੀ ਇਸ ਵਿਚ ਕਈ ਕਮੀਆਂ ਹਨ ਜੋ ਇਸ ਨੂੰ ਵਿਵਾਦਪੂਰਨ ਬਣਾਉਂਦੀਆਂ ਹਨ। ਸਭ ਤੋਂ ਵੱਡੀ ਕਮੀ ਇਹ ਹੈ ਕਿ ਇਸ ਵਿਚ ਗਲਤ ਜਾਂ ਜਾਅਲੀ ਸ਼ਿਕਾਇਤਾਂ ਵਿਰੁੱਧ ਕੋਈ ਪ੍ਰਬੰਧ ਨਹੀਂ ਹੈ। ਐਕਟ ਵਿਚ ਵਿਤਕਰੇ ਨੂੰ ਪਰਿਭਾਸ਼ਿਤ ਕਰਨ ਵਾਲੇ ਨਿਯਮ ਬਹੁਤ ਅਸਪੱਸ਼ਟ ਹਨ ਅਤੇ ਇਹ ਸਿਰਫ਼ ਐਸਸੀ, ਐਸਟੀ ਅਤੇ ਓਬੀਸੀ ਨੂੰ ਹੀ ਸੁਰੱਖਿਆ ਪ੍ਰਦਾਨ ਕਰਦੇ ਹਨ, ਜਦਕਿ ਆਮ ਵਰਗ ਨੂੰ ਅਣਗੌਲਿਆ ਕੀਤਾ ਗਿਆ ਹੈ। ਅੱਜ ਦੇ ਸਮੇਂ ਵਿਚ ਸਮਾਜ ਵਿਚ ਆਮ ਵਰਗ ਵੀ ਪੀੜਤ ਹੈ, ਆਮ ਵਰਗ ਨਾਲ ਵੀ ਵਿਤਕਰਾ, ਭੇਦਭਾਵ ਅਤੇ ਸ਼ੋਸ਼ਣ ਹੋ ਰਿਹਾ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਹ ਨਿਯਮ ਬਹੁਤ ਵਿਆਪਕ ਹਨ ਅਤੇ ਦੁਰਵਰਤੋਂ ਲਈ ਆਸਾਨੀ ਨਾਲ ਵਰਤੇ ਜਾ ਸਕਦੇ ਹਨ। ਇਹ ਐਕਟ ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ 1989 ਦੀ ਤਰਜ਼ 'ਤੇ ਬਣਾਇਆ ਗਿਆ ਹੈ, ਜਿਸ ਵਿਚ ਵੀ ਜਾਅਲੀ ਸ਼ਿਕਾਇਤਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਦਾ ਪ੍ਰਬੰਧ ਨਹੀਂ ਹੈ। ਐਸਸੀ/ਐਸਟੀ ਐਕਟ ਨੂੰ ਬਣਾਉਣ ਵੇਲੇ ਵੀ ਚੰਗੀ ਨੀਅਤ ਸੀ



ਕਿ ਪਿਛੜੇ ਵਰਗਾਂ ਨੂੰ ਅੱਤਿਆਚਾਰ ਤੋਂ ਬਚਾਇਆ ਜਾਵੇ, ਪਰ ਅੱਜ ਇਸ ਦੀ ਦੁਰਵਰਤੋਂ ਨੇ ਸਮਾਜ ਵਿਚ ਤਣਾਅ ਵਧਾ ਦਿੱਤਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨਸੀਆਰਬੀ) ਦੇ ਅੰਕੜੇ ਦੱਸਦੇ ਹਨ ਕਿ ਐਸਸੀ/ਐਸਟੀ ਐਕਟ ਅਧੀਨ ਦਰਜ ਹੋਣ ਵਾਲੀਆਂ ਜ਼ਿਆਦਾਤਰ ਸ਼ਿਕਾਇਤਾਂ ਗਲਤ ਜਾਂ ਰਾਜਨੀਤੀ ਤੋਂ ਪ੍ਰੇਰਿਤ ਹੁੰਦੀਆਂ ਹਨ। ਇਸ ਨਾਲ ਨਿਰਦੋਸ਼ ਲੋਕਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਸਮਾਜ ਵੰਡਿਆ ਜਾਂਦਾ ਹੈ।

ਇਸ ਤਰ੍ਹਾਂ ਦੀ ਦੁਰਵਰਤੋਂ ਦੀ ਇੱਕ ਉਦਾਹਰਨ ਵਿਸ਼ਨੂੰ ਤਿਵਾੜੀ ਦਾ ਕੇਸ ਹੈ। ਉੱਤਰ ਪ੍ਰਦੇਸ਼ ਦੇ ਲਲਿਤਪੁਰ ਜ਼ਿਲ੍ਹੇ ਵਿਚ ਰਹਿਣ ਵਾਲਾ ਵਿਸ਼ਨੂੰ ਤਿਵਾੜੀ ਸਾਲ 2000 ਵਿਚ 23 ਸਾਲਾਂ ਦੀ ਉਮਰ ਵਿਚ ਗ੍ਰਿਫ਼ਤਾਰ ਹੋਇਆ ਸੀ। ਉਸ ਉੱਤੇ ਇੱਕ ਔਰਤ ਨੇ ਬਲਾਤਕਾਰ, ਅਪਰਾਧਿਕ ਧਮਕੀ ਅਤੇ ਐਸਸੀ/ਐਸਟੀ ਐਕਟ ਅਧੀਨ ਅੱਤਿਆਚਾਰ ਦੇ ਦੋਸ਼ ਲਗਾਏ ਸਨ। ਟ੍ਰਾਇਲ ਕੋਰਟ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਉਹ 20 ਸਾਲ ਆਗਰਾ ਸੈਂਟਰਲ ਜੇਲ੍ਹ ਵਿਚ ਰਿਹਾ। ਸਾਲ 2021 ਵਿਚ ਅਲਾਹਾਬਾਦ ਹਾਈ ਕੋਰਟ ਨੇ ਉਸ ਨੂੰ ਬਰੀ ਕਰ ਦਿੱਤਾ ਜਦੋਂ ਪਤਾ ਚੱਲਿਆ ਕਿ ਆਰੋਪ ਜਾਅਲੀ ਸਨ ਅਤੇ ਮੈਡੀਕਲ ਸਬੂਤਾਂ ਵਿਚ ਵੀ ਵਿਵਾਦ ਸੀ। ਜਦੋਂ ਉਹ 43 ਸਾਲਾਂ ਦੀ ਉਮਰ ਵਿਚ ਜੇਲ੍ਹ ਤੋਂ ਬਾਹਰ ਆਇਆ ਤਾਂ ਉਸ ਨੂੰ ਪਤਾ ਚੱਲਿਆ ਕਿ ਉਸ ਦੇ ਪਰਿਵਾਰ ਦੇ ਸਾਰੇ ਮੈਂਬਰ, ਪਿਤਾ ਅਤੇ ਦੋ ਭਰਾ ਮਰ ਚੁੱਕੇ ਸਨ। ਉਸ ਨੇ ਆਪਣੀ ਜਵਾਨੀ ਜੇਲ੍ਹ ਵਿਚ ਗਵਾ ਦਿੱਤੀ ਅਤੇ ਉਸ ਨੂੰ ਕੋਈ ਮੁਆਵਜ਼ਾ ਵੀ ਨਹੀਂ ਮਿਲਿਆ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਉਸ ਦੇ ਪੁਨਰਵਾਸ ਲਈ ਯੂਪੀ ਸਰਕਾਰ ਤੋਂ ਜਵਾਬ ਮੰਗਿਆ ਸੀ ਪਰ ਮੌਜੂਦਾ ਸਮੇਂ ਉਸ ਦੇ ਨੁਕਸਾਨ ਦੀ ਭਰਪਾਈ ਕਰਨਾ ਕਿਸੇ ਵੀ ਤਰ੍ਹਾਂ ਅਸੰਭਵ ਹੈ। ਇਹ ਕੇਸ ਐਸਸੀ/ਐਸਟੀ ਐਕਟ ਦੀ ਦੁਰਵਰਤੋਂ ਨੂੰ ਉਜਾਗਰ ਕਰਦਾ ਹੈ ਜਿੱਥੇ ਇੱਕ ਨਿਰਦੋਸ਼ ਵਿਅਕਤੀ ਨੂੰ ਜਾਅਲੀ ਆਰੋਪਾਂ ਕਾਰਨ ਜ਼ਿੰਦਗੀ ਬਰਬਾਦ ਕਰਨੀ ਪਈ ਅਤੇ ਇਸ ਤਰ੍ਹਾਂ ਦੀਆਂ ਜਾਅਲੀ ਸ਼ਿਕਾਇਤਾਂ ਦੀਆਂ ਹਜ਼ਾਰਾਂ ਮਿਸਾਲਾਂ ਦੇਖਣ ਨੂੰ ਮਿਲ ਚੁੱਕੀਆਂ ਹਨ। ਐਨਸੀਆਰਬੀ ਦੇ ਅੰਕੜੇ ਦੱਸਦੇ ਹਨ ਕਿ 2016 ਵਿਚ ਐਸਸੀ/ਐਸਟੀ ਐਕਟ ਅਧੀਨ ਦਰਜ 11060 ਕੇਸਾਂ ਵਿਚੋਂ 5347 ਜਾਅਲੀ ਸਾਬਤ ਹੋਏ। ਇਹ ਅੰਕੜੇ ਦਰਸਾਉਂਦੇ ਹਨ ਕਿ ਐਕਟ ਦੀ ਦੁਰਵਰਤੋਂ ਨਾਲ ਨਿਰਦੋਸ਼ ਲੋਕਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ ਅਤੇ ਸਮਾਜ ਵਿਚ ਤਣਾਅ ਵਧ ਰਿਹਾ ਹੈ। ਐਸਸੀ/ਐਸਟੀ ਐਕਟ ਵਿਚ ਵੀ ਜਾਅਲੀ ਸ਼ਿਕਾਇਤਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਹੈ ਜਿਸ ਨਾਲ ਲੋਕ ਇਸ ਨੂੰ ਹਥਿਆਰ ਵਜੋਂ ਵਰਤ ਰਹੇ ਹਨ।

ਯੂਜੀਸੀ ਐਕਟ 2026 ਵਿਚ ਵੀ ਇਹੀ ਕਮੀ ਹੈ ਜੋ ਇਸ ਨੂੰ ਵਿਵਾਦਪੂਰਨ ਬਣਾਉਂਦੀ ਹੈ। ਦੇਸ਼ ਭਰ ਵਿਚ ਇਸ ਦਾ ਵਿਰੋਧ ਹੋ ਰਿਹਾ ਹੈ ਕਿਉਂਕਿ ਆਮ ਵਰਗ ਦੇ ਲੋਕਾਂ ਨੂੰ ਡਰ ਹੈ ਕਿ ਇਹ ਐਕਟ ਵੀ ਐਸਸੀ/ਐਸਟੀ ਐਕਟ ਵਾਂਗ ਦੁਰਵਰਤੋਂ ਕਰਨ ਦਾ ਹਥਿਆਰ ਬਣ ਜਾਵੇਗਾ। ਵਿਰੋਧੀ ਕਹਿ ਰਹੇ ਹਨ ਕਿ ਇਹ ਨਿਯਮ ਆਮ ਵਰਗ ਨੂੰ ਅਣਗੌਲਿਆ ਕਰਦੇ ਹਨ ਅਤੇ ਵਿਤਕਰੇ ਨੂੰ ਵਧਾਉਣ ਵਾਲੇ ਹਨ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਇਹੀ ਕਿਹਾ ਕਿ ਨਿਯਮ ਅਸਪੱਸ਼ਟ ਹਨ ਅਤੇ ਦੁਰਵਰਤੋਂ ਲਈ ਯੋਗ ਹਨ। ਇਸ ਵਿਰੋਧ ਨੂੰ ਵਾਜਬ ਠਹਿਰਾਉਂਦਿਆਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਕਾਨੂੰਨ ਨੂੰ ਬਣਾਉਣ ਵੇਲੇ ਉਸ ਵਿਚ ਸੰਤੁਲਨ ਹੋਣਾ ਚਾਹੀਦਾ ਹੈ। ਪਿਛੜੇ ਵਰਗਾਂ ਨੂੰ ਸੁਰੱਖਿਆ ਦੇਣਾ ਚੰਗੀ ਗੱਲ ਹੈ ਪਰ ਜੇ ਉਹੀ ਸੁਰੱਖਿਆ ਦੂਜੇ ਵਰਗਾਂ ਵਿਰੁੱਧ ਹਥਿਆਰ ਬਣ ਜਾਵੇ ਤਾਂ ਇਹ ਸਮਾਜ ਲਈ ਘਾਤਕ ਹੈ। ਅਜਿਹੇ ਨਿਯਮਾਂ ਵਿਚ ਜਾਅਲੀ ਸ਼ਿਕਾਇਤਾਂ ਵਿਰੁੱਧ ਸਖ਼ਤ ਕਾਰਵਾਈ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਲੋਕ ਇਸ ਨੂੰ ਸਕਾਰਾਤਮਕ ਰੂਪ ਵਿਚ ਵਰਤਣ ਅਤੇ ਇੱਕ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ।

ਅੰਤ ਵਿਚ, ਯੂਜੀਸੀ ਐਕਟ 2026 ਦੀ ਨੀਅਤ ਨੂੰ ਸਲਾਹੁੰਦਿਆਂ ਵੀ ਇਸ ਵਿਚ ਸੋਧ ਦੀ ਲੋੜ ਹੈ। ਸੁਪਰੀਮ ਕੋਰਟ ਨੇ ਇਸ ਉੱਤੇ ਰੋਕ ਲਗਾ ਕੇ ਸਹੀ ਕੀਤਾ ਹੈ ਕਿਉਂਕਿ ਬਿਨਾਂ ਸੰਤੁਲਨ ਵਾਲੇ ਕਾਨੂੰਨ ਨਾਲ ਸਮਾਜ ਵਿਚ ਵਿਭਾਜਨ ਵਧਦਾ ਹੈ। ਸਰਕਾਰ ਨੂੰ ਇਸ ਵਿਚ ਜਾਅਲੀ ਸ਼ਿਕਾਇਤਾਂ ਵਿਰੁੱਧ ਸਖ਼ਤ ਪ੍ਰਬੰਧ ਸ਼ਾਮਲ ਕਰਨੇ ਚਾਹੀਦੇ ਹਨ ਤਾਂ ਜੋ ਇਹ ਐਕਟ ਸੱਚਮੁੱਚ ਸਮਾਨਤਾ ਲਿਆਉਣ ਵਿਚ ਸਫਲ ਹੋ ਸਕੇ। ਇਸ ਨਾਲ ਨਾ ਸਿਰਫ਼ ਪਿਛੜੇ ਵਰਗਾਂ ਨੂੰ ਫਾਇਦਾ ਹੋਵੇਗਾ ਬਲਕਿ ਪੂਰੇ ਸਮਾਜ ਵਿਚ ਸਦਭਾਵਨਾ ਵਧੇਗੀ।

ਚਿੜੀਆਂ ਦਾ ਚੰਬਾ

ਐਤਵਾਰ ਦਾ ਦਿਨ ਹੋਣ ਕਾਰਨ ਘਰ ਦੇ ਕਾਫ਼ੀ ਕੰਮ ਕਰਨ ਦਾ ਸੋਚਿਆ ਹੋਇਆ ਸੀ, ਜੋ ਪਿਛਲੇ ਹਫ਼ਤੇ ਤੋਂ ਰੁਕੇ ਹੋਏ ਸਨ। ਮੈਂ ਅਕਸਰ ਮਿਊਜ਼ਿਕ ਨਾਲ ਕੰਮ ਨੂੰ ਸੁਖਾਲਾ ਬਣਾ ਲੈਂਦੀ ਹਾਂ, ਇਸੇ ਲਈ ਮੈਂ ਰੇਡੀਓ ਆਨ ਕਰ ਲਿਆ। ਚਲਦੇ-ਚਲਦੇ ਇੱਕ ਗਾਣਾ ਸੁਰਿੰਦਰ ਕੌਰ ਦਾ 'ਸਾਡਾ ਚਿੜੀਆਂ ਦਾ ਚੰਬਾ, ਵੇ ਬਾਬਲ ਅਸੀਂ ਉੱਡ ਜਾਣਾ' ਸੁਣਦੇ ਹੀ ਮਨ ਭਾਵੁਕ ਹੋ ਗਿਆ। ਮਨ ਦੀ ਗਤੀ ਇੰਨੀ ਤੇਜ਼ ਹੋ ਗਈ ਕਿ ਮਿੰਟਾਂ-ਸਕਿੰਟਾਂ ਵਿਚ ਹੀ ਮੈਂ ਆਪਣੇ ਪੇਕੇ ਦੀਆਂ ਪੁਰਾਣੀਆਂ ਯਾਦਾਂ ਵਿਚ ਪਹੁੰਚ ਗਈ।

ਜਦ ਬਚਪਨ ਵਿਚ ਮਾਂ ਮੈਨੂੰ ਪਿਆਰ ਨਾਲ ਕਹਿੰਦੀ ਸੀ, 'ਮੇਰੀ ਚਿੜੀਏ, ਤੂੰ ਵੀ ਇੱਕ ਦਿਨ ਉੱਡ ਜਾਣਾ ਏ,' ਤਾਂ ਮੈਂ ਉਸ ਵੇਲੇ ਹੱਸ ਕੇ

ਇੰਦਰਜੀਤ ਕੌਰ

ਕਹਿੰਦੀ ਸੀ, 'ਮਾਂ, ਮੈਂ ਕਿੱਥੇ ਜਾਣਾ ਏ, ਤੂੰ ਤਾਂ ਮੇਰੇ ਬਿਨਾਂ ਰਹਿ ਵੀ ਨਹੀਂ ਸਕਦੀ।' ਪਰ ਅੱਜ, ਜਦ ਆਪਣੇ ਸਹੁਰੇ ਘਰ ਆ ਗਈ ਹਾਂ, ਤਾਂ ਮਾਂ ਦੀ ਗੱਲ ਦੀ ਸੱਚਾਈ ਹਰ ਰੋਜ਼ ਮਹਿਸੂਸ ਕਰਦੀ ਹਾਂ। ਸੱਚਮੁੱਚ ਧੀਆਂ ਚਿੜੀਆਂ ਹੀ ਹੁੰਦੀਆਂ ਹਨ, ਜੋ ਇੱਕ ਦਿਨ ਆਪਣੇ ਬਾਬਲ ਦੇ ਵਿਹੜੇ ਤੋਂ ਉੱਡ ਕੇ ਕਿਸੇ ਹੋਰ ਘਰ ਵਿਚ ਆਪਣਾ ਟਿਕਾਣਾ ਬਣਾ ਲੈਂਦੀਆਂ ਹਨ। ਬਚਪਨ ਦੇ ਉਹ ਦਿਨ ਕਿੰਨੇ ਅਨਮੋਲ ਹੁੰਦੇ ਸਨ, ਜਦ ਘਰ ਮਾਂ ਦੇ ਲਾਡ-ਦੁਲਾਰ ਅਤੇ ਪਿਤਾ ਦੀ ਮੁਸਕਰਾਹਟ ਨਾਲ ਭਰਿਆ ਰਹਿੰਦਾ ਸੀ। ਉਹ ਘਰ ਮੇਰੀ ਆਜ਼ਾਦੀ, ਮੇਰਾ ਵਿਸ਼ਵਾਸ ਸੀ ਅਤੇ ਮੈਂ ਘਰ ਦੀ ਰਾਜਕੁਮਾਰੀ ਸੀ। ਮਾਂ ਦੀਆਂ ਝਿੜਕਾਂ ਵੀ ਪਿਆਰ ਨਾਲ ਭਰੀਆਂ ਹੁੰਦੀਆਂ ਸਨ ਅਤੇ ਪਿਤਾ ਦੀ ਚੁੱਪੀ ਵਿਚ ਇਕ ਅਦਿੱਖ ਸੁਰੱਖਿਆ ਲੁਕੀ ਹੁੰਦੀ ਸੀ। ਹਰ ਸਵੇਰ ਮਾਂ ਦੀ ਬਣਾਈ ਰੋਟੀ ਦੀ ਖੁਸ਼ਬੂ ਅਤੇ ਉਸਦਾ ਹੌਲੀ-ਹੌਲੀ ਗੁਣਗੁਣਾਉਣਾ ਅਜੇ ਵੀ ਮੇਰੇ ਮਨ ਵਿਚ ਵੱਸਿਆ ਹੋਇਆ ਹੈ। ਉਹ ਸਮਾਂ ਬੇਫਿਕਰੀ ਦਾ ਸੀ, ਜਿਸ ਵਿਚ ਹਰ ਚਿੰਤਾ ਪਿਤਾ ਦੀ ਮੁਠੀ ਅਤੇ ਹਰ ਡਰ ਮਾਂ ਦੀ ਬੁੱਕਲ ਵਿਚ ਲੁਕ ਜਾਂਦਾ ਸੀ।

ਫਿਰ ਇਕ ਦਿਨ ਵਿਆਹ ਦੀਆਂ ਰੌਣਕਾਂ ਵਿਚ ਮੇਰੀ ਜ਼ਿੰਦਗੀ ਦਾ ਰੁਖ ਬਦਲ ਗਿਆ। ਲਾਲ ਜੋੜਾ, ਵਧਾਈਆਂ ਅਤੇ ਅੱਖਾਂ ਵਿਚ ਹੰਝੂ ਅਤੇ ਉਹ ਖ਼ਾਸ ਦਿਨ, ਜਿੱਥੇ ਖੁਸ਼ੀ ਤੇ ਵਿਛੋੜਾ ਇਕੱਠੇ ਹੁੰਦੇ ਹਨ। ਜਦ ਮਾਂ ਨੇ ਮੇਰਾ ਮੱਥਾ ਚੁੰਮ ਕੇ ਵਿਦਾ ਕੀਤਾ, ਮੈਂ ਉਸ ਦੀਆਂ ਅੱਖਾਂ ਵਿਚ ਸੌ ਚਾਨਣ ਵੇਖੇ ਅਤੇ ਇਕ ਚੁੱਪ ਤੇ ਦਰਦ ਵੀ ਮਹਿਸੂਸ ਕੀਤਾ। ਉਸ ਵੇਲੇ ਸਮਝ ਨਹੀਂ ਆਈ ਸੀ ਕਿ ਵਿਆਹ ਸਿਰਫ਼ ਇਕ ਰਿਸ਼ਤਾ ਨਹੀਂ, ਸਗੋਂ ਇਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ, ਜਿੱਥੇ ਇਕ ਨਵੀਂ ਪਹਿਚਾਣ ਬਣਾਉਣੀ ਪੈਂਦੀ ਹੈ। ਘਰ ਬਦਲ ਜਾਂਦਾ ਹੈ, ਪਰ ਧੀ ਦਾ ਦਿਲ ਦੋ ਘਰਾਂ ਵਿਚ ਵੰਡ ਜਾਂਦਾ ਹੈ। ਇਕ ਉਹ ਜਿੱਥੇ ਉਹ ਜੰਮਦੀ ਹੈ ਅਤੇ ਦੂਜਾ ਉਹ ਜਿੱਥੇ ਉਸਨੂੰ ਆਪਣਾ ਨਵਾਂ ਸੰਸਾਰ ਬਣਾਉਣਾ ਪੈਂਦਾ ਹੈ।

ਵਿਆਹ ਤੋਂ ਬਾਅਦ ਸ਼ੁਰੂ ਦੇ ਦਿਨ ਕਾਫ਼ੀ ਅਜੀਬ ਲੱਗੇ। ਘਰ ਵੱਡਾ ਸੀ, ਲੋਕ ਚੰਗੇ ਸਨ, ਪਰ ਆਪਣੇ ਜਿਹਾ ਕੋਈ ਨਹੀਂ ਸੀ। ਸਵੇਰੇ ਮਾਂ ਦੇ ਸੱਦੇ ਦੀ ਥਾਂ ਘੜੀ ਦਾ ਅਲਾਰਮ ਸੀ ਅਤੇ ਪਿਤਾ ਦੀ ਹੱਸਦੀ ਆਵਾਜ਼ ਦੀ ਥਾਂ ਖ਼ਾਮੋਸ਼ੀ। ਮੈਂ ਅਕਸਰ ਖਿੜਕੀ ਕੋਲ ਬੈਠ ਕੇ ਅਸਮਾਨ ਵੱਲ ਵੇਖਦੀ। ਮਾਂ ਦੀ ਸਿੱਖਿਆ ਯਾਦ ਆਉਂਦੀ, 'ਧੀਏ, ਘਰ ਜੋੜਨਾ

ਚਿੜੀ ਦੇ ਆਲ੍ਹਣੇ ਵਾਂਗ ਹੁੰਦਾ ਹੈ, ਸਬਰ ਨਾਲ ਹੀ ਬਣਦਾ ਹੈ।' ਉਹ ਬੋਲ ਮੈਨੂੰ ਹੌਸਲਾ ਦਿੰਦੇ ਸਨ। ਮੈਨੂੰ ਸਮਝ ਆ ਗਿਆ ਕਿ ਹਰ ਚੀਜ਼ ਇਕ ਦਿਨ ਵਿਚ ਨਹੀਂ ਬਣਦੀ, ਨਾ ਰਿਸ਼ਤੇ, ਨਾ ਘਰ, ਨਾ ਮਨੁੱਖੀ ਜੁੜਾਅ।

ਵਿਆਹਸ਼ੁਦਾ ਜੀਵਨ ਵਿਚ ਡਰ ਵੀ ਹੁੰਦੇ ਹਨ ਅਤੇ ਉਮੀਦਾਂ ਵੀ। ਕਈ ਵਾਰ ਮਨ ਕਰਦਾ, ਮਾਂ ਕੋਲ ਦੌੜ ਜਾਵਾਂ, ਜਿਵੇਂ ਬਚਪਨ ਵਿਚ ਕੋਈ ਗਲਤੀ ਹੋ ਜਾਂਦੀ ਤੇ ਮੈਂ ਮਾਂ ਦੀ ਬੁੱਕਲ ਵਿਚ ਲੁਕ ਜਾਂਦੀ। ਪਰ ਹੁਣ ਉਹ ਬੁੱਕਲ ਸਿਰਫ਼ ਯਾਦਾਂ ਵਿਚ ਹੀ ਰਹਿ ਗਈ ਹੈ। ਹੁਣ ਜਦੋਂ ਮੈਂ ਆਪ ਮਾਂ ਬਣ ਗਈ ਹਾਂ। ਬੱਚਿਆਂ ਦੀ ਪਾਲਣ-ਪੋਸ਼ਣ, ਘਰ ਸੰਭਾਲਣਾ ਅਤੇ ਕੰਮ ਨੂੰ ਜ਼ਿੰਮੇਵਾਰੀ ਨਾਲ ਨਿਭਾਉਣਾ, ਇਹ ਸਭ ਸਿੱਖਣ ਲਈ ਸਬਰ ਤੇ ਸੰਤੋਖ ਦੀ ਲੋੜ ਹੁੰਦੀ ਹੈ। ਜਦ ਜੀਵਨ-ਸਾਥੀ ਇਕ ਦੂਜੇ ਦਾ ਸਾਥ ਦੇਣ ਇੱਕ ਦੂਜੇ ਨੂੰ ਸਮਝਣ, ਤਾਂ ਇਹ ਸਫ਼ਰ ਸੁੰਦਰ ਬਣ ਜਾਂਦਾ ਹੈ। ਜਿਵੇਂ ਇਕ ਕਵੀ ਨੇ ਕਿਹਾ ਹੈ, 'ਜੀਵਨ ਦੇ ਰਾਹੀਂ ਮਿਲੇ ਜਿਹੜੇ ਹੱਥ, ਉਹੀ ਤਕਦੀਰ ਬਣ ਜਾਂਦੇ ਨੇ।'

ਭਾਵੇਂ ਵਿਆਹ ਤੋਂ ਬਾਅਦ ਜਿੰਨਾ ਮਰਜ਼ੀ ਸਮਾਂ ਬੀਤ ਜਾਵੇ, ਪਰ ਮਾਪਿਆਂ ਜਿੰਨਾਂ ਪਿਆਰ ਤੇ ਉਨ੍ਹਾਂ ਦੀ ਥਾਂ ਕੋਈ ਨਹੀਂ ਲੈ ਸਕਦਾ। ਅੱਜ ਵੀ ਜਦ ਮੈਂ ਪੇਕੇ ਜਾਂਦੀ ਹਾਂ, ਮਾਂ ਪਹਿਲਾਂ ਵਾਂਗ ਪੁੱਛਦੀ ਹੈ, 'ਕੀ ਖਾਣਾ, ਮੇਰੀ ਚਿੜੀਏ?' ਉਹ 'ਚਿੜੀਏ' ਸ਼ਬਦ ਸੁਣ ਕੇ ਦਿਲ ਪਿਘਲ ਜਾਂਦਾ ਹੈ। ਧੀਆਂ ਕਿਸੇ ਵੀ ਉਮਰ ਦੀਆਂ ਹੋਣ, ਮਾਂ ਦੇ ਦਿਲ ਵਿਚ ਉਹ ਹਮੇਸ਼ਾ ਬਚਪਨ ਦੀਆਂ ਚਿੜੀਆਂ ਹੀ ਰਹਿੰਦੀਆਂ ਹਨ। ਪੇਕਿਆਂ ਦਾ ਪਿਆਰ ਕਦੇ ਵੀ ਨਹੀਂ ਘਟਦਾ। ਮਾਪਿਆਂ ਦਾ ਘਰ ਉਹ ਥਾਂ ਹੈ, ਜਿੱਥੇ ਅੱਜ ਵੀ ਮੇਰੇ ਅੰਦਰਲੀ ਛੋਟੀ ਕੁੜੀ ਛੁਪ ਕੇ ਆਰਾਮ ਲੈ ਸਕਦੀ ਹੈ।

'ਕੁੜੀਆਂ-ਚਿੜੀਆਂ' ਸ਼ਬਦ ਜਿਸ ਨੇ ਪਹਿਲੀ ਵਾਰੀ ਘੜਿਆ ਹੋਵੇਗਾ, ਉਸ ਨੇ ਇਸ ਦੇ ਅਰਥ ਬੜੀ ਸੋਚ-ਵਿਚਾਰ ਨਾਲ ਨਿਰਧਾਰਤ ਕੀਤੇ ਹੋਣਗੇ ਕਿਉਂਕਿ ਇਹ ਕੋਮਲਤਾ, ਮਿਹਨਤ ਅਤੇ ਦ੍ਰਿੜ ਇਰਾਦਿਆਂ ਨੂੰ ਦਰਸਾਉਂਦੀ ਹੈ। ਲੋਕ ਗੀਤਾਂ ਵਿਚ ਵੀ ਅਕਸਰ ਕੁੜੀਆਂ ਨੂੰ ਚਿੜੀਆਂ ਕਿਹਾ ਗਿਆ ਹੈ। ਕਈ ਲੋਕ ਕੁੜੀਆਂ ਨੂੰ ਚਿੜੀਆਂ ਸ਼ਬਦ ਨਾਲ ਸੰਬੋਧਨ ਕਰਨ ਨਾਲ ਕੁੜੀਆਂ ਨੂੰ ਕਮਜ਼ੋਰ ਸਮਝਣ ਦੀ ਭੁੱਲ ਕਰ ਲੈਂਦੇ ਹਨ। ਪਰ ਸਮਾਂ ਬਦਲ ਰਿਹਾ ਹੈ, ਅੱਜ ਦੀਆਂ ਕੁੜੀਆਂ ਸਿਰਫ਼ ਘਰ ਨਹੀਂ ਸੰਭਾਲਦੀਆਂ, ਸਗੋਂ ਸਿੱਖਿਆ, ਨੌਕਰੀ ਅਤੇ ਸਮਾਜ ਵਿਚ ਆਪਣੀ ਥਾਂ ਵੀ ਬਣਾ ਰਹੀਆਂ ਹਨ। 2025 ਦੀ ਸਰਕਾਰੀ ਰਿਪੋਰਟ ਅਨੁਸਾਰ ਭਾਰਤ ਵਿਚ ਮਹਿਲਾਵਾਂ ਦੇਸ਼ ਦੀ ਕਾਰਜਸ਼ੀਲ ਸ਼ਕਤੀ ਦਾ ਲਗਭਗ 33 ਫੀਸਦੀ ਹਿੱਸਾ ਹਨ। ਕਦੇ ਘਰ ਦੀ ਚਾਰਦੀਵਾਰੀ ਤੱਕ ਸੀਮਿਤ ਰਹਿਣ ਵਾਲੀਆਂ ਕੁੜੀਆਂ ਅੱਜ ਅੰਤਰਿਕਸ਼ ਤੱਕ ਪਹੁੰਚ ਰਹੀਆਂ ਹਨ, ਵਿਗਿਆਨ, ਖੇਡਾਂ ਅਤੇ ਸੇਵਾ ਖੇਤਰਾਂ ਵਿਚ ਆਪਣੀ ਪਹਿਚਾਣ ਬਣਾ ਰਹੀਆਂ ਹਨ।

ਕਈ ਵਾਰ ਰਾਤ ਨੂੰ ਚੁੱਪਚਾਪ ਬਾਲਕਨੀ ਵਿਚ ਖੜ੍ਹੀ ਹੋ ਕੇ ਆਕਾਸ਼ ਵੱਲ ਵੇਖਦੀ ਹਾਂ ਤੇ ਸੋਚਦੀ ਹਾਂ, ਇਹੋ ਅਸਮਾਨ ਮੇਰੇ ਪੇਕੇ ਉੱਤੇ ਵੀ ਹੈ ਅਤੇ ਮੇਰੇ ਸੋਹਰਿਆਂ ਉੱਤੇ ਵੀ। ਸ਼ਾਇਦ ਇਸੇ ਲਈ ਮਾਂ ਮੈਨੂੰ 'ਚਿੜੀ' ਕਹਿੰਦੀ ਸੀ, ਕਿਉਂਕਿ ਚਿੜੀ ਦਾ ਅਸਮਾਨ ਕਦੇ ਨਹੀਂ ਬਦਲਦਾ, ਸਿਰਫ਼ ਉਸਦਾ ਆਲ੍ਹਣਾ ਬਦਲ ਜਾਂਦਾ ਹੈ। ਧੀਆਂ ਵੀ ਅਜਿਹੀਆਂ ਹੀ ਹੁੰਦੀਆਂ ਹਨ, ਜਿੱਥੇ ਵੀ ਵੱਸਦੀਆਂ ਹਨ, ਪਿਆਰ ਅਤੇ ਸੰਸਕਾਰਾਂ ਨਾਲ ਘਰ ਜੋੜਦੀਆਂ ਹਨ ਅਤੇ ਆਪਣੇ ਮਾਪਿਆਂ ਦੀਆਂ ਦੁਆਵਾਂ ਨਾਲ ਉੱਚੀ ਉਡਾਰੀ ਮਾਰਦੀਆਂ ਹਨ।

(ਪਿਛਲੇ ਸਫੇ ਦਾ ਬਾਕੀ)

ਨਾਲ ਵੱਡੇ ਥਾਣੇਦਾਰ ਦੇ ਪਿੱਛੇ ਉਸ ਦੇ ਕਮਰੇ ਵਿਚ ਜਾ ਕੇ ਮੇਰੀ ਸ਼ਾਹਦੀ ਭਰਦਾ ਹੋਇਆ ਸਿਫ਼ਾਰਸ਼ ਕਰ ਰਿਹਾ ਸੀ। ਏਨੇ ਨੂੰ ਇੱਕ ਸਿਪਾਹੀ ਮੈਨੂੰ ਬੁਲਾਉਣ ਆ ਗਿਆ ਕਿ ਤੈਨੂੰ ਐਸ.ਐਚ.ਓ. ਸਾਹਵੇਂ ਪੇਸ਼ ਕਰਨਾ ਹੈ। ਅਜਿਹੇ ਹਲਾਤ ਵਿਚ ਲੱਗਦਾ ਹੁੰਦਾ ਹੈ ਕਿ ਤੁਸੀਂ ਕੋਈ ਇੱਜਤਦਾਰ ਸ਼ਹਿਰੀ ਨਾ ਹੋ ਕੇ ਇਕ ਦੋਸ਼ੀ ਮੁਜਰਮ ਹੋ। ਅਜੇ ਮੈਨੂੰ ਲੈ ਕੇ ਸਿਪਾਹੀ ਐਸ.ਐਚ.ਓ. ਦੇ ਕਮਰੇ ਵਿਚ ਪਹੁੰਚਿਆ ਹੀ ਸੀ ਕਿ ਫ਼ਿਰ ਹਲਚਲ ਹੋਈ, ਬਾਹਰ ਇੱਕ ਜੀਪ ਆਣ ਖੜੀ ਹੋਈ, ਜਿਸ ਦੇ ਮੂਹਰੇ ਦੀ ਸੀਟ ਤੇ ਡਿਪਟੀ ਦੀ ਵਰਦੀ ਵਾਲਾ ਅਫਸਰ ਸੀ ਅਤੇ ਪਿਛਲੇ ਪਾਸਿਓਂ ਗੋਬਿੰਦਰ ਮੋਹੀ ਨਿਕਲਿਆ। ਮੈਨੂੰ ਪ੍ਰਤੀਤ ਹੋਇਆ ਕਿ ਪੁਲੀਸ ਗੋਬਿੰਦਰ ਨੂੰ ਵੀ ਫੜ ਲਿਆਈ ਹੈ ਅਤੇ ਮੈ ਡਰਿਆ ਹੋਇਆ ਸੀ ਕਿ ਇਹ ਕੋਈ ਵੀ ਨਜਾਇਜ਼ ਨਾਂ ਲੈ ਕੇ ਪਰਚਾ ਪਾ ਦੇਣਗੇ। ਕੁੜੀਆਂ ਛੇੜਣ ਵਾਲੇ ਝੂਠੇ ਇਲਜਾਮ ਦਾ ਹੁਣੇ ਹੀ ਸਾਹਮਣਾਂ ਕਰਕੇ ਹਟਿਆ ਸੀ. ਪਰ ਗੱਲ ਕੁਝ ਹੋਰ ਹੀ ਨਿਕਲੀ। ਜਦ ਸਵੇਰੇ ਤੜਕੇ ਕਿਸੇ ਨੇ ਗੋਬਿੰਦਰ ਮੋਹੀ ਨੂੰ ਮੇਰੇ ਫੜੇ ਜਾਣ ਦੀ ਖ਼ਬਰ ਦਿੱਤੀ, ਉਹ ਭੱਜਾ-ਭੱਜਾ ਡਿਪਟੀ ਲਾਲ ਸਿੰਘ ਕੋਲ ਪਹੁੰਚਿਆ, ਜੋ ਬੀਬੀ ਭੱਠਲ ਦਾ ਰਿਸ਼ਤੇਦਾਰ ਸੀ। ਉਸ ਨੂੰ ਸਾਰੀ ਗੱਲ ਦੱਸੀ ਸਿਵਲ ਲਾਇਨ ਥਾਣਾ ਵੀ ਉਸ ਦੇ ਹੀ ਮਤਹਿਤ ਸੀ। ਇੱਕ ਮਿੰਟ ਵਿਚ ਸਾਰੀ ਤਸਵੀਰ ਬਦਲ ਗਈ। ਐਸ.ਐਚ.ਓ. ਦੇ ਸਾਹਮਣੇ ਸਾਨੂੰ ਕੁਰਸੀ 'ਤੇ ਬਿਠਾਇਆ ਗਿਆ। ਡੀ.ਐਸ.ਪੀ. ਲਾਲ ਸਿੰਘ ਨੇ ਐਸ.ਐਚ.ਓ. ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਦੀ ਇਲੈਕਸ਼ਨ ਹੈ ਅਤੇ ਇਹੋ ਜਿਹਾ ਸਭ ਕੁਝ ਅਜਿਹੇ ਮਾਹੌਲ ਵਿਚ ਹੁੰਦਾ ਹੈ। ਅੱਜ ਤੋਂ ਬਾਅਦ ਜੇਕਰ ਕੋਈ ਵੀ ਘਟਨਾ ਹੋਵੇ, ਇਥੋਂ ਤੀਕ ਜੇ ਕਤਲ ਵੀ ਹੋ ਜਾਵੇ ਤਾਂ ਮੈਨੂੰ ਪੁੱਛੇ ਬਿਨਾ ਇਨ੍ਹਾਂ ਮੁੰਡਿਆਂ ਨੂੰ ਹੱਥ ਨਹੀਂ ਲਾਉਣਾ। ਪ੍ਰੋ. ਭਾਰਦਵਾਜ ਜਿਨ੍ਹਾਂ ਨੇ ਥੱਪੜ ਵਾਲਾ ਮੰਜਰ ਵੇਖਿਆ ਸੀ, ਵੀ ਸ਼ੇਰ ਬਣ ਗਏ ਅਤੇ ਕਹਿਣ ਲੱਗੇ, ਸਾਡੇ ਮੁੰਡੇ ਤੇ ਝੂਠਾ ਇਲਜ਼ਾਮ ਲਾ ਕੇ ਕੁੱਟਿਆ ਗਿਆ ਹੈ- ਐਸ.ਐਚ.ਓ. ਮੁਆਫੀ ਮੰਗੇ। ਐਸ.ਐਚ.ਓ. ਨੇ ਗ਼ਲਤੀ ਸਵੀਕਾਰ ਕਰ ਲਈ ਅਤੇ ਅਸੀਂ ਜੇਤੂ ਅੰਦਾਜ ਵਿਚ ਡੀ.ਐਸ.ਪੀ. ਦੀ ਜੀਪ ਵਿਚ ਬਹਿ ਕੇ ਥਾਣਿਓਂ ਬਾਹਰ ਨਿਕਲੇ। ਗੋਬਿੰਦਰ ਮੋਹੀ ਦੀ ਧਿਰ ਉਹ ਇਲੈਕਸ਼ਨ ਸ਼ਾਨੋ-ਸ਼ੋਕਤ ਨਾਲ ਜਿੱਤ ਗਈ ਅਤੇ ਉਹ ਲੰਮਾ ਸਮਾਂ ਮੈਨੂੰ ਆਪਣੀ ਯੂਨੀਅਨ ਦਾ ਫਰੀਡਮ ਫਾਈਟਰ ਕਹਿੰਦਾ ਰਿਹਾ।

ਮੇਰੇ ਪਿਤਾ ਜੀ

ਜਸਵੰਤ ਸਿੰਘ ਸੰਧੂ (ਘਰਿੰਡਾ)
ਫੋਨ +1 (510) 605-6494

ਮੇਰੇ ਪਿਤਾ ਜੀ ਦਾ ਜਨਮ 1904 ਵਿਚ ਹੋਇਆ। ਉਹ ਦੋ ਵੱਡੀਆਂ ਭੈਣਾਂ ਦੇ ਇਕਲੌਤੇ ਭਰਾ ਤੇ ਮਾਪਿਆਂ ਦੇ ਇਕਲੌਤੇ ਪੁੱਤ ਸਨ। ਅਜੇ ਛੋਟੇ ਹੀ ਸਨ, ਜਦੋਂ ਉਨ੍ਹਾਂ ਦੇ ਪਿਤਾ ਜੀ ਗੁਜਰ ਗਏ। ਪਿਤਾ ਜੀ ਦਸਦੇ ਹੁੰਦੇ ਸਨ ਕਿ ਤੇਰੇ ਦਾਦਾ ਜੀ ਬੜੇ ਮਿਹਨਤੀ ਤੇ ਇਮਾਨਦਾਰ ਇਨਸਾਨ ਸਨ। ਉਨ੍ਹਾਂ ਗਿਲਤੀ ਬੰਨ੍ਹ-ਬੰਨ੍ਹ ਕਪਾਹ ਦੀਆਂ ਗੋਡੀਆਂ ਕਰਨੀਆਂ। ਕਪਾਹ ਬਹੁਤ ਵੱਧ ਜਾਣੀ ਪਰ ਉਸ ਨੂੰ ਟੀਂਡੇ ਨਾ ਲਗਣੇ। ਘਰ ਵਿਚ ਗ਼ਰੀਬੀ ਆ ਗਈ। ਉਸ ਵਕਤ ਆਮ ਤੌਰ 'ਤੇ ਲੋਕਾਂ ਦੀ ਆਰਥਿਕ ਦਸ਼ਾ ਮਾੜੀ ਹੁੰਦੀ ਸੀ। ਲੋਕ ਆਪਣੀਆਂ ਧੀਆਂ ਪੈਸੇ ਲੈ ਕੇ ਵਿਆਹੁੰਦੇ, ਜੋ ਧੀ ਦੇ ਪੈਸੇ ਨਾ ਲੈਂਦੇ, ਉਸ ਨੂੰ ਪੁੰਨ ਦਾ ਸਾਕ ਕਿਹਾ ਜਾਂਦਾ ਸੀ। ਬਾਪੂ ਜੀ ਨੇ ਆਰਥਿਕ ਦਸ਼ਾ ਮਾੜੀ ਹੋਣ ਦੇ ਬਾਵਜੂਦ ਤੇਰੀਆਂ ਦੋਹਾਂ ਭੂਆ ਦੇ ਵਿਆਹ 'ਪੁੰਨ' ਦੇ ਕੀਤੇ। ਉਹ ਧੀਆਂ ਦੇ ਪੈਸੇ ਲੈਣ ਨੂੰ ਪਾਪ ਸਮਝਦੇ ਸਨ ਤੇ ਧੀ ਦੇ ਘਰ ਦਾ ਪਾਣੀ ਤਕ ਨਹੀਂ ਸਨ ਪੀਂਦੇ।

ਬਾਪੂ ਜੀ ਦੀ ਮੌਤ ਤੋਂ ਬਾਅਦ, ਪਿਛੇ ਰਹਿ ਗਏ ਮੈਂ ਤੇ ਤੇਰੀ ਦਾਦੀ। ਮੇਰੀ ਮਾਂ ਨੇ ਚਾਟੀਆਂ ਦੀਆਂ ਚਾਟੀਆਂ ਘਿਓ ਖਵਾ ਕੇ ਮੈਨੂੰ ਪਾਲਿਆ। ਜਦ ਮੈਂ ਜਵਾਨ ਹੋ ਗਿਆ, ਮੈਂ ਕਬੱਡੀ ਖੇਡਣੀ, ਡੰਡ ਬੈਠਕਾਂ ਕੱਢਣੀਆਂ ਤੇ ਛਾਲਾਂ ਮਾਰਨੀਆਂ। ਇਕ ਵਾਰ ਮੇਰੇ ਇੱਕ ਹਾਣੀ ਮੁੰਡੇ ਨੇ 14 ਹੱਥ ਥਾਂ ਛੱਡ ਕੇ ਅੱਗੇ ਥਾਂ ਗੋਡਿਆ ਪਰ ਪੜੁੱਲ ਤੋਂ ਅਜਿਹਾ ਪੈਰ ਉਠਿਆ ਕਿ ਗੋਡੇ ਥਾਂ 'ਤੋਂ ਵੀ ਅੱਗੇ ਪੱਕੇ ਥਾਂ 'ਤੇ ਮੇਰੇ ਦੋਵੇਂ ਪੈਰ ਵੱਜਣ ਕਾਰਨ ਪੈਰਾਂ ਦਾ ਮਾਸ ਪਾਟ ਗਿਆ, ਜਿਸ ਕਾਰਨ ਮੈਂ ਦੋ ਮਹੀਨੇ ਸਹੀ ਤਰੀਕੇ ਨਾਲ ਤੁਰ ਨਾ ਸਕਿਆ।

ਇਮਾਨਦਾਰੀ ਤੇ ਕਿਰਤ ਕਰਨੀ ਉਨ੍ਹਾਂ ਨੂੰ ਵਿਰਸੇ 'ਚੋਂ ਮਿਲੀ ਸੀ। ਉਹ 1962 ਵਿਚ ਸਭ ਤੋਂ ਜ਼ਿਆਦਾ ਵੋਟਾਂ ਲੈ ਕੇ ਮੈਂਬਰ ਪੰਚਾਇਤ ਬਣੇ। ਲੋਕਾਂ ਨਾਲ ਸਰਕਾਰੇ-ਦਰਬਾਰੇ ਜਾਂਦੇ, ਬੱਸ ਦਾ ਕਿਰਾਇਆ ਵੀ ਪੱਲਿਓਂ ਖ਼ਰਚਦੇ। ਘਰੋਂ ਰੋਟੀਆਂ ਪਕਵਾ ਕੇ ਲੈ ਜਾਂਦੇ, ਕਿਸੇ 'ਤੋਂ ਚਾਹ-ਪਾਣੀ ਤੱਕ ਨਾ ਪੀਂਦੇ। ਕਿਸੇ 'ਤੇ ਬੋਝ ਬਣਨਾ ਗੁਨਾਹ ਸਮਝਦੇ ਸਨ।

ਇੱਕ ਵਾਰ ਪਿੰਡ ਦੇ ਇੱਕ ਆਦਮੀ ਦਾ ਘੋੜਾ ਚੋਰੀ ਹੋ ਗਿਆ। ਉਸ ਨੇ ਗ਼ਰੀਬ ਪਰਿਵਾਰ ਦੇ ਇਕ ਮੁੰਡੇ ਦਾ ਨਾਮ ਲਾ ਦਿੱਤਾ। ਉਸ ਨੂੰ ਪੁਲਿਸ ਫੜ੍ਹ ਕੇ ਲੈ ਗਈ। ਥਾਣੇਦਾਰ ਦੋਵ੍ਹਾਂ ਧਿਰਾਂ ਨੂੰ ਥਾਣੇ ਸਦ ਲਿਆ। ਮੁੱਦਈ ਧਿਰ ਪਿਤਾ ਜੀ ਨੂੰ ਮੈਂਬਰ-ਪੰਚਾਇਤ ਹੋਣ ਕਰਕੇ ਨਾਲ ਲੈ ਗਈ। ਥਾਣੇਦਾਰ ਨੇ ਪੁੱਛਿਆ, 'ਮੈਂਬਰ ਸਾਹਿਬ! ਤੁਸਾਂ ਇਸ ਮੁੰਡੇ ਨੂੰ ਘੋੜਾ ਖੋਲ੍ਹਦਿਆਂ ਵੇਖਿਆ?' 'ਨਹੀਂ ਜੀ ਮੈਂ ਨਹੀਂ ਵੇਖਿਆ ਇਹ ਗੱਲ ਮਾਲਕ ਕਹਿੰਦੇ ਨੇ।' ਥਾਣੇਦਾਰ ਨੇ ਉਸ ਮੁੰਡੇ ਨੂੰ ਛੱਡ ਦਿੱਤਾ। ਸ਼ਾਮ ਨੂੰ ਉਸ ਦਾ ਪਿਓ ਪਿਤਾ ਜੀ ਪਾਸ ਆਇਆ ਤੇ 'ਸੇਵਾ' ਦੀ ਪੇਸ਼ਕਸ਼ ਕੀਤੀ। ਪਿਤਾ ਜੀ ਨੇ ਕਿਹਾ, 'ਹਜ਼ਾਰਿਆ! ਜੋ ਸੱਚ ਸੀ ਮੈਂ ਕਹਿ ਦਿੱਤਾ ਮੈਂ 'ਸੇਵਾ' ਕਰਾਉਣ ਵਾਸਤੇ ਸੱਚੀ ਗੱਲ ਨਹੀਂ ਸੀ ਕਹੀ।'

ਉਨ੍ਹਾਂ ਮੈਨੂੰ ਦੱਸਿਆ ਕਿ ਸਾਡੇ ਸਕੇ-ਸੋਦਰਿਆਂ ਕੋਲੋਂ ਪਿੰਡ ਵਿਚ ਕਤਲ ਹੋ ਗਿਆ। ਮੈਂ ਤੇ ਪਿੰਡ ਦੇ ਇੱਕ ਹੋਰ ਬੰਦੇ ਨੇ ਉਨ੍ਹਾਂ ਦੀ ਪੂਰੀ ਮਦਦ ਕੀਤੀ। ਤਰੀਕਾਂ ਤੁਰ-ਤੁਰ ਕੇ ਭੁਗਤੀਆਂ, ਉਨ੍ਹਾਂ ਦੀਆਂ ਹਾੜੀਆਂ ਸੌਣੀਆਂ ਬੀਜ ਕੇ ਪਰਿਵਾਰ ਦੀ ਪੂਰੀ ਮਦਦ ਕੀਤੀ। ਦੂਜੀ ਧਿਰ ਦੀ ਨਰਾਜ਼ਗੀ ਸਹੇੜੀ। ਵਿਰੋਧੀ ਧਿਰ ਨਾਲ ਵੈਰ ਪਵਾਇਆ। ਜਦੋਂ ਬਰੀ ਹੋ ਕੇ ਆਏ ਤਾਂ ਮੇਰਾ ਹਰ ਕੰਮ ਵਿਚ ਉਨ੍ਹਾਂ ਵਿਰੋਧ ਕੀਤਾ ਤੇ ਮੇਰੀ ਤਰੱਕੀ ਵੇਖ ਕੇ ਈਰਖਾ ਦੀ ਹੱਦ ਕਰ ਦਿੱਤੀ।

ਪਿੰਡ ਦੇ ਇਕ ਆਮ ਘਰ ਵਿਚ ਉਨ੍ਹਾਂ ਦੇ ਮੁੰਡੇ ਨੂੰ ਗਵਾਂਢੀ ਪਿੰਡ 'ਚੋਂ ਰਿਸ਼ਤਾ ਹੋ ਗਿਆ। ਕੁੜੀ ਵਾਲੇ ਵੀ ਹਮਾਤੜ ਸਨ। ਉਹ ਪਿਤਾ ਜੀ ਨੂੰ ਜਾਣਦੇ ਸਨ। ਮੁੰਡਾ ਮਿਲਟਰੀ ਵਿਚ ਭਰਤੀ ਹੋ ਗਿਆ। ਤਨਖ਼ਾਹ ਆਉਣ ਲੱਗ ਪਈ। ਉਨ੍ਹਾਂ ਦਾ ਇਰਾਦਾ ਬਦਲ ਗਿਆ ਕਿ ਅਸੀਂ ਇਸ ਗ਼ਰੀਬ ਘਰ ਦੀ ਕੁੜੀ ਦਾ ਰਿਸ਼ਤਾ ਨਹੀਂ ਲੈਣਾ। ਉਸ ਮੁੰਡੇ ਨੂੰ ਤਗੜੇ ਘਰ ਦੇ ਰਿਸ਼ਤੇ ਦੀ ਪੇਸ਼ਕਸ਼ ਹੋ ਗਈ। ਕੁੜੀ ਵਾਲੇ ਦੋ ਵਾਰ ਵਿਆਹ ਦੇਣ ਵਾਸਤੇ ਪਿਤਾ ਜੀ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਗਏ। ਉਨ੍ਹਾਂ ਬਹਾਨੇ ਨਾਲ ਟਾਲ ਦਿੱਤਾ, ਕਿਉਂਕਿ ਨੀਤ ਬਦਲ ਗਈ ਸੀ। ਜਦ ਕੁੜੀ ਵਾਲੇ ਤੀਜੀ ਵਾਰ ਆਏ ਤਾਂ ਪਿਤਾ ਜੀ ਨੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਮੁੰਡੇ ਵਾਲਿਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪਿਤਾ ਜੀ 'ਤੇ ਉਲਟਾ ਇਲਜ਼ਾਮ ਲਾ ਦਿੱਤਾ ਕਿ ਅਸੀਂ ਤਾਂ ਰਿਸ਼ਤਾ ਲੈਣਾ ਸੀ, ਚਾਚਾ ਜੀ! ਉਨ੍ਹਾਂ ਨੂੰ ਸਾਡੇ ਘਰ ਲੈ ਕੇ ਨਹੀਂ ਆਏ? ਇਸ ਤਰ੍ਹਾਂ ਉਹ ਸਾਫ ਦਿਲੀ ਕਾਰਨ ਮਕਾਰ ਲੋਕਾਂ ਦੇ ਝੂਠੇ ਇਲਜ਼ਾਮਾਂ ਦਾ ਸ਼ਿਕਾਰ ਵੀ ਹੁੰਦੇ ਰਹੇ।

ਪਹਿਲਾਂ ਮੈਂ ਪੁਲਿਸ 'ਚ ਭਰਤੀ ਹੋ ਗਿਆ। ਮਹਿਕਮੇ ਵਿਚ ਰਿਸ਼ਵਤ ਬਹੁਤ ਚਲਦੀ ਸੀ। ਮੈਂ ਨਯਾ ਨੰਗਲ ਤਾਇਨਾਤ ਸੀ। ਇਮਾਨਦਾਰ ਪਿਛੋਕੜ ਹੋਣ ਕਰਕੇ ਮੈਂ ਇਹ ਮਹਿਕਮਾ ਛੱਡਣ ਦਾ ਫ਼ੈਸਲਾ ਕਰ ਲਿਆ। ਮੇਰਾ ਅਸਤੀਫ਼ਾ ਮਨਜ਼ੂਰ ਹੋ ਗਿਆ। ਮੈਂ ਮੌਜੋਵਾਲ ਕਲੋਨੀ ਨਯਾ ਨੰਗਲ ਦੇ ਇੱਕ ਦਰਜੀ ਤੋਂ ਕੋਟ ਸਵਾਇਆ, ਜਿਸ ਦੀ ਸਵਾਈ 60 ਰੁਪਏ ਸੀ। ਮੈਨੂੰ ਬਦਲੀ ਕਾਰਨ ਅਚਾਨਕ ਨੰਗਲ ਤੋਂ ਇਕ ਦਿਨ ਵਿਚ ਜਾਣਾ ਪਿਆ। ਜਦ ਮੈਂ ਸਵਾਈ ਦੇਣ ਵਾਸਤੇ ਉਸ ਦੀ ਦੁਕਾਨ 'ਤੇ ਗਿਆ ਤਾਂ ਦੁਕਾਨ ਬੰਦ ਸੀ। ਇਸ ਕਰਕੇ ਮੈਂ ਉਸ ਦੀ ਸਵਾਈ ਨਾ ਦੇ ਸਕਿਆ। ਮੈਂ ਪਿੰਡ ਆ ਕੇ ਸਰਹਾਲੀ (ਅੰਮ੍ਰਿਤਸਰ) ਜੇ.ਬੀ.ਟੀ ਵਿਚ ਦਾਖ਼ਲਾ ਲੈ ਲਿਆ ਪਰ ਮੇਰੇ ਮਨ 'ਤੇ ਬੋਝ ਸੀ ਕਿ ਮੈਂ ਉਸ ਦਰਜੀ ਦੇ ਪੈਸੇ ਨਹੀਂ ਦੇ ਸਕਿਆ। 1963 ਵਿਚ ਸਾਡੀ ਕਲਾਸ ਦਾ, ਜਲੰਧਰ, ਚੰਡੀਗੜ੍ਹ, ਅਨੰਦਪੁਰ ਸਾਹਿਬ, ਨੈਣਾ ਦੇਵੀ ਤੇ ਭਾਖੜਾ ਨੰਗਲ ਆਦਿ ਦਾ ਟੂਰ ਲੱਗਿਆ। ਮੈਂ ਆਪਣੇ ਦੋਸਤ ਵਰਿਆਮ ਸਿੰਘ ਸੰਧੂ ਨੂੰ ਨਾਲ ਲੈ ਕੇ ਦਰਜੀ ਨੂੰ ਜਵਾਹਰ ਮਾਰਕੀਟ (ਨੇੜੇ ਨੰਗਲ ਡੈਮ) ਜਾ ਲੱਭਿਆ। ਦੋ ਸਾਲ ਬਾਅਦ ਉਸ ਦੇ 60 ਰੁਪਏ ਦੇ ਕੇ ਆਪਣੇ ਮਨ ਤੋਂ ਬੋਝ ਲਾਹਿਆ। ਦਰਜੀ ਤੇ ਉਸਦੇ ਨੌ-ਦਸ ਕਾਰੀਗਰ ਇਹ ਵੇਖ ਕੇ ਹੈਰਾਨ ਰਹਿ ਗਏ।

ਕਹਾਵਤ ਹੈ ਕਿ ਮਾਂ ਪਰ ਧੀ ਪਿਤਾ ਪਰ ਘੋੜਾ ਬਹੁਤਾ ਨਹੀਂ ਤਾਂ ਥੋੜਾ-ਥੋੜਾ। ਮਾਪਿਆਂ ਵਲੋਂ ਮਿਲੇ ਸੰਸਕਾਰ ਬੱਚਿਆਂ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਜਾਂਦੇ ਨੇ। ਇਮਾਨਦਾਰੀ, ਸਾਫ ਦਿਲੀ ਤੇ ਦੋਸਤ-ਮਿੱਤਰ ਸਰੀਕੇ ਬਰਾਦਰੀ ਤੇ ਰਿਸ਼ਤੇਦਾਰੀ ਦੀ ਨਿਸ਼ਕਾਮ ਮਦਦ ਕਰਨਾ ਪਿਤਾ ਜੀ ਤੋਂ ਮਿਲੀ ਸੀ, ਪਰ ਇਨ੍ਹਾਂ ਰਿਸ਼ਤਿਆਂ ਵਲੋਂ ਮੈਨੂੰ ਨਿਰਾਸ਼ਾ ਹੀ ਮਿਲੀ।

ਅਜਿਹੇ ਮਿੱਤਰਾਂ ਦੀ ਮੈਂ ਆਰਥਿਕ ਮਦਦ ਕੀਤੀ ਕਿ ਇੱਕ ਮਿੱਤਰ ਦਾ ਮੈਂ ਅੰਧਵਿਸ਼ਵਾਸੀ ਭਗਤ ਬਣ ਗਿਆ। ਉਸ ਦੀ ਆਰਥਿਕ ਮਦਦ ਵੀ ਕੀਤੀ ਤੇ ਉਸ ਦੇ ਬਣੇ ਮੁਕੱਦਮੇ ਦੀਆਂ ਨੌਕਰੀ ਨੂੰ ਖਤਰੇ 'ਚ ਪਾ ਕੇ ਤਰੀਕਾਂ ਭੁਗਤਦਾ ਰਿਹਾ। ਜਦ ਆਰਥਿਕ ਦਸ਼ਾ ਮਾੜੀ ਸੀ ਤੇ ਉਸ ਮੈਨੂੰ ਰੱਬ ਹੀਰਾ, ਨਗੀਨਾ ਤੇ ਪਿਓਆਂ ਵਰਗਾ ਭਰਾ ਦੇ ਨਾਵਾਂ ਨਾਲ ਨਿਵਾਜਿਆ। ਮੇਰੇ ਕੋਲ ਮਹੀਨਾ-ਮਹੀਨਾ ਰਹਿੰਦਾ ਰਿਹਾ, ਪਰ ਹੁਣ ਇਕ ਵਾਰ ਜੀ. ਟੀ. ਰੋਡ ਤੋਂ ਲੰਘਦਿਆਂ ਇੱਕ ਕਿਲੋਮੀਟਰ ਦੀ ਵਿੱਥ 'ਤੇ ਮੇਰੇ ਪਿੰਡ ਮਿਲਣ ਨਹੀਂ ਆਇਆ। ਇਸ ਮੱਕਾਰ ਦੋਸਤ ਦਾ ਮੈਨੂੰ 62 ਸਾਲ ਬਾਅਦ ਪਤਾ ਲੱਗਾ ਕਿ ਕੁਝ ਮੱਕਾਰ ਦੋਸਤ ਮਤਲਬੀ, ਅਕ੍ਰਿਤਘਣ, ਸਿੰਬਲ ਰੁੱਖ, ਹਰਨਾਕਸ਼ ਬਿਰਤੀ ਵਾਲੇ ਤੇ ਈਰਖਾਲੂ ਵੀ ਹੁੰਦੇ ਨੇ। ਇਹ ਵਾਹ ਪਿਆਂ ਤੇ ਰਾਹ ਪਿਆਂ ਹੀ ਪਤਾ ਲਗਦਾ ਹੈ। ਵਿਆਹ ਤੋਂ ਬਾਅਦ ਰੰਨ ਮਰੀਦ ਬਣ ਗਿਆ। ਮਾਂ-ਪਿਓ, ਭੈਣ-ਭਰਾ, ਸਰੀਕੇ ਬਰਾਦਰੀ ਮੈਨੂੰ ਭੁੱਲ ਗਿਆ।

ਸ਼ਰੀਕੇ-ਬਰਾਦਰੀ ਵਿਚੋਂ ਵੀ ਇਕ ਅਜਿਹਾ ਬੰਦਾ ਮੇਰੇ ਕੋਲੋਂ ਮਦਦ ਲੈਂਦਾ ਰਿਹਾ। ਜੇ.ਬੀ.ਟੀ ਤੋਂ ਬਾਅਦ ਮੈਂ ਮਾਸਟਰ ਲੱਗ ਗਿਆ। ਮੇਰਾ ਛੋਟਾ ਭਰਾ ਕਨੇਡਾ ਆ ਗਿਆ। ਉਸ ਦਾ ਕਨੇਡਾ ਵਿਚ ਬਹੁਤ ਵਧੀਆ ਕਾਰੋਬਾਰ ਹੈ ਖ਼ੁਸ਼ਹਾਲ ਜ਼ਿੰਦਗੀ ਜੀਅ ਰਿਹਾ ਹੈ। ਬਾਪੂ ਸੀਤਲ ਜੀ ਕਿਹਾ ਕਰਦੇ ਸਨ, 'ਈਰਖਾ ਤੇ ਮੋਹ ਮਨੁੱਖੀ ਸੁਭਾਅ ਹੈ। ਕਈ ਬੰਦੇ ਜਦੋਂ ਤੁਹਾਡੇ ਤੋਂ ਮਤਲਬ ਲੈਂਦੇ ਨੇ ਤਾਂ ਅੰਦਰੋਂ ਅੰਦਰ ਆਪਣੇ ਆਪ ਵਿਚ ਹੀਣ-ਭਵਾਨਾ ਦਾ ਸ਼ਿਕਾਰ ਹੋ ਜਾਂਦੇ ਨੇ। ਸਭ ਤੋਂ ਵੱਡਾ ਦੁਸ਼ਮਣ ਤੁਹਾਡਾ ਉਹ ਬਨਦਾ ਹੈ ਜਿਸ ਦੀ ਤੁਸੀਂ ਔਖਿਆਈ ਵੇਲੇ ਮਦਦ ਕਰਦੇ ਹੋ, ਇਹ ਇੱਕ ਮਨੋਵਿਗਿਆਨਿਕ ਤੱਥ ਹੈ। ਸਿਆਣਿਆਂ ਦਾ ਕਹਿਣਾ ਕਿ ਸੱਚੀ ਗੱਲ ਬੰਦਾ ਮਰਨ ਲੱਗਾ ਜਾਂ ਬਹੁਤੀ ਸ਼ਰਾਬ ਪੀ ਕੇ ਦਸਦਾ ਹੈ। ਇੱਕ ਦਿਨ ਉਹ ਬੰਦਾ ਸ਼ਰਾਬੀ ਹੋਇਆ ਮੇਰੇ ਛੋਟੇ ਭਰਾ ਨਾਲ ਉਤਾਂਹ-ਠਾਂਹ ਹੋ ਗਿਆ ਤੇ ਕਹਿੰਦਾ, 'ਹਾਂ ਨੌਕਰੀਆਂ ਕਨੇਡਾ।' 'ਈਰਖਾ ਦੀ ਬਿੱਲੀ ਥੈਲਿਓਂ ਬਾਹਰ ਆ ਗਈ।' ਇੱਕ ਹੋਰ ਦੋਸਤ, ਜਿਸ ਦਾ ਕਦੀ ਆਖਿਆ ਨਾ ਮੋੜਿਆ, ਘਰ ਦਾ ਕੰਮ ਛੱਡ ਕੇ ਉਸ ਨਾਲ ਤੁਰ ਪੈਣਾ। ਉਸ ਦਾ ਬਾਪ ਦੂਸਰੇ ਸ਼ਹਿਰ ਮਿਲਟਰੀ ਹਸਪਤਾਲ ਦਾਖ਼ਲ ਸੀ। ਮੈਨੂੰ ਤਿੰਨ ਦਿਨ ਉਥੇ ਜਾਣ ਲਈ ਕਿਹਾ, 'ਹੁਕਮ ਨਾ ਮੋੜਨ ਦੀ ਆਦਤ ਅਧੀਨ ਮੈਂ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਉਥੇ ਜਾਂਦਾ ਰਿਹਾ। ਮੈਂ ਸਿਰਫ਼ ਪਰਤਾਉਣ ਲਈ ਪੈਸੇ ਮੰਗੇ, ਪਰ ਬਹਾਨਾ ਬਣਾ ਕੇ ਦਿੱਤੇ ਨਾ। ਅਤਿ ਦਰਜ਼ੇ ਦਾ ਕੰਜੂਸ ਬੰਦਾ। ਕਿਸੇ ਦੀ ਲਗਾਤਾਰ ਗੱਲ ਮੰਨੀ ਜਾਣਾ ਵੀ ਅਗਲਾ ਤੁਹਾਡੀ ਕਮਜ਼ੋਰੀ ਸਮਝ ਲੈਂਦਾ। ਨਾ ਦੇਣ ਯੋਗ ਇੱਜ਼ਤ ਕਿਸੇ ਨੂੰ ਨਾ ਦਿਓ।

ਉਹ ਡੰਗਰਾਂ ਦਾ ਦੇਸੀ ਨੁਸਖਿਆਂ ਨਾਲ ਇਲਾਜ ਵੀ ਕਰਦੇ ਸਨ। ਉਨ੍ਹਾਂ ਦੇ ਦੱਸੇ ਨੁਸਖਿਆਂ ਨਾਲ 80% ਡੰਗਰ ਰਾਜ਼ੀ ਹੋ ਜਾਂਦੇ ਸਨ ਪਰ ਕਿਸੇ ਤੋਂ ਇੱਕ ਪੈਸਾ ਨਹੀਂ ਸਨ ਲੈਂਦੇ। ਕਈ ਵਾਰ ਹੱਲ ਵਾਹੁੰਦਿਆਂ ਬੀਮਾਰ ਡੰਗਰ ਦਾ ਮਾਲਕ ਉਨ੍ਹਾਂ ਪਾਸ ਆਉਂਦਾ ਤਾਂ ਹਲ ਖਲ੍ਹਾਰ ਕੇ ਉਸ ਨਾਲ ਤੁਰ ਪੈਂਦੇ। ਡੰਗਰ ਵੇਖ ਕੇ ਦੇਸੀ ਨੁਸਖਾ ਦਸਦੇ। ਮੈਂ ਕਹਿਣਾ, 'ਪਿਤਾ ਜੀ! ਤੁਸੀਂ ਜੋਤਰਾ ਲਾ ਕੇ ਚਲੇ ਜਾਇਆ ਕਰੋ, ਹੱਲ ਖਲਾਰ ਕੇ ਆਪਣਾ ਕੰਮ ਕਿਉਂ ਪਿੱਛੇ ਪਾ ਲੈਂਦੇ ਜੇ,' ਤਾਂ ਕਹਿੰਦੇ, ਪੁੱਤ! ਮੈਥੋਂ ਬੇਜ਼ਬਾਨ ਦੀ ਬੀਮਾਰੀ ਸੁਣ ਕੇ ਰਿਹਾ ਨਹੀਂ ਜਾਂਦਾ। ਏਨੇ ਸੰਵੇਦਨਸ਼ੀਲ ਸਨ ਉਹ।

ਉਹ ਸਰਬੱਤ ਦਾ ਭਲਾ ਮੰਗਣ ਵਾਲੇ ਸਨ। ਸਾਡਾ ਚਾਚਾ, ਪਿਤਾ ਜੀ ਨਾਲ ਕਿਸੇ ਗੱਲੋਂ ਨਰਾਜ਼ ਸੀ, ਬੋਲ ਚਾਲ, ਵਿਆਹ ਸ਼ਾਦੀ ਤੇ ਆਉਣਾ ਜਾਣਾ ਸਭ ਕੁਝ ਬੰਦ ਸਨ। 1962 ਵਿਚ ਪਿਤਾ ਜੀ ਆਪਣਾ ਜੱਦੀ ਘਰ ਛੱਡ ਕੇ ਹਵੇਲੀ ਵਿਚ ਮਕਾਨ ਪਾ ਲਿਆ। ਕਿਸੇ ਵਿਚੋਲੇ ਰਾਹੀਂ ਪਿਤਾ ਜੀ ਤੋਂ ਥਾਂ ਲੈਣ ਦੀ ਇੱਛਾ ਜ਼ਾਹਿਰ ਕੀਤੀ, ਨਰਾਜ਼ ਹੋਣ ਦੇ ਬਾਵਜੂਦ ਪਰਿਵਾਰ-ਭਗਤੀ ਕਾਰਨ ਉਹ ਥਾਂ ਚਾਚੇ ਨੂੰ ਦੇ ਦਿੱਤਾ।

ਇਮਾਨਦਾਰੀ ਕਾਰਨ ਸਾਰਾ ਪਿੰਡ ਉਨ੍ਹਾਂ 'ਤੇ ਰੱਬ ਵਰਗਾ ਯਕੀਨ ਕਰਦਾ ਸੀ। ਕਈ ਬੇਈਮਾਨ ਦੋਗਲੇ ਲੋਕ ਉਨ੍ਹਾਂ ਦੇ ਯਕੀਨ ਦਾ ਨਜ਼ਾਇਜ਼ ਫਾਇਦਾ ਉਠਾ ਲੈਂਦੇ। ਸਾਉਣ ਦੇ ਮਹੀਨੇ ਹਰ ਐਤਵਾਰ ਅਟਾਰੀ ਸਾਵਿਆਂ (ਤੀਆਂ) 'ਤੇ ਕਬੱਡੀ ਹੁੰਦੀ ਸੀ। ਲਾਗਲੇ ਪਿੰਡ ਦੇ ਲੋਕ ਕਬੱਡੀ ਵੇਖਣ ਜਾਂਦੇ ਸਨ। ਸਾਡੇ ਗਵਾਂਢੀਆਂ ਦਾ ਮੁੰਡਾ ਪਿੰਡ ਦੇ ਦੋ ਸਾਥੀਆਂ ਨਾਲ ਕਬੱਡੀ ਵੇਖਣ ਗਿਆ। ਅਟਾਰੀ ਤਿੰਨਾਂ ਨੂੰ ਖੂਹ ਦੀ ਮੋਣ ਤੋਂ ਘੜੀ ਲੱਭੀ। ਦੂਜਿਆਂ ਨੇ ਘੜੀ ਗਵਾਂਢੀ ਮੁੰਡੇ ਨੂੰ ਸੌਂਪ ਦਿੱਤੀ ਕਿ ਬਾਅਦ ਵਿਚ ਮੁੱਲ ਪਾ ਕੇ ਇਕ ਜਣਾ ਘੜੀ ਰੱਖ ਲਵੇਗਾ ਤੇ ਦੂਜਿਆਂ ਨੂੰ ਪੈਸੇ ਦੇ ਦੇਵੇਗਾ। ਗਵਾਂਢੀ ਮੁੰਡਾ ਬੇਈਮਾਨ ਹੋ ਗਿਆ ਕਿ ਘੜੀ ਮੇਰੇ ਮਾਮੇ ਦੀ ਧੀ ਦੀ ਹੈ ਝੂਠੀ ਰਸੀਦ ਬਣਾ ਲਈ। ਗੱਲ ਸਾਰੇ ਪਿੰਡ ਵਿਚ ਫੈਲ ਗਈ। ਜਿਸ ਬੰਦੇ ਦੀ ਘੜੀ ਗਵਾਚੀ ਸੀ, ਉਸ ਦੀਆਂ ਦੋ ਭੈਣਾਂ ਸਾਡੇ ਪਿੰਡ ਵਿਆਹੀਆਂ ਸਨ, ਘੜੀ ਲੱਭਣ ਵਾਲਿਆਂ ਵਿਚ ਉਸ ਦਾ ਮਤਰੇਆਂ ਭਣੇਵਾਂ (ਭਾਣਜਾ) ਵੀ ਸੀ। ਘੜੀ ਵਾਲਿਆਂ ਦੀ ਪੰਚਾਇਤ ਪਿੰਡ ਆ ਗਈ। ਗਵਾਂਢੀ ਮੁੰਡੇ ਦੀ ਫੱਫੇ-ਕੁੱਟਣੀ ਮਾਂ ਮੇਰੇ ਪਿਤਾ ਜੀ ਨੂੰ ਕਹਿ ਰਹੀ ਸੀ 'ਵੇਖੋ ਜੀ! ਤੁਸੀਂ ਮੇਰੇ ਗੁਰੂਆਂ ਪੀਰਾਂ ਵਰਗੇ ਜੇ। ਜੇ ਸਹੁੰ ਖਾਣੀ ਪਈ ਤਾਂ ਮੇਰੇ ਮੁੰਡੇ ਦੀ ਸਹੁੰ ਤੁਸਾਂ ਖਾਣੀ ਜੇ।' ਪਿਤਾ ਜੀ ਯਕੀਨ ਕਰਕੇ ਸਹੁੰ ਖਾਣ ਲਈ ਤਿਆਰ ਹੋ ਗਏ। ਪੰਚਾਇਤਾਂ ਕੋਲੋਂ ਮਸਲਾ ਹੱਲ ਨਾ ਹੁੰਦਾ ਵੇਖ ਉਨ੍ਹਾਂ ਥਾਣੇ ਸ਼ਿਕਾਇਤ ਕਰ ਦਿੱਤੀ। ਥਾਣੇਦਾਰ ਦੇ ਇੱਕ ਦਬਕੇ ਨਾਲ 'ਬਹਾਦਰ' ਘੜੀ ਥਾਣੇਦਾਰ ਨੂੰ ਦੇ ਆਏ। ਪਿਤਾ ਜੀ ਹੈਰਾਨ ਰਹਿ ਗਏ ਕਿ ਇਕ ਪਾਸੇ ਗਵਾਂਢਣ ਮੈਨੂੰ ਗੁਰੂਆਂ ਪੀਰਾਂ ਵਰਗਾ ਸਮਝਦੀ ਹੈ ਤੇ ਦੂਜੇ ਪਾਸੇ ਮੈਨੂੰ ਨਰਕ ਦੀ ਪਰ੍ਹੇ ਚਾੜ੍ਹਨ ਲੱਗੀ ਸੀ, ਕਿੰਨੇ ਖੋਟੇ ਨੇ ਇਹ ਮੱਕਾਰ ਲੋਕ।

ਉਹ ਕਹਿੰਦੇ ਹੁੰਦੇ ਸਨ ਕਿ ਅਵਲ ਤੇ ਪਿਓ ਦੇ ਪੁੱਤ ਦਾ ਕੰਮ ਹੁੰਦੈ ਪਿਓ ਨਾਲੋਂ ਜਾਇਦਾਦ ਵਧਾਵੇ, ਨਹੀਂ ਤਾਂ ਉਹ ਵੀ ਪਿਓ ਦਾ ਪੁੱਤ ਹੁੰਦੈ ਜੋ ਪਿਓ ਦੀ ਜ਼ਮੀਨ-ਜਾਇਦਾਦ ਭੋਰੇ ਨਾ। ਉਪਰੋਕਤ ਖਿਆਲਾਂ ਕਰਕੇ ਉਨ੍ਹਾਂ ਢਾਈ ਕਿੱਲੇ ਜ਼ਮੀਨ ਬੈਅ ਲੈ ਕੇ ਸਪੂਤ ਹੋਣ ਦਾ ਸਬੂਤ ਦਿੱਤਾ, ਵਧੀਆ ਵਾਹੀਵਾਨ ਹੋਣ ਕਰਕੇ ਨੌਕਰੀ-ਪੇਸ਼ੇ ਬਾਰੇ ਅਣਜਾਣ ਸਨ। ਪੁਲਿਸ ਦੀ ਨੌਕਰੀ ਛੱਡਣ ਤੋਂ ਬਾਅਦ ਮੈਂ ਜੇ.ਬੀ.ਟੀ ਕਰਨੀ ਚਾਹੀ ਪਰ ਉਹ ਮੇਰੇ ਕੋਲੋਂ ਵਾਹੀ ਕਰਾਉਣਾ ਚਾਹੁੰਦੇ ਸਨ। ਮੈਂ ਜੇ.ਬੀ.ਟੀ ਕਰਕੇ ਮਾਸਟਰ ਲੱਗ ਗਿਆ ਤਾਂ ਮਹੀਨੇ ਬਾਅਦ ਤਨਖ਼ਾਹ ਉਨ੍ਹਾਂ ਦੇ ਹੱਥ 'ਤੇ ਰੱਖਣੀ। ਇੱਕ ਦਿਨ ਮੈਨੂੰ ਕਹਿਣ ਲੱਗੇ, 'ਜਸਵੰਤ ਸਿੰਹਾਂ ! ਮੈਂ ਕਿੱਡੀ ਵੱਡੀ ਗ਼ਲਤੀ ਕਰਨ ਲਗਾ ਸਾਂ। ਹੁਣ ਤਾਂ ਹਰ ਮਹੀਨੇ ਹਾੜੀ-ਸਾਉਣੀ ਪੱਕਦੀ ਹੈ।

ਪਾਕਿਸਤਾਨ ਬਣਨ 'ਤੋਂ ਪਹਿਲਾਂ ਉਨ੍ਹਾਂ ਦੇ ਵਾਹੀ ਦੇ ਭਿਆਲ ਤਾਇਆ ਅਲਹ ਬਖ਼ਸ਼ ਤੇ ਚਾਚਾ ਇਬਰਾਹੀਮ ਸਨ। ਪਿੰਡ ਦੇ ਹੋਰ ਮੁਸਲਮਾਨਾਂ ਨਾਲ ਭਰਾਵਾਂ ਵਰਗੇ ਸਬੰਧ ਸਨ। ਪਾਕਿਸਤਾਨ ਬਣਨ ਤੇ ਬੜੀ ਕਤਲ-ਓ-ਗਾਰਤ ਹੋਈ। ਇਸ ਤੋਂ ਦੁੱਖੀ ਹੋ ਕੇ ਕਹਿੰਦੇ, 'ਭਰਾਵਾਂ ਵਾਂਗ ਰਹਿੰਦੇ ਸਦੀਆਂ ਤੋਂ ਲੋਕ ਕਿਵੇਂ ਇੱਕ ਦੂਜੇ ਨੂੰ ਵੱਢ-ਟੁੱਕ ਰਹੇ ਨੇ। ਸਾਡੀ ਇਕ ਵਾਰ ਮੁਸਲਮਾਨਾਂ ਨਾਲ ਕਿਸੇ ਗੱਲੋਂ ਲੜਾਈ ਹੋ ਪਈ। ਪਿੰਡ ਦੇ ਸ਼ਾਦੀ ਨਾਂ ਦੇ ਮੁਸਲਮਾਨ, ਜਿਸ ਨੇ ਭਾਜੀ ਨੂੰ ਧਰਮ ਪੁੱਤਰ ਬਣਾਇਆ ਹੋਇਆ ਸੀ, ਉਸ ਦੀ ਇਕਲੌਤੀ ਧੀ ਚਰਾਗੋ ਨੂੰ ਪਿਤਾ ਜੀ ਭੈਣ ਕਿਹਾ ਕਰਦੇ ਸਨ, ਉਸ ਨੂੰ ਭੁਲੇਖੇ ਨਾਲ ਡਾਂਗ ਵਜ ਗਈ ਤੇ ਉਹ ਜ਼ਖਮੀ ਹੋ ਗਿਆ। ਜਨੂੰਨੀ ਮੁਸਲਮਾਨ ਕਹਿਣ ਕਿ ਤੂੰ ਥਾਣੇ ਉਸ ਦੇ ਖ਼ਿਲਾਫ਼ ਇਤਲਾਹ ਦੇ, ਪਰ ਉਹ ਕਹੇ, 'ਮੇਰਾ ਪੁੱਤਾ ਆ ਉਹ ਮੈਨੂੰ ਡਾਂਗ ਕਿਵੇਂ ਮਾਰ ਸਕਦਾ ਹੈ? ਮੈਂ ਥਾਣੇ ਇਤਲਾਹ ਨਹੀਂ ਦੇਣੀ।

ਉਨ੍ਹਾਂ ਦਾ ਕਹਿਣਾ ਸੀ ਕਿ, 'ਅਵਾਰਾਗਰਦੀ ਨਹੀਂ ਕਰਨੀ ਚਾਹੀਦੀ। ਕੰਮ ਆਪਣਾ ਕਰੀਦਾ ਹੈ, ਸ਼ੋਭਾ ਜੱਗ ਦੀ। ਕੰਮ ਆਪਣਾ ਵਿਗੜਦਾ ਹੈ, ਮਸ਼ਕਰੀਆਂ ਜੱਗ ਦੀਆਂ।'

ਸਵੱਖਤੇ ਉੱਠ ਕੇ ਹਲ ਵਾਹੁਣਾ, ਖੂਹ ਜੋਣਾ ਨਿੱਤ ਦਾ ਕੰਮ ਸੀ। ਤਾਰਿਆਂ ਦੀ ਛਾਵੇਂ ਵਿੱਘਾ ਪੈਲੀ ਵਾਹ ਕੇ ਆਪਣੇ ਸਾਥੀ ਕਾਮੇ ਹਾਲੀ ਨਾਲ ਸ਼ਬਦ ਪੜ੍ਹਨੇ ਸ਼ੁਰੂ ਕਰ ਦੇਣੇ ਤੇ ਕਾਮੇ ਨੂੰ ਕਹਿਣਾ, ਤੁਲਸਿਆ! ਆਪਾਂ ਹਲ ਥੋੜ੍ਹਾ ਵਾਹ ਰਹੇ ਹਾਂ। ਅਸੀਂ ਤਾਂ ਤਰਨ ਤਾਰਨ ਦੀ ਮੱਸਿਆਂ ਤੇ ਪਰਦੱਖਣਾ ਵਿਚ ਫਿਰ ਰਹੇ ਹਾਂ।

ਮੈਨੂੰ ਯਾਦ ਹੈ ਜਦ ਉਹ ਪਿੱਪਲ ਵਾਲਾ ਖੂਹ ਜੋਂਦੇ ਤਾਂ ਗਾਦ੍ਹੀ 'ਤੇ ਬੈਠ ਕੇ ਵੀ ਸ਼ਬਦ (ਧਾਰਨਾ) ਪੜ੍ਹਨੇ, 'ਖੰਭ ਵਿਕਦੇ ਹੋਣ ਬਜ਼ਾਰੀ, ਉੱਡ ਕੇ ਗੁਰਾਂ ਨੂੰ ਮਿਲ ਪਾ, ਪਿਆਰਿਆ! ਪਿਆਰਿਆ! ਬਾਬੇ ਨਾਨਕ ਨੇ ਜੱਗ ਤਾਰਿਆ ਸ਼ਵੇਰ-ਸ਼ਾਰ ਉਨ੍ਹਾਂ ਦੀ ਅਵਾਜ਼ ਮੇਰੇ ਕੰਨਾਂ ਨੂੰ, ਮੰਜੀ 'ਤੇ ਪਿਆ ਹੀ, ਬੜੀ ਪਿਆਰੀ ਲਗਦੀ ਸੀ।

ਮੇਰੀ ਸ਼ਾਦੀ 1961 ਵਿਚ ਹੋਈ। ਪਹਿਲਾਂ ਦੋ ਬੇਟੀਆਂ ਹੋਈਆਂ। ਉਨ੍ਹਾਂ ਦੀ ਰੀਝ ਸੀ ਕਿ ਮੇਰੇ ਘਰ ਪੋਤਰਾ ਹੋਵੇ, ਅਖੰਡਪਾਠ ਕਰਾਵਾਂ ਤੇ ਢਾਡੀ ਪਿਆਰਾ ਸਿੰਘ 'ਪੰਛੀ' ਨੂੰ ਸੱਦਾਂ, ਪਰ ਉਨ੍ਹਾਂ ਦੇ ਜਿਉਂਦਿਆਂ ਇਹ ਰੀਝ ਪੂਰੀ ਨਾ ਹੋਈ, ਜਾਣ ਤੋਂ ਬਾਅਦ ਪੋਤਰੇ ਪੈਦਾ ਹੋਏ, ਪਰ ਉਹ ਆਪਣੀ ਇਹ ਰੀਝ ਮਨ ਵਿਚ ਲੈ ਕੇ ਤੁਰ ਗਏ ਅਫਸੋਸ! ਮੈਂ ਅਖੰਡਪਾਠ ਕਰਾਇਆ ਤੇ ਮਿਲਖਾ ਸਿੰਘ 'ਮੌਜੀ' ਦੇ ਢਾਡੀ ਜਥੇ ਨੂੰ ਸੱਦਿਆਂ ਤੇ ਸੁਰਗਵਾਸੀ ਪਿਆਰਾ ਸਿੰਘ ਪੰਛੀ ਜੀ ਦੀ ਧਰਮ-ਪਤਨੀ ਮਾਤਾ ਪ੍ਰੀਤਮ ਕੌਰ, ਧੀ ਮਨਜੀਤ ਕੌਰ, ਮਹਿਮਾਨ ਸ. ਜਗਤਾਰ ਸਿੰਘ 'ਬੁਰਜ' ਤੇ ਭੈਣ ਗੁਰਨਾਮ ਕੌਰ ਜੀ ਨੂੰ ਸੱਦ ਕੇ ਸਨਮਾਨਿਤ ਕੀਤਾ ਤੇ ਆਪਣੇ ਮਾਨਯੋਗ ਪਿਤਾ ਜੀ ਦੀ ਆਖਰੀ ਖਾਹਿਸ਼ ਪੂਰੀ ਕੀਤੀ।

ਉਸ ਵਕਤ ਕਿਰਤੀ ਇਨਸਾਨ ਦੀ ਬੜੀ ਇੱਜ਼ਤ ਹੁੰਦੀ ਸੀ, ਉਮਰ ਭਾਵੇਂ ਛੋਟੀ ਹੋਵੇ, ਬਜ਼ੁਰਗ ਉਸ ਦੀ ਇੱਜ਼ਤ ਕਰਦੇ ਸਨ। ਪਿਤਾ ਜੀ ਨੇ ਦੱਸਿਆ ਕਿ ਛੋਟੀ ਉਮਰ ਵਿਚ ਹੀ ਵਾਣ ਵੱਟ ਕੇ ਇਕ ਸਾਣਾ (ਸਣ ਦੇ ਵਾਣ ਵਾਲਾ) ਮੰਜਾ ਉਣ ਲੈਂਦੇ ਸੀ। ਇੱਕ ਦਿਨ ਮੈਂ ਪਿੱਪਲ ਵਾਲੇ ਖੂਹ 'ਤੇ ਵਾਣ ਵੱਟ ਰਿਹਾ ਸਾਂ। ਮੇਰੀ ਉਮਰ 15 ਕੁ ਸਾਲ ਦੀ ਹੋਵੇਗੀ, ਪਿੰਡ ਢੋਡੀ ਵਿੰਡ ਦੇ ਬਜ਼ੁਰਗ ਬਾਬਾ ਚੇਤ ਸਿੰਘ ਨੇ ਮੇਰੇ ਗੋਡੀਂ ਹੱਥ ਲਾ ਕੇ ਕਿਹਾ, 'ਜਿਉਂਦਾ ਰਹੁ ਪੁੱਤ! ਛੋਟੀ ਉਮਰ ਵਿਚ ਵਾਣ ਵੱਟਦਿਆਂ ਵੇਖ ਦਿਲ ਬੜਾ ਖੁਸ਼ ਹੋਇਆ।

ਪਿਤਾ ਜੀ ਦੀ ਆਪਣੇ ਤਾਏ ਦੇ ਪੁੱਤ ਨਾਲ ਵਾਹੀ ਸਾਂਝੀ ਸੀ। ਆਮ ਕਿਹਾ ਜਾਂਦਾ ਹੈ ਕਿ, 'ਪੁੱਤ ਤੇ ਭਤੀਜੇ ਵਿਚ ਕੋਈ ਫ਼ਰਕ ਨਹੀਂ।' ਪਰ ਇਹ ਅਸਲੀਅਤ ਨਹੀਂ, ਪੁੱਤ, ਪੁੱਤ ਹੁੰਦਾ ਤੇ ਭਤੀਜਾ, ਭਤੀਜਾ। ਪਿੰਡ ਦੇ ਕੰਗਾਂ ਵਾਲੇ ਖੂਹ ਨੂੰ ਪਹਿਆ ਜਾਂਦਾ ਸੀ, ਜਿਸ 'ਤੇ ਸੱਪ ਹੋਣ ਦੀ ਦਹਿਸ਼ਤ ਸੀ। ਸਵੇਰੇ ਸਵੱਖਤੇ ਹੱਲ ਜੋਣ ਵੇਲੇ ਪਿਤਾ ਜੀ ਦਾ ਤਾਇਆ ਆਪਣੇ ਪੁੱਤ ਨੂੰ ਕਹਿ ਰਿਹਾ ਸੀ, 'ਤੂੰ ਸੋਹਣ ਸੁੰਹ ਨੂੰ ਆਗੇ ਲਾਵੀਂ ਤੇ ਆਪ ਪਿੱਛੇ ਰਹੀਂ। ਸੱਪ ਬਹੁਤ ਜ਼ਹਿਰੀਲਾ ਦੱਸਦੇ ਨੇ ਪਿਤਾ ਜੀ ਨੇ ਸੁਣ ਲਿਆ ਤੇ ਕਿਹਾ, 'ਬਾਬਾ ਮੇਰੇ ਲੰਘਣ ਨਾਲ ਸੱਪ ਨੇ ਖੁੱਡ 'ਚੋਂ ਬਾਹਰ ਆ ਜਾਣਾ ਹੈ। ਵੇਖੀਂ ਕਿਤੇ ਜਾਗਿਆ ਸੱਪ ਇਹਨੂੰ ਨਾ ਲੜ ਜਾਏ।'

23 ਦਸੰਬਰ, 1969 ਨੂੰ ਪਿਤਾ ਜੀ ਪਰਿਵਾਰ ਦਾ ਸਾਰਾ ਬੋਝ ਮੇਰੇ 'ਤੇ ਸੁੱਟ ਕੇ ਅਲਵਿਦਾ ਕਹਿ ਗਏ। ਦੋ ਭਰਾ ਤੇ ਇੱਕ ਭੈਣ ਨਬਾਲਗ ਸਨ। ਸਾਰਿਆਂ ਨੂੰ ਮੈਂ ਆਪਣੇ ਬੱਚਿਆਂ ਵਾਂਗ ਗੱਲ ਨਾਲ ਲਾਇਆ ਪੜ੍ਹਾਇਆ ਤੇ ਵਿਆਹਿਆ। ਆਪਣਾ ਫ਼ਰਜ਼ ਸੱਚੇ ਦਿਲੋਂ ਨਿਭਾਇਆ। ਪਿਤਾ ਜੀ ਦੇ ਜਾਣ ਤੋਂ ਬਾਅਦ, 'ਆਪਣਿਆਂ ਬੇਗ਼ਾਨਿਆਂ ਤੇ ਨੇਕ ਲੋਕਾਂ ਨੇ ਮੈਨੂੰ ਸੂਈ ਦੇ ਨੱਕੇ ਵਿਚੋਂ ਲੰਘਾਇਆ। ਕੁਦਰਤ ਦੀ ਮਿਹਰ, ਪਿਤਾ ਜੀ ਦੀਆਂ ਸਿੱਖਿਆਵਾਂ ਤੇ ਆਪਣੀ ਤੁੱਛ ਬੁੱਧੀ ਦੀ ਬਦੌਲਤ ਡਰ-ਡਰ ਕੇ ਇਸ ਪਰਿਵਾਰਿਕ ਬੇੜੀ ਨੂੰ ਲੋਕਾਂ ਦੇ ਨਾਪਾਕ ਹਮਲਿਆਂ ਦੇ ਸਮੁੰਦਰ 'ਚੋਂ ਮੁਸ਼ਕਲ ਨਾਲ ਪਾਰ ਲੰਘਾਇਆ। ਬਾਕੀ ਆਪਣਿਆਂ ਤੇ ਬੇਗਾਨਿਆਂ ਕੋਈ ਕਸਰ ਆਪਣੇ ਵੱਲੋਂ ਨਹੀਂ ਛੱਡੀ। ਅਜਿਹੇ ਭਿਆਨਕ ਸਮੇਂ ਵੀ ਆਏ, ਜਿਨ੍ਹਾਂ ਨੂੰ ਯਾਦ ਕਰਕੇ ਅੱਜ ਵੀ ਮੇਰਾ ਸਾਹ ਪਲ ਦੀ ਪਲ ਰੁਕ ਜਾਂਦਾ ਹੈ।

ਪਿਤਾ ਜੀ ਸਾਰੀ ਉਮਰ ਨੇਕੀਆਂ ਕਰਦੇ ਰਹੇ ਪਰ ਇਨ੍ਹਾਂ ਨੇਕੀਆਂ ਦਾ ਸਿਲਾ ਬਦੀ ਵਿਚ ਮਿਲਿਆ। ਉਨ੍ਹਾਂ ਦੀ ਸ਼ਖਸੀਅਤ ਦਾ ਮੇਰੇ 'ਤੇ 95% ਅਸਰ ਹੈ। ਪਿਤਾ ਜੀ ਤੇ ਮੈਂ ਜਿਨ੍ਹਾਂ ਨਾਲ ਨੇਕੀਆਂ ਕੀਤੀਆਂ, ਓਹੋ ਦੁਸ਼ਮਣਾਂ ਦੀ ਕਤਾਰ ਵਿਚ ਖਲੋਤੇ ਦਿਸੇ ਤੇ ਮੇਰੇ ਪਰਿਵਾਰ ਦੇ ਆਂਡੇ ਪੀਣ ਤੱਕ ਗਏ। ਤਾਏ ਦੇ ਪੁੱਤਾਂ ਦਾ ਰਾਜਸਥਾਨੋਂ ਧੱਕੇ ਖਾ ਕੇ ਆਉਣ 'ਤੇ ਹਰ ਕਿਸਮ ਦੀ ਮੈਂ ਮਦਦ ਕੀਤੀ ਜਿਨ੍ਹਾਂ ਸ਼ਰੀਕਾਂ ਕਾਰਨ ਉਨ੍ਹਾਂ ਨੂੰ ਪਿੰਡ ਛੱਡਣਾ ਪਿਆ, ਉਨ੍ਹਾਂ ਦੇ ਘਰ ਜਾਂਦੇ ਨੇ ਪਰ ਮੇਰੇ ਨਹੀਂ ਆਉਂਦੇ। ਲੋਕਾਂ ਦੀ ਇਹ ਮਾਨਸਿਕਤਾ ਬਣ ਗਈ ਹੈ ਕਿ ਬੰਦਾ ਜਿਸ ਬੰਦੇ ਤੋਂ ਬੇਇੱਜ਼ਤ ਹੁੰਦਾ ਹੈ, ਉਸ ਦੇ ਨੇੜੇ ਜ਼ਿਆਦਾ ਹੁੰਦਾ ਹੈ। ਨੇਕੀ ਕਰਨਾ ਔਗੁਣ ਬਣ ਗਿਆ ਹੈ ਤੇ ਲੋਕ ਅਕ੍ਰਿਤਘਣ ਤੇ ਮਤਲਬੀ ਹੋ ਗਏ ਨੇ।

ਪਿਤਾ ਜੀ ਦਾ ਕਹਿਣਾ ਸੀ ਕਿ ਐਸ਼ਪ੍ਰਸਤੀ ਤੇ ਖਾਣ-ਪੀਣ ਦੀ ਦੋਸਤੀ ਦੀ ਉਮਰ ਬਹੁਤ ਥੋੜ੍ਹੀ ਹੁੰਦੀ ਹੈ। ਜਿਵੇਂ ਦਰੱਖ਼ਤ ਜੜ੍ਹਾਂ ਤੋਂ ਬਗ਼ੈਰ ਹਰਾ ਨਹੀਂ ਰਹਿ ਸਕਦਾ, ਇਸੇ ਤਰ੍ਹਾਂ ਘਰ ਦਾ ਕੋਈ ਮੈਂਬਰ ਪਰਿਵਾਰ ਨਾਲੋਂ ਟੁੱਟ ਕੇ ਸਮਾਜ ਵਿਚ ਇੱਜ਼ਤ ਨਹੀਂ ਪਾ ਸਕਦਾ। ਮੱਕਾਰ ਲੋਕਾਂ ਹੱਥੋਂ ਬੇਇੱਜ਼ਤ ਹੋ ਕੇ ਪਰਤਦਾ ਹੈ। ਹੱਥ ਪੁਰਾਣੇ ਖੌਂਸੜੇ ਬਸੰਤੇ ਹੁਣੀਂ ਆਏ। ਮੇਰੇ ਵਿਚਾਰ ਮੁਤਾਬਕ ਕੁਝ ਮਾਪੇ ਮਰ ਕੇ ਵੀ ਜਿਉਂਦੇ ਹੁੰਦੇ ਨੇ, ਜਿਨ੍ਹਾਂ ਦੀ ਔਲਾਦ ਲਾਇਕ ਨਿਕਲਦੀ ਹੈ ਤੇ ਕੁਝ ਮਾਪੇ ਜਿਉਂਦੇ ਮਰੇ ਹੁੰਦੇ ਨੇ, ਜਿਨ੍ਹਾਂ ਦੀ ਔਲਾਦ ਨਲਾਇਕ ਹੁੰਦੀ ਹੈ। ਮੈਂ ਅੱਜ ਵੀ ਪਿਤਾ ਜੀ ਦੀ ਦਿੱਤੀ ਸਿਖਿਆ 'ਤੇ ਚੱਲ ਕੇ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਹੈ, ਬੇਸ਼ੱਕ ਉਹ ਇਸ ਦੁਨੀਆਂ ਵਿਚ ਨਹੀਂ।

ਸਿਆਣਿਆਂ ਦੀ ਗੱਲ ਕਿ 'ਕੁੜਮ ਵਿਗੁੱਚੇ ਹੋਈਏ ਪਰ ਗਵਾਂਢ ਵਿਗੁੱਚੇ ਨਾ ਹੋਈਏ' ਉਹ ਗਵਾਂਢੀਆਂ ਨੂੰ ਅੱਧੇ ਮੁੱਲ ਤੇ ਬੰਬੀ ਦਾ ਪਾਣੀ ਦੇਂਦੇ ਰਹੇ। ਉਨ੍ਹਾਂ ਦੇ ਤੁਰ ਜਾਣ ਬਾਅਦ ਗਵਾਂਢੀਆਂ ਨੇ ਮੈਨੂੰ 15 ਸਾਲ ਸੁੱਖ ਦੀ ਨੀਂਦ ਨਾ ਸੌਣ ਦਿੱਤਾ। ਮੇਰੀ ਜਾਨ ਨੂੰ ਉਦੋਂ ਰਾਹਤ ਮਿਲੀ ਜਦੋਂ ਉਹ ਅਕ੍ਰਿਤਘਣ ਗਵਾਂਢੀ ਨਾਲ ਦੇ ਗਵਾਂਢੀ ਹੱਥੋਂ ਕਤਲ ਹੋ ਗਿਆ।

ਮੁਹਾਵਰਾ ਹੈ 'ਨੇਕੀ ਕਰ ਖੂਹ ਵਿਚ ਸੁੱਟ' ਪਰ ਜਦ ਨੇਕੀ ਕਰਨ ਵਾਲੇ ਨੂੰ ਜਵਾਬ ਬਦੀ ਵਿਚ ਮਿਲਦਾ ਹੈ, ਉਸ ਦੀ ਮਾਨਸਿਕਤਾ ਦਾ ਅੰਦਾਜ਼ਾ ਤੁਸੀਂ ਲਾ ਸਕਦੇ ਹੋ? ਅਜਿਹੇ ਇਕ ਪਰਿਵਾਰ ਦਾ ਮੇਰੇ ਸਮੇਤ ਪਿਤਾ ਜੀ ਨਾਲ ਨੇੜ ਸੀ।

ਉਸ ਪਰਿਵਾਰ ਦੀ ਅਰਥਿਕ ਦਸ਼ਾ ਮਾੜੀ ਵੇਲੇ ਬਿਨਾਂ ਵਿਆਜ ਪੈਸੇ ਉਧਾਰ ਦੇਂਦੇ ਰਹੇ। ਪੈਲੀ (ਖੇਤ) ਵਿਚੋਂ ਪਈ ਫੁੱਟ (ਖਰਬੂਜ਼ੇ ਦੀ ਇੱਕ ਕਿਸਮ) ਆਦਮੀ ਖਾ ਜਾਂਦਾ ਹੈ ਤੇ ਘਰ ਵਿਚ ਪਈ ਫੁੱਟ (ਪਾਟਕ ਬੇਇਤਫਾਕੀ) ਘਰ ਨੂੰ ਖਾ ਜਾਂਦੀ ਹੈ। ਮੇਰਾ ਛੋਟਾ ਭਰਾ ਮਾੜੀ ਸੰਗਤ ਵਿਚ ਪੈ ਕੇ ਉਸ ਮਕਾਰ (ਕਨਿੰਗ) ਪਰਿਵਾਰ ਦੇ ਟੇਟੇ ਚੜ੍ਹ ਗਿਆ। ਮੇਰੇ ਭਰਾ ਰਾਹੀਂ ਘਟੀਆ ਤੋਂ ਘਟੀਆ ਹਰਬੇ ਵਰਤ ਕੇ ਮੇਰੇ ਘਰ ਦੀਆਂ ਜੜ੍ਹਾਂ ਪੁੱਟਣ ਵਿਚ ਕੋਈ ਕਸਰ ਬਾਕੀ ਨਾ ਛੱਡੀ। ਮੇਰੇ ਸਮਝਾਉਣ 'ਤੇ ਵੀ ਉਸ ਸ਼ਾਤਰ ਪਰਿਵਾਰ ਦਾ ਖਹਿੜਾ ਨਾ ਛੱਡਿਆ। ਮੈਂ ਉਸ ਨੂੰ ਦੁਸ਼ਮਣ ਲੱਗਦਾ ਸੀ ਤੇ ਉਹ ਪਰਿਵਾਰ ਮਿੱਤਰ। ਉਸ ਪਰਿਵਾਰ ਦੀਆਂ ਲੂੰਬੜ ਚਾਲਾਂ ਬੜੀਆਂ ਸ਼ਾਤਰਾਨਾ ਸਨ। ਹੱਲਾਂ ਦੀਆਂ ਵਾਹੀਆਂ ਸਨ। ਉਨ੍ਹਾਂ ਆਪਣੇ ਕਾਮੇ ਨੂੰ ਬਲਦਾ ਦੀ ਜੋਗ ਮੰਗਣ ਭੇਜਣਾ। ਮੈਨੂੰ (ਘਰ ਦੇ ਮੁੱਖੀ ਨੂੰ) ਨਾ ਪੁੱਛਣਾ। ਸ਼ਾਤਰ ਪਰਿਵਾਰ ਦੀ ਹਦਾਇਤ ਅਨੁਸਾਰ ਮੇਰੇ ਛੋਟੇ ਭਰਾ ਨੂੰ ਪੁੱਛਣੀ। ਚਾਲ ਸੀ ਦੋਹਾਂ ਨੂੰ ਜੁੰਡੀਓ-ਜੁੰਡੀ ਕਰਾਉਣਾ, ਲੜਾਈ ਦਾ ਕੋਈ ਵੀ ਭਿਆਨਕ ਨਤੀਜਾ ਨਿਕਲ ਸਕਦਾ ਸੀ। ਮੇਰਾ ਭਰਾ ਵੀ ਮੇਰਾ ਮਾਨ ਨਹੀਂ ਸੀ ਰੱਖਦਾ ਕਿ ਮੇਰੇ ਵੱਡੇ ਭਰਾ ਨੂੰ ਪੁਛੋ! ਮੈਂ ਪਰਿਵਾਰ ਦਾ ਮੁੱਖੀ ਹੁੰਦਿਆਂ ਵੀ ਛੋਟਾ ਬਣ ਕੇ ਇਨ੍ਹਾਂ ਭਾਵੀ ਭਿਆਨਕ ਹਾਦਸਿਆਂ ਨੂੰ ਟਾਲਿਆ ਤੇ ਸ਼ਾਤਰ ਪਰਿਵਾਰ ਦੀਆਂ ਚਾਲਾਂ ਨੂੰ ਫੇਲ੍ਹ ਕੀਤਾ।

ਅੱਜ ਮੈਨੂੰ ਖੁਸ਼ੀ ਹੈ ਕਿ ਮੇਰਾ ਪਰਿਵਾਰ-ਮੇਰੇ ਦੋਵੇਂ ਭਰਾ ਤੇ ਉਨ੍ਹਾਂ ਦੇ ਬੱਚੇ ਆਪੋ-ਆਪਣੇ ਘਰਾਂ ਵਿਚ ਸੁਖੀ ਨੇ। ਪਿਤਾ ਜੀ ਦੇ ਪੋਤਰੇ (ਆਤਮਜੀਤ ਸਿੰਘ, ਪਰਮਪ੍ਰੀਤ ਸਿੰਘ ਤੇ ਅਜੈਪਾਲ ਸਿੰਘ (ਤਿੰਨੇ ਇੰਜੀਨੀਅਰ) ਅਮਰੀਕਾ, ਕਨੇਡਾ ਵਿਚ ਸੈਟ ਨੇ। ਮੇਰੇ ਅਦਿੱਖ ਦੁਸ਼ਮਣ ਹੁਣ ਜ਼ਰੂਰ ਸ਼ਰਮਿੰਦੇ ਹੋਣਗੇ। ਕੁਦਰਤ ਨੇ ਮੇਰੀ ਪਿੱਠ 'ਤੇ ਹੱਥ ਰਖਿਆ, ਮੈਨੂੰ ਸਫਲਤਾ ਬਖ਼ਸ਼ੀ ਮੈਂ ਅੱਜ ਉਸ ਅਦਿੱਖ ਸ਼ਕਤੀ ਦਾ ਸ਼ੁਕਰਗੁਜ਼ਾਰ ਹਾਂ।

ਮੈਨੂੰ ਦੋ ਮਹਾਨ ਲੇਖਕਾਂ ਸ. ਗੁਰਬਖਸ ਸਿੰਘ ਪ੍ਰੀਤ ਲੜੀ ਦੇ ਵਿਚਾਰ, 'ਜਦ ਤੁਹਾਡੀ ਨੀਤ ਨੇਕ ਹੋਵੇ ਤਾਂ ਕੁਦਰਤ ਰਾਣੀ ਤੁਹਾਡੀ ਮਦਦ ਕਰਦੀ ਹੈ। ਜਦੋਂ ਤੁਹਾਡੇ ਗੁੱਝੇ ਦੁਸ਼ਮਣ ਤੁਹਾਡਾ ਨੁਕਸਾਨ ਕਰਨਾ ਚਾਹੁੰਦੇ ਨੇ ਤਾਂ ਕੁਦਰਤ ਤੁਹਾਡੀ ਪਿੱਠ ਤੇ ਆਣ ਖਲੋਂਦੀ ਹੈ।'

ਪ੍ਰਸਿੱਧ ਢਾਡੀ ਤੇ ਅਜ਼ੀਮ ਸਾਹਿਤਕਾਰ, ਇਤਿਹਾਸਕਾਰ ਸੋਹਣ ਸਿੰਘ ਸੀਤਲ ਜੀ ਲਿਖਦੇ ਨੇ, 'ਹਰ ਕਾਲੀ ਬੋਲੀ ਰਾਤ ਤੋਂ ਬਾਅਦ ਦਿਨ ਜ਼ਰੂਰ ਚੜ੍ਹਦਾ ਹੈ। ਕਾਲੀ ਤੋਂ ਕਾਲੀ ਬੱਦਲਾਂ ਦੀ ਘੱਟ ਦੁਆਲੇ ਇਕ ਨਿੱਕੀ ਜਿਹੀ ਚਿੱਟੀ ਲੀਕ ਜ਼ਰੂਰ ਹੁੰਦੀ ਹੈ।

ਉਪਰੋਕਤ ਚਿੰਤਕਾਂ ਦੇ ਵਿਚਾਰਾਂ ਤੇ ਪਿਤਾ ਜੀ ਦੀਆਂ ਸਿਖਿਆਵਾਂ ਨੇ ਮੈਨੂੰ ਬੜੀ ਰੋਸ਼ਨੀ ਦਿੱਤੀ ਹੈ ਜਿਸ ਸਦਕਾ ਮੈਂ ਜ਼ਿੰਦਗੀ ਵਿਚ ਕਾਮਯਾਬ ਹੋਇਆ ਹਾਂ। ਆਪਣੇ ਪਿਤਾ ਜੀ ਦੀ ਸ਼ਖਸੀਅਤ ਨੂੰ ਸਜਦਾ ਕਰਦਾ ਹਾਂ। ਅਮੀਨ!

ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ॥

ਆਰ ਐਸ ਐਸ ਦੇ ਗੁਲਾਮ ਬਾਦਲਾਂ ਦੇ ਗੁਲਾਮ 'ਜਥੇਦਾਰ' ਰਾਹੀਂ 2027 ਦੀਆਂ ਚੋਣਾਂ ਦੀ ਤਿਆਰੀ ਸਬੰਧੀ ਬੀ.ਜੇ.ਪੀ. ਦਾ ਗਠ-ਗੜ ਗੱਜਦਾ ਇੱਕ ਬਿਆਨ ਆਇਆ ਕਿ ਸਿੱਖ ਪ੍ਰਚਾਰਕ ਭਗਤਾਂ ਦੀ ਬਾਣੀ ਪ੍ਰਚਾਰਨ ਵੇਲੇ ਭਗਤਾਂ ਨੂੰ ਗੁਰੂ ਆਖ ਕੇ ਸੰਬੋਧਨ ਨਾ ਕਰਨ। ਗੰਭੀਰਤਾ ਨਾਲ ਵਿਚਾਰਿਆਂ ਇਹ ਸੁਨੇਹਾ ਬਿਲਕੁਲ ਤਰਕਸੰਗਤ ਅਤੇ ਨਿਰਦੋਸ਼ ਹੈ। ਪਰ 2027 ਦੀਆਂ ਚੋਣਾਂ ਨਾਲ ਰਲਗੱਡ ਹੋ ਕੇ ਇਹ ਬੇਹੱਦ ਧਮਾਕਾਖੇਜ਼ ਸਮੱਗਰੀ ਬਣ ਗਿਆ। ਭਗਤ ਰਵਿਦਾਸ ਦੇ ਬੇਸਮਝ ਚੇਲਿਆਂ ਨੇ ਇਸ ਉਤੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਅਤੇ ਕਈ ਸਭਾਵਾਂ ਆਦਿ ਵਿਚ 'ਜਥੇਦਾਰ' ਗੜਗੱਜ ਅਤੇ ਸਿੱਖ ਪੰਥ ਨੂੰ ਪਾਣੀ ਪੀ-ਪੀ ਕੇ ਕੋਸਿਆ। ਸਭ ਹੱਦਾਂ ਉਲੰਘ ਕੇ

ਗੁਰਤੇਜ ਸਿੰਘ

ਉਹ ਆਤਮਘਾਤੀ ਰਵੱਈਏ ਤੱਕ ਪਹੁੰਚ ਗਏ, ਜੋ ਕਿ ਉਨ੍ਹਾਂ ਦੇ ਇਕਲੌਤੇ ਖੈਰਖਾਹ ਖ਼ਾਲਸਾ ਪੰਥ ਨੂੰ ਬਹੁਤ ਦੁੱਖਦਾਈ ਲੱਗਦਾ ਹੈ। ਸੁਨੇਹੇ ਦਾ ਸਿਆਸੀ ਪੱਖ 26 ਜਨਵਰੀ 2025 ਨੂੰ ਪ੍ਰਤੱਖ ਉਜਾਗਰ ਹੋ ਗਿਆ, ਜਦੋਂ ਬੀ.ਜੇ.ਪੀ. ਦੀ ਹਿੰਦ ਸਰਕਾਰ ਨੇ ਸੰਤ ਨਿਰੰਜਣ ਦਾਸ ਨੂੰ ਪਦਮ ਸ੍ਰੀ ਸਨਮਾਨ ਦਿੱਤਾ ਅਤੇ ਹਵਾਈ ਅੱਡੇ ਦੇ ਨਾਮਕਰਣ ਦੀਆਂ ਖ਼ਬਰਾਂ ਵੀ ਛਪ ਚੁੱਕੀਆਂ ਹਨ।

ਹੁਣ ਇਹ ਯਕੀਨ ਨਾਲ ਆਖਿਆ ਜਾ ਸਕਦਾ ਹੈ ਕਿ ਖ਼ਾਲਸਾ ਪੰਥ ਨੂੰ ਜੜ੍ਹੋਂ ਉਖੇੜਨ ਲਈ, ਆਦਿ ਗੁਲਾਮ ਬਾਦਲ ਦਲ ਵੱਲੋਂ ਸਰਕਾਰ ਦਾ ਰਾਹ ਪੱਧਰਾ ਕਰਨ ਲਈ ਇਹ ਹਰਬਾ ਵਰਤਿਆ ਜਾ ਰਿਹਾ ਹੈ। ਏਸ ਮਸਲੇ ਨੂੰ ਸਾਰੇ ਪਹਿਲੂਆਂ ਤੋਂ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ।

ਧਾਰਮਕ ਪੱਖੋਂ: ਸਿੱਖੀ ਵਿਚ ਗੁਰੂ ਦੇ ਚਾਰ ਸਰੂਪ ਹਨ। ਪਹਿਲਾ ਗੁਰੂ ਅਕਾਲਪੁਰਖ ਹੈ, ਦੂਜਾ ਗੁਰੂ ਨਾਨਕ (ਦਸੇ ਸਰੂਪ) ਤੀਜਾ ਗੁਰ ਗੁਰਬਾਣੀ ਅਥਵਾ ਗੁਰੂ ਗ੍ਰੰਥ ਹੈ ਅਤੇ ਚੌਥਾ ਸਰੂਪ ਸਾਧ ਸੰਗਤ। ਇਹ ਸਾਰੇ ਸਰੂਪ ਆਖ਼ਰੀ ਪੜਾਅ ਉਤੇ ਗੁਰੂ ਗ੍ਰੰਥ ਵਿਚ ਢਲ ਜਾਂਦੇ ਹਨ ਜਿਸ ਵਿਚ ਭਗਤ ਬਾਣੀ, ਭੱਟ ਬਾਣੀ ਆਦਿ ਸ਼ਾਮਲ ਹਨ। ਭਗਤਾਂ ਆਦਿ ਦੀ ਬਾਣੀ ਨੂੰ ਗੁਰੂ ਦੇ ਮੱਤ ਦਾ ਪ੍ਰਮਾਣ ਨਹੀਂ ਪ੍ਰਵਾਨ ਕੀਤਾ ਜਾ ਸਕਦਾ, ਕਿਉਂ ਜੁ ਕਿਸੇ ਵੀ ਵਿਚਾਰ-ਪੱਧਤੀ ਅਨੁਸਾਰ ਕਿਸੇ ਹੋਰ ਦੇ ਸ਼ਬਦਾਂ ਨੂੰ ਕਿਸੇ ਦੂਜੇ ਦੇ ਮੱਤ ਦੀ ਵਿਆਖਿਆ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਪਰ ਸਤਿਕਾਰ ਕਰਨ ਵਿਚ ਭਿੰਨ-ਭੇਦ ਵਰਤਣਾ ਸਿੱਖੀ-ਵਿਰੋਧੀ ਕਾਰਵਾਈ ਹੈ, ਕਿਉਂਕਿ ਸੱਚੇ ਸਾਹਿਬ ਦੇ ਆਪ ਸਤਿਕਾਰੇ ਦਾ ਤ੍ਰਿਸਕਾਰ ਕਰਨਾ ਗੁਰੂ ਤੋਂ ਬੇਮੁਖ ਹੋਣਾ ਹੈ। ਤਾਹੀਏਂ ਭਸੌੜੀਆਂ ਦੀ ਇੱਕ ਨਹੀਂ ਸੁਣੀ ਗਈ ਸੀ।

ਗੁਰੂ ਪ੍ਰੰਪਰਾ ਦੀ ਸੋਝੀ, ਗੁਰਬਾਣੀ ਅਤੇ ਗੁਰਮਤਿ ਸਾਹਿਤ ਅਨੁਸਾਰ, ਧਰਮਾਂ ਦੇ ਇਤਿਹਾਸ ਵਿਚ ਬਹੁਤ ਅਹਿਮੀਅਤ ਰੱਖਦੀ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਨਾਨਕ ਨੂੰ ਪਾਰਬ੍ਰਹਮ ਪ੍ਰਮੇਸ਼ਰ ਨੇ ਦਰਬਾਰ ਵਿਚ ਬੁਲਾ ਕੇ ਅੰਮ੍ਰਿਤ ਦਾ ਪਿਆਲਾ ਪੀਣ ਨੂੰ ਦਿੱਤਾ ਅਤੇ ਓਸ ਨੂੰ ਆਪਣੇ ਵਿਚ ਅਭੇਦ ਕਰਦਿਆਂ 'ਗੁਰੂ ਪ੍ਰਮੇਸ਼ਰ' ਦੀ ਪਦ-ਪਦਵੀ ਬਖ਼ਸ਼ੀ ਅਤੇ ਆਪਣੀ ਸਿਫਤ-ਸਲਾਹ ਦੀ ਕਾਰ ਬਖ਼ਸ਼ੀ। ਨਾਨਕ ਨੇ ਨਿਮਰਤਾ, ਅਤਿ ਦੀ ਆਜਜ਼ੀ ਨਾਲ 'ਹਉ ਢਾਢੀ ਵੇਕਾਰੁ ਕਾਰੈ ਲਾਇਆ॥' (ਰਾਗੁ ਮਾਝ, ਪੰਨਾ 150.) ਆਖ ਕੇ ਆਪਣੀ ਨਿਯੁਕਤੀ ਨੂੰ ਪ੍ਰਵਾਨ ਕੀਤਾ।

ਪਾਰਬ੍ਰਹਮ ਨਾਨਕ ਨੇ ਇੱਕ ਜੀਵਨ ਵਿਚ ਆਪਣਾ ਗੁਰੂ-ਕਾਰਜ ਸੰਪੂਰਨ ਨਾ ਹੁੰਦਾ ਵੇਖ ਕੇ, ਆਪਣਾ ਰੂਪ ਵਟਾ ਕੇ, ਨੌਂ ਹੋਰ ਜਾਮੇ ਧਾਰਨ ਕੀਤੇ। ਨਵਾਂ ਜਾਮਾ ਧਾਰਨ ਦੇ ਪ੍ਰਤੀਕ ਵਜੋਂ ਓਸ ਨੇ ਆਪਣੇ ਨਵੇਂ ਸਰੂਪ ਨੂੰ ਮੱਥਾ ਟੇਕਿਆ ਅਤੇ ਆਪਣੇ-ਆਪ ਨੂੰ ਓਸ ਵਿਚ ਜਜ਼ਬ ਕਰ ਲਿਆ। ਸਰੀਰ ਦੀ ਏਸ ਮਰਿਆਦਾ ਰਾਹੀਂ ਅਸੀਂ ਸਿੱਖਾਂ ਨੇ ਦਸ ਮਹਿਲਾਂ ਦੇ 'ਦਰਸ ਨਿਹਾਰੇ'। ਦਸਾਂ ਦੀ ਭਿਣਕ ਸਾਨੂੰ ਛੇਵੇਂ ਮਹਿਲ ਸਮੇਂ ਹੀ ਪੈ ਗਈ ਸੀ। 'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥੪੮॥' ਵਾਰ 1, ਭਾਈ ਗੁਰਦਾਸ)। ਆਖ਼ਰ (ਮੇਰੇ ਬਜ਼ੁਰਗ) ਭਾਈ ਦਾਨ ਸਿੰਘ (ਦਾਦਾ) ਅਤੇ ਭਾਈ ਪਿਰਾਣਾਂ (ਨਾਨਾ) ਦੀਆਂ ਮੁਬਾਰਕ ਅੱਖਾਂ ਦੇ ਵੇਖਦਿਆਂ ਪਾਰਬ੍ਰਹਮ ਦਸਮੇਸ਼ ਨੇ ਗੁਰਗੱਦੀ, ਗੁਰੂ ਆਤਮਾ, 'ਧੁਰ ਕੀ ਬਾਣੀ' ਗੁਰੂ ਗ੍ਰੰਥ ਸਾਹਿਬ ਨੂੰ ਓਸੇ ਵਿਧੀ ਅਨੁਸਾਰ, ਜਿਸ ਅਨੁਸਾਰ ਨੌਂ ਜਾਮਿਆਂ ਨੂੰ ਸੌਂਪੀ ਸੀ, ਸਦਾ ਲਈ ਸੌਂਪ ਦਿੱਤਾ। ਸਾਧ-ਸੰਗਤ ਨੂੰ ਏਹੀ ਗੁਰੂ ਪਦਵੀ 1699 ਵਿਚ, ਦਸਮੇਸ਼ ਨੇ ਪੰਜ ਪਿਆਰਿਆਂ ਰਾਹੀਂ ਓਸ ਵੇਲੇ ਸੌਂਪ ਦਿੱਤੀ ਸੀ ਜਦੋਂ ਓਸ ਨੇ ਬੀਰ-ਆਸਣ ਹੋ ਕੇ ਹੈਰਾਨਕੁੰਨ ਆਜਜ਼ੀ ਨਾਲ ਪੰਜਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗੀ ਸੀ। ਨਾਨਕ ਨੂੰ ਪ੍ਰਾਪਤ ਹੋਏ ਅੰਮ੍ਰਿਤ ਦੇ ਪਿਆਲੇ ਦਾ ਦੁਨਿਆਵੀ ਸਫ਼ਰ ਏਸ ਮਰਹਲੇ ਉਤੇ ਆ ਕੇ ਸੰਪੂਰਨ ਹੋਇਆ। ਇਉਂ ਅਸੀਂ ਗੁਰੂ-ਸਰੂਪ ਦੀ ਪਛਾਣ ਕਰਨ ਜੋਗੇ ਹੋਏ।

ਏਸ ਸਾਰੀ ਪ੍ਰਕਿਰਿਆ ਵਿਚ ਭਗਤ ਰਵਿਦਾਸ ਦਾ ਕਿਧਰੇ ਜ਼ਿਕਰ ਨਹੀਂ; ਏਸ ਕਾਰਨ ਅਸੀਂ ਭਗਤ ਰਵਿਦਾਸ ਜਾਂ ਕਿਸੇ ਹੋਰ ਭਗਤ, ਭੱਟ, ਸ਼ੇਖ ਨੂੰ ਗੁਰੂ ਆਖ ਕੇ ਸੰਬੋਧਨ ਨਹੀਂ ਕਰ ਸਕਦੇ। ਇਹ ਡੂੰਘੀ ਅਧਿਆਤਮਕ ਰਮਜ਼ ਹਰ ਧਰਮ ਪਰਾਇਣ ਇਨਸਾਨ ਭਲੀ ਪ੍ਰਕਾਰ ਜਾਣਦਾ ਹੈ। ਓਸ ਮੁਬਾਰਕ ਮੰਡਲ ਵਿਚ ਕੋਈ ਜਗਿਆਸੂ ਏਸ ਸੋਝੀ ਤੋਂ ਵਿਰਵਾ ਨਹੀਂ। ਜੋ ਆਪਣੇ ਨਿੱਜੀ ਜਾਂ ਸਮਾਜੀ ਦਾਇਰੇ ਵਿਚ ਭਗਤ ਨੂੰ, ਬਿਨਾ ਕਿਸੇ ਅਧਿਆਤਮਕ ਪ੍ਰੰਪਰਾ ਦੀ ਪ੍ਰਵਾਨਗੀ ਦੇ, ਗੁਰੂ, ਅਵਤਾਰ, ਪੈਗੰਬਰ, ਵਲੀ-ਅੱਲਾਹ ਆਖ ਕੇ ਨਵੀਂ ਪਿਰਤ ਪਾਉਣ ਦੇ ਇੱਛੁਕ ਹਨ, ਉਨ੍ਹਾਂ ਨੂੰ ਰੋਕਣ, ਮਨ੍ਹਾ ਕਰਨ ਦਾ ਅਧਿਕਾਰ ਕਿਸੇ ਹੋਰ ਨੂੰ ਨਹੀਂ — ਠੀਕ ਉਵੇਂ, ਜਿਵੇਂ ਓਸ ਨੂੰ ਗੁਰੂ ਆਖਣ ਲਈ ਸਾਨੂੰ ਮਜਬੂਰ ਕਰਨ ਦਾ ਕਿਸੇ ਦਾ ਹੱਕ ਅਸੀਂ ਵੀ ਤਸਲੀਮ ਨਹੀਂ ਕਰਦੇ। ਇਹ ਨਿਰਣਾ ਸਭਨਾਂ ਦੇ ਸਾਂਈਂ ਦਾ ਹੈ, ਜੋ ਸਾਨੂੰ ਖਿੜੇ ਮੱਥੇ ਪ੍ਰਵਾਨ ਹੈ ਤੇ ਤੁਹਾਨੂੰ ਵੀ ਹੋਣਾ ਚਾਹੀਦਾ ਹੈ। ਵਿਵਾਦ ਬੇਲੋੜੇ ਹਨ।

ਏਸ ਵਿਵਾਦ ਦੇ ਸਿਆਸੀ ਪੱਖ ਦੇ ਕੁਝ ਹੋਰ ਵੀ ਪਹਿਲੂ ਹਨ। ਮਨੂਸਿਮ੍ਰਤੀ ਲਾਗੂ ਕਰਨ ਜਾ ਰਹੀ ਜਮਾਤ ਦੇ ਭੜਕਾਏ, ਉਨ੍ਹਾਂ ਦੀ ਗੋਦੀ ਵਿਚ ਬੈਠਣ ਦੇ ਚਾਅ ਵਾਲਿਆਂ ਨੂੰ ਸਮਝ ਲੈਣਾ ਜ਼ਰੂਰੀ ਹੈ ਕਿ ਮਾਂ ਨਾਲੋਂ ਹੇਜਲੀ ਫਫੇਕੁੱਟਣੀ ਹੁੰਦੀ ਹੈ। ਨਾਨਕ ਅਤੇ ਓਸ ਦੇ ਸਿੱਖਾਂ ਨੇ ਸਾਢੇ ਪੰਜ ਸਦੀਆਂ ਅਸਹਿ ਤਕਲੀਫ਼ਾਂ ਸਹਿ ਕੇ, ਲੱਖਾਂ ਸ਼ਹੀਦੀਆਂ ਦੇ ਕੇ ਇਹ ਜਹਾਜ਼ ਤਿਆਰ ਕੀਤਾ ਹੈ ਜਿਸ ਵਿਚ ਉਨ੍ਹਾਂ ਸੰਗਲਾਂ, ਜੇਵੜੀਆਂ (ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥) ਤੋਂ ਨਜਾਤ ਪਾ ਕੇ ਸ਼ਾਨਦਾਰ ਮੁਕਤ ਪੰਥ ਤਿਆਰ ਕੀਤਾ ਹੈ (ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥ ਮਾਰੂ ਮ: 5, ਪੰਨਾ 1002.)। ਏਸ ਵਿਚ ਆਉਣ ਵਾਲਾ ਹਰ ਮਨੁੱਖ ਮੁਕਤ ਹੈ। ਜਿਨ੍ਹਾਂ ਜੱਟਾਂ ਨੂੰ ਲੋਕ 'ਉਚਾ' ਜਾਣ ਕੇ ਭੰਡਦੇ ਹਨ, ਇਨ੍ਹਾਂ ਨੇ ਬਾਕੀ ਸੂਦਰਾਂ ਵਾਂਗ ਹੁੰਦਿਆਂ ਹੀ ਹਜ਼ਾਰਾਂ ਸਾਲ ਦੀ ਗੁਲਾਮੀ ਅਤੇ ਜਲਾਲਤ ਨੂੰ ਹੰਢਾਇਆ। ਆਖ਼ਰ ਆਪਣੇ ਗੁਰੂ ਦੀ ਕਿਰਪਾ ਨਾਲ (ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰ ਪਰਸਾਦੇ॥੫॥ ਭਗਤ ਕਬੀਰ, ਪੰਨਾ 969) ਇਉਂ ਵਗਾਹ ਕੇ ਮਾਰਿਆ ਹੈ ਜਿਵੇਂ ਭੁਜੰਗ ਆਪਣੀ ਕੁੰਜ ਨੂੰ ਲਾਹ ਸੇ ਸੁੱਟ ਦਿੰਦਾ ਹੈ। ਆਖ਼ਰੀ ਵਿਸ਼ਲੇਸ਼ਣ ਅਨੁਸਾਰ ਇਹ ਜਲਾਲਤਾਂ ਅਤੇ ਗੁਲਾਮੀਆਂ ਅਸੀਂ ਆਪਣੀ ਬੌਣੀ ਸੋਚ ਕਾਰਨ ਹੀ ਗਲ ਨਾਲ ਲਾਉਂਦੇ ਹਾਂ। ਜਦੋਂ ਜੱਟਾਂ ਨੇ ਗੁਰੂ-ਉਪਦੇਸ਼ ਆਸਰੇ ਆਪਣੇ-ਆਪ ਨੂੰ ਹੀਣ ਸਮਝਣਾ ਬੰਦ ਕਰ ਦਿੱਤਾ, ਜਦੋਂ ਇਨ੍ਹਾਂ ਨੇ ਖੰਡੇ-ਬਾਟੇ ਦੇ ਪੰਜ ਚੁਲਿਆਂ ਵਿਚ ਹਜ਼ਾਰਾਂ ਸਾਲਾਂ ਦੀ ਗੁਲਾਮੀ ਤਿਆਗ ਦਿੱਤੀ, ਓਦੋਂ ਇਹ ਕੁੰਦਨ ਹੋ ਕੇ ਸਿਰਾਂ ਉਤੇ ਤਾਜ ਸਜਾ ਕੇ ਰਾਜੇ ਬਣ ਦੁਨੀਆਂ ਸਾਹਮਣੇ ਪ੍ਰਗਟ ਹੋਏ। ਨੂਰੀ ਚਿਹਰਿਆਂ ਵਾਲੇ, ਅਣਖਾਂ ਵਾਲੇ, ਭਰਮਾਂ-ਵਹਿਮਾਂ ਤੋਂ ਮੁਕਤ, ਗੁਰੂ ਦੇ ਲਾਲਾਂ ਨਾਲੋਂ ਵੀ ਵੱਧ ਗੁਰੂ ਦੇ ਪਿਆਰੇ ਬਣ ਇਹ ਅੱਜ ਵਿਚਰ ਰਹੇ ਹਨ। ਬਾਕੀ ਸਦੀਆਂ ਦੇ ਸਤਿਆਂ ਲਈ ਵੀ ਗੁਰੂ-ਉਪਦੇਸ਼ ਮਨ ਵਿਚ ਵਸਾ ਕੇ ਧਰਮਨਾਸ਼, ਕਰਮਨਾਸ਼, ਕਿਰਤਨਾਸ਼, ਕੁਲਨਾਸ਼, ਭਰਮਨਾਸ਼ ਖ਼ਾਲਸਾ ਬਣਨ ਦੇ ਚਾਰੇ ਦਰਵਾਜ਼ੇ ਖੁੱਲ੍ਹੇ ਹਨ। ਮਾਸੂਮ ਲੋਕਾਂ ਨੂੰ ਗੁੰਮਰਾਹ ਨਾ ਕਰੋ। ਆਗੂ ਸੱਚ ਉਤੇ ਪਹਿਰਾ ਦੇਵੇ ਤਾਂ ਪਿੱਛੇ ਲੱਗੇ ਤਰ ਜਾਂਦੇ ਹਨ। ਇਹ ਜਾਤ-ਪਾਤੀ ਮਾਨਸਿਕਤਾ ਸਿੱਖਾਂ ਦੀ ਨਹੀਂ, ਉਨ੍ਹਾਂ ਦੀ ਸਥਾਪਤ ਕੀਤੀ ਹੋਈ ਹੈ, ਜਿਨ੍ਹਾਂ ਦੀ ਗੋਦ ਤੁਹਾਨੂੰ, ਮਾਮੂਲੀ ਅਤੇ ਵਕਤੀ ਲਾਲਚ ਅਧੀਨ, ਸੁਖਦਾਈ ਜਾਪਦੀ ਹੈ। ਇਹ ਕੰਡਿਆਂ ਦੀ ਉਹ ਸੇਜ ਹੈ ਜਿਸ ਨੇ ਬੇਕਿਰਕ ਹੋ ਕੇ ਸਾਡੇ ਪੁਰਖਿਆਂ ਦੇ ਸਰੀਰਾਂ ਵਿਚ ਸੌ-ਸੌ ਛੇਕ ਕਰ ਕੇ ਖ਼ੂਨ ਨਿਚੋੜਿਆ ਹੈ; ਜਿਸ ਨੇ ਸ਼ੰਭੂਕ ਵਰਗੇ ਸਾਧੂਆਂ ਨੂੰ ਤਹਿਤੇਗ ਕੀਤਾ ਹੈ; ਏਕਲੱਵਯ ਦੇ ਅੰਗੂਠਿਆਂ ਦੀ ਭੇਟ ਮੰਗੀ ਅਤੇ ਸਵੀਕਾਰ ਕੀਤੀ ਹੈ। ਤੁਸੀਂ ਜਿਸ ਸਨਮਾਨਯੋਗ ਭਗਤ ਨੂੰ ਗੁਰੂ ਆਖ ਕੇ ਸਤਿਕਾਰਨਾ ਚਾਹੁੰਦੇ ਹੋ, ਓਸ ਦੇ ਹਮਰੁਤਬਾ ਮਹਾਤਮਾ ਦੀ ਇੱਕ ਸਿਖਿਆ ਤਾਂ ਯਾਦ ਰੱਖੋ (ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥ ਮਲਾਰ, ਭਗਤ ਨਾਮਦੇਵ, ਪੰਨਾ 1292.)। ਚੀਤੇ ਦੇ ਛਿੰਬ ਕਦੇ ਨਹੀਂ ਬਦਲਣੇ। ਤੁਹਾਡਾ ਕਲਿਆਣ ਗੁਰੂ-ਬਚਨਾਂ ਉਤੇ ਡਟ ਕੇ ਪਹਿਰਾ ਦੇਣ ਨਾਲ ਹੋਵੇਗਾ। ਸਾਹਿਬਾਂ ਨੇ ਫ਼ੁਰਮਾਇਆ ਸੀ: ' ਰੰਘਰੇਟੇ ਗੁਰੂ ਕੇ ਬੇਟੇ, ਰਹੋ ਪੰਥ ਕੇ ਸੰਗ ਅਮੇਟੇ।' ਨੀਤੀ ਨੂੰ ਹੱਥ ਮਾਰੋ, ਸਦਬੁੱਧੀ ਦਾ ਸਹਾਰਾ ਲਉ, ਕੁਹਾੜੀ ਦਾ ਬਾਹਾ ਨਾ ਬਣੋ 'ਪਾਣੀ ਸੰਗ ਪਾਣੀ' ਵਾਂਗ ਗੁਰੂ-ਪੰਥ ਵਿਚ ਜਜ਼ਬ ਹੋ ਜਾਉ।

ਸਦੀਆਂ ਦੇ ਪਾਲੇ ਡਰ-ਭੈਅ ਤਿਆਗ ਦਿਉ। ਜੇ ਤੁਸੀਂ ਬਹੁਗਿਣਤੀ ਵਿਚ ਹੋ ਤਾਂ ਰਾਜ ਤੁਹਾਡਾ ਹੀ ਹੋਣਾ ਹੈ। ਪਰਛਾਵਿਆਂ ਤੋਂ ਨਾ ਡਰੋ। ਸਾਰੇ ਰਾਹ ਖੁੱਲ੍ਹੇ ਹਨ। ਤੁਸੀਂ ਗੁਰੂ ਵੱਲ ਆਓ ਤਾਂ ਸਹੀ! ('ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ॥' ਵਾਰ 111, ਭਾਈ ਗੁਰਦਾਸ ਜੀ)

ਜੱਕਾਂ-ਤੱਕਾਂ ਕਰਦੇ ਸ਼ੰਕਾਵਾਦੀਆਂ ਨੂੰ ਰਾਹ ਦੱਸਦੀਆਂ ਅਨੇਕ ਬਜ਼ੁਰਗਾਂ ਦੀਆਂ ਕਥਾਵਾਂ ਹਨ। ਇੱਕ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਬੀ.ਐਸ. ਮੂਰਤੀ (ਦਲਿਤ) ਨਹਿਰੂ ਦੀ ਵਜ਼ਾਰਤ ਵਿਚ ਜਹਾਜ਼ਰਾਨੀ ਦਾ ਕੇਂਦਰੀ ਮੰਤਰੀ ਸੀ। ਉਹ ਮੰਤਰੀ ਬਣ ਕੇ ਆਪਣੇ ਪਿੰਡ ਆਂਧਰਾ ਪ੍ਰਦੇਸ਼ ਗਿਆ ਤਾਂ ਉੱਚੀਆਂ ਜਾਤਾਂ ਵਾਲੇ ਓਸ ਦੇ ਸਾਹਮਣੇ ਵਿਛ ਗਏ। ਓਸ ਨੂੰ ਖਾਣੇ ਉਤੇ ਬੁਲਾਇਆ ਅਤੇ ਬੜੇ ਚਾਅ ਨਾਲ ਵਧੀਆ ਪਕਵਾਨ ਖਵਾਏ। ਬਾਹਰ ਆਇਆ ਤਾਂ ਹਨੇਰਾ ਹੋ ਚੁੱਕਾ ਸੀ। ਓਸ ਨੇ ਆਪਣੇ ਚਾਚੇ ਨੂੰ ਪਰਛਾਵੇਂ ਵਿਚ ਅਲੋਪ ਹੋਣ ਤੋਂ ਪਹਿਲਾਂ ਪਛਾਣ ਕੇ ਆਖਿਆ, 'ਚਾਚਾ ਜੇ ਆ ਗਿਆ ਸੀ ਤਾਂ ਅੰਦਰ ਹੀ ਆ ਜਾਣਾ ਸੀ।' ਓਸ ਬਜ਼ੁਰਗ ਦਾ ਜੁਆਬ ਸੀ: 'ਬੇਟਾ ਅਸੀਂ ਦਲਿਤ ਲੋਕ ਹਾਂ। ਸਾਨੂੰ ਕੌਣ ਅੰਦਰ ਵੜਨ ਦਿੰਦਾ ਹੈ?' ਓਸ ਨੇ ਪੁੱਛਿਆ, 'ਚਾਚਾ ਤੂੰ ਫੇਰ ਅਜਿਹੇ ਘਰ ਕਿਉਂ ਆਇਆ?' ਸੁੰਨ-ਸਦੀਆਂ ਦੀ ਹੀਣਤਾ ਵਿਚੋਂ ਉਪਜਿਆ ਚਾਚੇ ਦਾ ਜੁਆਬ ਸੀ: 'ਬੇਟਾ ਉਹ ਬਰਤਨ ਵਾਪਸ ਲੈਣ ਆਇਆ ਹਾਂ ਜਿਨ੍ਹਾਂ ਵਿਚ ਤੂੰ ਹੁਣੇ ਖਾਣਾ ਖਾ ਕੇ ਬਾਹਰ ਆਇਆ ਹੈਂ।' ਨੀਤੀਆਂ ਨੂੰ ਸਮਝੋ ਤੇ ਹੁਸ਼ਿਆਰ ਹੋ ਜਾਉ।

ਆਪਣੀ ਕਿਤਾਬ (Oppressed and Depressed) ਵਿਚ ਉਹ ਬੀਰੂ ਸਿੰਘ ਰੰਘਰੇਟੇ ਦੀ ਕਥਾ ਵੀ ਕਰਦਾ ਹੈ, ਜਿਸ ਦੀ ਮਿਸਲ ਦੇ ਇੱਕ ਹਜ਼ਾਰ ਸਿਪਾਹੀ ਦਲ ਖ਼ਾਲਸਾ ਦੇ ਨਾਲ ਸਨ ਅਤੇ ਹਰ ਥਾਂ ਉਨ੍ਹਾਂ ਨੂੰ ਪਹਿਲ ਮਿਲਦੀ ਸੀ — ਜੰਗ ਵਿਚ ਕਾਬੂ ਕੀਤੇ ਘੋੜਿਆਂ, ਮਾਲ-ਅਸਬਾਬ, ਲੰਗਰ-ਪਾਣੀ ਸਮੇਤ।

ਇਹ ਰੰਘਰੇਟਾ ਇੱਕ ਵਾਰ ਮੁਗ਼ਲਾਂ ਦੇ ਝਾਂਸੇ ਵਿਚ ਆ ਗਿਆ ਸੀ। ਉਨ੍ਹਾਂ ਨਾਲ ਮਿਲ ਗਿਆ ਸੀ। ਉਨ੍ਹਾਂ ਦਲ ਖ਼ਾਲਸਾ ਨੂੰ ਚਿੱਠੀ ਲਿਖੀ: 'ਤੁਹਾਡਾ ਵੱਡਾ ਸੂਰਮਾ, ਚੂਹੜਾ ਹੁਣ ਸਾਡੇ ਵੱਲ ਹੈ। ਅਗਲੀ ਜੰਗ ਵਿਚ ਤੁਹਾਡੇ ਓਸੇ ਤਰ੍ਹਾਂ ਆਹੂ ਲਾਹੇਗਾ ਜਿਵੇਂ ਕਦੇ ਸਾਡੇ ਲਾਹੁੰਦਾ ਸੀ। ਸਿੰਘਾਂ ਨੇ ਓਸ ਵੱਲ ਇੱਕ ਚਿੱਠੀ ਆਪਣੇ ਵੱਲੋਂ ਲਿਖੀ: 'ਅਸੀਂ ਗੁਰੂ ਦਾ ਸਿੰਘ ਜਾਣ ਕੇ ਤੇਰੇ ਨਾਲ ਪ੍ਰੀਤ ਪਾਈ ਸੀ। ਜੇ ਤੂੰ ਗੁਰੂ-ਸਰੋਵਰ ਦਾ ਓਹੀ ਵਡਹੰਸ ਹੈਂ ਤਾਂ ਤੇਰੀ ਥਾਂ ਸਾਡੇ ਵਿਚ ਹੈ। ਜੇ ਤੂੰ ਉਹ ਕੁਝ ਹੈਂ, ਜੋ ਤੈਨੂੰ ਮੁਗ਼ਲ ਸਮਝਦੇ ਹਨ, ਤਾਂ ਟਿਕਿਆ ਰਹੁ। ਇਨ੍ਹਾਂ ਵਾਂਗੂੰ ਤੇਰੇ ਨਾਲ ਵੀ ਦੋ ਹੱਥ ਕਰ ਲਵਾਂਗੇ।' ਨਾਲ ਨੱਥੀ ਕਰ ਕੇ ਉਨ੍ਹਾਂ ਨੇ ਮੁਗ਼ਲਾਂ ਦੀ ਚਿੱਠੀ ਵੀ ਭੇਜ ਦਿੱਤੀ ਸੀ। ਪੜ੍ਹਦਿਆਂ ਸਾਰ ਹੀ ਉਹ ਮਿਸਲ ਸਮੇਤ ਰਕਾਬ ਉਤੇ ਪੈਰ ਧਰ ਕੇ ਖ਼ਾਲਸੇ ਦੇ ਖੇਮੇ ਵਿਚ ਝੱਟ ਆ ਗਿਆ ਸੀ ਅਤੇ ਵੱਡੇ ਮਾਣ-ਸਤਿਕਾਰ ਦਾ ਹੱਕਦਾਰ ਬਣਿਆ ਸੀ।

ਭਗਤ ਦੇ ਭਗਤਾਂ ਨਾਲ ਇੱਕ ਹੋਰ ਗੱਲ ਵੀ ਕਰਨੀ ਰਹਿੰਦੀ ਹੈ। ਗੁਰੂ ਗ੍ਰੰਥ ਸੰਸਾਰ ਸਾਗਰ ਤੋਂ ਸਹਿਲਾ ਤਰ ਜਾਣ ਦਾ ਜਹਾਜ਼ ਹੈ; ਸਭ ਦੁੱਖ ਹਰਨ ਵਾਲੀ ਬਾਣੀ ਦਾ ਸਦੀਵੀ ਸੋਮਾ ਹੈ, ਪਰ ਨਾਲੋ-ਨਾਲ ਸੱਚੇ ਦਾ ਸਾਜਿਆ ਸੱਚਾ ਤਖ਼ਤ ਹੈ। ਭਗਤ ਰਵਿਦਾਸ ਨੂੰ ਸਮਦਰਸੀ ਨਾਨਕ ਨੇ ਏਸ ਜੁਗੋ-ਜੁਗ ਅਟੱਲ ਤਖ਼ਤ ਉਤੇ ਖ਼ੁਦ ਬਿਰਾਜਮਾਨ ਕੀਤਾ ਹੈ। ਓਸ ਨੂੰ ਭੁੰਜੇ ਲਾਹ ਕੇ ਕੀ ਖੱਟੋਗੇ। ਕੀ ਤੁਸੀਂ ਲਾਹੁਣ ਜੋਗ ਹੋ ਵੀ? ਪਾਣੀ ਵਿਚੋਂ ਪਾਣੀ ਕੱਢਣ ਦੀ ਕਿਹੜੀ ਤਰਕੀਬ ਤੁਹਾਡੇ ਹੱਥ ਲੱਗੀ ਹੈ? ਗੁਰੂ ਗ੍ਰੰਥ ਤਾਂ ਗਿਆਨ ਦਾ ਸੂਰਜ ਹੈ। ਕਿਸ ਵਿਧੀ ਨਾਲ ਏਸ ਦੀਆਂ ਕਿਰਨਾਂ ਵਿਚੋਂ ਨਿਖੇੜ ਕੇ ਇੱਕ ਕਿਰਨ ਨੂੰ ਬਾਹਰ ਕੱਢੋਗੇ? ਕਿਸ ਅਧਿਕਾਰ ਨਾਲ? ਸਭ ਤੋਂ ਪਹਿਲਾਂ ਭਗਤ ਹੁਰਾਂ ਨੂੰ ਹੀ ਪੁੱਛ ਵੇਖੋ ਕਿ ਉਹ ਓਥੇ ਹਨ ਵੀ? ('ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥' ਸੋਰਠਿ ਭਗਤ ਰਵਿਦਾਸ, ਪੰਨਾ 657) ਇਹ ਤਖ਼ਤ ਜੁਗੋ-ਜੁਗ ਅਟੱਲ ਹੈ। ਏਸ ਵਿਚ ਵਾਧਾ-ਘਾਟਾ ਕੋਈ ਨਹੀਂ ਕਰ ਸਕਦਾ। ਤੁਸੀਂ ਜੋ ਮੱਥਾ ਮਾਰਨਾ ਹੈ ਮਾਰ ਵੇਖੋ।

ਹੁਣ ਆਖ਼ਰੀ ਗੱਲ ਵੱਡੇ ਵਿਵਾਦੀਆਂ ਨਾਲ। ਜਾਤ-ਪਾਤ ਦੇ ਬੰਧਨ ਤੋੜਨ ਲਈ ਪੀੜਤਾਂ ਦਾ ਵੱਡਾ ਕਾਫ਼ਲਾ ਬਣਨਾ ਜ਼ਰੂਰੀ ਹੈ। ਖ਼ਾਲਸਾ ਪੰਥ, ਪਰਉਪਕਾਰ ਹਿਤ ਏਸ ਨੂੰ ਸਜਾਉਣ ਲਈ ਸਦੀਆਂ ਤੋਂ ਘਾਲਣਾ ਘਾਲ ਰਿਹਾ ਹੈ। ਤੁਸੀਂ ਏਸ ਦਾ ਸਾਥ ਦੇ ਕੇ ਸਦੀਆਂ ਤੋਂ ਜ਼ੁਲਮ ਸਹਿੰਦੇ ਕਰੋੜਾਂ ਲੋਕਾਂ ਨੂੰ ਜਲਾਲਤ ਵਿਚੋਂ ਕੱਢ ਸਕਦੇ ਹੋ। ਜੇ ਏਸ ਮਸਲੇ ਨੂੰ ਇਉਂ ਨਹੀ ਸਮਝ ਸਕਦੇ ਤਾਂ ਬੈਠੋ ਜਿੱਥੇ ਤੁਹਾਡੀ ਹੋਣੀ ਤੁਹਾਨੂੰ ਲੈ ਕੇ ਜਾ ਰਹੀ ਹੈ। ਗੁਰੂ ਕੀਆਂ ਫ਼ੌਜਾਂ ਦਾ ਸਫ਼ਰ ਜ਼ਰਾ ਹੋਰ ਲੰਮਾ ਹੋ ਜਾਵੇਗਾ, ਦਰਦ ਨਾਲ ਕਰਾਹੁੰਦੇ ਲੋਕਾਂ ਦੀਆਂ ਦੁਸ਼ਵਾਰੀਆਂ ਦੀ ਉਮਰ ਵਧ ਜਾਵੇਗੀ ਪਰ ਗੁਰੂ-ਪੰਥ ਦਾ ਕਾਫ਼ਲਾ ਏਵੇਂ ਚੱਲਦਾ ਰਹੇਗਾ। ਇਹ ਪਰਉਪਕਾਰ ਦਾ ਰਾਹ ਸਾਡਾ ਧਰਮ ਹੈ, ਅਕਾਲਪੁਰਖ ਦੀ ਸੇਵਾ ਹੈ; ਅਸੀਂ ਪੱਧਰੇ ਰਾਹ ਚੱਲਦੇ ਰਹਾਂਗੇ। ('ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ॥ ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ॥' ਮ:1, ਪੰਨਾ 1412) ਕਦੇ ਸਮਝ ਆ ਜਾਵੇ ਤਾਂ ਆ ਮਿਲਿਓ। ਅਸੀਂ ਪਲਕਾਂ ਵਿਛਾ ਕੇ ਖੜ੍ਹੇ, ਉਡੀਕਦੇ ਮਿਲਾਂਗੇ। ਜਿਊਂਦੇ ਵੱਸਦੇ ਰਹੋ! ਅੱਜ ਲਈ ਗੁਰ ਫ਼ਤਹਿ!

ਵਿਕਟੋਰੀਆ ਯੂਨੀਵਰਸਿਟੀ ਦੀ ਉਹ ਦਾਸਤਾਨ ਜਿਸ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ

ਵਿਕਟੋਰੀਆ (ਬ੍ਰਿਟਿਸ਼ ਕੋਲੰਬੀਆ) ਯੂਨੀਵਰਸਿਟੀ ਦਾ ਵੱਡਾ ਆਡੀਟੋਰੀਅਮ ਖੁਸ਼ੀਆਂ ਨਾਲ ਗੂੰਜ ਰਿਹਾ ਸੀ। ਅੱਜ ਗ੍ਰੈਜੂਏਸ਼ਨ ਦਾ ਦਿਨ ਸੀ। 23 ਸਾਲਾ ਸਿਮਰਨ ਅੱਜ ਨਰਸਿੰਗ ਦੀ ਡਿਗਰੀ ਲੈ ਰਹੀ ਸੀ। ਉਹ ਆਪਣੀ ਕਾਲੇ ਗ੍ਰੈਜੂਏਸ਼ਨ ਗਾਊਨ ਵਿਚ ਬਹੁਤ ਸੋਹਣੀ ਲੱਗ ਰਹੀ ਸੀ।

ਪਰ ਇਸੇ ਭੀੜ ਤੋਂ ਦੂਰ, ਆਡੀਟੋਰੀਅਮ ਦੇ ਪਿਛਲੇ ਪਾਸੇ ਇੱਕ ਹਨੇਰੇ ਕੋਨੇ ਵਿਚ 58 ਸਾਲਾ ਪਰਗਟ ਸਿੰਘ ਖੜ੍ਹਾ ਸੀ। ਉਸਨੇ ਯੂਨੀਵਰਸਿਟੀ ਦੀ ਸਫ਼ਾਈ ਸੇਵਕ ਵਾਲੀ ਨੀਲੇ ਰੰਗ ਦੀ ਵਰਦੀ ਪਾਈ ਹੋਈ ਸੀ। ਉਸਦੇ ਹੱਥ ਵਿਚ ਮੋਪ (Mop) ਸੀ।

ਪਰਗਟ ਸਿੰਘ ਪਿਛਲੇ ਪੰਜ ਸਾਲਾਂ ਤੋਂ ਇਸੇ ਯੂਨੀਵਰਸਿਟੀ ਵਿਚ ਰਾਤ ਨੂੰ ਸਫ਼ਾਈ ਕਰਦਾ ਸੀ, ਤਾਂ ਜੋ ਸਿਮਰਨ ਦੀ ਪੜ੍ਹਾਈ ਦਾ ਖਰਚਾ ਨਿਕਲ ਸਕੇ। ਅੱਜ ਉਹ ਬਹੁਤ ਖੁਸ਼ ਸੀ, ਪਰ ਉਹ ਸਿਮਰਨ ਦੇ ਸਾਹਮਣੇ ਨਹੀਂ ਆ ਰਿਹਾ ਸੀ।

ਉਸਨੂੰ ਡਰ ਸੀ ਕਿ ਉਸਦੀ ਸਫ਼ਾਈ ਵਾਲੀ ਵਰਦੀ ਦੇਖ ਕੇ ਸਿਮਰਨ ਦੇ ਦੋਸਤ ਉਸਦਾ ਮਜ਼ਾਕ ਨਾ ਉਡਾਉਣ ਅਤੇ ਸਿਮਰਨ ਨੂੰ ਸ਼ਰਮ ਮਹਿਸੂਸ ਨਾ ਹੋਵੇ।

ਉਹ ਦੂਰੋਂ ਹੀ ਆਪਣੀ ਧੀ ਨੂੰ ਸਟੇਜ 'ਤੇ ਡਿਗਰੀ ਲੈਂਦੇ ਦੇਖ ਕੇ ਅੱਖਾਂ ਪੂੰਝ ਰਿਹਾ ਸੀ।

ਸਮਾਪਤੀ ਤੋਂ ਬਾਅਦ, ਸਿਮਰਨ ਆਪਣੇ ਦੋਸਤਾਂ ਨਾਲ ਫੋਟੋਆਂ ਖਿਚਵਾਉਣ ਦੀ ਬਜਾਏ ਪੂਰੇ ਹਾਲ ਵਿਚ ਕਿਸੇ ਨੂੰ ਲੱਭ ਰਹੀ ਸੀ। ਅਚਾਨਕ ਉਸਦੀ ਨਜ਼ਰ ਪਿਛਲੇ ਦਰਵਾਜ਼ੇ ਕੋਲ ਖੜ੍ਹੇ ਆਪਣੇ ਪਿਤਾ 'ਤੇ ਪਈ। ਪਰਗਟ ਸਿੰਘ ਨੇ ਜਲਦੀ ਨਾਲ ਆਪਣਾ ਚਿਹਰਾ ਦੂਜੇ ਪਾਸੇ ਘੁਮਾ ਲਿਆ ਅਤੇ ਉੱਥੋਂ ਜਾਣ ਲੱਗਿਆ।

ਸਿਮਰਨ ਦੌੜ ਕੇ ਗਈ ਅਤੇ ਆਪਣੇ ਪਿਤਾ ਦਾ ਹੱਥ ਫੜ ਲਿਆ। ਉਸਨੇ ਸਭ ਦੇ ਸਾਹਮਣੇ ਆਪਣੀ ਗ੍ਰੈਜੂਏਸ਼ਨ ਕੈਪ ਉਤਾਰੀ ਅਤੇ ਆਪਣੇ ਪਿਤਾ ਦੇ ਸਿਰ 'ਤੇ ਰੱਖ ਦਿੱਤੀ ਅਤੇ ਉੱਚੀ ਆਵਾਜ਼ ਵਿਚ ਕਿਹਾ, 'ਦੋਸਤੋ, ਇਹ ਮੇਰੇ ਪਾਪਾ ਹਨ। ਜੇ ਇਹ ਪਿਛਲੇ ਪੰਜ ਸਾਲਾਂ ਤੋਂ ਇਸ ਵਰਦੀ ਵਿਚ ਇਨ੍ਹਾਂ ਫਰਸ਼ਾਂ ਨੂੰ ਨਾ ਚਮਕਾਉਂਦੇ, ਤਾਂ ਅੱਜ ਮੈਂ ਇਸ ਸਟੇਜ 'ਤੇ ਨਾ ਹੁੰਦੀ।'

ਪਰਗਟ ਸਿੰਘ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ। ਉਸਨੂੰ ਲੱਗਦਾ ਸੀ ਕਿ ਉਸਦਾ ਕੰਮ ਛੋਟਾ ਹੈ, ਪਰ ਉਸਦੀ ਧੀ ਨੇ ਅੱਜ ਉਸਨੂੰ ਦੁਨੀਆ ਦਾ ਸਭ ਤੋਂ ਅਮੀਰ ਇਨਸਾਨ ਬਣਾ ਦਿੱਤਾ ਸੀ। ਸਿਮਰਨ ਨੇ ਆਪਣੇ ਪਿਤਾ ਦੀ ਵਰਦੀ ਉੱਤੇ ਲੱਗੇ 'Janitor' ਦੇ ਬੈਜ ਨੂੰ ਚੁੰਮਿਆ ਅਤੇ ਕਿਹਾ, 'ਬਾਪੂ, ਤੇਰੀ ਇਹ ਵਰਦੀ ਮੇਰੀ ਡਿਗਰੀ 'ਤੋਂ ਕਿਤੇ ਜ਼ਿਆਦਾ ਕੀਮਤੀ ਹੈ। ਇਹ ਮੇਰੇ ਲਈ ਕੁਰਬਾਨੀ ਦਾ ਸਭ ਤੋਂ ਵੱਡਾ ਮੈਡਲ ਹੈ।' ਪੂਰੇ ਹਾਲ ਵਿਚ ਤਾਲੀਆਂ ਦੀ ਗੜਗੜਾਹਟ ਸੀ। ਉਨ੍ਹਾਂ ਗੋਰੇ ਦੋਸਤਾਂ ਦੀਆਂ ਅੱਖਾਂ ਵੀ ਨਮ ਸਨ, ਜੋ ਕੁਝ ਦੇਰ ਪਹਿਲਾਂ ਸਿਰਫ਼ ਆਪਣੀ ਸਫਲਤਾ ਦਾ ਜਸ਼ਨ ਮਨਾ ਰਹੇ ਸਨ।

27 ਜਨਵਰੀ ਦੀ ਸ਼ਾਮ ਢਲ ਰਹੀ ਹੈ। ਪਰਗਟ ਸਿੰਘ ਹੁਣ ਡਰ ਕੇ ਨਹੀਂ, ਸਗੋਂ ਮਾਣ ਨਾਲ ਸਿਮਰਨ ਦਾ ਹੱਥ ਫੜ ਕੇ ਯੂਨੀਵਰਸਿਟੀ ਵਿਚੋਂ ਬਾਹਰ ਨਿਕਲ ਰਿਹਾ ਹੈ।

ਇਹ ਕਹਾਣੀ ਉਨ੍ਹਾਂ ਸਾਰੇ ਬੱਚਿਆਂ ਲਈ ਹੈ, ਜੋ ਆਪਣੇ ਮਾਪਿਆਂ ਦੇ 'ਛੋਟੇ' ਕੰਮਾਂ ਕਰਕੇ ਸ਼ਰਮ ਮਹਿਸੂਸ ਕਰਦੇ ਹਨ। ਯਾਦ ਰੱਖਿਓ, ਮਾਪਿਆਂ ਦੀ ਹਰ ਸ਼ਿਫਟ ਅਤੇ ਹਰ ਮਿਹਨਤ ਤੁਹਾਡੀ ਸਫ਼ਲਤਾ ਦੀ ਬੁਨਿਆਦ ਹੈ। ਉਨ੍ਹਾਂ ਦਾ ਸਤਿਕਾਰ ਕਰੋ, ਕਿਉਂਕਿ ਅਸਲੀ ਹੀਰੇ ਉਹ ਹਨ, ਜਿਨ੍ਹਾਂ ਨੇ ਤੁਹਾਨੂੰ ਤਰਾਸ਼ਣ ਲਈ ਖ਼ੁਦ ਨੂੰ ਮਿੱਟੀ ਕਰ ਲਿਆ।

ਚਰਨਜੀਤ ਸਿੰਘ ਪੰਨੂ ਦਾ ਕਹਾਣੀ ਸੰਗ੍ਰਹਿ 'ਖੇੜੇ ਦਾ ਸਿਰਨਾਵਾਂ': ਪੰਜਾਬੀ ਡਾਇਸਪੋਰਾ ਦੇ ਨਵੇਂ ਸੰਦਰਭ

ਪੰਜਾਬੀ ਜਨ-ਜੀਵਨ ਵਿਚ ਪਰਵਾਸ ਅੱਜ ਕੋਈ ਅਲੋਕਾਰ ਵਰਤਾਰਾ ਨਹੀਂ ਸਗੋਂ ਇਹ ਸਮਕਾਲ ਵਿਚ ਅਜਿਹਾ ਪ੍ਰਵਾਨਿਤ ਵਰਤਾਰਾ ਹੈ ਜਿਸ ਨੂੰ ਪੰਜਾਬੀਆਂ ਨੇ ਸਭਿਆਚਾਰਕ ਅਤੇ ਵਿਹਾਰਕ ਪੱਧਰ 'ਤੇ ਅਪਣਾ ਲਿਆ ਹੈ। ਕੋਈ ਸਮਾਂ ਸੀ ਜਦੋਂ ਪੰਜਾਬੀਆਂ ਲਈ ਬੇਗਾਨੀਆਂ ਧਰਤੀਆਂ 'ਤੇ ਪੱਕੇ ਪੈਰੀਂ ਪਰਵਾਸ ਧਾਰਨ ਕਰਨਾ ਇੱਕ ਬਹੁਤ ਵੱਡਾ ਹਉਆ ਸੀ ਪਰ ਜਦ ਅੱਜ ਅਸੀਂ ਪੰਜਾਬੀ ਪਰਵਾਸ ਨੂੰ ਬਹੁ-ਕੋਣੀ ਮਾਡਲ ਵਿਚ ਰੱਖ ਕੇ ਦੇਖਦੇ ਹਾਂ ਤਾਂ ਇਸ ਦੀਆਂ ਸਥਿਤੀਆਂ ਅਤੇ ਸੰਦਰਭ ਪਹਿਲਾਂ ਵਾਲੇ ਨਾ ਰਹਿ ਕੇ ਮੂਲ ਰੂਪ ਵਿਚ ਆਪਣਾ ਨਵਾਂ ਰੂਪ ਅਖ਼ਤਿਆਰ ਕਰ ਗਏ ਹਨ। ਪੰਜਾਬੀਆਂ ਦੇ ਮੁੱਢਲੇ ਪਰਵਾਸ ਦੀ ਤੰਦ ਭਾਵੇਂ ਦੂਸਰੇ ਵਿਸ਼ਵ ਯੁੱਧ, ਗ਼ਦਰ ਲਹਿਰ ਜਾਂ ਫਿਰ ਅਰਬ ਦੇਸ਼ਾਂ ਵਿਚਲੇ ਡਰਾਈਵਰੀ ਦੇ ਕਿੱਤੇ ਨਾਲ ਜੁੜਦੀ ਹੋਵੇ ਪਰ ਅੱਜ-ਕੱਲ੍ਹ ਇੰਗਲੈਂਡ, ਕੈਨੇਡਾ,

ਡਾ. ਸਿਮਰਨਜੀਤ ਸਿੰਘ
ਫੋਨ: 78073-02105

ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਬਾਕੀ ਯੂਰਪ ਨਾਲ ਜੁੜੇ ਦੇਸ਼ਾਂ ਵਿਚਲੇ ਸਟੱਡੀ ਬੇਸ ਜਾਂ ਮੈਰਿਜ ਬੇਸਡ ਪਰਵਾਸ ਦੀ ਦਸ਼ਾ ਅਤੇ ਦਿਸ਼ਾ ਮੁੱਢਲੇ ਪਰਵਾਸ ਨਾਲੋਂ ਬਿਲਕੁਲ ਵੱਖਰੀ ਹੈ। ਮਸਲਨ, ਜੇਕਰ ਅੱਜ ਅਸੀਂ ਸਮਕਾਲੀ ਪਰਵਾਸੀ ਪੰਜਾਬੀ ਸਾਹਿਤ ਨੂੰ ਘੋਖੀਏ ਤਾਂ ਉਸ ਵਿਚੋਂ ਭੂ-ਹੇਰਵਾ, ਨਸਲਵਾਦ, ਪੀੜੀ-ਪਾੜਾ ਅਤੇ ਬੇਗਾਨਗੀ ਦਾ ਸੰਕਲਪ ਵਰਗੇ ਵਿਸ਼ੇ ਸਾਨੂੰ ਅੱਜ ਦੇ ਸੰਦਰਭ ਵਿਚ ਓਨੇ ਸਾਰਥਕ ਨਾ ਹੋ ਕੇ ਓਪਰੇ ਜਾਪਣਗੇ, ਕਿਉਂਕਿ ਅੱਜ ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕਰਨ ਦੀਆਂ ਸਥਿਤੀਆਂ ਅਤੇ ਸੰਦਰਭ ਪਹਿਲਾਂ ਵਾਲੇ ਨਹੀਂ ਰਹੇ। ਪਰਵਾਸੀ ਪੰਜਾਬੀ ਸਾਹਿਤ ਵਿਚ ਜ਼ਿਆਦਾਤਰ ਲੇਖਕਾਂ ਨੇ ਉਪਰੋਕਤ ਨੁਕਤਿਆਂ ਹੇਠ ਹੀ ਆਪਣਾ ਸਾਹਿਤ ਸੰਸਾਰ ਸਿਰਜਿਆ ਹੈ, ਜਦੋਂ ਕਿ ਬਹੁਤ ਘੱਟ ਲੇਖਕ ਹਨ, ਜਿਨ੍ਹਾਂ ਨੇ ਸਮੇਂ ਦੇ ਬਦਲਦੇ ਪਰਿਪੇਖ ਹੇਠ ਪਰਵਾਸ ਦੇ ਨਵੇਂ ਸੰਦਰਭਾਂ ਨੂੰ ਆਪਣੀਆਂ ਸਾਹਿੱਤਿਕ ਕਿਰਤਾਂ ਦਾ ਆਧਾਰ ਬਣਾਇਆ ਹੈ। ਇਸੇ ਹੀ ਲੜੀ ਦੇ ਤਹਿਤ ਪਰਵਾਸੀ ਪੰਜਾਬੀ ਸਾਹਿੱਤ ਦੇ ਅੰਤਰਗਤ ਅਮਰੀਕੀ ਪੰਜਾਬੀ ਕਹਾਣੀ ਦੇ ਖੇਤਰ ਵਿਚ 'ਚਰਨਜੀਤ ਸਿੰਘ ਪੰਨੂ' ਇਕ ਅਜਿਹਾ ਹਸਤਾਖਰ ਹੈ ਜਿਸ ਨੇ ਪੰਜਾਬੀ ਪਰਵਾਸ ਦੀਆਂ ਨਵੀਆਂ ਪਰਤਾਂ ਨੂੰ ਕਹਾਣੀ ਦੇ ਮਾਧਿਅਮ ਰਾਹੀਂ ਉਜਾਗਰ ਕੀਤਾ ਹੈ। ਹਥਲੇ ਖੋਜ-ਪੱਤਰ ਵਿਚ ਉਸ ਦੇ ਕਹਾਣੀ ਸੰਗ੍ਰਹਿ 'ਖੇੜੇ ਦਾ ਸਿਰਨਾਵਾਂ' ਵਿਚਲੀਆਂ ਕਹਾਣੀਆਂ ਦੇ ਆਧਾਰ 'ਤੇ ਪੰਜਾਬੀ ਡਾਇਸਪੋਰਾ ਦੇ ਉਨ੍ਹਾਂ ਨਵੇਂ ਸੰਦਰਭਾਂ ਸਬੰਧੀ ਸੰਵਾਦ ਰਚਾਇਆ ਗਿਆ ਹੈ, ਜੋ ਸਮਕਾਲੀ ਪਰਵਾਸ ਅੰਦਰ ਬਿਲਕੁਲ ਨਿਵੇਕਲੇ ਹਨ।

ਸਭ ਤੋਂ ਪਹਿਲਾਂ ਇਸ ਕਹਾਣੀ ਸੰਗ੍ਰਹਿ ਦੇ ਸਿਰਲੇਖ ਨੂੰ ਜੇਕਰ ਗਹੁ ਨਾਲ ਪੜ੍ਹੀਏ ਤਾਂ 'ਖੇੜੇ ਦਾ ਸਿਰਨਾਵਾਂ' ਇਸ ਗੱਲ ਦਾ ਸੰਚਾਰ ਕਰਦਾ ਹੈ ਕਿ ਬੰਦਾ ਸਾਰੀ ਉਮਰ ਖ਼ੁਸ਼ੀਆਂ/ਖੇੜੇ ਤਲਾਸ਼ਦਾ ਰਹਿੰਦਾ ਹੈ ਅਤੇ ਅਖ਼ੀਰ ਇਸ ਜਹਾਨੋਂ ਕੂਚ ਕਰ ਜਾਂਦਾ ਹੈ, ਜਦੋਂ ਕਿ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਬੰਦੇ ਨੂੰ ਉਨ੍ਹਾਂ ਖ਼ੁਸ਼ੀਆਂ ਦੇ ਟਿਕਾਣੇ ਦੱਸਦੀਆਂ ਹਨ ਜੋ ਅਛੋਪਲੇ ਹੀ ਉਸ ਕੋਲੋਂ ਖੁੰਝ ਜਾਂਦੇ ਹਨ। ਦੂਜੇ ਪੱਖ ਤੋਂ ਦੇਖੀਏ ਤਾਂ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਅਮਰੀਕਾ ਦੇ ਪਰਵਾਸ ਨਾਲ ਜੁੜਿਆਂ ਹੋਇਆ ਹੈ ਤੇ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੀ ਮੂਲ ਭਾਲ ਵੀ ਉਨ੍ਹਾਂ ਖ਼ੁਸ਼ੀਆਂ ਦੀ ਤਲਾਸ਼ ਹੈ, ਜੋ ਉਨ੍ਹਾਂ ਨੂੰ ਪੰਜਾਬ ਦੀ ਧਰਤੀ 'ਤੇ ਰਹਿੰਦਿਆਂ ਨਹੀਂ ਮਿਲੀਆਂ ਤੇ ਇਹੀ ਭਾਲ ਉਨ੍ਹਾਂ ਨੂੰ ਅਮਰੀਕਾ ਦੀ ਧਰਤੀ 'ਤੇ ਲੈ ਆਉਂਦੀ ਹੈ। ਪਰ ਅਸਲੀਅਤ ਤਾਂ ਇਹ ਹੈ ਕਿ ਇਨ੍ਹਾਂ ਕਹਾਣੀਆਂ ਦੇ ਪਾਤਰ ਜ਼ਿੰਦਗੀ ਦੇ ਅੰਤਲੇ ਸਿਰੇ ਤੱਕ ਖ਼ੁਸ਼ੀਆਂ ਦਾ ਟਿਕਾਣਾ ਲੱਭਣ ਤਾਂ ਵਾਂਝੇ ਤਾਂ ਰਹਿੰਦੇ ਹੀ ਹਨ, ਸਗੋਂ ਕਿਤੇ-ਕਿਤੇ ਉਹ ਆਪਣੇ-ਆਪ ਨੂੰ ਲੁੱਟੇ ਗਏ ਮਹਿਸੂਸ ਵੀ ਕਰਦੇ ਹਨ। ਇਸ ਪੁਸਤਕ ਦੇ ਸਿਰਲੇਖ ਸਬੰਧੀ ਲੇਖਕ ਦਾ ਆਪਣਾ ਕਥਨ ਹੈ ਕਿ, 'ਅਮਰੀਕਾ ਫੁੱਲਾਂ ਦੀ ਸੇਜ ਵੀ ਹੈ ਤੇ ਕੰਡਿਆਂ ਦੀ ਮਾਲਾ ਵੀ। ਕੰਡੇ ਵੀ ਗੁਲਾਬ ਦੇ ਫੁੱਲਾਂ ਵਰਗੇ ਨੇ ,ਜੋ ਚੁੱਭਦੇ ਮੱਠੀ-ਮੱਠੀ ਜਲੂਣ ਵੀ ਕਰਦੇ, ਲਹੂ ਵੀ ਕੱਢਦੇ ਹਨ, ਫਿਰ ਵੀ ਸੋਹਣੇ ਲੱਗਦੇ ਹਨ ਤੇ ਹਰ ਕੋਈ ਅਪਣਾਉਣ ਲਈ ਤਿਆਰ ਰਹਿੰਦਾ ਹੈ। ਬਹੁਤੇ ਲੋਕ ਖੇੜੇ ਦਾ ਸਿਰਨਾਵਾਂ ਦਿਲ ਦਿਮਾਗ਼ 'ਚ ਲੈ ਕੇ ਸਾਰੀ ਉਮਰ ਤਾਂਘਦੇ ਸੰਘਰਸ਼ ਕਰਦੇ ਆਕਾਸ਼ ਚੱਲ ਉਡਣ ਲਈ ਤਤਪਰ ਰਹਿੰਦੇ ਹਨ, ਪਰ ਖੇੜਾ ਉਨ੍ਹਾਂ ਦੇ ਹੱਥ ਪੱਲੇ ਨਹੀਂ ਪੈਂਦਾ ਤੇ ਕਈ ਖ਼ੁਸ਼ਕਿਸਮਤ ਇਹ ਮੰਜ਼ਿਲ ਸਹਿਜੇ ਹੀ ਪਾ ਲੈਂਦੇ ਹਨ।'

ਚਰਨਜੀਤ ਪੰਨੂ ਦੁਆਰਾ ਰਚਿਤ ਹਥਲਾ ਕਹਾਣੀ-ਸੰਗ੍ਰਹਿ ਪਰਵਾਸੀ ਪੰਜਾਬੀ ਗਲਪ ਵਿਚ ਇਸ ਗੱਲੋਂ ਨਿਵੇਕਲਤਾ ਰੱਖਦਾ ਹੈ ਕਿ ਇਸ ਵਿਚ ਪੰਜਾਬੀ ਡਾਇਸਪੋਰਾ ਦੇ ਪੁਰਾਣੇ ਸੰਦਰਭਾਂ ਮਸਲਨ ਭੂ-ਹੇਰਵਾ, ਨਸਲਵਾਦ, ਬੇਗਾਨਗੀ ਦਾ ਸੰਕਲਪ ਜਾਂ ਪੀੜ੍ਹੀ-ਪਾੜਾ ਦੀ ਥਾਂ ਏਜੰਟਾਂ ਦੇ ਧੱਕੇ ਚੜ੍ਹੀ ਡੌਂਕੀਆਂ ਲਾ-ਲਾ ਪਰਦੇਸਾਂ 'ਚ ਰੁਲਦੀ-ਖੁਲਦੀ ਪੰਜਾਬ ਦੀ ਜੂਝਦੀ ਜੁਆਨੀ ਅਤੇ ਵਿਦੇਸ਼ਾਂ ਵਿਚ ਗਰੀਨ ਕਾਰਡ ਲੈਣ ਦੀ ਆਤ ਵਿਚ ਪੰਜਾਬ ਦੇ ਪਿੰਡਾਂ ਵਿਚ ਬੈਠੇ ਬੁੱਢੇ ਮਾਂ-ਬਾਪ ਦਾ ਆਪਣੇ ਬੱਚਿਆਂ ਕੋਲ ਪੱਕੇ ਸੈਟਲ ਹੋਣ ਲਈ ਭਗੌੜੇ ਅਤੇ ਸ਼ਰਨਾਰਥੀ ਬਣ ਕੇ ਵਕੀਲਾਂ ਦੇ ਪਿੱਛੇ ਹੱਥ ਜੋੜ-ਜੋੜ ਤੁਰੇ ਫਿਰਨ ਵਰਗੇ ਕੌੜੇ ਨੰਗੇ ਸੱਚ ਦੀ ਪੇਸ਼ਕਾਰੀ ਇਸ ਪੁਸਤਕ ਵਿਚਲੀਆਂ ਕਹਾਣੀਆ ਦਾ ਵਿਸ਼ੇਸ਼ ਹਾਸਲ ਹੈ। ਇਸ ਪੁਸਤਕ ਵਿਚਲੀਆਂ ਕਹਾਣੀਆਂ ਦੇ ਵਿਸ਼ੇ ਭਾਵੇਂ ਪਹਿਲਾਂ ਲਿਖੀ ਗਈ ਪਰਵਾਸੀ ਪੰਜਾਬੀ ਕਹਾਣੀ ਨਾਲ ਕਿਤੇ-ਕਿਤੇ ਮੇਲ ਵੀ ਖਾਂਦੇ ਹਨ ਪਰ ਉਨ੍ਹਾਂ ਵਿਸ਼ਿਆਂ ਦੇ ਸੰਦਰਭ, ਸਥਿਤੀਆਂ ਅਤੇ ਪਾਤਰ ਅਸਲੋਂ ਹੀ ਪਹਿਲੀ ਕਹਾਣੀ ਨਾਲੋਂ ਭਿੰਨ ਹਨ। ਮਿਸਾਲ ਦੇ ਤੌਰ 'ਤੇ ਇਸ ਕਹਾਣੀ-ਸੰਗ੍ਰਹਿ ਵਿਚਲੀ ਕਹਾਣੀ 'ਗ਼ਮ ਦਾ ਗੋਲਾ' ਨੂੰ ਵੇਖ ਸਕਦੇ ਹਾਂ। ਇਸ ਕਹਾਣੀ ਦਾ ਮੂਲ ਵਿਸ਼ਾ ਏਜੰਟਾਂ ਦੇ ਰਾਹੀਂ ਕਿਸੇ ਵੀ ਤਰ੍ਹਾਂ ਗ਼ੈਰ-ਕਾਨੂੰਨੀ ਢੰਗ ਵਰਤਦਿਆਂ ਅਮਰੀਕਾ ਜਾਣ ਨਾਲ ਸਬੰਧਿਤ ਹੈ, ਪਰ ਇਸ ਵਿਚਲੇ ਪਾਤਰ, ਸਥਿਤੀਆਂ ਅਤੇ ਸੰਦਰਭ ਪੰਜਾਬ ਦੀ ਨਵੀਂ ਪੀੜ੍ਹੀ ਨਾਲ ਸਿੱਧੇ ਸਬੰਧਿਤ ਨਾ ਹੋ ਕੇ ਨਵੀਂ ਪੀੜ੍ਹੀ ਦੇ ਮਾਤਾ-ਪਿਤਾ ਨਾਲ ਜੁੜੇ ਹੋਏ ਹਨ, ਜਿਨ੍ਹਾਂ ਦੇ ਬੱਚੇ ਵਿਦੇਸ਼ ਸੈਟ ਹੋ ਚੁੱਕੇ ਹਨ ਅਤੇ ਉਹ ਕਿਸੇ ਵੀ ਢੰਗ ਨਾਲ ਉਨ੍ਹਾਂ ਕੋਲ ਜਾਣਾ ਚਾਹੁੰਦੇ ਹਨ। ਇਸ ਕਹਾਣੀ ਦੇ ਮੁੱਖ ਪਾਤਰ ਬਾਬਾ ਮੋਤਾ ਸਿੰਘ ਅਤੇ ਬੀਬੀ ਦੀਪੋ ਨੂੰ ਪਾਸਪੋਰਟ ਉੱਪਰ ਆਪਣੇ ਅਸਲੀ ਨਾਂ ਬਦਲਣ ਦੇ ਬਾਵਜੂਦ ਵੀ ਜਦੋਂ ਅੰਬੈਸੀ ਵੱਲੋਂ ਅਮਰੀਕਾ ਦਾ ਵੀਜ਼ਾ ਨਹੀਂ ਮਿਲਦਾ ਤਾਂ ਉਹ ਏਜੰਟਾਂ ਹੱਥੋਂ ਲੁੱਟੇ ਜਾਣ ਦੇ ਤੌਖਲੇ ਅਤੇ ਪਿੰਡ ਵਿਚ ਆਪਣੀ ਪੋਲ ਖੁੱਲ੍ਹਣ ਦੇ ਡਰ ਨਾਲ ਅਜਿਹੀ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਦੇ ਹਨ ਕਿ ਬੀਬੀ ਦੀਪੋ ਇਸ ਗ਼ਮ ਦੇ ਗੋਲੇ ਦੇ ਭਾਰ ਥੱਲੇ ਦੱਬੀ ਆਪਣਾ ਅਸਲੀ ਨਾਂ ਅਤੇ ਪਛਾਣ ਤੱਕ ਗੁਆ ਬੈਠਦੀ ਹੈ। ਇਹ ਮਹਿਜ਼ ਇਸ ਕਹਾਣੀ ਦੇ ਪਾਤਰ ਦਾ ਵਰਤਾਰਾ ਨਹੀਂ ਸਗੋਂ ਇਹ ਡਾਇਸਪੋਰਾ ਨਾਲ ਸਬੰਧਿਤ ਪੰਜਾਬੀਆਂ ਦੇ ਪਰਵਾਸ ਦਾ ਇਕ ਨਵਾਂ ਸੰਤਾਪ ਹੈ ਜੋ ਇਸ ਕਹਾਣੀ ਵਿਚ ਸਾਨੂੰ ਦੇਖਣ ਨੂੰ ਮਿਲਦਾ ਹੈ। ਸਮੁੱਚੇ ਰੂਪ ਵਿਚ ਪੰਜਾਬੀ ਮਾਨਸਿਕਤਾ ਵਿਚ ਬਾਹਰ ਦਾ ਵੀਜ਼ਾ ਨਾ ਲੱਗਣਾ ਪੰਜਾਬੀ ਬੰਦੇ ਲਈ ਬੜੀ ਵੱਡੀ ਜਿੱਤ ਅਤੇ ਹਾਰ ਦਾ ਮਸਲਾ ਤਾਂ ਹੈ ਹੀ ਸਗੋਂ ਇਸ ਤੋਂ ਵੀ ਵੱਧ ਇਹ ਪੰਜਾਬੀ ਬੰਦੇ ਦੀ ਜੱਦ ਅਤੇ ਪਛਾਣ ਨਾਲ ਵੀ ਜੁੜਦਾ ਜਾ ਰਿਹਾ ਹੈ, ਜਿਸ ਦੇ ਨਤੀਜੇ ਅੱਗੋਂ ਹੋਰ ਭਿਆਨਕ ਹੋਣ ਦੀ ਸੰਭਾਵਨਾ ਹੈ। ਇਸ ਕਹਾਣੀ ਦੀ ਪਾਤਰ ਬੀਬੀ ਦੀਪੋ ਦਾ ਇਹ ਬਿਆਨ, 'ਚਲੋ ਜੀ ਜਲਦੀ, ਹਨੇਰੇ ਘੁਸ-ਮੁਸੇ ਘਰ ਪਹੁੰਚ ਜਾਈਏ ਲੋਕਾਂ ਦੀਆਂ ਨਜ਼ਰਾਂ 'ਤੋਂ ਪਹਿਲਾਂ ਪਹਿਲਾਂ। ਲੋਕਾਂ ਨੂੰ ਇਹ ਭਿਣਕ ਨਹੀਂ ਪੈਣੀ ਚਾਹੀਦੀ ਕਿ ਇਹ ਨਿਕੰਮੇ ਫੇਰ ਮੁੜ ਆਏ ਨੇ ਖਾਲੀ ਹੱਥੀਂ।' ਹੁਣ ਇਹ ਵਾਰਤਾਲਾਪ ਨੂੰ ਜੇਕਰ ਅਸੀਂ ਘੋਖੀਏ ਤਾਂ ਖਾਲੀ ਹੱਥੀਂ ਮੁੜਨ ਦੀ ਨਮੋਸ਼ੀ ਪਿੱਛੇ ਵੀਜ਼ੇ ਦਾ ਨਾ ਲੱਗਣਾ ਪੰਜਾਬੀ ਮਾਨਸਿਕਤਾ ਵਿਚ ਇਕ ਨਵੀਂ ਕਿਸਮ ਦੀ ਹਾਰ ਵਜੋਂ ਘਰ ਕਰ ਬੈਠਾ ਹੈ ਜਿਸ ਦੀ ਮਾਰ ਹੇਠ ਕੇਵਲ ਨੌਜਵਾਨ ਪੀੜ੍ਹੀ ਹੀ ਨਹੀਂ ਸਗੋਂ ਉਸ ਨੂੰ ਜੰਮਣ ਵਾਲੀ ਪਹਿਲੀ ਪੀੜ੍ਹੀ ਵੀ ਇਸ ਦੀ ਸ਼ਿਕਾਰਗ੍ਰਸਤ ਹੋ ਰਹੀ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਪੰਜਾਬੀ ਬੰਦਾ ਮੋਹ ਦੀਆਂ ਤੰਦਾਂ ਵਿਚ ਜਕੜਿਆ ਅਮਰੀਕਾ ਪਹੁੰਚ ਕੇ ਨਵੀਂ ਪਛਾਣ ਬਣਾਉਣ ਵਿਚ ਏਨਾ ਖਚਿਤ ਅਤੇ ਗ੍ਰਸਿਆ ਗਿਆ ਹੈ ਕਿ ਉਹ ਆਪਣੀ ਪਹਿਲੀ ਪਛਾਣ ਨੂੰ ਭੁੱਲਦਾ ਜਾ ਰਿਹਾ। ਇਸ ਕਹਾਣੀ ਦੇ ਅੰਤਲੇ ਮੋੜ 'ਤੇ ਦੀਪੋ, ਜਿਸ ਦਾ ਅਸਲ ਵਿਚ ਪੂਰਾ ਨਾਂ ਗੁਰਦੀਪ ਕੌਰ ਹੈ ਪਰ ਏਜੰਟਾਂ ਦੁਆਰਾ ਪਾਸਪੋਰਟ ਉੱਪਰ ਮਨਜੀਤ ਕੌਰ ਰੱਖਣ ਸਦਕਾ ਮਾਨਸਿਕ ਪੱਧਰ 'ਤੇ ਉਹ ਐਨੀ ਪਰੇਸ਼ਾਨ ਹੋ ਜਾਂਦੀ ਹੈ ਕਿ ਉਹ ਆਪਣਾ ਅਸਲ ਨਾਂ ਗੁਰਦੀਪ ਕੌਰ ਭੁੱਲ ਬੈਠਦੀ ਹੈ ਜਾਂ ਭੁੱਲ ਜਾਣਾ ਚਾਹੁੰਦੀ ਹੈ। ਉਸ ਦਾ ਕਥਨ ਹੈ, 'ਹਾਏ...ਏ...ਇਹ ਇੱਥੇ ਵੀ ਆ ਪਹੁੰਚਾ ਹਰਾਮਜ਼ਾਦਾ ਮੇਰੇ ਪਿੱਛੇ! ਹੁਣ ਦੂਸਰੇ ਪਤੰਦਰ ਨੂੰ ਲੈ ਕੇ...! ਆਓ ਭਾ ਜੀ ! ਇਹਨੂੰ ਮੈਂ ਪਹਿਲਾਂ



ਵੀ ਕਈ ਵਾਰ ਦੱਸ ਚੁੱਕੀ ਹਾਂ ਕਿ ਮੈਂ ਮਨਜੀਤ ਕੌਰ ਹਾਂ ਗੁਰਦੀਪ ਕੌਰ ਨਹੀਂ। ਕਿੰਨਾਂ ਤਰਸ ਤਰਸ ਕੇ ਮੈਨੂੰ ਆਪਣੇ ਪਰਿਵਾਰ ਵਿਚ ਬੈਠਣ ਦਾ ਮੌਕਾ ਮਿਲਿਆ, ਇਹ ਕਲਮੂੰਹਾਂ ਫੇਰ ਮੇਰਾ ਖਹਿੜਾ ਨਹੀਂ ਛੱਡਦਾ। ਉਰੇ ਆ ਦਿਆਂ ਤੈਨੂੰ ਦੱਖੂ-ਦਾਣਾ।'

ਭਾਰਤੀ ਸਮਾਜ ਵਿਚ ਮਾਂ ਬਣਨ ਦੀ ਇੱਛਾ ਪਿੱਤਰਕੀ ਸੋਚ ਦੇ ਗਲਬੇ ਅੰਦਰ ਐਨੀ ਕੁ ਰੂੜ੍ਹ ਹੈ ਕਿ ਔਰਤ ਜੇਕਰ ਮਾਂ ਨਹੀਂ ਬਣ ਪਾਉਂਦੀ ਤਾਂ ਮੁੱਢ ਤੋਂ ਹੀ ਇਹ ਕੇਵਲ ਉਸ ਦਾ ਸਰੀਰਕ ਦੋਸ਼ ਸਮਝਦਿਆਂ ਉਸ ਨੂੰ 'ਬਾਂਝ' ਜਾਂ 'ਪੱਥਰ' ਵਰਗੇ ਕੌੜੇ ਲਕਬ ਦੇ ਦਿੱਤੇ ਜਾਂਦੇ ਹਨ ਜਦੋਂ ਕਿ ਬਹੁਤੀ ਵਾਰ ਇਸ ਦਾ ਕਾਰਨ 'ਮਰਦਾਨਾ ਕਮਜ਼ੋਰੀ' ਵੀ ਹੁੰਦਾ ਹੈ, ਜੋ ਭਾਰਤ ਜਾਂ ਪੰਜਾਬ ਵਿਚ ਖੁੱਲ੍ਹੇ ਰੂਪ ਵਿਚ ਚਰਚਾ ਦਾ ਵਿਸ਼ਾ ਨਹੀਂ ਬਣ ਪਾਇਆ। ਬਾਹਰਲੇ ਮੁਲਕਾਂ ਵਿਚ ਮੂਲ ਰੂਪ ਵਿਚ ਇਹ ਵਰਤਾਰਾ ਅਜਿਹਾ ਬਿਲਕੁਲ ਨਹੀਂ ਸੀ ਪਰ ਜਦੋਂ ਤੋਂ ਪੰਜਾਬੀ ਭਾਈਚਾਰਾ ਪਰਵਾਸ ਕਰਨ ਉਪਰੰਤ ਅਮਰੀਕਾ ਵਰਗੀਆਂ ਧਰਤੀਆਂ 'ਤੇ ਮੂਲ ਨਿਵਾਸੀ ਬਣ ਕੇ ਰਹਿਣ ਲੱਗਾ ਹੈ ਤਾਂ ਇਹ ਸੋਚ ਉਨ੍ਹਾਂ ਨੇ ਉੱਥੇ ਵੀ ਜਾ ਕੇ ਨਹੀਂ ਛੱਡੀ ਸਗੋਂ ਨਿਰੰਤਰ ਜਾਰੀ ਰੱਖੀ ਹੈ। ਇਸ ਪੁਸਤਕ ਵਿਚਲੀ ਕਹਾਣੀ 'ਰਬੜ ਦੀਆਂ ਗੋਲੀਆਂ' ਇਸ ਪੱਖੋਂ ਵਿਚਾਰਨਯੋਗ ਹੈ ਜਿਸ ਵਿਚ 'ਰੋਗਰ' ਦਾ 'ਸਵੀਟੀ' ਨੂੰ ਮਾਂ ਬਣਾਉਣ ਦਾ ਸੁਪਨਾ ਪੂਰਾ ਕਰਨਾ ਭਾਰਤੀ ਜਾਂ ਪੰਜਾਬੀ ਸਮਾਜ ਵਿਚ ਔਰਤ ਦੀ ਸੰਪੂਰਨਤਾ ਵਾਲੇ ਪੱਖ ਤੋਂ ਨਹੀਂ, ਬਲਕਿ ਆਪਣੀ ਨਾਮਰਦੀ ਨੂੰ ਢੱਕਣ ਦੇ ਪੱਖ ਤੋਂ ਪੇਸ਼ ਹੋਇਆ ਹੈ। ਇਹੀ ਨਹੀਂ 'ਭਗੌੜਾ' ਕਹਾਣੀ ਦੇ ਮਾਧਿਅਮ ਰਾਹੀਂ ਕਹਾਣੀਕਾਰ ਨੇ ਪੱਛਮ ਵਿਚਲੀ ਕਾਮਕ ਭਟਕਣ, ਜੂਆ, ਕੈਸੀਨੋ ਅਤੇ ਵੇਸਵਾਗਮਨੀ ਵਰਗੀਆਂ ਮਾੜੀਆਂ ਅਲਾਮਤਾਂ ਦਾ ਵੀ ਜ਼ਿਕਰ ਕੀਤਾ ਹੈ, ਜੋ ਪਰਵਾਸੀ ਪੰਜਾਬੀਆਂ ਨੂੰ ਪਰਵਾਸ ਦੇ ਮੁੱਢਲੇ ਦੌਰ 'ਤੇ ਕਿਤੇ ਨਾ ਕਿਤੇ ਸਵਰਗ ਜਾਪਦੀਆਂ ਹਨ ਜਦੋਂ ਕਿ ਕਹਾਣੀਕਾਰ ਨੇ ਪੰਜਾਬੀ ਬੰਦੇ ਦੁਆਰਾ ਹੀ ਪੰਜਾਬੀਆਂ ਨੂੰ ਇਨ੍ਹਾਂ ਅਲਾਮਤਾਂ ਨਾਲ ਠੱਗਣ ਦੀਆਂ ਚੋਰ-ਮੋਰੀਆਂ ਨੂੰ ਵੀ ਜੱਗ ਜ਼ਾਹਿਰ ਕੀਤਾ ਹੈ। 'ਆਖ਼ਰੀ ਚੀਕ' ਕਹਾਣੀ ਦੇ ਮਾਧਿਅਮ ਰਾਹੀਂ ਚਰਨਜੀਤ ਪੰਨੂ ਨੇ ਸਰੀਰ ਦੀ ਭੁੱਖ ਨੂੰ ਕੇਵਲ ਪੱਛਮੀ ਸਭਿਅਤਾ ਦੀ ਵਲਗਣ ਵਿਚੋਂ ਕੱਢ ਕੇ ਪਰਵਾਸੀ ਪੰਜਾਬੀਆਂ ਦੇ ਵਿਆਹ ਬਾਹਰੇ ਸੰਬੰਧਾਂ ਨਾਲ ਜੋੜ ਕੇ ਇਹ ਸਪਸ਼ਟ ਕੀਤਾ ਹੈ ਕਿ ਪੱਛਮ ਵਿਚ ਇਹ ਸਭ ਕੁੱਝ 'ਓਪਨ ਮਾਈਂਡ' ਅਤੇ ਬਿਨਾਂ ਕਿਸੇ ਰਿਵਾਇਤੀ ਕੱਜਣ ਦੇ ਹੋ ਰਿਹਾ ਹੈ, ਜਦੋਂ ਕਿ ਇਹ ਅਮਰੀਕਾ ਦੇ ਪੰਜਾਬੀ ਪਰਿਵਾਰਾਂ ਵਿਚ ਵੀ ਹੋ ਰਿਹਾ ਹੈ, ਪਰ ਪੰਜਾਬੀ ਇਹ ਸਭ ਕੁੱਝ ਓਹਲੇ ਹੇਠ ਕਰਦੇ ਹਨ, ਜਿਸ ਕਰ ਕੇ ਨਾ ਤਾਂ ਉਹ ਦੇਹ ਦੇ ਪੱਧਰ 'ਤੇ ਸੰਤੁਸ਼ਟ ਹੁੰਦੇ ਹਨ ਅਤੇ ਨਾ ਹੀ ਆਪਣੇ ਵਿਆਹੁਤਾ ਸੰਬੰਧਾਂ ਨੂੰ ਬਚਾ ਪਾਉਂਦੇ ਹਨ।

ਪੰਜਾਬ ਜੋ ਕਿਸੇ ਸਮੇਂ ਗੁਰੂਆਂ, ਪੀਰਾਂ-ਫ਼ਕੀਰਾਂ ਦੀ ਧਰਤੀ ਮੰਨੀ ਜਾਂਦੀ ਰਹੀ ਹੈ। ਅੱਜ ਜੇਕਰ ਉਸ ਨੂੰ ਦੇਹਧਾਰੀ ਬੂਬਣੇ ਬਾਬਿਆਂ ਦੇ ਡੇਰਾਵਾਦ ਦੀ ਧਰਤੀ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। ਪੰਜਾਬ ਵਿਚ ਇਕ ਸਮਾਂ ਅਜਿਹਾ ਆਇਆ ਸੀ ਜਦੋਂ ਪੰਜਾਬੀ ਪਰਵਾਸ ਅੰਦਰ 'ਕਬੂਤਰਬਾਜ਼ੀ' ਨਾਂ ਦੀ ਟਰਮਨੋਲੋਜੀ ਆਮ ਹੀ ਵਰਤੀ ਜਾਣ ਲੱਗੀ ਜਿਸ ਦੇ ਅੰਤਰਗਤ ਪੰਜਾਬ ਦੇ ਕਈ ਵੱਡੇ-ਵੱਡੇ ਪਾਪੂਲਰ ਗਾਇਕਾਂ ਨੇ ਪੰਜਾਬੀ ਨੌਜਵਾਨਾਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਮੂੰਹ-ਮੰਗੇ ਪੈਸੇ ਲੈ ਕੇ ਸਾਜ਼ੀ ਜਾਂ ਕੋਰਸ ਗਾਇਕ ਬਣਾ-ਬਣਾ ਉਡਾਰੀਆਂ ਲਵਾਉਣ ਦੇ ਕੇਸ ਅੰਦਰ ਆਪਣੇ ਪਾਸਪੋਰਟ ਤੱਕ ਜ਼ਬਤ ਕਰਵਾਏ। ਅੱਜ ਇਹ ਵਰਤਾਰਾ ਮੱਠਾ ਪੈ ਗਿਆ ਹੈ ਪਰ ਪੱਛਮੀ ਮੁਲਕਾਂ ਵਿਚ 'ਡੇਰਾਵਾਦ' ਦਾ ਪਾਸਾਰ ਅੱਜ ਅਜਿਹਾ ਵਰਤਾਰਾ ਹੈ ਜੋ ਪਰਵਾਸੀ ਪੰਜਾਬੀ ਸਾਹਿੱਤ ਅੰਦਰ ਹਾਲੇ ਅਣਗੌਲਿਆ ਵਿਸ਼ਾ ਰਿਹਾ ਹੈ। ਇਸ ਸਬੰਧ ਵਿਚ ਇਸ ਪੁਸਤਕ ਵਿਚਲੀ ਕਹਾਣੀ 'ਜਾਲ' ਇਸ ਪੱਖੋਂ ਬਾ-ਕਮਾਲ ਕਹਾਣੀ ਹੈ ਜਿਸ ਵਿਚ ਜਿੱਥੇ ਸਾਧਾਂ-ਸੰਤਾਂ ਦੇ ਬਾਹਰਲੇ ਮੁਲਕਾਂ ਵਿਚ ਪੈਦਾ ਕੀਤੇ ਜਾ ਰਹੇ ਡੇਰੇ ਅਤੇ ਉਨ੍ਹਾਂ ਦੇ ਪਾਸਾਰ ਬਾਰੇ ਕਈ ਤਰ੍ਹਾਂ ਦੇ ਪਾਜ ਉਧੇੜਦੀ ਹੈ। ਇਸ ਕਹਾਣੀ ਵਿਚਲਾ 'ਸੰਤ ਜੀ' ਪਾਤਰ ਅਸਲ ਵਿਚ ਪੰਜਾਬ ਦਾ ਇਕ ਭਗੌੜਾ ਹੋਇਆ ਕਰਿਮੀਨਲ ਹੈ, ਜੋ ਅਮਰੀਕਾ ਜਾ ਕੇ ਬਾਬਾ ਬਣ ਕੇ ਵਿਹਲਾ ਬੈਠਾ ਕੇਵਲ ਡਾਲਰ ਇਕੱਠੇ ਹੀ ਨਹੀਂ ਕਰਦਾ ਸਗੋਂ ਉਹ ਸਾਰੇ ਕਾਲੇ ਧੰਦੇ ਉੱਥੇ ਵੀ ਕਰਦਾ ਹੈ, ਜਿਸ ਵੱਲ ਕਹਾਣੀਕਾਰ ਨੇ ਇਸ਼ਾਰਾ ਕਰਦਿਆਂ ਕਿਹਾ ਹੈ, 'ਉਹ ਤਾਂ ਵਿਚਾਰੀ ਆਈ ਸੀ ਤੁਹਾਡੇ ਅੱਗੇ ਤੁਹਾਡਾ ਭੇਸ ਦੇਖ ਕੇ ਕਿ ਇਹ ਮਹਾਤਮਾ ਪੁਰਸ਼ ਕੋਈ ਚੰਗਾ ਖਾਣਾ-ਦਾਣਾ ਚੋਗਾ ਲੈ ਕੇ ਆਏ ਹਨ ਜਾਂ ਫਿਰ ਤੁਹਾਡੇ ਰੂਹਾਨੀ ਬਚਨ ਸੁਣਨ ਲਈ। ਨਾਲੇ ਬੱਤਖ਼ ਦੇ ਨਾਲ ਬੋਤਲ ਤੇ ਬੋਤਲ ਦੇ ਨਾਲ ਬੀਬੀ! ਇਨ੍ਹਾਂ ਦਾ ਮੇਲ-ਜੋਲ ਤਾਂ ਬਣਨਾ ਹੀ ਹੈ। ਇਹ ਵੀ ਸਾਰੇ ਇੱਕ ਦੂਸਰੇ ਦੇ ਪੂਰਕ ਹਨ।'

ਜਿਉਂ-ਜਿਉਂ ਪੰਜਾਬੀਆਂ ਨੇ ਆਪਣੀ ਜ਼ਿੰਦਗੀ ਵਿਚ ਮੱਲਾਂ ਮਾਰੀਆਂ ਤਿਵੇਂ-ਤਿਵੇਂ ਉਹ ਪਦਾਰਥਕ ਭੱਜ-ਦੌੜ ਵਿਚ ਐਨਾ ਕੁ ਖਚਿਤ ਹੋ ਗਏ ਕਿ ਉਨ੍ਹਾਂ ਨੇ ਆਪਣੇ ਬੁਨਿਆਦੀ ਰਿਸ਼ਤਿਆਂ ਦੀ ਵਿਆਕਰਨ ਹੀ ਬਦਲ ਦਿੱਤੀ। ਅੰਮਾਂ ਜਾਏ ਭੈਣ-ਭਰਾਵਾਂ, ਚਾਚੇ-ਤਾਇਆਂ ਨਾਲੋਂ ਵੰਡ ਪਵਾ ਕੇ ਵੱਖਰੇ ਰਹਿਣਾ ਇਕ ਦੁਖਦ ਵਰਤਾਰਾ ਹੈ, ਪਰ ਮਸਲਾ ਤਾਂ ਉਦੋਂ ਭਿਆਨਕ ਅਤੇ ਸ਼ਰਮਨਾਕ ਹੋ ਨਿੱਬੜਦਾ ਜਦੋਂ ਉਹ ਵੱਡੇ ਹੋ ਕੇ ਆਪਣੇ ਬੁੱਢੇ ਹੋਏ ਮਾਂ-ਬਾਪ ਦੀ ਡੰਗੋਰੀ ਬਣਨ ਦੀ ਥਾਂ ਉਨ੍ਹਾਂ ਨੂੰ ਘਰੋਂ ਕੱਢ ਕੇ ਬਿਰਧ-ਆਸ਼ਰਮ ਛੱਡ ਆਉਂਦੇ ਹਨ। ਇਹ ਵਰਤਾਰਾ ਪੱਛਮੀ ਦੇਸ਼ਾਂ ਵਿਚ ਵੀ 'ਓਲਡ ਏਜ ਹੋਮ' ਨਾਂ ਹੇਠ ਚੱਲ ਰਿਹਾ ਹੈ। ਇਹ ਵਰਤਾਰਾ 'ਵਰਤੋ ਅਤੇ ਸੁੱਟ ਦਿਓ' ਦੇ ਸਿਧਾਂਤ ਉੱਪਰ ਖੜਾ ਹੈ। ਮਸਲਨ, ਬਾਹਰਲੇ ਮੁਲਕਾਂ ਵਿਚ ਜਿੰਨੀ ਦੇਰ ਬੁੱਢੀਆਂ ਮਾਈਆਂ ਆਪਣੇ ਪੋਤੇ-ਪੋਤੀਆਂ ਨੂੰ ਖਿਡਾ ਸਕਦੀਆਂ ਹਨ ਓਨੀ ਦੇਰ ਤੱਕ ਤਾਂ ਉਨ੍ਹਾਂ ਦੇ ਹਾਲਾਤ ਕੁੱਝ ਸੁਖਾਵੇਂ ਰਹਿੰਦੇ ਹਨ ਪਰ ਜਦੋਂ ਹੀ ਉਨ੍ਹਾਂ ਦੇ ਬੱਚੇ ਉਡਾਰ ਹੋ ਜਾਂਦੇ ਹਨ ਤਾਂ ਇਹੀ ਮਾਈਆਂ ਨੂੰਹਾਂ ਨੂੰ ਘਰ ਵਿਚ ਬੋਝ ਜਾਪਣ ਲੱਗਦੀਆਂ ਹਨ, ਤੇ ਉਹ 'ਓਲਡ ਏਜ ਹੋਮ' ਵਿਚ ਸ਼ਿਫ਼ਟ ਕਰ ਦਿੱਤੀਆਂ ਜਾਂਦੀਆਂ ਹਨ। 'ਅੰਦਰਲੀ ਖ਼ਾਹਸ਼' ਕਹਾਣੀ ਦੀ ਪਾਤਰ 'ਭਜਨੀ ਅਤੇ ਚਿੰਤੋ' ਦੇ ਮਾਧਿਅਮ ਰਾਹੀਂ ਕਹਾਣੀਕਾਰ ਨੇ ਬਾਹਰ ਮੂਲ ਨਿਵਾਸੀ ਬਣ ਚੁੱਕੇ ਪੰਜਾਬੀ ਬੱਚਿਆਂ ਦੇ ਬੁੱਢੇ ਮਾਪਿਆਂ ਦੇ ਇਸ ਸੰਤਾਪ ਨੂੰ ਬੜੇ ਭਾਵਪੂਰਤ ਢੰਗ ਨਾਲ ਬਿਆਨਿਆਂ ਹੈ, ਜਦੋਂ 'ਚਿੰਤੋ' 'ਭਜਨੀ' ਨੂੰ ਇਹ ਆਖਦੀ ਹੈ ਕਿ , 'ਇਹ ਭੁਲੇਖਾ ਵੀ ਨਿਕਲ ਜਾਊ ਤੇਰਾ, ਘਰ ਤਾਂ ਇੱਥੇ ਨੂੰਹਾਂ ਦੇ ਹੀ ਹੁੰਦੇ ਨੇ, ਸੱਸਾਂ ਦੇ ਤਾਂ ਪੰਜਾਬ ਵਿਚ ਹੀ ਰਹਿ ਜਾਂਦੇ ਨੇ...ਤੇ ਜਾਂ ਫਿਰ ਇੱਥੇ...ਇਸ ਘਰ। ਨਾਲੇ ਘਰ ਰਹਿ ਕੇ ਵੀ ਜਦ ਤੁਹਾਡੇ ਵਾਸਤੇ ਕਿਸੇ ਕੋਲ ਟਾਈਮ ਹੀ ਨਹੀਂ, ਜਾਂ ਹਰ ਵੇਲੇ ਸੜ੍ਹੂੰ-ਭੁਜੂੰ ਹੁੰਦੀ ਰਹਿਣੀ ਹੈ, ਤਾਂ ਏਦੋਂ ਤਾਂ ਇਹ ਬਿਗਾਨੇ ਸੇਵਾਦਾਰ ਲੱਖ ਦਰਜੇ ਚੰਗੇ ਨੇ। ਚਲੋ ਚੰਗਾ! ਸੁਖੀ ਰਹਿਣ ਆਪਣੇ ਹੀ ਪੇਟੋਂ ਜੰਮੇ ਨੇ।'

ਪਰਵਾਸ ਦੇ ਸਮਕਾਲੀ ਮਸਲਿਆਂ ਦੀ ਤਹਿ ਥੱਲੇ ਇਕ ਮਸਲਾ ਪਰਵਾਸੀਆਂ ਦੀ ਉਸ ਜ਼ਮੀਨ ਦਾ ਵੀ ਉੱਭਰ ਕੇ ਸਾਹਮਣੇ ਆ ਰਿਹਾ ਹੈ ਜੋ ਉਨ੍ਹਾਂ ਦੇ ਬਾਹਰ ਸੈਟ ਹੋ ਜਾਣ ਦੇ ਬਾਅਦ ਉਨ੍ਹਾਂ ਦੇ ਜੱਦੀ ਪਿੰਡਾਂ ਵਿਚ ਪਈ ਹੁੰਦੀ ਹੈ। ਪਰ ਮਸਲਾ ਤਾਂ ਉਦੋਂ ਉਲਝਦਾ ਜਦੋਂ ਉਨ੍ਹਾਂ ਦੇ ਸਕੇ-ਸਬੰਧੀ ਜਾਂ ਭਰਾ-ਭਤੀਜੇ ਉਸ ਜ਼ਮੀਨ ਨੂੰ ਹਥਿਆਉਣ ਲਈ ਕਈ ਤਰ੍ਹਾਂ ਦੇ ਨਾਜਾਇਜ਼ ਹੱਥਕੰਡੇ ਅਪਣਾਉਂਦੇ ਹਨ। ਦੂਜੇ ਪਾਸੇ ਜੇਕਰ ਸ਼ਰੀਕਾ ਭਲਾਮਾਣਸ ਹੋਵੇ ਤਾਂ ਪਟਵਾਰੀ ਆਪਣੀ ਅੱਖ ਦਾ ਟੀਰ ਕਢਵਾਉਣ ਲਈ ਉਨ੍ਹਾਂ ਤੋਂ ਸਿੱਧੀ ਡਾਲਰਾਂ ਦੀ ਝਾਕ ਰੱਖਦੇ ਹਨ। ਇਸ ਪੁਸਤਕ ਵਿਚਲੀ ਕਹਾਣੀ 'ਟੇਢੀ ਖੀਰ' ਇਸ ਮਸਲੇ ਵੱਲ ਕੇਵਲ ਇਸ਼ਾਰਾ ਹੀ ਨਹੀਂ ਕਰਦੀ, ਸਗੋਂ ਆਪਣੇ ਕਥਾਨਕ ਵਿਚ ਪੰਜਾਬੀ ਡਾਇਸਪੋਰਾ ਦੇ ਇਸ ਦੁਖਾਂਤ ਦੇ ਕਈ ਨਵੇਂ ਪਹਿਲੂ ਸਾਡੇ ਸਾਹਮਣੇ ਲਿਆਉਂਦੀ ਹੈ ਜਿਸ ਵਿਚ ਪਟਵਾਰਖਾਨੇ ਦੀਆਂ ਧਾਂਦਲੀਆਂ ਅਤੇ ਰਿਸ਼ਵਤਖੋਰੀ ਦੇ ਕਈ ਪਾਜ ਨੰਗੇ ਹੁੰਦੇ ਦੇਖੇ ਜਾ ਸਕਦੇ ਹਨ।

ਸਮੁੱਚੀ ਵਿਚਾਰ ਚਰਚਾ ਦੇ ਆਧਾਰ 'ਤੇ ਨਿਰਸੰਦੇਹ ਇਹ ਆਖਿਆ ਜਾ ਸਕਦਾ ਹੈ ਕਿ ਚਰਨਜੀਤ ਪੰਨੂ ਪਰਵਾਸੀ ਪੰਜਾਬੀ ਕਥਾ ਜਗਤ ਅੰਦਰ ਇਕ ਗੌਲਣਯੋਗ ਹਸਤਾਖਰ ਹੈ। ਉਸ ਦੀ ਕਹਾਣੀ ਪੰਜਾਬੀ ਪਰਵਾਸੀ ਸਰੋਕਾਰਾਂ ਅੰਦਰ ਆਪਣੀ ਵਿਲੱਖਣਤਾ ਰੱਖਦੀ ਹੈ। ਉਸ ਦੀ ਕਹਾਣੀ ਭਾਵੇਂ ਕਲਾਤਮਕ ਬੁਣਤੀ ਅਤੇ ਬਣਤਰ ਵਿਚ ਕੋਈ ਵੱਡੇ ਪ੍ਰਯੋਗ ਤਾਂ ਨਹੀਂ ਕਰਦੀ ਪਰ ਉਸ ਵਿਚਲੀ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਸਿੱਧ-ਪੱਧਰੇ ਢੰਗ ਨਾਲ ਪਰਵਾਸ ਦੇ ਕਈ ਨਵੇਂ ਕੋਣਾਂ ਨੂੰ ਨਵੇਂ ਜ਼ਾਵੀਏ ਤੋਂ ਦੇਖਣ ਦੀ ਪਹਿਲ ਕਦਮੀ ਕਰਦਾ ਹੈ। ਦੂਜੀ ਗੱਲ ਉਸ ਨੇ ਇਸ ਪੁਸਤਕ ਵਿਚਲੀਆਂ ਕਹਾਣੀਆਂ ਦੇ ਮਾਧਿਅਮ ਰਾਹੀਂ ਪੰਜਾਬੀ ਪਰਵਾਸ ਦੇ ਮੁੱਢਲੇ ਸਰੋਕਾਰਾਂ ਨੂੰ ਦੁਹਰਾਉਣ ਦੀ ਥਾਂ ਸਮਕਾਲੀ ਸਰੋਕਾਰਾਂ ਨੂੰ ਛੋਹਿਆ ਹੈ, ਜਿਸ ਵਿਚ 'ਓਲਡ ਏਜ ਹੋਮ' ਅਤੇ ਪੱਛਮੀ ਮੁਲਕਾਂ ਵਿਚ ਪੈਦਾ ਹੋ ਰਿਹਾ 'ਡੇਰਾਵਾਦ' ਅਸਲੋਂ ਹੀ ਨਵੇਂ ਵਿਸ਼ੇ ਹਨ, ਜੋ ਪੰਜਾਬੀ ਡਾਇਸਪੋਰਾ ਦੇ ਨਵੇਂ ਸੰਦਰਭ ਆਖੇ ਜਾ ਸਕਦੇ ਹਨ। ਇਸ ਸੰਗ੍ਰਹਿ ਦੀ ਇਕ ਪ੍ਰਾਪਤੀ ਇਹ ਵੀ ਹੈ ਕਿ ਇਸ ਵਿਚ ਸ਼ਾਮਿਲ ਜਿੰਨਾਂ ਕਹਾਣੀਆਂ ਵਿਚ ਮਾੜੀਆਂ ਅਲਾਮਤਾਂ ਦਾ ਜ਼ਿਕਰ ਹੈ, ਕਹਾਣੀਕਾਰ ਨੇ ਉਨ੍ਹਾਂ ਕਹਾਣੀਆਂ ਦੇ ਅੰਤ ਵਿਚ ਉਸ ਦਾ ਬੁਰਾ ਨਤੀਜਾ ਵੀ ਨਾਲ ਪੇਸ਼ ਕੀਤਾ ਹੈ। ਉਦਾਹਰਨ ਵਜੋਂ 'ਜਾਲ' ਕਹਾਣੀ ਇਸ ਸਬੰਧੀ ਦੇਖੀ ਜਾ ਸਕਦੀ ਹੈ ਜਿਸ ਦੇ ਅੰਤ ਵਿਚ ਪਾਖੰਡੀ ਬਾਬੇ ਦੇ ਸਾਰੇ ਪਾਜ ਉਧੜ ਜਾਂਦੇ ਹਨ ਅਤੇ ਅੰਤ ਵਿਚ ਪੰਜਾਬ ਪੁਲਿਸ ਦੀ ਇਕ ਲੇਡੀ ਕਾਂਸਟੇਬਲ ਉਸ ਨੂੰ ਗ੍ਰਿਫ਼ਤਾਰ ਕਰਦੀ ਹੈ। ਜਿਸ ਵਿਚੋਂ ਉਹ ਪਾਠਕ ਨੂੰ 'ਜੇਹਾ ਬੀਜੇਗੇ ਤੇਹਾ ਵੱਢੋਗੇ' ਦੇ ਸੱਚ ਨਾਲ ਜੋੜ ਕੇ ਸਾਕਾਰਾਤਮਕ ਦਿਸ਼ਾ ਵੀ ਦਿੰਦਾ ਹੈ। ਸੋ ਮੁੱਕਦੀ ਗੱਲ ਇਹ ਹੈ ਕਿ ਇਨ੍ਹਾਂ ਸੰਦਰਭਾਂ ਵਿਚੋਂ ਹੀ ਪੰਜਾਬੀ ਪਰਵਾਸ ਦੀ ਭਵਿੱਖਮੁਖੀ ਦਸ਼ਾ ਅਤੇ ਦਿਸ਼ਾ ਕਿਆਸੀ ਜਾ ਸਕਦੀ ਹੈ।

ਸ਼ਬਦ ਜੋਤ

ਮਨ ਵਿਚਲੀ ਗੁਫ਼ਤਗੂ

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਕੀ ਤੁਸੀਂ ਆਪਣੇ ਮਨ ਨੂੰ ਮਿਲੇ ਹੋ? ਇਸਦੀ ਗੁਫ਼ਤਗੂ ਸੁਣੀ ਏ? ਇਸਦੀ ਉਦਾਸੀ ਜਾਂ ਹੁਲਾਸ ਭਰੇ ਪਲਾਂ ਦੀ ਦਾਸਤਾਨ ਨੂੰ ਸੁਣਿਆ? ਕੀ ਮਨ ਦੀਆਂ ਤਹਿਆਂ ਵਿਚ ਖ਼ੁਦ ਨੂੰ ਉਲਥਾਇਆ? ਕੀ ਤੁਹਾਡਾ ਮਨ ਤੁਹਾਡੀ ਅੰਦਰਲੀ ਅਤੇ ਬਹਾਰਲੀ ਦਿੱਖ ਨੂੰ ਬਾਖ਼ੂਬੀ ਸਮਝਦਾ ਅਤੇ ਪਹਿਚਾਣਦਾ? ਕੀ ਤੁਸੀਂ ਆਪਣੇ ਅੰਤਰੀਵ ਦੀ ਅਜੇਹੀ ਗੁਫ਼ਤਗੂ ਨੂੰ ਸੁਣਿਆ ਜਿਸ ਤੋਂ ਤੁਸੀਂ ਅਕਸਰ ਹੀ ਟਾਲਾ ਵੱਟਣਾ ਚਾਹੁੰਦੇ?

ਅੱਜ-ਕੱਲ੍ਹ ਮੈਂ ਬਹੁਤ ਉਦਾਸ ਹਾਂ ਕਿਉਂਕਿ ਮਨ ਵਿਚਲੀ ਗੁਫ਼ਤਗੂ, ਇਸ ਵਿਚਲਾ ਹਤਾਸ਼ਪੁਣਾ ਅਤੇ ਨਿਰਾਸ਼ਾ ਮੈਨੂੰ ਬੇਚੈਨ ਕਰਦੀ ਅਤੇ ਮੈਂ ਇਸ ਗੁਫ਼ਤਗੂ ਨੂੰ ਸੁਣ ਕੇ ਬਹੁਤ ਸਾਰੀਆਂ ਪਰਤਾਂ ਦੇ ਰੂਬਰੂ ਹੋਣ ਤੋਂ ਤ੍ਰਿਹਿੰਦਾ? ਮੈਂ ਇਸ ਗੁਫ਼ਤਗੂ ਦੀਆਂ ਕੁਝ ਕੁ ਝਲਕਾਂ ਤੁਹਾਡੇ ਨਾਲ ਵੀ ਸਾਝੀਆਂ ਕਰਨਾ ਚਾਹੁੰਦਾ। ਸ਼ਾਇਦ ਤੁਸੀਂ ਵੀ ਆਪਣੇ ਮਨ ਵਿਚ ਅਜੇਹਾ ਕੁਝ ਮਹਿਸੂਸ ਕਰਦੇ ਹੋਵੋ।

ਮਨ ਬਹੁਤ ਚੰਚਲ। ਕਦੇ ਅੰਬਰ ਦੀ ਉਡਾਣ ਭਰਦਾ। ਕਦੇ ਪਤਾਲਾਂ ਦੀ ਨੀਵਾਣ। ਕਦੇ ਭਰਿਆ ਉਤਸ਼ਾਹ, ਕਦੇ ਸਾਹ ਵਿਚ ਸਾਹ। ਕਦੇ ਨਿੱਕੀ ਜਹੀ ਬਾਤ ਦਾ ਬਤੰਗੜ, ਕਦੇ ਪਹਾੜ ਹੇਠਾਂ ਆ ਕੇ ਵੀ ਸੀਅ ਨਹੀਂ ਕਰਦਾ। ਕਦੇ ਸੁਪਨਿਆਂ ਦੀ ਸਰਜ਼ਮੀਂ, ਕਦੇ ਅਸਫ਼ਲਤਾਵਾਂ ਦਾ ਜੰਮਘਟਾ। ਕਦੇ ਚਾਵਾਂ ਦੀ ਪਟਾਰੀ, ਕਦੇ ਹਾਵਾਂ ਦਾ ਲਾਲਾਰੀ। ਕਦੇ ਚੌਗਿਰਦੇ ਦਾ ਫੈਲਾਅ, ਕਦੇ ਆਪੇ 'ਚ ਸੁੰਗੜਨ ਦਾ ਸੁਦਾਅ।

ਮਨ ਨੂੰ ਸਮਝਣਾ ਸਭ ਤੋਂ ਔਖਾ। ਅਸੀਮ ਪਰਤਾਂ, ਅਸੰਖ ਖ਼ਿਆਲ ਇਸ 'ਚ ਸਮਾਏ। ਪਤਾ ਨਹੀਂ ਕਿਹੜੀਆਂ ਧਰਤੀਆਂ, ਪਲਾਂ 'ਚ ਗਾਹੁੰਦਾ? ਕਿਹੜੀਆਂ ਹਸਤੀਆਂ ਨਾਲ ਗੁਫ਼ਤਗੂ ਰਚਾਉਂਦਾ? ਕਦੇ ਸ਼ਬਦਾਂ ਦਾ ਵਣਜ ਕਰਦਾ ਅਤੇ ਕਦੇ ਇਨ੍ਹਾਂ ਦੀ ਹਿੱਕ ਵਿਚ ਅਰਥਾਂ ਦੇ ਦੀਵੇ ਜਗਾਉਂਦਾ। ਕਦੇ ਕਬਰਾਂ ਦੀ ਖ਼ੁਦਾਈ, ਕਦੇ ਬੰਦਿਆਈ ਦੀ ਵਡਿਆਈ। ਕਦੇ ਖੇਤਾਂ ਵਿਚ ਲਹਿਰਾਉਂਦੀਆਂ ਫਸਲਾਂ ਨੂੰ ਬੁੱਕਲ 'ਚ ਲੈਂਦਾ ਅਤੇ ਕਦੇ ਵੱਟਾਂ 'ਤੇ ਬਲਦੇ ਸਿਵੇ ਸੇਕਦਾ। ਕਦੇ ਠਰੀਆਂ ਰਾਤਾਂ ਵਿਚ ਕੁੰਗੜਦਾ ਅਤੇ ਕਦੇ ਜੇਠ ਹਾੜ੍ਹ ਦੀਆਂ ਲੂੰਆਂ ਵਿਚ ਸੜਦਾ।

ਕਦੇ ਇਸਨੂੰ ਮੌਸਮਾਂ ਦੀ ਮਾਰ, ਕਦੇ ਵਕਤਾਂ ਨੇ ਸਾੜਿਆ। ਕਦੇ ਸਫ਼ਰਾਂ 'ਚ ਰਹਿੰਦਾ, ਕਦੇ ਖੂੰਜੇ ਜਾ ਬਹਿੰਦਾ। ਕਦੇ ਚੁੱਪ ਦਾ ਇਹ ਆੜੀ, ਕਦੇ ਬੋਲਾਂ ਨਾਲ ਯਾਰੀ। ਕਦੇ ਦੁੱਖ ਵਿਚ ਪੀੜ ਦਾ ਪੰਘੂੜਾ, ਕਦੇ ਸੁੱਖ ਵਿਚ ਰੰਗ ਹੋ ਜਾਵੇ ਗੂੜ੍ਹਾ। ਕਦੇ ਮਾੜੇ ਵਕਤ ਦੀ ਤਬਾਹੀ, ਕਦੇ ਭਲੇ ਸਮਿਆਂ ਦੀ ਗਵਾਹੀ। ਕਦੇ ਘਰ ਹੀ ਵਿਦੇਸ਼, ਕਦੇ ਪ੍ਰਦੇਸ 'ਚ ਘਰ ਜੇਹਾ ਵਰੇਸ। ਕਦੇ ਧਰਤੀ ਦਾ ਜਾਇਆ, ਕਦੇ ਅੰਬਰ ਦਾ ਹਮਸਾਇਆ। ਕਦੇ ਦਰਿਆ ਜੇਹੀ ਰਵਾਨੀ, ਕਦੇ ਹਵਾ ਦੀ ਨਾਦਾਨੀ। ਕਦੇ ਸਮੁੰਦਰ ਵਾਂਗ ਫੈਲੇ, ਕਦੇ ਹਟਕੋਰੇ ਜੇਹੇ ਦਰਿਆ ਦੇ ਝਮੇਲੇ।

ਸੰਵੇਦਨਸ਼ੀਲ ਮਨ 'ਤੇ ਨਿੱਕੀ ਜਹੀ ਘਟਨਾ, ਕਿਰਿਆ, ਬੋਲ ਜਾਂ ਸ਼ਬਦ ਦਾ ਬਹੁਤ ਡੂੰਘਾ ਅਸਰ। ਚੁਪਕੇ-ਚੁਪਕੇ ਕਈ ਪਰਤਾਂ ਫਰੋਲਣ ਦਾ ਆਦੀ। ਕੁਝ ਚੰਗੀਆਂ ਅਤੇ ਜ਼ਿਆਦਾ ਮੰਦੀਆਂ। ਮਨ ਨੂੰ ਕਿਹੜੀ ਰੰਗਤ ਨੇ ਆਪਣੇ ਵਿਚ ਰੰਗਣਾ, ਬਹੁਤੀ ਵਾਰ ਇਸਦਾ ਪਤਾ ਹੀ ਨਹੀਂ ਲੱਗਦਾ। ਇਹੀ ਮਨੁੱਖੀ ਵਰਤਾਰਾ ਦਰਅਸਲ ਮਨੁੱਖ ਨੂੰ ਮਨੁੱਖ ਨਾਲੋਂ ਵੱਖਰਿਆਉਂਦਾ ਕਿ ਕੋਈ ਮਨੁੱਖ ਕਿੰਨਾ ਭਾਵੁਕ ਜਾਂ ਆਪਣੀ ਗੁੰਮਸੁਮਤਾ ਵਿਚ ਦੁਨੀਆਂਦਾਰੀ ਤੋਂ ਬੇਮੁੱਖ ਅਤੇ ਬੇਨਿਆਜ਼।

ਆਪਣੇ ਮਨ ਦੇ ਆਖੇ ਲੱਗਣ ਵਾਲੇ ਅੰਦਰੋਂ-ਬਾਹਰੋਂ ਇਕਸੁਰ, ਇਕਸੀਰਤ ਤੇ ਪਾਕੀਜ਼। ਜਦ ਕਿ ਮਨ ਦੀਆਂ ਪਰਤਾਂ ਨੂੰ ਮੁਖੌਟਿਆਂ ਰਾਹੀਂ ਪ੍ਰਗਟ ਕਰਨ ਵਾਲੇ ਆਪਣੇ ਸਨਮੁੱਖ ਹੋਣ ਤੋਂ ਘਬਰਾਉਂਦੇ। ਉਨ੍ਹਾਂ ਦੇ ਅੰਦਰਲੇ ਮਨ ਵਿਚ ਬੈਠਾ ਪਾਪ, ਉਨ੍ਹਾਂ ਨੂੰ ਕੁਕਰਮਾਂ ਦੀ ਸਜ਼ਾ ਦੇਣ ਲਈ ਤਿਆਰ ਪਰ ਉਹ ਇਸਦੀ ਭਿਣਕ ਵੀ ਨਹੀਂ ਪੈਣ ਦਿੰਦੇ।

ਮੈਂ ਅਕਸਰ ਬਹੁਤ ਉਦਾਸ ਤੇ ਹਤਾਸ਼ ਹੋ ਜਾਂਦਾ ਜਦ ਕੋਈ ਚੀਖ਼ ਸੁਣਾਈ ਦਿੰਦੀ, ਕੋਈ ਹੂੰਗਰ ਫ਼ਿਜ਼ਾ ਦੀ ਹਿੱਕ ਵਿਚ ਛੇਕ ਪਾਉਂਦੀ, ਜਦ ਰਾਤ ਦੀ ਸੁੰਨ ਵਿਚ ਟਟਹਿਰੀ ਕੁਰਲਾਉਂਦੀ। ਉਹ ਲੋਕ ਕੇਹੀ ਮਿੱਟੀ ਦੇ ਬਣੇ ਕਿ ਉਹ ਆਪਣੇ ਕਮਰੇ ਵਿਚ ਢੋਲੇ ਦੀਆਂ ਲਾਉਂਦੇ ਰਹੇ ਪਰ ਨਾਲ ਦੇ ਕਮਰੇ ਵਿਚ ਕੋਈ ਕਰਾਹੁੰਦਾ ਰਿਹਾ।

ਬਹੁਤ ਪੀੜਤ ਕਰਦਾ ਜਦ ਅਖ਼ਬਾਰ ਦੀ ਸੁਰਖੀ ਪੜ੍ਹਦਾ ਕਿ ਕਿਸੇ ਅਬਲਾ ਦੇ ਜਿਸਮ ਨੂੰ ਨੋਚਣ ਵਾਲੇ ਦਿਨ ਭਰ ਜਸ਼ਨ ਮਨਾਉਂਦੇ ਰਹੇ। ਕਿਸੇ ਦੇ ਮਨ ਵਿਚੋਂ ਨਿੱਕਲੀ ਦਰਦੀਲੀ ਹੂਕ ਦਾ ਮਖ਼ੌਲ ਉਡਾਉਣ ਵਾਲੇ ਅਕਸਰ ਹੀ ਜ਼ਿੰਦਗੀ ਦਾ ਮਖ਼ੌਲ ਵੀ ਬਣ ਜਾਂਦੇ। ਦਰਅਸਲ ਕਿਸੇ ਦੀ ਪੀੜਾ ਨੂੰ ਹਾਸਾ ਅਤੇ ਆਪਣੀ ਪੀੜ ਨੂੰ ਦਰਦਵੰਤਾ ਕਹਿਣ ਵਾਲੇ ਬਹੁਰੂਪੀਆ ਹੁੰਦੇ ਅਤੇ ਇਹੀ ਬਹੁਰੂਪਤਾ ਹੀ ਸਾਡੇ ਸਮਾਜ ਦਾ ਕੁਹਜ ਬਣ ਕੇ ਇਸਨੂੰ ਕਲੰਕਤ ਕਰ ਰਹੀ ਆ।

ਕਿੰਨੇ ਪੱਥਰਦਿਲ ਹੋਣਗੇ ਉਹ ਲੋਕ ਜੋ ਕਿਸੇ ਦੀ ਪੀੜਾ ਵਿਚੋਂ ਲਾਹਾ ਲੈਣ ਦੀ ਤਾਕ ਵਿਚ ਰਹਿੰਦੇ ਤੇ ਕਿਸੇ ਦੇ ਦਰਦ ਨੂੰ ਤੁੱਛ ਸਮਝਦੇ। ਭਲਾ!

ਭਾਂਡੇ ਧੋਂਦੇ
ਤੇ ਝਿੜਕਾਂ ਵਿਚ ਹੰਝੂ ਵਹਾਉਂਦੇ
ਬਰੈੱਡ ਦੇ ਟੁਕੜੇ ਨੂੰ
ਜੂਠੀ ਚਾਹ ਵਿਚ ਭਿਆਉਂਦਾ ਬੱਚਾ
ਢਾਬੇ 'ਤੇ ਨੌਕਰ ਨਹੀਂ ਹੁੰਦਾ
ਸਗੋਂ ਦੋ ਟੁੱਕ ਦੇ ਸੁੱਕੇ ਟੁੱਕਰਾਂ ਲਈ
ਸਾਹ ਵਰੋਲਦਾ ਬਚਪਨਾ ਹੁੰਦਾ
ਜਿਸਦੇ ਨੈਣਾਂ ਵਿਚ
ਮਰ ਗਏ ਸੁਪਨਿਆਂ ਦਾ ਰੁਦਨ
ਕਿਸੇ ਵਿਰਲੇ ਨੂੰ ਸੁਣਾਈ ਦਿੰਦਾ।

ਕੂੜੇ ਦੇ ਢੇਰ ਤੋਂ
ਸਵੇਰੇ ਸਵੇਰੇ ਲੀਰਾਂ ਚੁਗ ਰਿਹਾ ਬੱਚਾ
ਠੰਢੇ ਚੁੱਲ੍ਹੇ 'ਚ ਅੱਗ ਬਾਲਣ ਲਈ
ਲਾਚਾਰ ਮਾਪਿਆਂ ਦੀ ਲੋੜ ਹੁੰਦਾ
ਜਿਸਦੇ ਨੈਣਾਂ ਵਿਚ ਬੁੱਝ ਰਹੀ ਅੱਖਰ-ਜੋਤ
ਹਟਕੋਰੇ ਭਰਨ ਲੱਗਦੀ
ਜਦ ਉਹ ਸਕੂਲ ਜਾ ਰਹੇ
ਆਪਣੇ ਹਾਣੀਆਂ ਨੂੰ ਤੱਕਦਾ ਹੈ।

ਭੱਠੇ 'ਤੇ ਇੱਟਾਂ ਪੱਥ ਰਹੇ ਜੁਆਕ ਨੂੰ
ਕੌਣ ਦੱਸੇਗਾ ਕਿ
ਉਸਦੀ ਉਮਰ ਪੂਰਨੇ ਪਾਉਣ
ਅਤੇ ਮੁਹਾਰਨੀ ਰੱਟਣ ਦੀ ਹੈ
ਪਰ ਭੱਠੇ ਦੇ ਮਾਲਕ ਨੇ
ਗਰੀਬ ਪਰਿਵਾਰ ਨੂੰ ਨੂੜ ਰੱਖਿਆ ਹੈ
ਕਰਜ਼ੇ ਦੀ ਜ਼ੰਜੀਰ ਨਾਲ।

ਬਾਰਸ਼ ਨਾਲ ਡਿਗੀ ਕੰਧ ਦੀ
ਓਟ ਵਿਚ ਠਠੰਬਰਿਆ ਪਰਿਵਾਰ
ਉਪਰ ਵੱਲ ਨੂੰ ਹੱਥ ਕਰਕੇ
ਦੁਆ ਮੰਗਦਾ ਹੈ ਕਿ
ਐ ਖ਼ੁਦਾਇਆ!
ਇਸ ਨਰਕ ਨਾਲੋਂ ਤਾਂ ਮੌਤ ਭਲੀ
ਪਰ ਉਸਨੂੰ ਕੌਣ ਸਮਝਾਵੇ
ਕਿ ਮੰਗਿਆਂ ਤਾਂ ਮੌਤ ਵੀ ਨਹੀਂ ਮਿਲਦੀ
ਤੇ ਅਵਾੜਵਾਹੇ ਤੁਰ ਪੈਂਦਾ ਹੈ
ਕੋਠੀ ਵਾਲਿਆਂ ਦੀ ਤਾਬਿਆਦਾਰੀ 'ਚ
ਭੁੱਖੇ ਪੇਟ ਨੂੰ ਝੁਲਸਣਾ ਜੁ ਹੋਇਆ।

ਵੱਟ 'ਤੇ ਬਹਿ ਸਿਰ ਫੜ ਕੇ
ਗੜ੍ਹੇਮਾਰੀ ਨਾਲ ਧਰਤ 'ਤੇ ਵਿਛੀ
ਫਸਲ ਨੂੰ ਦੇਖਦਾ ਕਿਸਾਨ
ਸੋਚਦਾ ਹੈ
ਇਹ ਕੇਹਾ ਭਾਣਾ ਕਿ
ਮੌਸਮ ਨੇ ਖੇਤਾਂ ਵਿਚ ਬੋਹਲ ਦੀ ਬਜਾਏ
ਖ਼ੁਦਕੁਸ਼ੀਆਂ ਕਿਉਂ ਵਿਛਾਈਆਂ
ਤੇ ਮਨ ਦੇ ਅੰਧਿਆਰੇ ਵਿਚ ਡੁੱਬਿਆ
ਟਾਹਲੀ 'ਤੇ ਲਟਕਦੀ ਲਾਸ਼ ਬਣ ਜਾਂਦਾ।

ਖੇਤਾਂ ਵਿਚ ਲਹਿਰਾਂ-ਬਹਿਰਾਂ ਲਾਉਣ ਵਾਲਾ ਪਾਣੀ
ਦਰਿਆ ਦਾ ਮਾਰੂ ਰੂਪ ਬਣ
ਘਰਾਂ, ਗਰਾਂ ਅਤੇ ਫਸਲਾਂ ਨੂੰ ਮਲੀਆਮੇਟ ਕਰ
ਤਬਾਹੀ ਦਾ ਅਜੇਹਾ ਮੰਜ਼ਰ ਸਿਰਜਦਾ
ਕਿ ਹਰ ਅੱਖ ਵਿਚ ਉਗਦਾ
ਖਾਰਾ ਸਮੁੰਦਰ
ਤੇ ਇਸ ਵਿਚ ਡੁੱਬ ਜਾਂਦਾ ਹੈ
ਖ਼ਾਹਸ਼ਾਂ, ਖ਼ਾਬਾਂ ਅਤੇ ਖ਼ੁਸ਼ੀਆਂ ਦਾ ਜ਼ਜ਼ੀਰਾ।

ਬਾਂਦਰ ਦੀ ਨਜ਼ਰ
ਬਿਜੜੇ ਦੇ ਆਲ੍ਹਣੇ 'ਤੇ ਪਈ
ਉਸਨੇ ਝਪਟਾ ਮਾਰਿਆ
ਤੇ ਉਸਨੂੰ ਤੀਲਾ ਤੀਲਾ ਕਰ ਦਿਤਾ
ਬਿਜੜੇ ਦੀ ਅੰਬਰ ਚੀਰਵੀਂ ਹੂਕ
ਸੁਣਨ ਦੀ ਕਿਸੇ ਕੋਲ ਵਿਹਲ ਹੀ ਨਹੀਂ।
ਸ਼ਾਇਦ
ਕਿਸੇ ਦੇ ਘਰ ਨੂੰ ਢਾਹ ਕੇ
ਖ਼ੁਸ਼ ਹੋਣ ਦੀ ਆਦਤ
ਬੰਦੇ ਨੇ ਆਪਣੇ ਪੁਰਖਿਆਂ ਤੋਂ ਲਈ ਏ।

ਬਾਪ
ਅਚਨਚੇਤ ਪੂਰਾ ਹੋ ਗਿਆ
ਔਲਾਦ ਨੇ
ਉਸਦੇ ਸਸਕਾਰ ਤੋਂ ਪਹਿਲਾਂ ਹੀ
ਲਾਸ਼ ਦੀਆਂ ਵੰਡੀਆਂ ਪਾ ਲਈਆਂ।
ਸੋਗ ਨੂੰ ਵਿਹੜੇ 'ਚੋਂ ਛਿਛਕਾਰ ਦਿਤਾ
ਬਾਪ ਦੀ ਵਿਰਾਸਤ
ਜੱਗ-ਜ਼ਾਹਰ ਹੋ ਗਈ।

ਪੁੱਤ ਨੇ
ਮਾਂ ਨੂੰ ਕਾਰ 'ਚ ਬਿਠਾਇਆ
ਬਜ਼ੁਰਗ ਆਸ਼ਰਮ ਦੇ ਸਾਹਮਣੇ ਉਤਾਰ
ਅੱਖੋਂ ਓਝਲ ਹੋ ਗਿਆ
ਮਾਂ
ਜਿਉਂਦੇ ਪੁੱਤ ਦੇ
ਕੀਰਨੇ ਪਾਉਣ ਲੱਗੀ।

ਤਖ਼ਤ ਨੇ
ਕਲਮ ਨੂੰ ਸ਼ਾਲ ਤੇ ਸਰੋਪਾ ਦਿਤਾ
ਕਲਮ ਦੀ ਜ਼ਮੀਰ
ਅਰਥਾਂ ਦੇ ਗਲ ਲੱਗ
ਭੁੱਬੀਂ ਰੋਈ
ਪਰ
ਕਲਮ ਨੂੰ ਖ਼ਬਰ ਨਾ ਹੋਈ।

ਹਾਬੜੇ ਮਨੁੱਖ ਨੇ
ਦਰਿਆ ਜ਼ੀਰ ਲਿਆ
ਬਰੇਤੇ
ਦਰਿਆ ਨੂੰ ਭਾਲਦੇ ਭਾਲਦੇ
ਖ਼ੁਦ ਹੀ ਮਰ ਮੁੱਕ ਗਏ।

ਕੇਹਾ ਹੈ
ਅਜੋਕਾ ਮਨੁੱਖ
ਬਾਂਝ ਕੀਤੀ ਕੁੱਖ
ਰੁੰਡ-ਮਰੁੰਡ ਰੁੱਖ
ਸੰਤਾਪਿਆ ਸੁੱਖ
ਤੇ ਦਿਮਾਗੀ ਬੰਦਾ
ਮਨ ਤੋਂ ਬੇਮੁੱਖ।

ਅਸੀਂ ਅਕਸਰ ਹੀ ਵਰਕਿਆਂ 'ਤੇ ਲਿਖਿਆ ਪੜ੍ਹਦੇ ਪਰ ਕੋਈ ਨਹੀਂ ਪੜ੍ਹਦਾ ਮਨ ਦੀ ਤਖ਼ਤੀ 'ਤੇ ਲਿਖੀ ਇਬਾਰਤ। ਅਸੀਂ ਬੋਲ ਸੁਣਦੇ ਅਤੇ ਅਰਥ ਕੱਢਦੇ ਪਰ ਕੋਈ ਨਹੀਂ ਜਾਣਦਾ ਚੁੱਪ ਦੀ ਅਬੋਲ ਬਾਣੀ ਨੂੰ ਜਿਸਦੀ ਅਰਥਕਾਰੀ ਲਈ ਮਨ ਨੂੰ ਮਿਲਣਾ ਪੈਂਦਾ। ਅਸੀਂ ਕਿਸੇ ਦੀ ਕਲਮਕਾਰੀ ਨੂੰ ਤਾਂ ਪੜ੍ਹ ਲੈਂਦੇ ਪਰ ਅਜੇਹੀ ਕਲਮਕਾਰੀ ਕਰਨ ਸਮੇਂ ਉਸਦੇ ਮਨ ਵਿਚ ਕਿਹੜੀ ਉਥਲ-ਪੁਥਲ ਹੋ ਰਹੀ ਸੀ? ਉਹ ਕਿਹੜੀ ਮਾਨਸਿਕ ਸਥਿਤੀ ਦਾ ਸ਼ਿਕਾਰ ਸੀ? ਉਸਦੇ ਮਨ ਵਿਚ ਉਠਦੇ ਜਵਾਰਭਾਟਿਆਂ ਨੂੰ ਰਾਹਤ ਕਿਉਂ ਨਾ ਮਿਲੀ? ਉਸਦੇ ਮਨ ਦੀਆਂ ਤਰਜੀਹਾਂ ਨੂੰ ਤਦਬੀਰਾਂ ਕਿਉਂ ਨਾ ਪ੍ਰਾਪਤ ਹੋਈਆਂ? ਉਸਦੀ ਤਕਦੀਰ ਵਿਚ ਝਰੀਟੀਆਂ ਲੀਕਾਂ ਵਿਚੋਂ ਮਾਨਸਿਕ ਸੁਖ ਕਿਉਂ ਮਨਫ਼ੀ ਹੋ ਗਿਆ? ਉਸਦੀ ਕਿਹੜੀ ਮਾਨਸਿਕਤਾ ਨੇ ਅਜੇਹੀ ਲਿਖਤ ਨੂੰ ਉਜਾਗਰ ਕੀਤਾ ਜਾਂ ਉਹ ਆਪਣੀ ਕਲਮ ਰਾਹੀਂ ਕਿੰਝ ਆਪਣੇ ਪਾਠਕਾਂ ਤੀਕ ਪਹੁੰਚਣਾ ਚਾਹੁੰਦਾ? ਕਦੇ ਲਿਖਤ ਦੇ ਅਰਥਾਂ ਦੀ ਬਜਾਏ ਲਿਖਤ ਦੀਆਂ ਉਨ੍ਹਾਂ ਮਹੀਨ ਪਰਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਜੋ ਅਦਿੱਖ ਹੁੰਦੀਆਂ ਅਤੇ ਜਿਸਨੂੰ ਸਮਝਣਾ ਅਤੇ ਸਮਝਾਉਣਾ ਹਰੇਕ ਦੇ ਵੱਸ ਨਹੀਂ ਹੁੰਦਾ।

ਬਹੁਤ ਘੱਟ ਲੋਕ ਹੁੰਦੇ ਨੇ ਜੋ ਪਾਣੀ ਦੇ ਪਿੰਡੇ 'ਤੇ ਹਰਫ਼ ਲਿਖਦੇ। ਪਰ ਪਤਾ ਕਰਨਾ ਕਿ ਕਿਉਂ ਉਹ ਵਰਕਿਆਂ ਦੀ ਬਜਾਏ ਪਾਣੀ 'ਤੇ ਕਲਮਕਾਰੀ ਕਰਨ ਲੱਗੇ। ਕਦੇ ਪਾਣੀਆਂ 'ਤੇ ਲਿਖੀ ਕਵਿਤਾ ਨੂੰ ਪੜ੍ਹਨਾ ਜੋ ਲਹਿਰਾਂ ਸੰਗ ਰਲ ਕੇ ਪਾਣੀ ਪਾਣੀ ਹੋ ਜਾਂਦੀ। ਕਿਸੇ ਦੇ ਮਨ ਦੀ ਜੂਹ ਵਿਚ ਬਹੁਤ ਕੁਝ ਅਜੇਹਾ ਧਰ ਜਾਂਦੀ ਜਿਹੜਾ ਕੰਢੇ 'ਤੇ ਬੈਠੈ ਸ਼ਖ਼ਸ ਨੂੰ ਨਜ਼ਰ ਹੀ ਨਹੀਂ ਆਉਂਦਾ ਕਿ ਇਹ ਲਹਿਰਾਂ ਮੇਰੇ ਪੈਰਾਂ ਨੂੰ ਚੁੰਮ ਕੇ ਕਿਹੜੀ ਕਵਿਤਾ ਮੇਰੇ ਨਾਮ ਕਰਦੀਆਂ?

ਕਦੇ ਪੰਛੀਆਂ ਦੇ ਬੋਲਾਂ ਵਿਚੋਂ ਸੁਹਜ ਅਤੇ ਸਮਝ ਨੂੰ ਸਮਝਣ ਦੀ ਚੇਸ਼ਟਾ ਕਰਨਾ। ਤੁਹਾਨੂੰ ਪਤਾ ਲੱਗੇਗਾ ਕਿ ਪੰਛੀਆਂ ਦੇ ਮਾਸੂਮ ਮਨਾਂ ਵਿਚ ਅਜੇਹੇ ਜਜ਼ਬਾਤ ਅੰਗੜਾਈ ਭਰਦੇ ਜਿਨ੍ਹਾਂ ਤੋਂ ਅਜੋਕਾ ਮਨੁੱਖ ਬੇਮੁੱਖ ਹੋ ਗਿਆ ਹੈ।

ਕਦੇ ਬਿਰਖ਼ ਦੇ ਹੇਠਾਂ ਖੜ, ਇਸਦੀ ਛਾਂ 'ਤੇ ਉਕਰੀ ਕਾਵਿਕਾਰੀ ਤੇ ਕਲਾਕਾਰੀ ਨੂੰ ਪੜ੍ਹਨਾ। ਇਸ ਵਿਚੋਂ ਉਭਰਦੇ ਦ੍ਰਿਸ਼ਾਂ ਵਿਚੋਂ ਅਜੇਹੇ ਆਕਾਰ ਤੁਹਾਡੀ ਮਾਨਸਿਕ ਉਤੇਜਨਾ ਨੂੰ ਨਵੀਂ ਪ੍ਰਵਾਜ਼ ਦੇਣਗੇ ਜਿਸਦੀ ਤੁਸੀਂ ਕਦੇ ਤਵੱਕੋਂ ਵੀ ਨਹੀਂ ਕੀਤੀ ਹੁੰਦੀ।

ਦਰਅਸਲ ਮਨੁੱਖ ਨੇ ਜਦ ਤੋਂ ਕੁਦਰਤ ਦੀ ਅਵੱਗਿਆ ਕਰਨੀ ਅਰੰਭੀ, ਉਹ ਆਪਣੇ ਆਪ ਤੋਂ ਬਹੁਤ ਦੂਰ ਚਲੇ ਗਿਆ। ਕਦੇ ਨਹੀਂ ਮਿਲਦਾ ਆਪਣੇ ਮਨ ਨੂੰ ਅਤੇ ਨਾ ਹੀ ਮਨ ਦੇ ਆਖੇ ਲੱਗਦਾ। ਅਸਲ 'ਚ ਮਨ ਕਦੇ ਵੀ ਗਿਣਤੀਆਂ ਮਿਣਤੀਆਂ 'ਚ ਨਹੀਂ ਉਲਝਦਾ। ਨਾ ਹੀ ਨਫ਼ੇ ਨੁਕਸਾਨ ਦਾ ਹਾਮੀ। ਇਹ ਤਾਂ ਰੂਹ ਦੀਆਂ ਬਾਤਾਂ ਮੰਨਦਾ, ਸੁਣਦਾ ਅਤੇ ਸੁਣਾਉਂਦਾ। ਇਹੀ ਉਸਦੇ ਸਕੂਨ ਦਾ ਸਭ ਤੋਂ ਵੱਡਾ ਸਬੱਬ।

ਕਦੇ ਘਰ ਵਿਚ ਪਸਰੀ ਚੁੱਪ ਨੂੰ ਅਲਹਾਮੀ ਰੂਪ ਦੇਣ ਲਈ ਇਸ ਚੁੱਪ ਵਿਚੋਂ ਉਠਦੀਆਂ ਉਨ੍ਹਾਂ ਸੰਵੇਦਨਾਵਾਂ ਦਾ ਹੁੰਗਾਰਾ ਜ਼ਰੂਰ ਭਰਨਾ ਜਿਸ ਨਾਲ ਘਰ, ਘਰ ਹੀ ਬਣਿਆ ਰਹੇਗਾ ਵਰਨਾ ਘਰ ਨੂੰ ਮਕਾਨ ਬਣਨ ਲਈ ਤੁਹਾਡੀ ਅਣਗਹਿਲੀ ਸਭ ਤੋਂ ਜ਼ਿਆਦਾ ਕਸੂਰਵਾਰ।

ਕਮਰੇ ਵਿਚ ਸੁਗਮ-ਸੰਗੀ ਦੀਆਂ ਸੁਰਾਂ ਪਨਪਦੀਆਂ ਰਹਿਣ ਤਾਂ ਮੋਹ-ਮੁਹੱਬਤ ਭਿੱਜੇ ਬੋਲਾਂ ਦੀ ਮਿਠਾਸ, ਇਨ੍ਹਾਂ ਦੀ ਭਾਵਨਾ ਅਤੇ ਖਲੂਸ ਤੁਹਾਡੇ ਸੁੰਦਰ ਜੀਵਨ ਦੀ ਅਧਾਰਸ਼ਿਲਾ ਬਣੇਗਾ। ਆਪਣੇ ਸੱਜਣ ਦੇ ਸਾਹਾਂ ਵਿਚਲੀ ਮਹਿਕ ਅਤੇ ਕੋਸੇ ਕੋਸੇ ਪਲਾਂ ਨੂੰ ਮਾਨਣ ਦਾ ਵਿਸਮਾਦ ਅਗਰ ਕਮਰੇ ਦਾ ਧੰਨਭਾਗ ਬਣ ਜਾਵੇ ਤਾਂ ਕਮਰਾ ਜਿਉਣ ਜੋਗਾ ਹੋ ਜਾਂਦਾ। ਦੇਖਣਾ! ਤੁਸੀਂ ਕਮਰੇ ਨੂੰ ਕਦੋਂ ਜਿਊਣ ਜੋਗਰਾ ਬਣਾਉਂਦੇ ਹੋ?

ਲੋੜ ਹੈ ਕਿ ਬੰਦਾ ਮਨ ਦੀ ਗੁਫ਼ਤਗੂ ਨੂੰ ਸੁਣੇ। ਇਸਦੀਆਂ ਰਮਜ਼ਾਂ ਸਮਝੇ। ਇਸ ਵਿਚ ਉਠਦੀਆਂ ਤਰੰਗਾਂ ਨੂੰ ਮਾਣੇ ਤਾਂ ਉਹ ਜ਼ਿੰਦਗੀ ਦੇ ਸੁਖਨਵਰ ਪਲਾਂ ਦਾ ਸ਼ਾਹ-ਅਸਵਾਰ ਬਣ ਕੇ, ਮਾਨਸਿਕਤਾ ਦਾ ਅਕਹਿ ਆਨੰਦ ਮਾਣ ਸਕਦਾ।

ਪੰਜਾਹ ਰੁਪਏ ਵਿਚ ਮਿਲੀ ਲੱਖਾਂ ਦੀ ਅਕਲ

ਰਜਿੰਦਰ ਸਿੰਘ ਟਾਂਡਾ

1991 ਕੁ ਦੀ ਗੱਲ ਹੋਵੇਗੀ। ਪਿੰਡੋਂ ਪਹਿਲੀ ਵਾਰ ਸ਼ਹਿਰ ਗਿਆ ਸੀ। ਬਾਰ੍ਹਵੀਂ ਕਰਕੇ, ਅਗਾਂਹ CET (Engneering Entrance Test) ਦੀ ਤਿਆਰੀ ਕਰਨ। ਸਾਡੇ ਪੇਂਡੂਆਂ ਲਈ, ਉਸ ਵਕਤ ਸ਼ਹਿਰ ਨਵੀਂ ਗੱਲ ਸੀ। ਸ਼ਹਿਰ ਦੀ ਗੱਲਬਾਤ ਹੋਰ, ਸ਼ਹਿਰ ਦਾ ਪਹਿਰਾਵਾ ਹੋਰ, ਸ਼ਹਿਰ ਦੀ ਆਬੋ ਹਵਾ ਹੋਰ, ਸ਼ਹਿਰ ਦੀਆਂ ਖੇਡਾਂ ਵੀ ਹੋਰ।

ਪਿੰਡ ਖਾਸ ਕਰ ਕੇ ਮੇਰੇ ਘਰ ਵਿਚ ਤਾਸ਼, ਗੁੱਲੀ ਡੰਡਾ ਤੇ ਪਤੰਗ 'ਤੇ ਮੁਕੰਮਲ ਪਾਬੰਦੀ ਸੀ, ਤਾਸ਼ ਤਾਂ ਲਗਭਗ ਗੁਨਾਹ ਹੀ ਸਮਝੀ ਜਾਂਦੀ ਸੀ, ਜੀਹਦੀ ਸਜ਼ਾ ਤਾਂ ਖੇਡਣ ਤੋਂ ਕਈ ਦਿਨ ਬਾਅਦ ਪਤਾ ਲੱਗਣ ਉੱਤੇ ਵੀ ਮਿਲਣ ਦਾ ਖਦਸ਼ਾ ਰਹਿੰਦਾ ਸੀ। ਭਾਜੀ ਬਲਰਾਜ ਤੇ ਚਾਚੇ ਦੇ ਦੋਵੇਂ ਮੁੰਡੇ ਵਧੀਆ ਕ੍ਰਿਕਟ ਖੇਡ ਲੈਂਦੇ ਤੇ ਮੇਰਾ ਕ੍ਰਿਕਟ ਵਲੋਂ ਵੀ ਹੱਥ ਪੂਰਾ ਤੰਗ, ਚੇਤਾ ਨਹੀਂ ਕਦੇ ਤੀਜੀ ਗੇਂਦ ਤੱਕ ਬੈਟਿੰਗ ਕੀਤੀ ਹੋਵੇ। ਲੈ ਦੇ ਕੇ ਖੇਡ ਮੇਰੀ ਜ਼ਿੰਦਗੀ ਵਿਚੋਂ ਮਨਫ਼ੀ ਹੀ ਰਹੀ।

ਜਲੰਧਰ ਮਾਸੀ ਗਿੰਦਰੋ (ਸਵਰਗਵਾਸੀ) ਬੜੀ ਦਿਲਚਸਪ ਸ਼ਖ਼ਸੀਅਤ ਸੀ ਤੇ ਉਹਦਾ ਛੋਟਾ ਮੁੰਡਾ ਬਿੱਟਾ, ਮੇਰਾ ਲੰਗੋਟੀਆ ਮਿੱਤਰ। ਮਾਸੀ ਦੇ ਘਰੇ, ਪਹਿਲੀ ਵਾਰ ਕੈਰਮ ਬੋਰਡ ਦੇ ਦਰਸ਼ਨ ਕੀਤੇ। ਸ਼ਾਮ ਨੂੰ, ਕੈਰਮ ਬੋਰਡ ਦੇ ਫੱਟੇ ਉੱਤੇ, ਟੇਲਕਮ ਪਾਊਡਰ ਭੁੱਕ ਕੇ ਅਸੀਂ ਸ਼ੁਰੂ ਹੋ ਜਾਂਦੇ। ਟਿੱਕ ਟਿੱਕ ਘੰਟਾ ਘੰਟਾ ਲੱਗੇ ਰਹਿੰਦੇ। ਕੈਰਮ 'ਤੇ ਹੱਥ ਕੁਦਰਤੀ ਵਾਹਵਾ ਖੁੱਲ੍ਹ ਗਿਆ। ਜਦੋਂ ਬੰਦਾ ਕਿਤੇ ਜਿੱਤਣ ਲੱਗ ਜਾਵੇ, ਫਿਰ ਵੈਸੇ ਵੀ ਦੂਜਿਆਂ ਨੂੰ ਟਿਕਣ ਨਹੀਂ ਦਿੰਦਾ। ਦਿਨੇ ਪੜ੍ਹ ਕੇ ਸ਼ਾਮ ਕੈਰਮ 'ਤੇ ਟਿੱਕ-ਟਿੱਕ। ਉੱਥੇ ਥੋੜ੍ਹਾ ਸ਼ਹਿਰੀ ਮਾਹੌਲ ਹੋਣ ਕਰਕੇ ਕੋਈ ਰੋਕ ਟੋਕ ਨਹੀਂ।

ਤਿੰਨ ਕੁ ਮਹੀਨੇ ਲੰਘੇ, ਮੇਰੀ ਤਿਆਰੀ ਮੁਕੰਮਲ ਹੋ ਗਈ। ਕਿਸਮਤ ਚੰਗੀ, ਸਾਹਮਣੇ ਰਹਿੰਦੇ ਗੁਆਂਢੀ, ਨਾਮ ਭੁੱਲ ਗਿਆ। ਕਿਤੇ ਸ਼ਾਮ ਨੂੰ ਲੱਗਦਾ, ਅਧੀਏ ਵਿਚੋਂ ਪੈਸੇ ਥੁੜ੍ਹ ਗਏ। ਆ ਕੇ ਆਖਣ ਲੱਗਾ ਤੂੰ ਮੇਰਾ ਕੈਰਮ ਬੋਰਡ

ਖਰੀਦਣਾ? ਉਦੋਂ ਨਵਾਂ ਕੈਰਮ 100 ਕੁ ਰੁਪਏ ਦਾ ਆਉਂਦਾ ਸੀ ਤੇ ਏਨੀ ਮੇਰੀ ਹੈਸੀਅਤ ਨਹੀਂ ਸੀ। ਕਾਲਜ ਪੜ੍ਹਦਿਆਂ ਕੋਲ ਇੰਨੇ ਪੈਸੇ ਹੁੰਦੇ ਵੀ ਨਹੀਂ ਸਨ ਦੋ ਰੁਪਏ ਦਾ ਕੱਪ ਚਾਹ ਹੁੰਦਾ ਸੀ।

ਮੈਂ ਕੀਮਤ ਪੁੱਛੀ, ਉਹਨੇ ਪੰਜਾਹ ਰੁਪਏ ਮੰਗੇ। ਮੈਨੂੰ ਲੱਗਾ, ਮਨਾਂ, ਪੰਜਾਹ ਵਿਚ ਪੁਰਾਣਾ ਕੈਰਮ ਬੋਰਡ ਮਾੜਾ ਨਹੀਂ। ਨਾਲ਼ੇ ਪਿੰਡ ਵਿਚ ਨਵੀਂ ਗੇਮ। ਟੌਹਰ ਵੀ ਅਲੱਗ। ਪੰਜਾਹ ਰੁਪਏ ਵਿਚ ਅਮੀਰਾਂ ਵਾਲੀ ਖੇਡ। ਮੈਂ ਕੈਰਮ ਬੋਰਡ ਚੁੱਕਿਆ ਪਿੰਡ ਆ ਗਏ। ਸ਼ਾਮ ਨੂੰ ਟੇਬਲ ਉੱਤੇ, ਆਲੇ-ਦੁਆਲੇ ਦੋ ਕੁਰਸੀਆਂ ਰੱਖ ਕੇ ਬੈਠ ਗਏ ਖੇਡਣ। ਟਿੱਕ ਟਿੱਕ ਸ਼ੁਰੂ ਹੋ ਗਈ।

ਭਾਪਾ ਜੀ ਆਏ, ਪੁੱਛਣ ਲੱਗੇ ਪੁੱਤ ਇਹ ਕੀ ਆ। 'ਭਾਪਾ ਜੀ ਇਹ ਖੇਡ ਹੁੰਦੀ ਹੈ ਇਹਨੂੰ ਕੈਰਮ ਬੋਰਡ ਕਹਿੰਦੇ ਨੇ'। ਕਾਕਾ ਇਹ ਕੀ ਖੇਡ ਹੋਈ? ਕੋਈ ਕਬੱਡੀ ਖੇਡੋ, ਦੌੜ ਲਓ, ਡੰਡ ਬੈਠਕਾਂ ਮਾਰੋ ਜਾਂ ਫਿਰ ਖੇਤਾਂ ਨੂੰ ਚਲੋ ਕਹਾਰੀ ਦਾ ਕੰਮ ਪਿਆ, ਇਹ ਸਾਲੀ ਕਿਹੜੀ ਖੇਡ ਹੋਈ।

ਤਿੰਨ ਕੁ ਦਿਨ, ਭਾਪਾ ਜੀ ਨੇ ਦੇਖਿਆ, ਸਾਨੂੰ ਦੋ ਕੁ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ, ਅਸੀਂ ਥੋੜ੍ਹਾ ਕੰਨ ਵਲੇਟ ਕੇ, ਦਰਗੁਜਰ ਕਰ ਗਏ। ਤੀਜੇ ਦਿਨ ਜਦੋਂ ਵਰਾਂਡੇ ਵਿਚ ਫਿਰ ਟਿੱਕ ਟਿੱਕ ਸਟਾਰਟ ਹੋਈ ਤਾਂ ਭਾਪਾ ਜੀ ਆਪਣੇ ਅਸਲ ਰੂਪ ਵਿਚ ਆ ਗਏ। ਮੈਨੂੰ ਅਸਲ ਅੰਦਾਜ਼ ਵਿਚ ਆਖਣ ਲੱਗੇ, 'ਉਹ ਬੇਵਕੂਫਾ, ਇਹ ਫੱਟਾ ਕਿਥੋਂ ਚੁੱਕ ਲਿਆਇਆ?'' ਮੈਂ ਕਿਹਾ, ਜੀ ਜਲੰਧਰੋਂ। ''ਉਹ ਬੇਵਕੂਫਾ, ਇਹ ਤਾਂ ਮੈਨੂੰ ਪਤਾ, ਪਈ ਜਲੰਧਰੋਂ ਲੈ ਕੇ ਆਇਆ ਪਰ ਲਿਆਇਆ ਕਿਉਂ ਹੈਂ?'' ਮੈਂ ਕਿਹਾ 'ਭਾਪਾ ਜੀ, ਇਹ ਸੌ ਰੁਪਏ ਦਾ ਆਉਂਦਾ ਬਾਜ਼ਾਰ ਵਿੱਚੋਂ, ਮੈਨੂੰ ਪੰਜਾਹ ਰੁਪਏ ਦਾ ਮਿਲ ਗਿਆ, ਏਨਾ ਸਸਤਾ ਮਿਲਣਾ ਈ ਨਹੀਂ ਸੀ, ਸੋ ਸਸਤਾ ਹੋਣ ਕਰਕੇ ਮੈਂ ਲੈ ਆਇਆ।'

ਉਨ੍ਹਾਂ, ਸਾਡੇ ਵਿਚਾਲਿਓਂ ਕੈਰਮ ਚੁੱਕਿਆ, ਪਰੇ ਸਟੋਰ ਦੇ ਖੂੰਜੇ ਵਿਚ ਕਿੱਲੀ ਉੱਤੇ ਟੰਗ ਕੇ ਕਹਿੰਦੇ, 'ਖ਼ਬਰਦਾਰ, ਜੇ ਮੁੜ ਕੇ ਇਹਨੂੰ ਲਾਹਿਆ ਤਾਂ' ਆਖਣ ਲੱਗੇ 'ਉਏ ਬੇਵਕੂਫੋ, ਜੇ ਜ਼ਹਿਰ ਸਸਤੀ ਮਿਲ ਜਾਵੇ ਤਾਂ ਘਰੇ ਨੀਂ ਚੁੱਕ ਲਿਆਈਦੀ' ਜ਼ਹਿਰ, ਜ਼ਹਿਰ ਹੁੰਦਾ, ਕਿੰਨਾ ਵੀ ਸਸਤਾ ਮਿਲ ਜਾਵੇ, ਚੰਗਾ ਨਹੀਂ ਹੁੰਦਾ। ਘਰੇ ਉਹੀ ਚੀਜ਼ ਲੈ ਕੇ ਆਓ...ਜੀਹਦੀ ਘਰ ਵਿਚ ਲੋੜ ਹੋਵੇ, ਫਿਰ ਓਹ ਚਾਹੇ ਮਹਿੰਗੀ ਹੋਵੇ ਜਾਂ ਸਸਤੀ। ਸਿਰਫ ਸਸਤੀ ਦੇਖ ਕੇ, ਚੀਜ਼ ਘਰੇ ਨਹੀਂ ਲੈ ਆਈਦੀ।'

ਪੰਜਾਹ ਰੁਪਏ ਵਿਚ, ਲੱਖਾਂ ਦੀ ਅਕਲ ਮਿਲ ਗਈ। ਹੁਣ ਤੱਕ ਕੰਮ ਆ ਰਹੀ ਹੈ।

ਕੈਂਸਰ ਪ੍ਰਤੀ ਜਾਗਰੂਕਤਾ ਹੀ ਖ਼ਤਮ ਕਰ ਸਕਦੀ ਹੈ ਕੈਂਸਰ ਦਾ ਖ਼ੌਫ਼

ਕੈਂਸਰ ਦੇ ਰੋਗ ਸਬੰਧੀ ਭਾਰਤ ਦੇ ਲੋਕਾਂ ਅੰਦਰ ਡਰ ਅਤੇ ਸਹਿਮ ਭਰੀ ਸੋਚ ਵਸੀ ਹੋਈ ਹੈ। ਲੋਕ ਕੈਂਸਰ ਨੂੰ ਲੈ ਕੇ ਇਸ ਕਦਰ ਭੈਅ-ਭੀਤ ਹਨ ਕਿ ਇਸ ਰੋਗ ਦਾ ਨਾਂ ਲੈਣ ਤੋਂ ਵੀ ਕਤਰਾਉਂਦੇ ਹਨ। ਸੱਚ ਤਾਂ ਇਹ ਹੈ ਕਿ ਕੈਂਸਰ ਦਾ ਨਾਮ ਨਾ ਲੈਣ ਨਾਲ ਅਸੀਂ ਕੈਂਸਰ ਤੋਂ ਬਚ ਨਹੀਂ ਸਕਦੇ, ਸਗੋਂ ਕੈਂਸਰ ਦੇ ਕਾਰਨਾਂ, ਲੱਛਣਾਂ ਅਤੇ ਸਹੀ ਸਮੇਂ 'ਤੇ ਕੀਤੇ ਜਾ ਸਕਣ ਵਾਲੇ ਸਹੀ ਇਲਾਜ ਬਾਰੇ ਜਾਗਰੂਕ ਹੋ ਕੇ ਅਸੀਂ ਕੈਂਸਰ ਨੂੰ ਮਾਤ ਜ਼ਰੂਰ ਦੇ ਸਕਦੇ ਹਾਂ। ਕੈਂਸਰ ਸਬੰਧੀ ਜਾਗਰੂਕਤਾ ਦੇ ਇਸੇ ਚਾਨਣ ਨੂੰ ਚੁਫ਼ੇਰੇ ਫ਼ੈਲਾਉਣ ਦੇ ਮਕਸਦ ਨਾਲ ਸੰਸਾਰ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਭਰ ਵਿਚ ਹਰ ਸਾਲ 4 ਫ਼ਰਵਰੀ ਦੇ ਦਿਨ ਨੂੰ 'ਵਿਸ਼ਵ ਕੈਂਸਰ ਦਿਵਸ' ਵਜੋਂ ਮਨਾਇਆ ਜਾਂਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆਂ ਵਿਚ ਹਰ ਸਾਲ ਕੈਂਸਰ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਵਿਚੋਂ 70 ਫ਼ੀਸਦੀ ਮੌਤਾਂ ਘੱਟ ਆਮਦਨੀ ਅਤੇ ਮੱਧਮ ਵਰਗ ਆਮਦਨੀ ਵਾਲੇ ਮੁਲਕਾਂ ਵਿਚ ਹੁੰਦੀਆਂ ਹਨ। ਸਿਹਤ ਮਾਹਿਰਾਂ ਦਾ ਇਹ ਮਤ ਹੈ ਕਿ ਦਿਲ ਦੇ ਰੋਗਾਂ ਕਰਕੇ ਦੁਨੀਆਂ ਭਰ ਵਿਚ ਸਭ ਤੋਂ ਵੱਧ ਮੌਤਾਂ ਹੁੰਦੀਆਂ ਹਨ ਤੇ ਕੈਂਸਰ ਕਰਕੇ ਹੋਣ ਵਾਲੀਆਂ ਮੌਤਾਂ ਦਾ ਨੰਬਰ ਦੁਨੀਆਂ ਵਿਚ ਦੂਜਾ ਹੈ। ਚੇਤੇ ਰਹੇ ਕਿ ਸਾਲ 2020 ਵਿਚ ਦੁਨੀਆਂ ਭਰ ਅੰਦਰ ਕੈਂਸਰ ਦੇ ਲਗਪਗ ਇਕ ਕਰੋੜ ਮਾਮਲੇ ਸਾਹਮਣੇ ਆਏ ਸਨ ਜਿਨ੍ਹਾਂ ਵਿਚੋਂ ਛਾਤੀ ਦੇ ਕੈਂਸਰ ਦੇ 20.26 ਲੱਖ, ਫ਼ੇਫ਼ੜਿਆਂ ਦੇ ਕੈਂਸਰ ਦੇ 20.21 ਲੱਖ, ਗੁਦਾ ਕੈਂਸਰ ਦੇ 10.93 ਲੱਖ, ਪ੍ਰੋਸਟੇਟ ਕੈਂਸਰ ਦੇ10.41 ਲੱਖ, ਚਮੜੀ ਦੇ ਕੈਂਸਰ ਦੇ 10.20 ਲੱਖ ਅਤੇ ਪੇਟ ਦੇ ਕੈਂਸਰ ਦੇ 10.09 ਲੱਖ ਮਾਮਲੇ ਸਨ। ਉਸ ਸਾਲ ਕੈਂਸਰ ਕਰਕੇ ਹੋਈਆਂ ਕੁੱਲ ਮੌਤਾਂ ਵਿਚੋਂ 18 ਲੱਖ ਮੌਤਾਂ ਫ਼ੇਫ਼ੜਿਆਂ ਦੇ ਕੈਂਸਰ ਕਰਕੇ, ਗੁਦਾ ਦੇ ਕੈਂਸਰ ਕਰਕੇ 9 ਲੱਖ 35 ਹਜ਼ਾਰ, ਜਿਗਰ ਦੇ ਕੈਂਸਰ ਕਰਕੇ 8 ਲੱਖ 30 ਹਜ਼ਾਰ, ਪੇਟ ਦੇ ਕੈਂਸਰ ਕਰਕੇ ਲਗਪਗ 7 ਲੱਖ, 69 ਹਜ਼ਾਰ ਅਤੇ ਛਾਤੀ ਦੇ ਕੈਂਸਰ ਕਰਕੇ 6 ਲੱਖ, 85 ਹਜ਼ਾਰ ਦੇ ਕਰੀਬ ਲੋਕ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ ਸਨ।

ਭਾਰਤ ਵਿਚ ਸਾਲ 2018 ਵਿਚ ਅੱਠ ਲੱਖ ਲੋਕ ਕੈਂਸਰ ਕਰਕੇ ਮੌਤ ਦੇ ਮੂੰਹ 'ਚ ਜਾ ਪਏ ਸਨ ਜਿਨ੍ਹਾਂ ਵਿਚ 4 ਲੱਖ 13 ਹਜ਼ਾਰ 519 ਮਰਦ ਅਤੇ 3,71,072 ਔਰਤਾਂ ਸਨ ਜਦੋਂ ਕਿ ਵਿਸ਼ਵ ਪੱਧਰ 'ਤੇ ਉਸ ਸਾਲ 90 ਲੱਖ ਤੋਂ ਵੱਧ ਮੌਤਾਂ ਕੈਂਸਰ ਕਾਰਨ ਹੀ ਹੋਈਆਂ ਸਨ। ਸੰਨ 2020, 2021 ਅਤੇ 2022 ਵਿਚ ਕੈਂਸਰ ਕਰਕੇ ਹੋਈਆਂ ਮੌਤਾਂ ਦੀ ਸੰਖਿਆ ਕ੍ਰਮਵਾਰ 7 ਲੱਖ 70 ਹਜ਼ਾਰ, 7 ਲੱਖ 89 ਹਜ਼ਾਰ ਅਤੇ 8 ਲੱਖ 08 ਹਜ਼ਾਰ ਸੀ। ਸਾਲ 2023 ਵਿਚ ਸਿਹਤ ਵਿਭਾਗ ਨੇ 8 ਲੱਖ 28 ਹਜ਼ਾਰ ਮੌਤਾਂ ਹੋਣ ਦੀ ਗੱਲ ਕਹੀ ਸੀ। ਸਿਹਤ ਵਿਗਿਆਨੀਆਂ ਦੀ ਪੇਸ਼ਨਗੋਈ ਹੈ ਕਿ ਸਾਲ 2040 ਵਿਚ ਭਾਰਤ ਅੰਦਰ ਕੈਂਸਰ ਕਰਕੇ ਹੋਣ ਵਾਲੀਆਂ ਮੌਤਾਂ ਦੀ ਦਰ

ਵਰਤਮਾਨ ਦਰ ਤੋਂ ਦੁੱਗਣੀ ਹੋਵੇਗੀ। ਭਾਰਤ ਅੰਦਰ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਘਟਾਉਣ ਹਿਤ ਭਾਰਤ ਸਰਕਾਰ ਸਣੇ ਕਈ ਹੋਰ ਸਰਕਾਰੀ, ਗ਼ੈਰ ਸਰਕਾਰੀ ਅਤੇ ਸਮਾਜ ਸੇਵੀ ਸੰਗਠਨ ਮੈਦਾਨ ਵਿਚ ਨਿੱਤਰੇ ਹੋਏ ਹਨ। ਭਾਰਤ ਵਿਚ ਦਵਾਈਆਂ ਦੀਆਂ ਕੀਮਤਾਂ ਤੈਅ ਕਰਨ ਵਾਲੀ ਜਥੇਬੰਦੀ ਨੇ ਕੈਂਸਰ ਸਬੰਧੀ ਉਪਲਬਧ 42 ਦਵਾਈਆਂ ਦੀਆਂ ਕੀਮਤਾਂ ਘਟਾ ਦਿੱਤੀਆਂ ਹਨ ਤਾਂ ਜੋ ਕੈਂਸਰ ਪੀੜਤ ਮਰੀਜ਼ ਆਪਣਾ ਇਲਾਜ ਸਸਤੇ ਭਾਅ ਕਰਵਾ ਸਕਣ। ਸੰਨ 2014 ਵਿਚ ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੇ ਭਾਰਤ ਵਿਚ 'ਕੌਮੀ ਕੈਂਸਰ ਜਾਗਰੂਕਤਾ ਦਿਵਸ' ਮਨਾਏ ਜਾਣ ਦੀ ਸ਼ੁਰੂਆਤ ਕੀਤੀ ਸੀ ਤਾਂ ਕਿ ਇਸ ਦਿਵਸ ਨਾਲ ਜੋੜ ਕੇ ਦੇਸ਼ ਅੰਦਰ ਕੈਂਸਰ ਪ੍ਰਤੀ ਜਾਗਰੂਕਤਾ ਵਿਚ ਵਾਧਾ ਕੀਤਾ ਜਾ ਸਕੇ। ਇਸ ਵਿਸ਼ੇਸ਼ ਦਿਨ ਵੱਖ-ਵੱਖ ਰਾਜਾਂ ਦੇ ਸਰਕਾਰੀ ਹਸਪਤਾਲਾਂ ਅੰਦਰ ਕੈਂਸਰ ਦੀ ਵਿਸ਼ੇਸ਼ ਜਾਂਚ ਦੇ ਕੈਂਪ ਲਗਾਏ ਜਾਂਦੇ ਹਨ ਤੇ ਕੈਂਸਰ ਸਬੰਧੀ ਲੋਕਾਂ ਅੰਦਰ ਜਾਗਰੂਕਤਾ ਹਿਤ ਕਈ ਤਰ੍ਹਾਂ ਦੇ ਸਮਾਗਮ ਵੀ ਕਰਵਾਏ ਜਾਂਦੇ ਹਨ। ਕੈਂਸਰ ਸਬੰਧੀ ਲੋਕਾਂ ਅੰਦਰ ਜਾਗਰੂਕਤਾ ਹਿਤ ਭਾਰਤ ਸਰਕਾਰ ਵੱਲੋਂ 'ਇੰਡੀਆ ਅਗੇਨਸਟ ਕੈਂਸਰ' ਨਾਮਕ ਇਕ ਪੋਰਟਲ ਵੀ ਚਲਾਇਆ ਜਾ ਰਿਹਾ ਹੈ।

ਹੁਣ ਸਵਾਲ ਇਹ ਹੈ ਕਿ ਆਖ਼ਿਰ ਇਹ ਕੈਂਸਰ ਹੈ ਕੀ ਬਲਾ? ਕੈਂਸਰ ਦਰਅਸਲ ਸਰੀਰ ਦੇ ਕਿਸੇ ਅੰਗ ਜਾਂ ਹਿੱਸੇ ਵਿਚ ਸੈੱਲਾਂ ਦੀ ਇਕ ਵਿਸ਼ੇਸ਼ ਅਤੇ ਅਸਾਧਾਰਨ ਇਕੱਤਰਤਾ ਹੈ ਜੋ ਹੌਲੀ-ਹੌਲੀ ਕੈਂਸਰ ਦਾ ਰੂਪ ਧਾਰ ਲੈਂਦੀ ਹੈ ਤੇ ਫਿਰ ਇਕ ਤੋਂ ਬਾਅਦ ਦੂਜੇ ਤੇ ਫਿਰ ਤੀਜੇ ਅੰਗ ਨੂੰ ਜਾ ਪ੍ਰਭਾਵਿਤ ਕਰਦੀ ਹੈ। ਸਿਹਤ ਮਾਹਿਰਾਂ ਅਨੁਸਾਰ ਕੈਂਸਰ ਦੀਆਂ ਸੌ ਤੋਂ ਵੱਧ ਕਿਸਮਾਂ ਉਪਲਬਧ ਹਨ। ਕੈਂਸਰ ਸਬੰਧੀ ਅਤਿ ਮਹੱਤਵਪੂਰਨ ਤੱਥਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਹਰੇਕ 8 ਵਿਚੋਂ ਇਕ ਮਹਿਲਾ ਸਰਵਾਈਕਲ ਕੈਂਸਰ ਕਰਕੇ ਆਪਣੀ ਜਾਨ ਗੁਆ ਬੈਠਦੀ ਹੈ। ਭਾਰਤ ਵਿਚ ਹਰੇਕ ਦੂਜੀ ਔਰਤ ਛਾਤੀ ਦੇ ਕੈਂਸਰ ਦੇ ਲੱਛਣਾਂ ਤੋਂ ਪੀੜਤ ਹੈ। ਭਾਰਤ ਵਿਚ ਕੈਂਸਰ ਦੇ ਵੱਡੇ ਕਾਰਕ ਵਜੋਂ ਜਾਣੇ ਜਾਂਦੇ ਤੰਬਾਕੂ ਕਰਕੇ ਹਰ ਰੋਜ਼ 3000 ਦੇ ਕਰੀਬ ਵਿਅਕਤੀ ਮੌਤ ਦੇ ਮੂੰਹ ਵਿਚ ਸਮਾਅ ਜਾਂਦੇ ਹਨ। ਤੰਬਾਕੂਨੋਸ਼ੀ ਕਰਕੇ ਸੰਨ 2018 ਵਿਚ 3,17,928 ਮੌਤਾਂ ਹੋਈਆਂ ਸਨ। ਵੀਹ ਲੱਖ ਤੋਂ ਵੱਧ ਲੋਕ ਕੈਂਸਰ ਸਹਿਤ ਜੀਵਨ ਜੀਅ ਰਹੇ ਹਨ ਤੇ ਹਾਲਾਤ ਇਹ ਹਨ ਕਿ 11 ਲੱਖ ਦੇ ਕਰੀਬ ਲੋਕ ਹਰ ਸਾਲ ਰਜਿਸਟਰਡ ਹੋ ਰਹੇ ਹਨ। ਸਾਲ 2024 ਵਿਚ ਜਾਰੀ ਹੋਈ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਹਰੇਕ 9 ਵਿਚੋਂ 1 ਵਿਅਕਤੀ ਨੂੰ ਉਸਦੇ ਸਮੁੱਚੇ ਜੀਵਨ ਕਾਲ ਦੌਰਾਨ ਕੈਂਸਰ ਹੋਣ ਦੀ ਸੰਭਾਵਨਾ ਹੈ। ਸਾਲ 2022-23 ਵਿਚ ਹਰ ਸਾਲ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਸੰਖਿਆ 14 ਲੱਖ ਦੇ ਕਰੀਬ ਸੀ। ਭਾਰਤ ਅੰਦਰ ਹਰੇਕ 8 ਮਿੰਟ ਦੀ ਸਮਾਂ ਅਵਧੀ ਦੇ ਅੰਦਰ ਇਕ ਮਹਿਲਾ ਦੀ ਮੌਤ ਕੈਂਸਰ ਕਰਕੇ ਹੁੰਦੀ ਹੈ। ਔਰਤਾਂ ਵਿਚ ਛਾਤੀ ਦੇ ਕੈਂਸਰ ਦੇ ਪ੍ਰਤੀ ਦੋ ਨਵੇਂ ਮਾਮਲਿਆਂ ਵਿਚ ਇਕ ਮਹਿਲਾ ਦੀ ਮੌਤ ਹੋ ਜਾਂਦੀ ਹੈ। ਸਾਡੇ ਮੁਲਕ ਅੰਦਰ ਹਰ ਰੋਜ਼ 2500 ਤੋਂ ਵੱਧ ਵਿਅਕਤੀ ਕੇਵਲ ਤੰਬਾਕੂ ਦੀ ਵਰਤੋਂ ਦੇ ਨਤੀਜੇ ਵਜੋਂ ਮੌਤ ਦੇ ਮੂੰਹ 'ਚ ਜਾ ਪੈਂਦੇ ਹਨ। ਭਾਰਤ ਵਿਚ ਪੁਰਸ਼ਾਂ ਦੀਆਂ ਪ੍ਰਤੀ 5 ਮੌਤਾਂ ਵਿਚੋਂ ਇਕ ਮੌਤ ਅਤੇ ਮਹਿਲਾਵਾਂ ਦੀਆਂ ਪ੍ਰਤੀ 20 ਮੌਤਾਂ 'ਚੋਂ ਇਕ ਮੌਤ ਤਾਂ ਸਿਗਰਟਨੋਸ਼ੀ ਕਰਕੇ ਹੁੰਦੀ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਤੰਬਾਕੂ ਦੀ ਵਰਤੋਂ 14 ਤਰ੍ਹਾਂ ਦੇ ਕੈਂਸਰ ਦੇ ਪੈਦਾ ਹੋਣ ਦਾ ਮੁੱਖ ਕਾਰਨ ਹੈ। ਕੈਂਸਰ ਪੈਦਾ ਹੋਣ ਦੇ ਬਾਕੀ ਕਾਰਨਾਂ ਵਿਚ ਅਲਕੋਹਲ, ਨਸ਼ੀਲੇ ਪਦਾਰਥ, ਮਾੜਾ ਭੋਜਨ, ਅਸੁਰੱਖਿਅਤ ਸਰੀਰਕ ਸਬੰਧ, ਹਵਾ, ਪਾਣੀ ਅਤੇ ਮਿੱਟੀ ਦਾ ਪ੍ਰਦੂਸ਼ਣ ਆਦਿ ਪ੍ਰਮੁੱਖ ਹਨ। ਜੇਕਰ ਕੈਂਸਰ ਦੇ ਲੱਛਣਾਂ ਦੀ ਗੱਲ ਕੀਤੀ ਜਾਵੇ ਤਾਂ ਕਿਹਾ ਜਾਂਦਾ ਹੈ ਕਿ ਕੈਂਸਰ ਦੇ ਕੋਈ ਵਿਸ਼ੇਸ਼ ਲੱਛਣ ਨਹੀਂ ਹੁੰਦੇ ਹਨ ਤੇ ਕਈ ਵਾਰ ਮੈਡੀਕਲ

'ਵਿਸ਼ਵ ਕੈਂਸਰ ਜਾਗਰੂਕਤਾ ਦਿਵਸ' 'ਤੇ ਵਿਸ਼ੇਸ਼

ਟੈਸਟਾਂ ਰਾਹੀਂ ਜਦੋਂ ਇਸਦਾ ਪਤਾ ਲੱਗਦਾ ਹੈ ਉਦੋਂ ਇਹ ਰੋਗ ਕਾਫੀ ਵੱਡੀ ਸਟੇਜ 'ਤੇ ਪੁੱਜ ਚੁੱਕਾ ਹੁੰਦਾ ਹੈ। ਕੁਝ ਮਰੀਜ਼ਾਂ ਵਿਚ ਭਾਰੀ ਤੇ ਲੰਮਾ ਸਮਾਂ ਚੱਲਣ ਵਾਲੀ ਖ਼ਾਂਸੀ ਤੇ ਨਾਲ ਮੂੰਹ 'ਚੋਂ ਖ਼ੂਨ ਆਉਣਾ, ਖ਼ੂਨ ਦੀ ਕਮੀ ਹੋ ਜਾਣਾ, ਮਹਿਲਾਵਾਂ ਦੀ ਛਾਤੀ ਵਿਚ ਗਿਲਟੀਆਂ ਦਾ ਉੱਭਰ ਆਉਣਾ, ਪੇਸ਼ਾਬ ਵਿਚ ਪਰਿਵਰਤਨ ਜਾਂ ਪਖ਼ਾਨੇ ਵਿਚ ਲਹੂ ਆਉਣਾ ਆਦਿ ਜਿਹੇ ਲੱਛਣ ਨਜ਼ਰ ਆ ਜਾਂਦੇ ਹਨ ਪਰ ਇਨ੍ਹਾਂ ਦਾ ਸਬੰਧ ਕੈਂਸਰ ਨਾਲ ਹੈ ਜਾਂ ਨਹੀਂ ਇਸਦੀ ਪੁਸ਼ਟੀ ਮੈਡੀਕਲ ਮਾਹਿਰਾਂ ਦੀ ਦੇਖ-ਰੇਖ ਵਿਚ ਕੀਤੇ ਗਏ ਟੈਸਟਾਂ ਅਤੇ ਨਿਰੀਖਣ ਤੋਂ ਹੀ ਲੱਗਦੀ ਹੈ।

ਬੇਹੱਦ ਮਹੱਤਵਪੂਰਨ ਗੱਲ ਇਹ ਹੈ ਕਿ ਸਾਨੂੰ ਇਹ ਸੋਚ ਆਪਣੇ ਦਿਮਾਗ 'ਚੋਂ ਕੱਢ ਦੇਣੀ ਚਾਹੀਦੀ ਹੈ ਕਿ ਹਰੇਕ ਪ੍ਰਕਾਰ ਦਾ ਕੈਂਸਰ ਲਾਇਲਾਜ ਤੇ ਜਾਨਲੇਵਾ ਹੀ ਹੁੰਦਾ ਹੈ। ਚੇਤੇ ਰੱਖੋ ਹਰ ਪ੍ਰਕਾਰ ਦਾ ਕੈਂਸਰ ਲਾਇਲਾਜ ਨਹੀਂ ਹੁੰਦਾ ਤੇ ਸਰੀਰ ਦੇ ਕਿਸੇ ਵੀ ਭਾਗ ਵਿਚਲਾ ਕੈਂਸਰ ਜੇਕਰ ਮੁੱਢਲੀ ਸਟੇਜ 'ਤੇ ਫੜ ਲਿਆ ਜਾਵੇ ਤਾਂ ਮਰੀਜ਼ ਪੂਰਨ ਇਲਾਜ ਤੋਂ ਬਾਅਦ ਤੰਦਰੁਸਤ ਜੀਵਨ ਜੀਅ ਸਕਦਾ ਹੈ ਜਿਵੇਂ ਕਿ ਬਾਲੀਵੁੱਡ ਅਤੇ ਕ੍ਰਿਕਟ ਦੀ ਦੁਨੀਆਂ ਦੇ ਕਈ ਸਿਤਾਰੇ ਕੈਂਸਰ ਨੂੰ ਮਾਤ ਦੇ ਕੇ ਤੰਦਰੁਸਤੀ ਭਰਿਆ ਜੀਵਨ ਬਤੀਤ ਕਰ ਰਹੇ ਹਨ। ਕੈਂਸਰ ਦੇ ਇਲਾਜ ਹਿਤ ਸਰਜਰੀ, ਕੀਮੋਥਰੈਪੀ, ਰੇਡੀਏਸ਼ਨ ਥਰੈਪੀ, ਹਾਰਮੋਨ ਥਰੈਪੀ, ਸਟੈਮ ਸੈੱਲ ਟ੍ਰਾਂਸਪਲਾਂਟ ਅਤੇ ਵਿਸ਼ੇਸ਼ ਕਿਸਮ ਦੀਆਂ ਦਵਾਈਆਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਮਾਹਿਰਾਂ ਦੀ ਰਾਇ ਹੈ ਕਿ ਕੈਂਸਰ ਤੋਂ ਬਚਣ ਹਿਤ ਜ਼ਰੂਰੀ ਹੈ ਕਿ ਸਾਡਾ ਭਾਰ ਸਹੀ ਹੋਵੇ, ਸਾਡਾ ਭੋਜਨ ਪੌਸ਼ਟਿਕ ਤੇ ਸੰਤੁਲਿਤ ਹੋਵੇ, ਕੋਈ ਸੈਰ, ਕਸਰਤ ਜਾਂ ਯੋਗਾ ਸਾਡੇ ਦੈਨਿਕ ਜੀਵਨ ਦਾ ਅੰਗ ਹੋਵੇ, ਸਾਡੀਆਂ ਸਰੀਰਕ ਗਤੀਵਿਧੀਆਂ ਉਚਿਤ ਮਾਤਰਾ ਵਿਚ ਤੇ ਸਹੀ ਹੋਣ, ਨੁਕਸਾਨਦੇਹ ਸੂਰਜੀ ਕਿਰਨਾਂ ਤੋਂ ਬਚਾਅ ਕੀਤਾ ਜਾਵੇ, ਤੰਬਾਕੂ ਸਣੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਤੋਂ ਪ੍ਰਹੇਜ਼ ਕੀਤਾ ਜਾਵੇ, ਸਰੀਰ ਦੀ ਨਿਯਮਿਤ ਮੈਡੀਕਲ ਜਾਂਚ ਕਰਵਾਈ ਜਾਂਦੀ ਹੋਵੇ ਅਤੇ ਲੋੜੀਂਦੀ ਵੈਕਸੀਨੇਸ਼ਨ ਸਮੇਂ ਸਿਰ ਕੀਤੀ ਹੋਵੇ।

ਸੋ ਮੁੱਕਦੀ ਗੱਲ ਇਹ ਹੈ ਕਿ ਲੋੜ ਕੈਂਸਰ ਤੋਂ ਡਰਨ ਦੀ ਨਹੀਂ ਸਗੋਂ ਇਸ ਤੋਂ ਬਚਣ ਅਤੇ ਇਸ ਨਾਲ ਦ੍ਰਿੜਤਾ ਸਹਿਤ ਲੜਨ ਦੀ ਹੈ। ਕੈਂਸਰ ਇਕ ਰੋਗ ਹੈ ਤੇ ਜੀਵਨ ਪ੍ਰਤੀ ਹਾਂ ਪੱਖੀ ਸੋਚ ਮੱਥੇ 'ਚ ਰੱਖਣ ਵਾਲੇ ਕੈਂਸਰ ਦੇ ਮਰੀਜ਼ ਜ਼ਰੂਰ ਠੀਕ ਹੋ ਜਾਂਦੇ ਹਨ।

ਆਪਣਾ ਪੜ੍ਹਿਆ ਆਪ ਵਿਚਾਰੋ

ਕੋਈ ਸ਼ੱਕ ਨਹੀਂ ਉਥਲ ਪੁਥਲ ਹੋਈ ਏ...ਹੋਈ ਵੀ ਬੜੀ ਤੇਜ਼ੀ ਨਾਲ...ਸਾਰੀ ਦੁਨੀਆ ਦੇ ਰਾਜਨੈਤਿਕ ਹਾਲਾਤ ਵੀ ਬਦਲੇ ਨੇ...ਇਥੋਂ ਦੇ ਰਾਜਸੀ ਨੁਮਾਇੰਦਿਆਂ ਦੀ ਬੇਬਸੀ ਵੀ ਖੁੱਲ ਕੇ ਸਾਮ੍ਹਣੇ ਆਈ...ਚੰਗਾ ਮਾੜੇ ਵਿਚ ਬਦਲਿਆ...ਮਾੜਾ ਚੰਗੇ ਵਿਚ...ਪਰ ਖਰੂਦੀ ਮਨ 'ਤੇ ਹਮੇਸ਼ਾਂ ਨੈਗੇਟਿਵ ਪੱਖ ਹੀ ਭਾਰੂ ਹੁੰਦਾ ਆਇਆ...ਚਾਰ ਸੱਟਾਂ 'ਚੋਂ ਜਿਹੜੀ ਠੀਕ ਨਾ ਹੋਈ ਹੋਵੇ...ਖਰੀਂਡ ਓਸੇ ਦਾ ਹੀ ਲਹਿਆ ਜਾਂਦਾ...ਬਾਕੀ ਤਿੰਨ ਠੀਕ ਹੋ ਗਈਆਂ ਦਾ ਕਦੇ ਕੋਈ ਸ਼ੁਕਰ ਸ਼ੁਕਰਾਨਾ ਨਹੀਂ...ਖਿਡਾਏ ਦਾ ਨਾਮ ਨੀ ਹਮੇਸ਼ਾਂ ਰਵਾਏ ਦਾ ਗੁੱਡਾ ਬੱਝਦਾ...।



ਕੁਝ ਸੁਫ਼ਨੇ ਅਤੇ ਕੁਝ ਦੇ ਸੁਫ਼ਨੇ ਢਹਿ ਢੇਰੀ ਹੋਏ...ਸਟਰੈੱਸ ਫੈਮਿਲੀ ਤਲਖ਼ ਹਕੀਕਤਾਂ ਇੱਕਲਾਪ। ਮੈਡੀਕਲ ਸਿਸਟਮ ਵਿਚ ਕੁਝ ਖਾਮੀਆਂ ਸਾਮ੍ਹਣੇ ਆਈਆਂ ਪਰ ਤਾਂ ਵੀ ਕਿਸੇ ਪੋਡ-ਕਾਸਟਰ ਯੂ-ਟੀਊਬਰ ਤੇ ਜਾਂ ਫੇਰ ਪਹਿਲੋਂ ਪਰਤ ਗਏ ਦੇ ਆਖੇ, ਬਿਨਾ ਸੋਚੇ-ਸਮਝੇ ਡੇਰਾ-ਡੰਡਾ ਚੁੱਕ ਮਗਰ ਵੱਲ ਨੂੰ ਮੁਹਾਰਾਂ ਨਾ ਮੋੜ ਲੈਣੀਆਂ...।

ਆਪਣਾ ਪਰਿਵਾਰਕ ਪ੍ਰੋਫਾਈਲ...ਹਾਲਾਤ...ਮਾਨਸਿਕ ਸਰੀਰਕ ਸਮਰੱਥਾ...ਰਹਿ ਗਈ ਉਮਰ ਦੀ ਗਿਣਤੀ-ਮਿਣਤੀ...ਬੈਂਕ ਬੈਲੰਸ...ਅਗਲੀ ਪੀੜ੍ਹੀ ਦੀ ਸਮਰੱਥਾ ਕਮਜ਼ੋਰੀਆਂ ਅਤੇ ਪਲੱਸ ਪੁਆਇੰਟ...ਮੀਆਂ-ਬੀਵੀ ਦੀ ਆਪਸੀ ਰਜ਼ਾਮੰਦੀ...ਓਥੇ ਰਿਸ਼ਤੇਦਾਰੀ ਦਾ ਲਹਿਜ਼ਾ...ਦੂਰ ਦੇ ਸੁਹਾਵੇਂ ਢੋਲ...ਸਭ ਕੁਝ ਦੀ ਚੰਗੀ ਤਰ੍ਹਾਂ ਘੋਖ-ਪੜਤਾਲ ਬੜੀ ਜ਼ਰੂਰੀ...ਏਧਰ ਜੰਮਿਆਂ ਨੂੰ ਓਧਰ ਦੇ ਹਾਲਾਤ ਸਾਫ ਸਾਫ ਦੱਸੋ...ਆਹ ਕੁਝ ਕਰਨਾ, ਸਹਿਣਾ, ਵੇਖਣਾ ਅਤੇ ਫੇਸ ਕਰਨਾ ਪੈ ਸਕਦਾ...ਮੁੜ ਕੇ ਨਾ ਝੂਰਿਓ...ਓਧਰ ਵਧੀਆ ਸੀ...ਲਾਈਨਾਂ ਵਿਚ ਵੀ ਲੱਗਣਾ ਪੈ ਸਕਦਾ...ਏਅਰਪੋਰਟ...ਟ੍ਰੈਫ਼ਿਕ...ਬੈਂਕਾਂ ਹੋਰ ਮਹਿਕਮਿਆਂ ਅਤੇ ਦੁਕਾਨਾਂ ਹੱਟੀਆਂ 'ਤੇ ਬੋਲ-ਪਾਣੀ ਅਤੇ ਸਭ ਕੁਝ ਦਾ ਇੱਕ ਆਪਣਾ ਤਰੀਕਾ-ਏ-ਕਾਰ...!

ਲੰਘਦੇ ਲੀਡਰ ਦੇ ਕਾਫਲੇ ਨੂੰ ਲੰਘਾਉਣ ਖਾਤਿਰ ਪਾਸੇ ਖਲਿਆਰੀ ਕਾਰ ਦੇ ਬੰਦ ਸ਼ੀਸ਼ਿਆਂ ਅੰਦਰ ਕਨੇਡਾ ਦੇ ਸਿਸਟਮ ਨੂੰ ਯਾਦ ਕਰ-ਕਰ ਹਨੋਰੇ ਵੀ ਨਹੀਂ ਸਿੱਟਣੇ...!

ਦੋਵੇਂ ਖਿੱਤਿਆਂ ਦੇ ਚੰਗੇ ਪੱਖ ਇੱਕੋ ਥਾਂ ਇਕੱਠੇ ਨਹੀਂ ਮਿਲ ਸਕਦੇ...ਦੂਜੇ ਦੇ ਚੁਬਾਰੇ 'ਤੇ ਜਾਣਾ ਏ ਤਾਂ ਪਹਿਲੋਂ ਆਪਣੇ 'ਤੋਂ ਹੇਠਾਂ ਉੱਤਰਨਾ ਪੈਣਾ...ਇੱਕ ਚੰਗੇ ਲਈ ਕੁਝ ਦੂਜਾ ਚੰਗਾ ਕੁਰਬਾਨ ਕਰਨਾ ਪੈ ਸਕਦਾ...!

ਟੱਬਰ ਕੋਲੋਂ ਸਾਫ ਇਕਰਾਰਨਾਮਾਂ ਲਵੋ...ਫੇਰ ਛੇਤੀ ਅੱਕ ਉਕਤਾ ਕੇ ਵਾਪਿਸ ਪਰਤਣ ਲਈ ਮੇਰੇ 'ਤੇ ਜ਼ੋਰ ਨਹੀਂ ਪਾਉਗੇ...ਇਹ ਮਜਾਕ ਨਹੀਂ ਇੱਕ ਵੱਡਾ ਫੈਸਲਾ...ਜਿੰਦਗੀ ਮੌਤ ਵਰਗਾ ਵੱਡਾ ਜੂਆ...।

ਸਾਰੀ ਉਮਰ ਹਿਜਰਤ ਵਾਲੇ ਘੱਕੇ ਦੀਆਂ ਲਗਾਮਾਂ ਹੀ ਥੋੜਾ ਖਿੱਚਦੇ ਰਹਿਣਾ...ਜੇ ਸੁਰੱਖਿਆ ਪੱਖੋਂ ਇਹ ਖਿੱਤਾ ਸੇਫ ਨਹੀਂ ਰਿਹਾ ਤਾਂ ਸਾਰਾ ਕੁਝ ਦੁੱਧ ਧੋਤਾ ਓਥੇ ਵੀ ਹੈਨੀ...।

ਰੋਜ਼ ਆਉਂਦੀਆਂ ਖਬਰਾਂ ਕਲਿੱਪ ਇੰਸਟਾਗ੍ਰਾਮ...ਹਰੇਕ ਕੋਲ ਹੀ ਹਥਿਆਰ...ਹਰੇਕ ਦੀ ਵਾਕਫ਼ੀ ਪਹੁੰਚ...ਹਰੇਕ ਕਾਹਲਾ...ਦੂਜੇ ਤੋਂ ਅੱਗੇ ਨਿਕਲਣ ਲਈ...ਬਰਦਾਸ਼ਤ ਦਾ ਮਾਦਾ ਸਿਫ਼ਰ ਦੇ ਬਰੋਬਰ...!

ਗੱਲ ਆਖੂ ਤੂੰ ਮੈਨੂੰ ਮੂਹੋਂ ਕੱਢ...ਮੈਂ ਤੈਨੂੰ ਪਿੰਡੋਂ ਕਢੌਣੀ ਆਂ...ਕਾਨੂੰਨ ਅਦਾਲਤਾਂ ਦਾ ਡਰ ਤੌਖਲਾ...ਲੰਮਾ ਇੰਤਜ਼ਾਰ...ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ ਵਾਲੀ ਅਪਰੋਚ...ਸੜਕਾਂ ਮੌਲਾਂ ਵੰਨਗੀਆਂ ਵਿਆਹਾਂ ਮੰਗਣਿਆਂ ਦੀ ਰੌਣਕ ਅਤੇ ਸੁਖ ਸਹੂਲਤਾਂ ਹੀ ਕਿਸੇ ਇਲਾਕੇ ਦੀ ਤਰੱਕੀ ਦੇ ਪੈਮਾਨੇ ਨਹੀਂ ਹੋ ਸਕਦੇ...ਕਰੱਪਸ਼ਨ, ਬੇਰੁਜ਼ਗਾਰੀ, ਪੋਲੂਸ਼ਨ, ਗਰਮੀ, ਮਿਲਾਵਟ, ਸੜਕੀ ਹਾਦਸਿਆਂ ਦੀ ਦਰ ਵੀ ਜ਼ਿਹਨ ਵਿਚ ਰੱਖਣੀ ਬਹੁਤ ਜ਼ਰੂਰੀ...!

ਜੂਨ ਜੁਲਾਈ ਦੀ ਹੁੰਮਸ ਵਿਚ ਜ਼ਰੂਰੀ ਨਹੀਂ ਕਿ ਬਟਨ ਨੱਪਿਆਂ ਪੱਖੇ ਏ.ਸੀ. ਨੇ ਚੱਲਣਾ ਹੀ ਚੱਲਣਾ...ਜੈਨਰੇਟਰ ਅਤੇ ਗੱਡੀਆਂ ਵੀ ਤੇਲ ਪੀਂਦੀਆਂ...ਇਹ ਸਰਕਾਰ ਮੁਫ਼ਤ ਨਹੀਂ ਵੰਡਦੀ ਫਿਰਦੀ...ਏਧਰੋਂ ਖੜੇ ਮੁੱਕਣ ਲੱਗਿਆਂ ਘੜੀ ਨੀ ਲੱਗਣੀ...ਸਟੇਟਸ ਵੀ ਬਣਾਈ ਰੱਖਣਾ ਪੈਣਾ ਵਰਨਾ ਹਰ ਮੋੜ 'ਤੇ ਮਜ਼ਾਕ ਟਿੱਚਰਾਂ ਹੋਣਗੀਆਂ...।

ਖਾਂਦਿਆਂ ਤੇ ਖੂਹ ਵੀ ਖਾਲੀ ਹੋ ਜਾਂਦੇ...ਫੇਰ ਐਸੇ ਹਾਲਾਤ ਨਾ ਹੋ ਜਾਵਣ ਕਿ ਨਾ ਮੈਂ ਪੇਕਿਆਂ ਦੀ ਹੋਈ ਤੇ ਨਾ ਸਹੁਰਿਆਂ ਨੇ ਰੱਖੀ...!

ਹੱਥ ਬੰਨ੍ਹ ਕੇ ਅਰਜ਼ੋਈ...ਆਪਣਾ ਪੜ੍ਹਿਆ ਆਪ ਵਿਚਾਰੋ...ਫਲਾਣਾ ਗਿਆ ਮੈਂ ਵੀ ਜਾਣਾ ਹੀ ਜਾਣਾ...ਹਰੇਕ ਦੇ ਆਪੋ ਆਪਣੇ ਹਾਲਾਤ...ਇੱਕ ਅਜੀਬ ਤਰ੍ਹਾਂ ਦੀ ਸੁਨਾਮੀ ਲਹਿਰ ਰਿਵਾਜ ਟਰੈਂਡ ਕਾਫਲਾ ਹਿਜਰਤ ਬੇਚੈਨੀ ਭੰਡੀ ਪ੍ਰਚਾਰ...!

ਦੋ ਮਹੀਨੇ ਦੇ ਵਕਤੀ ਪੜਾਅ ਵਿਚ ਅਤੇ ਸਦੀਵੀਂ ਰਹਿ ਜਾਣ ਵਿਚ ਖਾਸਾ ਅੰਤਰ...ਨਜ਼ਰੀਏ ਅਤੇ ਲਹਿਜ਼ੇ ਬਦਲ ਜਾਣਗੇ ਜਦੋਂ ਪਤਾ ਲੱਗੂ ਪੱਕਾ ਸਿਰ 'ਤੇ ਆਣ ਬੈਠਾ!

ਜੇ ਕੋਈ ਆਖੇ ਅਹੁ ਵੇਖੋ ਜਨਵਰ ਤੁਹਾਡਾ ਕੰਨ ਲਈ ਜਾਂਦਾ ਤਾਂ ਵਾਹੋਦਾਹੀ ਮਗਰ ਭੱਜ ਪੈਣ ਨਾਲੋਂ ਇੱਕ ਵੇਰ ਆਪਣਾ ਕੰਨ ਟੋਹ ਕੇ ਜ਼ਰੂਰ ਵੇਖ ਲੈਣਾ...ਹੋ ਸਕਦਾ ਜਨਵਰ ਦੇ ਮੂੰਹ ਵਿਚ ਦਿਸਦਾ ਕੰਨ ਖੁਦ ਓਸੇ ਦਾ ਆਪਣਾ ਹੀ ਹੋਵੇ...!

ਵਿਚਾਰ ਨਿੱਜੀ ਨੇ...ਸਹਿਮਤ ਹੋਣਾ ਜ਼ਰੂਰੀ ਨਹੀਂ...ਫੇਰ ਵੀ ਜਿਥੇ ਰਹੋ ਖੁਸ਼ ਰਹੋ ਆਬਾਦ ਰਹੋ...ਚੜ੍ਹਦੀ ਕਲਾ ਵਿਚ ਰਹੋ...!

ਜ਼ਿੰਦਗੀ ਨਾਮਾ

ਹਰਪ੍ਰੀਤ ਸਿੰਘ ਜਵੰਦਾ

ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।

ਮਿੰਨੀ ਕਹਾਣੀ - 'ਠੱਗੀ'

ਬਚਪਨ ਵਿੱਚ ਜਦੋਂ ਸਾਡੇ ਘਰ ਕਿਸੇ ਮੱਝ ਦੇ ਸੂਣ ਦੇ ਦਿਨ ਨੇੜੇ ਹੋਣੇਂ ਤਾਂ ਮੈਂ ਤੇ ਮੇਰੀ ਭੈਣ ਨੇ ਨਵੇਂ ਜਨਮ ਲੈਣ ਵਾਲੇ ਕੱਟਰੂ ਪਿੱਛੇ ਲੜ ਪੈਣਾ। ਮੇਰੀ ਭੈਣ ਨੇ ਕਹਿਣਾ ਨਵਾਂ ਜਨਮਿਆ ਕੱਟਰੂ ਮੇਰਾ ਹੋਵੇਗਾ ਮੈਂ ਕਹਿਣਾ ਮੇਰਾ ਹੋਵੇਗਾ। ਫਿਰ ਮੇਰੀ ਮਾਂ ਨੇ ਸਾਡੀ ਇਸ ਲੜਾਈ ਦਾ ਨਿਬੇੜਾ ਇਹ ਕਹਿ

ਕੇ ਕਰਾ ਦੇਣਾ ਕਿ ਜੇਕਰ ਕੱਟੀ ਹੋਈ ਤਾਂ ਮੇਰੀ ਭੈਣ ਦੀ ਹੋਵੇਗੀ। ਪਰ ਜੇਕਰ ਕੱਟਾ ਹੋਇਆ ਤਾਂ ਉਹ ਮੇਰੇ ਹਿੱਸੇ ਆਵੇਗਾ। ਕਈ ਵਾਰ ਜਦੋਂ ਮੱਝ ਕੱਟੀ ਨੂੰ ਜਨਮ ਦਿੰਦੀ ਤਾਂ ਸਾਰੇ ਘਰ ਵਿੱਚ ਖੁਸ਼ੀ ਦੀ ਲਹਿਰ ਦੌੜ ਜਾਂਦੀ ਤੇ ਸਾਰਾ ਟੱਬਰ ਆਖਦਾ ਕਿ ਸੁਕਰ ਹੈ ਆਪਣੇ ਪਸ਼ੂਆਂ ਦੀ ਕੁਲ ਅੱਗੇ ਵਧ ਗਈ ਹੈ। ਫਿਰ ਮੇਰੀ ਭੈਣ ਦੇ ਨਾਲ ਨਾਲ ਸਾਡਾ ਸਾਰਾ ਟੱਬਰ ਸ਼ੌਕ ਨਾਲ ਉਸ ਕੱਟੀ ਦਾ ਪਾਲਣ ਪੋਸ਼ਣ ਕਰਦਾ। ਪਰ ਜਦ ਕਿਸੇ ਸਾਲ ਮੱਝ ਕੱਟੇ ਨੂੰ ਜਨਮ ਦੇ ਦਿੰਦੀ ਤਾਂ ਮੇਰਾ ਤਾਂ ਚਾਅ ਨਾ ਚੱਕਿਆ ਜਾਂਦਾ ਪਰ ਸਾਡਾ ਟੱਬਰ ਉਹ ਖੁਸ਼ੀ ਨਾ ਮਨਾਉਂਦਾ ਜੋ ਉਨ੍ਹਾਂ ਕੱਟੀ ਦੇ ਜਨਮ ਵੇਲੇ ਮਨਾਈ ਸੀ। ਮੈਂ ਕੱਟੇ ਨਾਲ ਲਾਡ ਪਿਆਰ ਕਰਦਾ ਤੇ ਆਪਣੀ ਮਾਂ ਨੂੰ ਧਾਰ ਚੋਣ ਵੇਲੇ ਕੱਟੇ ਨੂੰ ਵੱਧ ਦੁੱਧ ਛੱਡਣ ਦੀ ਜ਼ਿੱਦ ਕਰਦਾ ਰਹਿੰਦਾ। ਫਿਰ ਜਦ ਢਾਈ ਤਿੰਨ ਮਹੀਨਿਆਂ ਬਾਅਦ ਮਾਂ ਵੇਖਦੀ ਕਿ ਮੇਰਾ ਕੱਟੇ ਨਾਲ ਮੋਹ ਵਧ ਰਿਹਾ ਹੈ ਤਾਂ ਉਹ ਮੈਨੂੰ ਕਹਿਣਾ ਸ਼ੁਰੂ ਕਰ ਦਿੰਦੀ ਕਿ ਪੁੱਤ ਐਤਕੀਂ ਇਹ ਕੱਟਾ ਵੇਚ ਕੇ ਤੈਨੂੰ ਨਵਾਂ ਸਾਈਕਲ ਲੈ ਕੇ ਦੇਵਾਂਗੇ। ਪਰ ਜਦ ਕੱਟਾ ਵੇਚਣ ਮਗਰੋਂ ਵੀ ਘਰ ਵਿਚ ਸਾਈਕਲ ਨਾ ਆਉਂਦਾ ਤਾਂ ਮੈਂ ਬੜਾ ਰੋਣਾ ਤੇ ਜਦ ਮੈਂ ਕੱਟੇ ਤੋਂ ਸੱਖਣੀ ਮੱਝ ਵੱਲ ਵੇਖਦਾ ਤਾਂ ਉਹ ਵੀ ਮੈਨੂੰ ਆਪਣੇ ਨਾਲ ਰੋਂਦੀ ਨਜ਼ਰ ਆਉਂਦੀ। ਕੱਟੇ ਦੀ ਖਾਲੀ ਖੁਰਲੀ ਨੂੰ ਵੇਖ ਕੇ ਮੈਨੂੰ ਲੱਗਣਾ ਜਿਵੇਂ ਸਾਰਾ ਟੱਬਰ ਮਿਲ ਕੇ ਮੇਰੇ ਤੇ ਮੱਝ ਨਾਲ ਠੱਗੀ ਮਾਰ ਗਿਆ ਹੋਵੇ। *-ਮਨਜੀਤ ਮਾਨ*

ਫ਼ਿਲਮ ਲੋਕ

ਅਕਸ਼ੈ ਕੁਮਾਰ 'ਜਾਨਵਰ-2' ਵਿਚੋਂ ਬਾਹਰ?



ਹਾਲ ਹੀ ਵਿਚ ਅਕਸ਼ੈ ਕੁਮਾਰ ਦੀ ਸੁਨੀਲ ਦਰਸ਼ਨ ਵਲੋਂ ਨਿਰਦੇਸ਼ਿਤ ਫ਼ਿਲਮ 'ਜਾਨਵਰ' ਨੇ ਆਪਣੀ ਰਿਲੀਜ਼ ਦੇ 26 ਸਾਲ ਪੂਰੇ ਕੀਤੇ ਹਨ। 24 ਦਸੰਬਰ, 1999 ਵਿਚ ਰਿਲੀਜ਼ ਹੋਈ ਇਸ ਫ਼ਿਲਮ ਨੇ ਟਿਕਟ ਖਿੜਕੀ 'ਤੇ ਚੰਗੀ ਖਾਸੀ ਸਫ਼ਲਤਾ ਹਾਸਿਲ ਕੀਤੀ ਸੀ। ਫ਼ਿਲਮ ਵਿਚ ਅਕਸ਼ੈ ਕੁਮਾਰ ਨਾਲ ਕ੍ਰਿਸ਼ਮਾ ਕਪੂਰ ਅਤੇ ਸ਼ਿਲਪਾ ਸੈਟੀ ਮੁੱਖ ਭੂਮਿਕਾਵਾਂ ਵਿਚ ਨਜ਼ਰ ਆਈਆਂ ਸਨ। ਫ਼ਿਲਮ 'ਜਾਨਵਰ ਦੀ ਰਿਲੀਜ਼ ਦੇ 26 ਸਾਲ ਪੂਰੇ ਹੋਣ ਦੇ ਨਾਲ ਇਸ ਫ਼ਿਲਮ ਦਾ ਵਿਸਥਾਰ ਸ਼ੁਰੂ ਕੀਤੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ।ਰਿਪੋਰਟਾਂ ਅਨੁਸਾਰ ਫ਼ਿਲਮ 'ਜਾਨਵਰ ਨੂੰ ਨਿਰਦੇਸ਼ਿਤ ਕਰਨ ਵਾਲੇ ਸੁਨੀਲ ਦਰਸ਼ਨ ਨੇ ਹਿੱਟ ਦਿੰਦੇ ਹੋਏ 'ਮੈਂ ਇਸ ਲਈ ਇਕ ਪਟਕਥਾ ਲਿਖੀ ਹੈ। ਮੈਨੂੰ ਹਾਲੇ ਨਹੀਂ ਪਤਾ ਕਿ ਇਸ ਨੂੰ 'ਜਾਨਵਰ-2' ਕਹਾਂਗਾ ਜਾਂ ਕੋਈ ਹੋਰ ਨਾਂਅ ਦੇਵਾਂਗਾ ਪਰ ਇਹ ਉਸੇ ਜਾਨਰ ਦੀ ਫ਼ਿਲਮ ਹੋਵੇਗੀ। ਉਸ ਨੇ ਉਮੀਦ ਪ੍ਰਗਟਾਉਂਦੇ ਹੋਏ ਅੱਗੇ ਇਹ ਵੀ ਦੱਸਿਆ ਕਿ ਉਸ ਦੀ ਇਹ ਫ਼ਿਲਮ ਜਦੋਂ ਵੀ ਸ਼ੁਰੂ ਹੋਵੇਗੀ, ਪਰ ਇਹ ਇਕ ਵੱਡੇ ਬਜਟ ਦੀ ਫ਼ਿਲਮ ਹੀ ਹੋਵੇਗੀ।

ਜਦੋਂ ਸੁਨੀਲ ਦਰਸ਼ਨ ਤੋਂ ਜਾਣਨਾ ਚਾਹਿਆ ਕਿ ਕੀ ਉਹ 'ਜਾਨਵਰ-2' ਵਿਚ ਇਕ ਵਾਰ ਫਿਰ ਅਕਸ਼ੈ ਕੁਮਾਰ ਨੂੰ ਕਾਸਟ ਕਰਨਾ ਚਾਹੁਣਗੇ ? ਇਸ 'ਤੇ ਉਨ੍ਹਾਂ ਨੇ ਕਿਹਾ-'ਇਸ ਵਾਰ ਮੁੱਖ ਭੂਮਿਕਾ ਵਿਚ ਨੇ ਕਿਰਦਾਰ ਹੈ, ਉਹ ਇਕ ਨੌਜਵਾਨ ਮੁੰਡੇ ਦਾ ਹੈ, ਇਸ ਲਈ ਮੈਨੂੰ ਨਹੀਂ 'ਲਗਦਾ ਵਿ ਅਕਸ਼ੈ ਹੁਣ ਇਸ ਭੂਮਿਕਾ ਲਈ ਸਹੀ ਹੋਵੇਗਾ। ਇਸ ਤੋਂ ਬਾਅਦ ਤੈਅ ਮੰਨਿਆ ਜਾਂ ਰਿਹਾ ਹੈ ਕਿ 'ਇਸ ਵਾਰ 'ਜਾਨਵਰ-2' ਵਿਚ ਅਕਸ਼ੈ ਕੁਮਾਰ ਨਜ਼ਰ ਨਹੀਂ ਆਉਣਗੇ।

ਕ੍ਰਿਤੀ ਸੈਨਨ
ਭੈਣ ਦੇ ਵਿਆਹ ਦਾ ਚਾਅ



ਫ਼ਿਲਮਾਂ ਤੋਂ ਇੱਕ ਨਿੱਕੀ ਜਿਹੀ ਬਰੇਕ ਲੈਣ ਤੋਂ ਬਾਅਦ ਅਭਿਨੇਤਰੀ ਕ੍ਰਿਤੀ ਸੈਨਨ ਉਦੈਪੁਰ 'ਚ ਨਜ਼ਰ ਆਈ। ਇਥੇ ਉਸ ਦੀ ਭੈਣ ਨੂਪੁਰ ਸੈਨਨ ਦਾ ਵਿਆਹ ਹੋਇਆ ਹੈ। ਕਹਿੰਦੇ ਨੇ ਕਿ ਕ੍ਰਿਤੀ ਦਾ ਦਿਲ ਕਰਦਾ ਸੀ ਕਿ ਉਹ ਇਸ ਵਿਆਹ 'ਚ ਰਾਜਸਥਾਨੀ ਤੇ ਪੰਜਾਬੀ ਨਾਚ ਕਰੇ ਤੇ ਇਹ ਉਸ ਨੇ ਇਥੇ ਰੱਜ ਕੇ ਕੀਤਾ ਵੀ। ਭੈਣ ਦੇ ਵਿਆਹ 'ਤੇ ਚਾਅ ਹੀ ਐਨਾ ਸੀ ਕਿ ਉਹ ਖੂਬ ਮਠਿਆਈ ਖਾ ਗਈ ਤੇ ਹੁਣ ਇੰਸਟਾਗ੍ਰਾਮ 'ਤੇ ਪੋਸਟਾਂ ਲਿਖ ਰਹੀ ਹੈ ਕਿ ਜ਼ਬਰਦਸਤ ਕਸਰਤ ਸ਼ੁਰੂ ਕੀਤੀ ਹੈ ਤਾਂ ਕਿ ਮਠਿਆਈਆਂ ਦੇ ਮੋਟੇ ਕਰਨ ਵਾਲੇ ਕਣ ਉਹ ਹਜ਼ਮ ਕਰ ਜਾਵੇ।

'ਤੇਰੇ ਇਸ਼ਕ ਮੇਂ'' ਪਿਛਲੇ ਸਾਲ ਉਸ ਨੇ ਧਨੁਸ਼ ਨਾਲ ਇਹ ਫ਼ਿਲਮ ਕੀਤੀ ਸੀ ਤੇ ਹੁਣ ਉਹ ਸ਼ਾਹਿਦ ਕਪੂਰ ਤੇ ਰਸ਼ਮਿਕਾ ਮੰਦਾਨਾ ਨਾਲ 'ਕਾਕਟੇਲ-2' 'ਚ ਨਜ਼ਰ ਆਏਗੀ। ਕ੍ਰਿਤੀ ਨੇ ਨੂਪੁਰ ਦੇ ਵਿਆਹ 'ਚ ਸਾਰੇ ਚਾਅ ਪੂਰੇ ਕੀਤੇ ਤੇ ਖੁਦ ਉਸ ਨੇ ਪੂਜਾ ਪਾਠ 'ਚ ਹਿੱਸਾ ਲਿਆ। ਵਿਆਹ ਦੀਆਂ ਕਈ ਗੱਲਾਂ ਉਹ ਮੁੰਬਈ ਆ ਕੇ ਕਰ ਰਹੀ ਹੈ ਕਿ ਮੁੰਬਈ 'ਚ ਉਸ ਨੇ ਬਾਲੀਵੁੱਡ ਪਿਆਰ ਕਰਕੇ ਨੂਪੁਰ ਦੇ ਵਿਆਹ ਦੀ ਖਾਸ ਪਾਰਟੀ ਰੱਖੀ। ਕ੍ਰਿਤੀ ਨੇ ਕਿਹਾ ਕਿ ਉਹ ਵੱਡੀ ਭੈਣ ਹੈ, ਉਸ ਨੇ ਬਹੁਤ ਸਾਰੇ ਫਰਜ਼ ਨਿਭਾਏ ਹਨ ਤੇ ਉਹ ਜਦ ਪੰਜ ਸਾਲ ਦੀ ਸੀ ਤਦ ਵੀ ਨੂਰਪੁਰ ਨੂੰ ਆਪਣੀ ਗੋਦੀ 'ਚ ਪਾ ਕੇ ਪਿਆਰ ਕਰਦੀ ਹੁੰਦੀ ਸੀ। ਕ੍ਰਿਤੀ ਨੂੰ 'ਤੇਰੇ ਇਸ਼ਕ ਮੇਂ'' ' ਫ਼ਿਲਮ ਦੇ ਗੀਤ ਲਈ ਅੱਜ ਵੀ ਲੋਕ ਯਾਦ ਕਰ ਰਹੇ ਹਨ ਤੇ ਇਸ ਦੇ ਵਿਊਜ਼ ਅਜੇ ਵੀ ਲਗਾਤਾਰ ਵਧ ਰਹੇ ਹਨ। ਆਪਣੀ ਸ਼ਾਦੀ ਬਾਬਤ ਜਦ ਇਕ ਭੱਦਰਪੁਰਸ਼ ਨੇ ਪੁੱਛ ਲਿਆ ਤਾਂ ਕ੍ਰਿਤੀ ਨੇ ਕਿਹਾ ਕਿ ਪਹਿਲਾਂ ਭੈਣ ਦੇ ਵਿਆਹ ਦੇ ਚਾਅ ਚੱਲਣ ਦਿਓ, ਛੇ ਮਹੀਨੇ ਰੁਕ ਜਾਓ। ਹੁਣ ਤੱਕ ਉਸ ਦਾ ਫ਼ਿਲਮੀ ਕੈਰੀਅਰ ਸ਼ਾਨਦਾਰ ਰਿਹਾ ਹੈ। ਇਕ ਤੋਂ ਬਾਅਦ ਇਕ ਮਜ਼ਬੂਤ ਕਿਰਦਾਰ ਉਸ ਨੇ ਕੀਤੇ ਹਨ। ਮਿਹਨਤ ਦੇ ਨਾਲ ਸਹੀ ਤੇ ਸਟੀਕ ਫੈਸਲੇ ਲੈਣ ਲਈ ਵੀ ਉਹ ਮੰਨੀ ਜਾਂਦੀ ਹੈ।

'ਕਰੂ', 'ਬਰੇਲੀ ਕੀ ਬਰਫੀ', 'ਦੋ ਪਤੀ', 'ਤੇਰੇ ਇਸ਼ਕ ਮੇਂ" ਹਰੇਕ ਫ਼ਿਲਮ 'ਚ ਕ੍ਰਿਤੀ ਨੇ ਕੁਝ ਵੱਖਰਾ ਦਿਖਾਇਆ ਹੈ। ਸਲਮਾਨ ਖ਼ਾਨ ਨਾਲ 'ਕਿੱਕ-2' 'ਚ ਵੀ ਉਸ ਨੂੰ ਲਏ ਜਾਣ ਦੀ ਖ਼ਬਰ ਪੱਕੀ ਹੋ ਗਈ ਹੈ। ਬਾਕੀ ਕ੍ਰਿਤੀ ਸੈਨਨ ਅੱਜਕਲ੍ਹ ਜਦ ਵੀ ਜਜ਼ਬਾਤੀ ਹੁੰਦੀ ਹੈ ਤਦ ਕਵਿਤਾ ਲਿਖਦੀ ਹੈ।

ਪੂਜਾ ਹੇਗੜੇ ਦੀਆਂ ਉਮੀਦਾਂ ਨੂੰ ਪਏਗਾ ਬੂਰ

ਹੀਰੋਇਨ ਪੂਜਾ ਹੇਗੜਾ ਬਾਲੀਵੁਡ ਤੋਂ ਜ਼ਿਆਦਾ ਦੱਖਣ ਫ਼ਿਲਮ ਇੰਡਸਟਰੀ 'ਚ ਮਸ਼ਹੂਰ ਹੈ। ਦੱਖਣ ਦੇ ਮੁਕਾਬਲੇ ਹਿੰਦੀ ਫ਼ਿਲਮਾਂ ਵਿਚ ਉਸ ਦਾ ਕਰੀਅਰ ਕੁਝ ਖ਼ਾਸ ਨਹੀਂ ਰਿਹਾ। ਇਸ ਨਵੇਂ ਸਾਲ 2026 ਵਿਚ ਪੂਜਾ ਨੇ ਇਕ ਵਾਰ ਫਿਰ ਆਪਣੇ ਮਨ ਵਿਚ ਨਵੀਆਂ ਖਾਹਿਸ਼ਾਂ ਪਾਲ ਲਈਆਂ ਹਨ। ਥਲਾਪਤੀ ਵਿਜੈ ਨਾਲ ਪੂਜਾ ਹੇਗੜੇ ਦੀ ਫ਼ਿਲਮ 'ਜਨ ਨਾਯਕਨ' 9 ਜਨਵਰੀ ਨੂੰ ਰਿਲੀਜ਼ ਹੋਈ। ਇਹ ਫ਼ਿਲਮ ਪੂਜਾ ਲਈ ਸਭ ਤੋਂ ਮਹੱਤਵਪੂਰਨ ਇਸ ਲਈ ਹੈ, ਕਿਉਂਕਿ ਥਲਾਪਤੀ ਵਿਜੈ ਐਲਾਨ ਕਰ ਚੁੱਕਿਆ ਹੈ ਕਿ ਇਹ ਉਸ ਦੇ ਕਰਿਆਰ ਦੀ ਆਖ਼ਰੀ ਫ਼ਿਲਮ ਹੋਵੇਗੀ ਅਤੇ ਇਸ ਤੋਂ ਬਾਅਦ ਉਹ ਆਪਣਾ ਪੂਰਾ ਧਿਆਨ ਰਾਜਨੀਤੀ ਵੱਲ ਕਰਨਗੇ। 'ਜਨ ਨਾਇਕਨ' ਤੋਂ ਬਾਅਦ ਸਾਲ 2026 ਵਿਚ ਪੂਜਾ ਹੇਗੜੇ ਦੀਆਂ ਤਿੰਨ ਹੋਰ ਫ਼ਿਲਮਾਂ ਦੇ ਰਿਲੀਜ਼ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚ ਇਕ ਡੇਵਿਡ ਧਵਨ ਦੇ ਨਿਰਦੇਸ਼ਨ ਵਿੱਚ ਬਣਨ .ਵਾਲੀ ਰੋਮਾਂਟਿਕ ਕਾਮੇਡੀ ਫਿਲਮ 'ਹੈ ਜਵਾਨੀ ਤੋ ਇਸ਼ਕ ਹੋਨਾ ਹੈ' ਵਿਚ ਉਹ ਵਰੁਣ ਧਵਨ ਨਾਲ ਸਕ੍ਰੀਨ ਸਾਂਝੀ ਕਰੇਗੀ।

ਪੂਜਾ ਅਤੇ ਵਰੁਣ ਤੋਂ ਇਲਾਵਾ ਫ਼ਿਲਮ ਵਿਚ ਮ੍ਰਿਣਾਲ ਠਾਕੁਰ ਵੀ ਨਜ਼ਰ ਆਉਣ ਵਾਲੀ ਹੈ। ਫ਼ਿਲਮ ਵਿਚ ਮਨੀਸ਼ ਪਾਲ, ਮੌਨੀ ਰਾਇ, ਜਿੰਮੀ ਸ਼ੇਰਗਿਲ, ਚੰਕੀ ਪਾਂਡੇ, ਰਾਕੇਸ਼ ਬੇਦੀ ਸਹਿਤ ਕਈ ਸਟਾਰ ਨਜ਼ਰ ਆਉਣਗੇ। ਫ਼ਿਲਮ 'ਹੈ ਜਵਾਨੀ ਤੋ ਇਸ਼ਕ ਹੋਨਾ ਹੈ' 5 ਜੂਨ ਨੂੰ ਥਿਏਟਰ ਵਿਚ ਰਿਲੀਜ਼ ਹੋਵੇਗੀ। ਇਸ ਵਧੇਰੇ ਇੰਤਜ਼ਾਰ ਵਾਲੀ ਫ਼ਿਲਮ ਦੀ ਸ਼ੂਟਿੰਗ ਅਜੇ ਚੱਲ ਰਹੀ ਹੈ। ਦੱਖਣ ਭਾਰਤ ਦੀ ਫ਼ਿਲਮ ਇੰਡਸਟਰੀ ਦੀ ਮਸ਼ਹੂਰ ਅਤੇ ਸਫ਼ਲ ਡਰਾਉਣੀ ਕਾਮੇਡੀ ਫ੍ਰੈਂਚਾਇਜ਼ੀ 'ਕੰਚਨਾ' ਦੇ ਵਧੇਰੇ ਇੰਤਜ਼ਾਰ ਵਾਲੀ ਸੀਕੁਅਲ 'ਕੰਚਨਾ 4' ਵਿਚ ਪੂਜਾ ਹੇਗੜੇ, ਰਾਘਵ ਲਾਰੈਂਸ ਅਤੇ ਨੋਰਾ ਫਤੇਹੀ ਨਾਲ ਸਕ੍ਰੀਨ ਸ਼ੇਅਰ ਕਰੇਗੀ। ਉਮੀਦ ਕੀਤੀ ਜਾ ਰਹੀ ਹੈ।

ਕਿ ਸਾਲ ਦੇ ਆਖਰੀ ਮਹੀਨਿਆਂ ਵਿਚ ਇਹ ਫ਼ਿਲਮ ਰਿਲੀਜ਼ ਹੋ ਸਕਦੀ ਹੈ। ਪੂਜਾ ਹੇਗੜੇ ਅਤੇ ਦੁਲਕਰ ਸਲਮਾਨ ਦੇ ਇਸ ਫ਼ਿਲਮ ਵਿਚ ਇਕੱਠਿਆਂ ਕੰਮ ਕਰਨ ਦੀਆਂ ਖ਼ਬਰਾਂ ਤੋਂ ਬਾਅਦ ਹੁਣ ਤਕ ਫ਼ਿਲਮ ਦੇ ਪਲਾਟ, ਸਟਾਰ ਕਾਸਟ ਅਤੇ ਰਿਲੀਜ਼ ਮਿਤੀ ਨਾਲ ਜੁੜੀ ਕੋਈ ਵੀ ਅਧਿਕਾਰਿਤ ਜਾਣਕਾਰੀ ਸਾਹਮਣੇ ਨਹੀਂ ਆਈ ਹੈ ਪਰ ਕਿਹਾ ਜਾ ਰਿਹਾ. ਹੈ ਕਿ ਦੁਲਕਰ ਸਲਮਾਨ ਦੀ ਇਸ ਬਿਨਾਂ ਨਾਂਅ ਵਾਲੀ ਇਸ ਫ਼ਿਲਮ ਵਿਚ ਪੂਜਾ ਹੇਗੜੇ ਉਸ ਦੀ ਮਹਿਲਾ ਦੋਸਤ ਦੇ ਰੂਪ ਵਿਚ ਨਜ਼ਰ ਆਵੇਗੀ।

ਅਨੁਰਾਗ ਸਿੰਘ ਨੇ 'ਬਾਰਡਰ 2' ਨਾਲ ਰਚਿਆ ਇਤਿਹਾਸ

ਪੋਲੀਵੁੱਡ ਤੋਂ ਬਾਲੀਵੁੱਡ ਤੱਕ ਦੀ ਸ਼ਾਨਦਾਰ ਉਡਾਣ....

-ਹਰਜੀਤ ਸਿੰਘ-

ਭਾਰਤੀ ਸਿਨੇਮਾ ਵਿੱਚ ਕੁਝ ਫ਼ਿਲਮਾਂ ਸਿਰਫ਼ ਫ਼ਿਲਮਾਂ ਨਹੀਂ ਹੁੰਦੀਆਂ, ਉਹ ਇੱਕ "ਜਜ਼ਬਾ" ਹੁੰਦੀਆਂ ਹਨ। 1997 ਦੀ 'ਬਾਰਡਰ' ਅਜਿਹਾ ਹੀ ਇੱਕ ਜਜ਼ਬਾ ਸੀ। 29 ਸਾਲਾਂ ਬਾਅਦ ਉਸ ਵਿਰਾਸਤ ਨੂੰ ਹੱਥ ਪਾਉਣਾ ਅੱਗ ਨਾਲ ਖੇਡਣ ਦੇ ਬਰਾਬਰ ਸੀ। ਪਰ ਜਲੰਧਰ ਦੇ ਜੰਮਪਲ ਅਤੇ ਪੰਜਾਬੀ ਸਿਨੇਮਾ ਦੇ "ਮਾਸਟਰਮਾਈਂਡ" ਅਨੁਰਾਗ ਸਿੰਘ ਨੇ ਨਾ ਸਿਰਫ਼ ਇਸ ਅੱਗ ਨੂੰ ਹੱਥ ਪਾਇਆ, ਸਗੋਂ ਬਾਕਸ ਆਫਿਸ 'ਤੇ ਸਫਲਤਾ ਦਾ ਅਜਿਹਾ ਧਮਾਕਾ ਕੀਤਾ ਜਿਸਦੀ ਗੂੰਜ ਪੂਰੇ ਭਾਰਤ ਵਿੱਚ ਸੁਣਾਈ ਦੇ ਰਹੀ ਹੈ। ਆਓ ਜਾਣਦੇ ਹਾਂ ਕਿਵੇਂ ਇੱਕ ਪੰਜਾਬੀ ਨਿਰਦੇਸ਼ਕ ਨੇ ਆਪਣੀ ਜ਼ਿੱਦ, ਮਿਹਨਤ ਅਤੇ ਦੂਰਅੰਦੇਸ਼ੀ ਨਾਲ 'ਬਾਰਡਰ 2' ਨੂੰ ਇੱਕ ਮਾਸਟਰਪੀਸ ਬਣਾਇਆ।

1. ਸ਼ੁਰੂਆਤ: "ਨਾਂਹ" ਤੋਂ "ਹਾਂ" ਤੱਕ ਦਾ ਸਫ਼ਰ-

ਬਹੁਤ ਘੱਟ ਲੋਕ ਜਾਣਦੇ ਹਨ ਕਿ ਅਨੁਰਾਗ ਸਿੰਘ ਨੇ ਪਹਿਲਾਂ 'ਬਾਰਡਰ 2' ਬਣਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਉਹ ਜਾਣਦੇ ਸਨ ਕਿ ਜੇ.ਪੀ. ਦੱਤਾ (J.P. Dutta) ਦੀ ਜੁੱਤੀ ਵਿੱਚ ਪੈਰ ਪਾਉਣਾ ਸੌਖਾ ਨਹੀਂ ਹੈ। ਪਰ ਜਦੋਂ ਨਿਰਮਾਤਾਵਾਂ ਨੇ ਜ਼ੋਰ ਪਾਇਆ, ਤਾਂ ਅਨੁਰਾਗ ਨੇ ਇੱਕ ਠੋਸ ਪੰਜਾਬੀ ਵਾਲੀ ਸ਼ਰਤ ਰੱਖੀ:

"ਮੈਨੂੰ ਕੰਮ ਕਰਨ ਦੀ ਪੂਰੀ ਆਜ਼ਾਦੀ (ਛਰਏਅਟਵਿਏ ਾਰਏਏ-ਦੋਮ) ਚਾਹੀਦੀ ਹੈ। ਸੈੱਟ 'ਤੇ ਮੇਰੀ ਮਰਜ਼ੀ ਚੱਲੇਗੀ, ਕਿਸੇ ਹੋਰ ਦੀ ਦਖਲਅੰਦਾਜ਼ੀ ਨਹੀਂ ਹੋਵੇਗੀ।"

ਇਹ ਸ਼ਰਤ ਮੰਨੀ ਗਈ, ਅਤੇ ਅਨੁਰਾਗ ਨੇ ਕਮਾਨ ਸੰਭਾਲੀ।

2. ਅਸਲੀਅਤ ਦੀ ਜ਼ਿੱਦ: "ਮੈਨੂੰ VFX ਨਹੀਂ, ਅਸਲੀ ਧਮਾਕੇ ਚਾਹੀਦੇ ਨੇ"-

ਅਜੋਕੇ ਦੌਰ ਵਿੱਚ ਜਿੱਥੇ ਜ਼ਿਆਦਾਤਰ ਫ਼ਿਲਮਾਂ ਕੰਪਿਊਟਰ (Green Screen) 'ਤੇ ਬਣਦੀਆਂ ਹਨ, ਅਨੁਰਾਗ ਸਿੰਘ ਨੇ ਪੁਰਾਣਾ ਰਾਹ ਚੁਣਿਆ।

ਮੈਦਾਨ-ਏ-ਜੰਗ: ਉਹਨਾਂ ਨੇ ਝਾਂਸੀ ਅਤੇ ਦੇਹਰਾਦੂਨ ਦੀ ਧੂੜ ਭਰੀ ਮਿੱਟੀ ਵਿੱਚ ਸੈੱਟ ਲਗਾਏ।

ਖ਼ਤਰਾ: ਫ਼ਿਲਮ ਵਿੱਚ ਵਰਤੇ ਗਏ ਧਮਾਕੇ ਅਤੇ ਅੱਗ ਅਸਲੀ ਸਨ। 400-500 ਬੰਦਿਆਂ ਦੀ ਭੀੜ ਅਤੇ ਚੱਲਦੇ ਟੈਂਕਾਂ ਦੇ ਵਿਚਕਾਰ ਤਾਲਮੇਲ ਬਿਠਾਉਣਾ ਬਹੁਤ ਔਖਾ ਸੀ। ਅਨੁਰਾਗ ਮੁਤਾਬਕ, "ਦਰਸ਼ਕਾਂ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ, ਉਹਨਾਂ ਨੂੰ ਫੌਜੀ ਦੇ ਚਿਹਰੇ 'ਤੇ ਅਸਲੀ ਪਸੀਨਾ ਅਤੇ ਡਰ ਦਿਖਣਾ ਚਾਹੀਦਾ ਹੈ।"

3. ਕਹਾਣੀ ਦਾ ਨਵਾਂ ਪੈਮਾਨਾ: ਤਿੰਨਾਂ ਸੈਨਾਵਾਂ ਦਾ ਸੰਗਮ -

ਪਹਿਲੀ ਫ਼ਿਲਮ ਸਿਰਫ਼ ਥਲ ਸੈਨਾ ਦੀ ਸੀ, ਪਰ ਅਨੁਰਾਗ ਨੇ 'ਬਾਰਡਰ 2' ਨੂੰ ਵਿਸ਼ਾਲ ਬਣਾਉਂਦੇ ਹੋਏ ਇਸ ਵਿੱਚ ਆਰਮੀ, ਨੇਵੀ ਅਤੇ ਏਅਰ ਫੋਰਸਔਤਿਨਾਂ ਦੀ ਬਹਾਦਰੀ ਨੂੰ ਪਰੋਇਆ।

ਸੰਨੀ ਦਿਓਲ: ਮੇਜਰ ਕੁਲਦੀਪ ਸਿੰਘ ਦੀ ਵਿਰਾਸਤ ਨੂੰ ਲੈਫਟੀਨੈਂਟ ਕਰਨਲ ਫਤਿਹ ਸਿੰਘ ਕਲੇਰ ਵਜੋਂ ਅੱਗੇ ਤੋਰਿਆ।

ਅਹਾਨ ਸ਼ੈੱਟੀ: ਸਮੁੰਦਰੀ ਜੰਗ ਨੂੰ ਦਿਖਾਉਣ ਲਈ ਵੱਡੇ ਪੈਮਾਨੇ 'ਤੇ ਸੈੱਟ ਲਗਾਏ ਗਏ।

4. ਪੰਜਾਬੀ ਕਨੈਕਸ਼ਨ ਅਤੇ ਕਾਸਟਿੰਗ ਦਾ ਜਾਦੂ -

ਇਸ ਫ਼ਿਲਮ ਦੀ ਰੂਹ ਇਸਦੀ ਕਾਸਟਿੰਗ ਵਿੱਚ ਵੱਸਦੀ ਹੈ, ਜਿਸ ਵਿੱਚ ਅਨੁਰਾਗ ਸਿੰਘ ਦੀ 'ਪਾਰਖੂ ਅੱਖ' ਸਾਫ਼ ਨਜ਼ਰ ਆਉਂਦੀ ਹੈ:

ਦਿਲਜੀਤ ਦੋਸਾਂਝ (ਦੀ ਇਮੋਸ਼ਨਲ ਐਂਕਰ): ਅਨੁਰਾਗ ਸਿੰਘ 2014 ਤੋਂ ('ਪੰਜਾਬ 1984' ਦੇ ਸਮੇਂ ਤੋਂ) ਜਾਣਦੇ ਸਨ ਕਿ ਦਿਲਜੀਤ ਸਿਰਫ਼ ਹਸਾਉਣਾ ਨਹੀਂ, ਸਗੋਂ ਰੁਲਾਉਣਾ ਵੀ ਜਾਣਦੇ ਹਨ। ਫ਼ਿਲਮ ਵਿੱਚ ਸ਼ਹੀਦ ਨਿਰਮਲ ਜੀਤ ਸਿੰਘ ਸੇਖੋਂ ਦੇ ਰੂਪ ਵਿੱਚ ਦਿਲਜੀਤ ਦਾ ਕੰਮ ਦੇਖ ਕੇ ਸਿਨੇਮਾ ਹਾਲ ਵਿੱਚ ਸ਼ਾਇਦ ਹੀ ਕੋਈ ਅੱਖ ਸੁੱਕੀ ਰਹੀ ਹੋਵੇ।

ਵਰੁਣ ਧਵਨ (ਆਲੋਚਕਾਂ ਨੂੰ ਜਵਾਬ): ਰਿਲੀਜ਼ ਤੋਂ ਪਹਿਲਾਂ ਵਰੁਣ ਨੂੰ ਬਹੁਤ ਟ੍ਰੋਲ ਕੀਤਾ ਗਿਆ ਸੀ। ਅਨੁਰਾਗ ਨੇ ਉਦੋਂ ਹੀ ਕਿਹਾ ਸੀ, "ਫ਼ਿਲਮ ਦੇਖਣ ਤੋਂ ਬਾਅਦ ਤੁਹਾਨੂੰ ਮੁਆਫੀ ਮੰਗਣੀ ਪਵੇਗੀ।" ਅਤੇ ਅਜਿਹਾ ਹੀ ਹੋਇਆਔਵਰੁਣ ਨੇ ਆਪਣੀ ਦਮਦਾਰ ਅਦਾਕਾਰੀ ਨਾਲ ਸਭ ਦਾ ਮੂੰਹ ਬੰਦ ਕਰ ਦਿੱਤਾ।

5. ਸਿੱਟਾ: ਬਾਲੀਵੁੱਡ ਵਿੱਚ ਪੰਜਾਬ ਦੀ ਸਰਦਾਰੀ -

'ਬਾਰਡਰ 2' ਦੀ ਬੰਪਰ ਕਮਾਈ (ਪਹਿਲੇ ਹਫ਼ਤੇ ਵਿੱਚ ਹੀ 200+ ਕਰੋੜ) ਨੇ ਸਾਬਤ ਕਰ ਦਿੱਤਾ ਹੈ ਕਿ ਕਹਾਣੀ ਕਹਿਣ ਦਾ ਢੰਗ ਜੇਕਰ ਸੱਚਾ ਹੋਵੇ, ਤਾਂ ਲੋਕ ਅੱਜ ਵੀ ਸਿਨੇਮਾ ਘਰਾਂ ਵਿੱਚ ਆਉਂਦੇ ਹਨ।

ਅਨੁਰਾਗ ਸਿੰਘ ਦਾ 'ਜੱਟ ਐਂਡ ਜੂਲੀਅਤ' ਦੀ ਹਾਸੇ-ਠੱਠੇ ਵਾਲੀ ਦੁਨੀਆ ਤੋਂ ਲੈ ਕੇ 'ਕੇਸਰੀ' ਅਤੇ ਹੁਣ 'ਬਾਰਡਰ 2' ਦੇ ਜੰਗੀ ਮੈਦਾਨ ਤੱਕਔਇਹ ਦਰਸਾਉਂਦਾ ਹੈ ਕਿ ਉਹ ਇੱਕ ਮੁਕੰਮਲ ਫ਼ਿਲਮਸਾਜ਼ ਹਨ। ਅੱਜ ਪੂਰਾ ਪੰਜਾਬ ਮਾਣ ਨਾਲ ਕਹਿ ਸਕਦਾ ਹੈ ਕਿ ਭਾਰਤ ਦੀ ਸਭ ਤੋਂ ਵੱਡੀ ਜੰਗੀ ਫ਼ਿਲਮ ਦਾ ਕਪਤਾਨ ''ਸਾਡਾ ਆਪਣਾ ਮੁੰਡਾ'' ਹੈ।

ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ

19 ਵਾਂ ਸਲਾਨਾ 'ਪੰਜਾਬੀ ਮੇਲਾ'

25 ਅਪ੍ਰੈਲ, 2026 (ਸ਼ਨੀਵਾਰ)

ਤੁਹਾਨੂੰ ਸਭ ਨੂੰ ਪਰਿਵਾਰਾਂ ਸਮੇਤ ਆਉਣ ਦਾ ਸੱਦਾ

WINGS EVENT CENTER

3600 VANRICK DRIVE, KALAMAZOO,MI 49001

TIMING: 04:00PM TO MIDNIGHT

Free Entry

ਗਾਇਕੀ ਦਾ ਖੁੱਲ੍ਹਾ ਅਖਾੜਾ • ਗਿੱਧਾ-ਭੰਗੜਾ • ਡਾਂਸ
ਗੀਤ-ਸੰਗੀਤ • ਸਕਿੱਟ • ਬੋਲੀਆਂ ਅਤੇ ਓਪਨ ਡੀ.ਜੇ

Free Food

ਗਾਇਕ ਹਰਭਜਨ ਮਾਨ ਗੀਤ-ਸੰਗੀਤ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ।

PCS OF MICHIGAN EXECUTIVE COMMITTEE

Amarjit Singh Lansing (Chairman) | Satpal Singh Ghotra (Vice Chairman) | Sukhwinder Singh Narwal (President) | Paramjit Singh Saginaw (Vice President) | Ajay Grover (Secretary)

Bobby Cheema (Media Advisor) | Rubal Sohi (Media Advisor) | Raj Bains (Media Advisor) | Mukhtar S Khehra (Treasurer) | Tarsem Singh (Treasurer)

ਰਾਜਬੀਰ ਬੋਪਾਰਾਏ | ਕੁਲਦੀਪ ਸਿੰਘ ਗਿੱਲ | ਬਲਦੇਵ ਸਿੰਘ | ਹਰਦੇਵ ਸਰਾਓ | ਭਗਵੰਤ ਸਿੰਘ ਸੰਧੂ | ਲਾਲੀ ਮਾਂਗਟ | ਭਾਗ ਸਿੰਘ ਸਿੱਧੂ | ਚਰਨਜੀਤ ਸੈਖੋ | ਜਸਪਾਲ ਸਿੰਘ ਗਿੱਲ

ਕੁਲਵੰਤ ਸਿੰਘ ਮਾਂਗਟ | ਰਾਜ ਸਿੰਘ ਬੇਗੋਵਾਲ | ਗੁਰਮੀਤ ਗੋਗੀ | ਕਰਨੈਲ ਸਿੰਘ ਜੱਬੋ | ਜਸਵਿੰਦਰ ਸਿੰਘ | ਬਲਜੀਤ ਸਿੰਘ ਖਾਸਰੀਆ | ਜੱਸੀ ਧਾਮੀ | ਬਿੱਲੂ ਜੱਸੜ | ਸਵਾਤੀ ਰਾਠੋੜ

HARJAS

Harjas TV

PALACE OF INDIA — A FINE INDIAN CUISINE

Best Choice Wholesaler
Grand Rapid Michigan
5701 Division Ave.
Wyoming MI 49548

You are invited with your family to witness and enjoy this colorful event.

Snacks and dinner will be provided.

Donors / Sponsors will be honored.

Radio Chann Pardesi — Hindi • Punjabi